Tanya's Beauty Salon
● THREADING / WAXING
● FACIAL (MEN & WOMEN)
● ANTI-AGING FACIAL - BLEACH
● HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Happy New Year
2018
ਪਾਠਕਾਂ ਨੂੰ ਨਵਾਂ ਸਾਲ ਮੁਬਾਰਕ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 01, January 6, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਬਾਦਲਾਂ ਦੀਆਂ ਜੜ੍ਹਾਂ 'ਚ ਜਾ ਬੈਠਾ ਸਾਲ 2017

### ਸਿਆਸੀ ਅਤੇ ਨੈਤਿਕਤਾ ਪੱਖੋਂ ਪਈ ਤਕੜੀ ਮਾਰ



**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ 2017 ਦਾ ਵਰ੍ਹਾ ਸਿਆਸੀ ਅਤੇ ਨੈਤਿਕਤਾ ਪੱਖੋਂ ਸਭ ਤੋਂ ਮਾੜਾ ਰਿਹਾ। ਇਸ ਵਰ੍ਹੇ ਪੰਜਾਬ ਵਿਚ ਇਸ ਦੀ ਦਹਾਕਾ ਪੁਰਾਣੀ ਸੱਤਾ ਦਾ ਅੰਤ ਹੋ ਗਿਆ, ਉਥੇ ਇਸ ਦੇ ਕੁਝ ਵੱਡੇ ਆਗੂਆਂ ਦੇ 'ਕਾਰਿਆਂ' ਨੇ ਇਸ ਨੂੰ ਵੱਡੀ ਨਮੋਸ਼ੀ ਦਿੱਤੀ ਹੈ। ਵਿਧਾਨ ਸਭ ਚੋਣਾਂ ਵਿਚ ਕਾਂਗਰਸ ਹੱਥ ਸੱਤਾ ਆਉਣ ਤੋਂ ਬਾਅਦ ਸਾਰਾ ਸਾਲ ਇਸ ਧਿਰ ਦੇ ਪੈਰ ਨਾ ਲੱਗੇ। ਗੁਰਦਾਸਪੁਰ ਜ਼ਿਮਨੀ ਚੋਣ ਅਤੇ ਇਸ ਤੋਂ ਬਾਅਦ ਸ਼ਹਿਰੀ ਚੋਣਾਂ ਵਿਚ ਅਕਾਲੀ ਦਲ ਦਾ ਸਫਾਇਆ ਹੀ ਹੋ ਗਿਆ। 2017 ਦੇ ਚੜ੍ਹਦਿਆਂ ਹੀ ਅਕਾਲੀ ਦਲ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਵੀਡੀਓ ਵਾਇਰਲ ਹੋਇਆ ਜਿਸ 'ਚ ਉਹ ਕਿਸੇ ਅਣਜਾਣ ਔਰਤ ਨਾਲ ਇਤਰਾਜ਼ਯੋਗ ਹਾਲਤ ਵਿਚ ਦਿਖਾਈ ਦੇ ਰਿਹਾ ਸੀ। ਉਸ ਸਮੇਂ ਘੁਬਾਇਆ ਅਤੇ ਉਸ ਦੇ ਪਰਿਵਾਰ ਦੇ ਕਾਂਗਰਸ ਵਿਚ ਜਾਣ ਦੇ ਚਰਚੇ ਸਨ ਅਤੇ ਦੋਸ਼ ਇਹੀ ਲੱਗ ਰਿਹਾ ਸੀ ਕਿ ਇਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਹਿਣ ਉਤੇ ਕੀਤਾ ਗਿਆ। ਇਸ ਮਗਰੋਂ ਸਾਬਕਾ ਕੈਬਨਿਟ ਮੰਤਰੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਦਾ ਵੀਡੀਓ ਸਾਹਮਣੇ ਆ ਗਿਆ। ਇਸ ਔਰਤ ਨੇ ਲੰਗਾਹ ਖਿਲਾਫ਼ ਸਰੀਰਕ ਸ਼ੋਸ਼ਣ ਦੀ ਸ਼ਿਕਾਇਤ ਦੇ ਦਿੱਤੀ ਅਤੇ ਲੰਗਾਹ ਨੂੰ ਆਖਰਕਾਰ ਆਤਮ ਸਮਰਪਣ ਕਰਨਾ ਪਿਆ। ਜਦੋਂ ਲੰਗਾਹ ਵਾਲਾ ਮਾਮਲਾ ਭਖਿਆ ਹੋਇਆ ਸੀ, ਉਸ ਵੇਲੇ ਗੁਰਦਾਸਪੁਰ ਲੋਕ ਸਭਾ ਉਪ ਚੋਣ ਲਈ ਪ੍ਰਚਾਰ ਜ਼ੋਰਾਂ 'ਤੇ ਸੀ। ਸੁਖਬੀਰ ਸਿੰਘ ਬਾਦਲ ਨੇ ਭਾਵੇਂ ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਲੰਗਾਹ ਨੂੰ ਤੁਰੰਤ ਪਾਰਟੀ ਵਿਚੋਂ ਬਾਹਰ ਕਰ ਦਿੱਤਾ, ਪਰ ਇਸ ਅਕਾਲੀ ਆਗੂ ਦਾ ਇਹ ਕਾਰਾ ਅਕਾਲੀ ਦਲ ਲਈ ਨਮੋਸ਼ੀ ਵਾਲੀ ਹਾਰ ਦਾ ਕਾਰਨ ਬਣਿਆ। ਹੁਣ ਰਹਿੰਦੀ ਕਸਰ ਚੀਫ ਖਾਲਸਾ ਦੀਵਾਨ ਦੇ ਮੁਖੀ ਚਰਨਜੀਤ ਸਿੰਘ ਚੱਢਾ ਨੇ ਕੱਢ ਦਿੱਤੀ। ਚੱਢਾ ਦੀ ਇਸੇ ਸੰਸਥਾ ਵਿਚ 22 ਸਾਲਾਂ ਤੋਂ ਨੌਕਰੀ ਕਰ ਰਹੀ ਇਕ ਔਰਤ ਨਾਲ ਇਤਰਾਜ਼ ਵਾਲੀ ਵੀਡੀਓ ਸਾਹਮਣੇ ਆ ਗਈ। ਇਸ ਵਰ੍ਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਅਕਾਲੀ ਦਲ ਲਈ ਵੱਡੀ ਚੁਣੌਤੀ ਬਣੀ ਹੋਈ ਸੀ। ਅਕਾਲੀ ਦਲ ਨੂੰ ਸਾਫ ਅਕਸ ਵਾਲਾ ਪ੍ਰਧਾਨ ਲੱਭਣ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਆਮ ਕਰ ਕੇ ਇਹੀ ਮੰਨਿਆ ਜਾਂਦਾ ਹੈ ਕਿ ਪ੍ਰਧਾਨ ਦੀ ਚੋਣ ਤਾਂ ਬਾਦਲ ਘਰੋਂ ਹੀ ਕਰ ਕੇ ਤੁਰਦੇ ਹਨ, ਇਜਲਾਸ ਤਾਂ ਰਸਮੀ ਕਾਰਵਾਈ ਹੀ ਹੁੰਦਾ ਹੈ, ਪਰ ਇਸ ਵਾਰ ਚੋਣ ਤੋਂ ਕੁਝ ਘੰਟੇ ਪਹਿਲਾਂ ਤੱਕ ਪ੍ਰਧਾਨ ਲਈ ਨਾਂ ਤੈਅ ਨਾ ਹੋ ਸਕਿਆ। ਸੁਖਬੀਰ ਨੂੰ ਐਨ ਮੌਕੇ 'ਤੇ ਪ੍ਰਧਾਨ ਲਈ ਤੈਅ ਹੋਏ ਨਾਂ ਨੂੰ ਪਿੱਛੇ ਕਰ ਕੇ ਦੂਜੀ ਕਤਾਰ ਦੇ ਆਗੂ ਗੋਬਿੰਦ ਸਿੰਘ ਲੌਂਗੋਵਾਲ ਨੂੰ ਪ੍ਰਧਾਨ ਬਣਾਉਣਾ ਪਿਆ। ਇਸ ਤੋਂ ਬਾਅਦ ਲੌਂਗੋਵਾਲ ਵੱਲੋਂ ਵਿਧਾਨ ਸਭਾ ਚੋਣਾਂ ਸਮੇਂ ਡੇਰਾ ਸਿਰਸਾ ਤੋਂ ਵੋਟਾਂ ਮੰਗਣ ਜਾਣ ਤੇ ਅਕਾਲ ਤਖਤ ਵੱਲੋਂ ਉਨ੍ਹਾਂ ਨੂੰ ਧਾਰਮਿਕ ਸਜ਼ਾ ਮਿਲਣ ਦਾ ਮਾਮਲਾ ਵੀ ਅਕਾਲੀ ਦਲ ਲਈ ਨਮੋਸ਼ੀ ਬਣ ਗਿਆ।

## ਕਾਂਗਰਸ ਦੀ ਪੰਥਕ ਏਜੰਡੇ ਵੱਲ ਝਾਕ

ਅਕਾਲੀਆਂ ਤੋਂ ਪੰਥਕ ਏਜੰਡੇ ਖੋਹਣ ਲਈ ਕਾਂਗਰਸ ਪੱਬਾਂ ਭਾਰ ਹੈ। ਅਕਾਲੀ ਦਲ ਨੂੰ ਪਛਾੜਨ ਅਤੇ ਦੇਸ਼-ਵਿਦੇਸ਼ 'ਚ ਵਸਦੇ ਸਿੱਖਾਂ ਦੀ ਹਮਦਰਦੀ ਲੈਣ ਲਈ ਕਾਂਗਰਸ ਵਿਸ਼ੇਸ਼ ਰਣਨੀਤੀ 'ਤੇ ਕੰਮ ਕਰ ਰਹੀ ਹੈ। ਇਸ ਤੋਂ ਪਹਿਲਾਂ 1972 ਤੋਂ 1977 ਤੱਕ ਗਿਆਨੀ ਜ਼ੈਲ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਅਕਾਲੀ ਦਲ ਨੂੰ ਏਜੰਡੇ ਵਿਹੂਣਾ ਕਰ ਦਿੱਤਾ ਸੀ ਅਤੇ ਹੁਣ 40 ਵਰ੍ਹਿਆਂ ਬਾਅਦ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਸੇ ਤਰਜ਼ ਉਤੇ ਚੱਲਣ ਲੱਗੇ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਦਸੰਬਰ ਮਹੀਨੇ 'ਚ ਸਿੱਖ ਧਰਮ ਨਾਲ ਸਬੰਧਤ ਅਸਥਾਨਾਂ 'ਤੇ ਨਤਮਸਤਕ ਹੋਣ ਅਤੇ ਅਹਿਮ ਐਲਾਨਾਂ ਨੂੰ ਪੰਥਕ ਹਲਕੇ ਕਾਂਗਰਸ ਦੇ ਮੁੜ ਸਿੱਖ ਏਜੰਡਿਆਂ ਵੱਲ ਪਰਤਣ ਦਾ ਨਾਂ ਦੇ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ 351ਵਾਂ ਪ੍ਰਕਾਸ਼ ਪੁਰਬ ਸਮਾਗਮਾਂ 'ਚ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨੀ ਅਤੇ ਬਿਹਾਰ ਦੇ ਮੁੱਖ ਮੰਤਰੀ ਨਾਲ ਸਿੱਖ ਮੁੱਦਿਆਂ 'ਤੇ ਚਰਚਾ ਕਰਨ ਦੇ ਨਾਲ ਹੀ ਪੰਜਾਬ ਦੇ 3 ਵੱਡੇ ਸ਼ਹਿਰਾਂ ਅੰਮ੍ਰਿਤਸਰ, ਪਟਿਆਲਾ ਤੇ ਬਠਿੰਡਾ ਤੋਂ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਰੇਲ ਗੱਡੀਆਂ ਰਵਾਨਾ ਕਰਨਾ, ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਪੁਰਬ ਮੌਕੇ ਰਾਜ ਸਰਕਾਰ ਵੱਲੋਂ ਮਨਾਉਣਾ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸ਼ਿਰਕਤ

(ਬਾਕੀ ਸਫਾ 6 ਉਤੇ)

## ਟੋਰਾਂਟੋ ਦੇ ਗੁਰਦੁਆਰਿਆਂ 'ਚ ਭਾਰਤੀ ਅਫਸਰਾਂ ਦੇ ਦਾਖਲੇ 'ਤੇ ਰੋਕ

**ਟੋਰਾਂਟੋ:** ਕੈਨੇਡਾ ਦੇ 15 ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਭਾਰਤੀ ਦੂਤਘਰ ਸਮੇਤ ਹੋਰ ਅਧਿਕਾਰੀਆਂ ਦੇ ਗੁਰੂ ਘਰ ਵਿਚ ਦਾਖਲੇ 'ਤੇ ਰੋਕ ਲਗਾ ਦਿੱਤੀ ਹੈ। ਇਹ ਸਾਰੇ ਗੁਰਦੁਆਰੇ ਟੋਰਾਂਟੋ ਵਿਚ ਪੈਂਦੇ ਹਨ। ਸਿੱਖ ਆਗੂਆਂ ਦਾ ਦੋਸ਼ ਹੈ ਕਿ ਭਾਰਤੀ ਅਫਸਰ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦਿੰਦੇ ਹਨ। ਹਾਲਾਂਕਿ ਕਿ ਉਨ੍ਹਾਂ ਨੂੰ



ਵਿਅਕਤੀਗਤ ਰੂਪ ਵਿਚ ਨਤਮਸਤਕ ਹੋਣ ਦੀ ਆਗਿਆ ਦਿੱਤੀ ਗਈ ਹੈ। ਬਰੈਂਪਟਨ (ਟੋਰਾਂਟੋ) ਸਥਿਤ ਗੁਰਦੁਆਰਾ ਜੋਤ ਪ੍ਰਕਾਸ਼ ਵਿਚ 15 ਗੁਰਦੁਆਰਾ ਪ੍ਰਬੰਧਕਾਂ ਦੀ ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ।

ਓਂਟਾਰੀਓ ਖਾਲਸਾ ਦਰਬਾਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੱਲ ਨੇ ਕਿਹਾ ਕਿ ਭਾਰਤ ਸਰਕਾਰ ਸਿੱਖ ਭਾਈਚਾਰੇ ਦੇ ਮਾਮਲਿਆਂ ਵਿਚ ਲੋੜੋਂ ਵੱਧ ਦਖਲ ਦੇ ਰਹੀ ਹੈ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਭਾਰਤੀ ਦੂਤਘਰ ਸਮੇਤ ਹੋਰ ਅਧਿਕਾਰੀਆਂ ਨੂੰ ਗੁਰੂ ਘਰ ਦਾਖਲੇ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖਾਂ 'ਚ ਭਾਰਤ ਸਰਕਾਰ ਦੇ ਰਵੱਈਆ ਕਾਰਨ ਖਾਸਾ ਰੋਸ ਹੈ। ਇਸੇ ਦੌਰਾਨ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਪਾਬੰਦੀ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਂਜ, ਇਸ ਤਰ੍ਹਾਂ ਕਿਸੇ ਨੂੰ ਗੁਰਦੁਆਰੇ ਅੰਦਰ ਜਾਣ ਤੋਂ ਰੋਕਿਆ ਨਹੀਂ ਜਾ ਸਕਦਾ।

ਜਨਵਰੀ - ਮਈ 2018
ਅੰਮ੍ਰਿਤਸਰ $975
ਦਿੱਲੀ $825
ਟੈਕਸ ਸਮੇਤ
Harpreet Singh
WorldWide Travel
www.fly2world.com
86666 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Jan 5th and May 30th. Fare may change without notice, please call for more details. Other conditions

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty | Insurance
Corporate Tax | Accounting | Auto
Personal Income Tax | Bookkeeping | Home
Financial Statement Audit | Payroll Services | Life
New Business Setup | Immigration Forms | Business
Year Round Service | | Worker Comp.
Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਗੁਰਦੁਆਰਾ ਸੰਤ ਸਾਗਰ 'ਚ ਨਵੇਂ ਸਾਲ ਮੌਕੇ ਵਿਸ਼ੇਸ਼ ਸਮਾਗਮ








**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸੰਤ ਸਾਗਰ ਵਿਖੇ ਸਾਲ 2017 ਨੂੰ ਅਲਵਿਦਾ ਕਹਿਣ ਅਤੇ ਨਵੇਂ ਸਾਲ 2018 ਨੂੰ ਜੀ ਆਇਆਂ ਆਖਣ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ।

ਪ੍ਰੋਗਰਾਮ ਦੀ ਸ਼ੁਰੂਆਤ 31 ਦਸੰਬਰ ਸ਼ਾਮ 5:45 ਵਜੇ ਸੋ ਦਰ ਦੀ ਚੌਕੀ ਨਾਲ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ, ਅੰਮ੍ਰਿਤਸਰ) ਵਲੋਂ ਕੀਤੀ ਗਈ। ਦੀਵਾਨ ਵਿਚ ਪੰਥ ਪ੍ਰਸਿਧ ਰਾਗੀ ਜਥਿਆਂ ਭਾਈ ਹਰਪ੍ਰੀਤ ਸਿੰਘ ਦੇਹਰਾਦੂਨ ਤੇ ਭਾਈ ਗੁਰਪ੍ਰੀਤ ਸਿੰਘ ਬੁੱਲੜ੍ਹਵਾਲ, ਕਥਾਵਾਚਕ ਭਾਈ ਹਰਦੇਵ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਸੀਸ ਗੰਜ, ਦਿੱਲੀ) ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਦੇ ਢਾਡੀ ਜਥਾ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ। ਰਾਤ 12:05 'ਤੇ ਭਾਈ ਸੱਜਣ ਸਿੰਘ ਵਲੋਂ ਆਰਤੀ ਕੀਰਤਨ ਨਾਲ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਉਪਰੰਤ ਸਮਾਪਤੀ ਹੋਈ। ਪਹਿਲੀ ਜਨਵਰੀ ਨੂੰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਤੱਕ ਦੀਵਾਨ ਸਜੇ। ਗੁਰੂ ਕੇ ਵਜ਼ੀਰ ਭਾਈ ਸ਼ਿੰਗਾਰਾ ਸਿੰਘ ਨੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਬਾਬਾ ਸੱਜਣ ਸਿੰਘ ਨੇ ਸਮੂਹ ਸੰਗਤ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਵਿਸ਼ਵ ਵਿਚ ਸ਼ਾਂਤੀ ਤੇ ਭਾਈਚਾਰਕ ਏਕਤਾ ਦੀ ਕਾਮਨਾ ਕੀਤੀ।

## ਸੁਧਾਰ ਕਮੇਟੀ ਦਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪ੍ਰਬੰਧਕਾਂ ਵਿਰੁਧ ਡਟਣ ਦਾ ਫੈਸਲਾ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਨਿਊ ਯਾਰਕ ਦੇ ਪ੍ਰਬੰਧਕੀ ਮਾਮਲਿਆਂ ਨੂੰ ਲੈ ਕੇ ਬਣੀ ਸੁਧਾਰ ਕਮੇਟੀ ਨੇ ਮੌਜੂਦਾ ਪ੍ਰਬੰਧਕਾਂ ਦੇ 'ਨਾਦਰਸ਼ਾਹੀ ਫੁਰਮਾਨਾਂ' ਦਾ ਡਟ ਕੇ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ।

ਪਿਛਲੇ ਦਿਨੀਂ ਇਥੇ ਰਿਚੀ ਰਿਚ ਰੈਸਟੋਰੈਂਟ, ਰਿਚਮੰਡ ਹਿੱਲ ਵਿਖੇ ਹੋਈ ਸੁਧਾਰ ਕਮੇਟੀ ਦੀ ਅਹਿਮ ਮੀਟਿੰਗ ਵਿਚ ਪਿਛਲੇ ਸਾਢੇ ਤਿੰਨ ਸਾਲ ਦਾ ਲੇਖਾ-ਜੋਖਾ ਕੀਤਾ ਗਿਆ। ਮੀਟਿੰਗ ਵਿਚ ਗੁਰੂ ਘਰ ਬਾਬਾ ਮੱਖਣ ਸ਼ਾਹ ਨਾਲ ਜੁੜੇ ਮੁਢਲੇ ਮੈਂਬਰਾਂ ਨੇ ਬੜੀ ਗਰਮਜੋਸ਼ੀ ਨਾਲ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ ਗਿਆਨੀ, ਓਂਕਾਰ ਸਿੰਘ ਜਲਾਲਪੁਰ, ਭੁਪਿੰਦਰ ਸਿੰਘ ਭਿੰਦਰ, ਜਰਨੈਲ ਸਿੰਘ ਗਿਲਜੀਆਂ, ਬਲਜੀਤ ਸਿੰਘ ਮਹਿਦੀਪੁਰ, ਓਂਕਾਰ ਸਿੰਘ ਪਸਵਾਲਾ, ਤਰਸੇਮ ਸਿੰਘ ਬੱਲੜ੍ਹਵਾਲ, ਸੁੱਚਾ ਸਿੰਘ ਨੰਜੀ, ਜਸਵਿੰਦਰ ਗਿਲਜੀਆਂ, ਮਨਮਿਹਰ ਸਿੰਘ ਹਰਿਆਣਾ, ਤੀਰਥ ਸਿੰਘ ਪਾਸੀਵਾਲ, ਗੁਰਮੀਤ ਸਿੰਘ ਮਹਿਦੀਪੁਰ, ਵੀਰ ਸਿੰਘ ਢੱਡੀਆਂ, ਬਲਬੀਰ ਸਿੰਘ ਜਲਾਲਪੁਰ, ਜਸਵਿੰਦਰ ਸਿੰਘ ਸਲੇਮਪੁਰ ਅਤੇ ਮੁਖਵੰਤ ਸਿੰਘ ਅਵਾਨਾ ਸ਼ਾਮਲ ਸਨ।

ਸੁਧਾਰ ਕਮੇਟੀ ਦੇ ਮੈਂਬਰਾਂ ਨੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਬਾਰੇ ਚੱਲ ਰਹੇ ਕੋਰਟ ਕੇਸ ਮੁਤੱਲਕ ਸੰਗਤਾਂ ਨੂੰ ਜਾਣਕਾਰੀ ਦਿੱਤੀ।

ਇਸ ਮੌਕੇ ਪੰਜ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਸੁਧਾਰ ਕਮੇਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਹਰ ਐਤਵਾਰ ਦੇ ਦੀਵਾਨ ਵਿਚ (ਸਮਾਂ ਦੁਪਹਿਰ ਇਕ ਵਜੇ) ਹਾਜ਼ਰੀ ਭਰੀ ਜਾਵੇ। ਦੂਜੇ ਮਤੇ ਵਿਚ ਅਪੀਲ ਕੀਤੀ ਗਈ ਕਿ ਆਪਣੇ ਸਾਰੇ ਪਰਿਵਾਰਕ ਪ੍ਰੋਗਰਾਮ ਗੁਰਦੁਆਰਾ ਬਾਬਾ ਮੱਖਣ ਸ਼ਾਹ ਵਿਚ ਕੀਤੇ ਜਾਣ (ਭਾਵੇਂ ਮੌਜੂਦਾ ਪ੍ਰਬੰਧਕ ਇਸ ਟਾਈਮ ਕੁਝ ਸਿੰਘਾਂ ਦੀ ਅਰਦਾਸ ਦੀ ਵੀ ਮਨਾਹੀ ਕਰ ਰਹੇ ਹਨ ਜੋ ਕਿ ਸਿੱਖੀ ਸਿਧਾਂਤਾਂ ਦੇ ਬਿਲਕੁਲ ਉਲਟ ਹੈ) ਅਤੇ ਗੁਰੂ ਚਰਨਾਂ ਵਿਚ ਆਪਣੀ ਅਰਦਾਸ ਆਪ ਕੀਤੀ ਜਾਵੇ, ਪ੍ਰਬੰਧਕਾਂ ਦੇ 'ਝੋਲੀ ਚੁੱਕ' ਗ੍ਰੰਥੀਆਂ ਤੋਂ ਵੱਧ ਸੁਣਵਾਈ ਹੋਵੇਗੀ। ਸਾਰੇ ਮੈਂਬਰ ਹਰ ਮਹੀਨੇ ਗੁਰੂ ਘਰ ਵਾਸਤੇ ਦਸਵੰਧ ਜ਼ਰੂਰ ਕੱਢਣ ਅਤੇ ਵੱਧ ਤੋਂ ਵੱਧ ਸੰਗਤਾਂ ਨੂੰ ਪ੍ਰੇਰਿਤ ਕਰ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਸੁਧਾਰ ਕਮੇਟੀ ਨਾਲ ਜੋੜਨ।

ਇਸ ਮਾਮਲੇ 'ਤੇ ਵੀ ਸਹਿਮਤੀ ਬਣੀ ਕਿ ਸਰਦੀਆਂ ਦੇ ਮੌਸਮ ਤੋਂ ਬਾਅਦ (13 ਅਪਰੈਲ ਤੋਂ ਬਾਅਦ) ਹਰ ਐਤਵਾਰ ਨੂੰ ਸਤਿਨਾਮ ਵਾਹਿਗੁਰੂ ਦੇ ਜਾਪ ਕਰਕੇ ਮੌਜੂਦਾ ਪ੍ਰਬੰਧਕਾਂ ਦੇ 'ਨਾਦਰਸ਼ਾਹੀ ਫੁਰਮਾਨਾਂ' ਦਾ ਸੰਗਤੀ ਰੂਪ ਵਿਚ ਗੁਰੂ ਘਰ ਦੇ ਅੰਦਰ ਬੈਠ ਕੇ ਵਿਰੋਧ ਕੀਤਾ ਜਾਵੇ। ਜੇ ਗੁਰੂ ਘਰ ਦੇ ਆਪੇ ਬਣੇ ਪ੍ਰਬੰਧਕ ਕਿਸੇ ਤਰੀਕੇ ਨਾਲ ਅੰਦਰ ਲੜਾਈ ਦਾ ਮਾਹੌਲ ਬਣਾਉਣ ਤਾਂ ਗੁਰੂ ਘਰ ਦੇ ਮੇਨ ਗੇਟ ਦੇ ਸਾਹਮਣੇ ਸਾਈਡਵਾਕ ਉਪਰ ਬੈਠ ਕੇ ਹਰ ਐਤਵਾਰ 12 ਵਜੇ ਤੋਂ ਤਿੰਨ ਵਜੇ ਤੱਕ ਸ਼ਾਂਤਮਈ ਮਾਹੌਲ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਜਾਵੇ। ਸ਼ਾਤਮਈ ਰੋਸ ਮੁਜਾਹਰਾ ਉਦੋਂ ਤੱਕ ਜਾਰੀ ਰੱਖਿਆ ਜਾਵੇ, ਜਦੋਂ ਤੱਕ ਗੁਰੂ ਘਰ ਦੇ ਪ੍ਰਬੰਧਕੀ ਸਿਸਟਮ ਨੂੰ ਗੁਰੂ ਘਰ ਦੀ ਸੰਗਤ ਦੇ ਹਵਾਲੇ ਨਹੀਂ ਕਰ ਦਿੱਤਾ ਜਾਂਦਾ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸੁਧਾਰ ਕਮੇਟੀ, ਨਿਊ ਯਾਰਕ ਦੇ ਮੈਂਬਰਾਂ ਵਿਚ ਫੁੰਮਣ ਸਿੰਘ 917-721-0769, ਸਵਰਨ ਸਿੰਘ 917-518-1888, ਰਾਜਬੀਰ ਸਿੰਘ ਬਾਬੂ 718-502-7874, ਜਰਨੈਲ ਸਿੰਘ 917-709-4663, ਓਂਕਾਰ ਸਿੰਘ 917-690-3905, ਭਿੰਦਾ ਬੇਗੋਵਾਲ 917-543-2168, ਉਜਲ ਸਿੰਘ 347-484-4159, ਮਨਮਿਹਰ ਸਿੰਘ 917-500-0748, ਤਰਸੇਮ ਸਿੰਘ 347-657-5735, ਗੁਰਵੰਤ ਸਿੰਘ 917-595-9777, ਜਸਮੇਰ ਸਿੰਘ ਗੁਰਾਲਾ 718-687-9500, ਮਹਿੰਦਰ ਸਿੰਘ 646-732-5119, ਓਂਕਾਰ ਸਿੰਘ 347-654-1581, ਸਤਨਾਮ ਸਿੰਘ 917-415-6411, ਬਲਜੀਤ ਸਿੰਘ 917-528-2112, ਕੁਲਦੀਪ ਸਿੰਘ 917-392-2946 ਅਤੇ ਜਸਵਿੰਦਰ ਸਿੰਘ 917-634-4649 ਸ਼ਾਮਲ ਹਨ।



## ਸ਼ੀਆ ਕੇਂਦਰ 'ਤੇ ਫਿਦਾਈਨ ਹਮਲੇ 'ਚ 41 ਹਲਾਕ

**ਕਾਬੁਲ:** ਸ਼ੀਆ ਭਾਈਚਾਰੇ ਦੇ ਇਥੇ ਤਬਾਯਨ ਕਲਚਰਲ ਸੈਂਟਰ 'ਤੇ ਫਿਦਾਈਨ ਹਮਲੇ 'ਚ 41 ਵਿਅਕਤੀ ਹਲਾਕ ਹੋ ਗਏ। ਹਮਲੇ 'ਚ ਦਰਜਨਾਂ ਲੋਕ ਜਖ਼ਮੀ ਹੋਏ ਹਨ। ਜਹਾਦੀ ਜਥੇਬੰਦੀ ਇਸਲਾਮਿਕ ਸਟੇਟ ਨੇ ਇਸ ਭਿਆਨਕ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਹੈ।

## ਸਿਆਸੀ ਕਾਨਫਰੰਸਾਂ ਰੱਦ ਕਰਨ 'ਤੇ ਮੁਤਵਾਜ਼ੀ ਜਥੇਦਾਰਾਂ ਨੂੰ ਇਤਰਾਜ਼




**ਫਤਹਿਗੜ੍ਹ ਸਾਹਿਬ:** ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼ਹੀਦੀ ਸਭਾ ਦੌਰਾਨ ਸਿਆਸੀ ਕਾਨਫਰੰਸਾਂ ਰੱਦ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਕਾਨਫਰੰਸਾਂ ਮੁੱਢ ਤੋਂ ਹੀ ਹੁੰਦੀਆਂ ਆ ਰਹੀਆਂ ਹਨ ਅਤੇ ਇਨ੍ਹਾਂ ਨੂੰ ਰੱਦ ਕੀਤੇ ਜਾਣਾ ਕੌਮ ਲਈ ਗਲਤ ਸੰਦੇਸ਼ ਹੈ, ਕਿਉਂਕਿ ਸਿੱਖ ਧਰਮ ਦੀ ਹੋਂਦ ਮੀਰੀ ਪੀਰੀ ਦੇ ਸਿਧਾਂਤ ਉਤੇ ਹੋਈ ਹੈ। ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਕਿ ਸਰਬੱਤ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਦੀ ਚੋਣ ਲੜੀ ਜਾਵੇਗੀ ਅਤੇ ਜਿੱਤ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਦੀ 'ਗ੍ਰਿਫਤ' ਵਿਚੋਂ ਬਾਹਰ ਕੱਢਿਆ ਜਾਵੇਗਾ ਤੇ ਸਿੱਖ ਕੌਮ ਨੂੰ ਸਾਫ ਸੁਥਰੀ ਧਾਰਮਿਕ ਕਮੇਟੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਸਮੁੱਚੇ ਪੰਥ ਦੀ ਏਕਤਾ ਲਈ ਯਤਨਸ਼ੀਲ ਹੈ। ਉਨ੍ਹਾਂ ਬਾਦਲ ਵਿਰੋਧੀ ਸਾਰੀਆਂ ਧਿਰਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ।

## 'ਪਦਮਾਵਤੀ' ਬਾਰੇ ਨਰਮ ਪਿਆ ਸੈਂਸਰ ਬੋਰਡ

**ਮੁੰਬਈ:** ਸੈਂਸਰ ਬੋਰਡ ਨੇ ਸੰਜੈ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ' ਨੂੰ ਬਿਨਾਂ ਕਿਸੇ ਕੱਟ ਵੱਢ ਦੇ ਯੂਏ ਸਰਟੀਫਿਕੇਟ ਦੇਣ ਦਾ ਫੈਸਲਾ ਕੀਤਾ ਹੈ, ਪਰ ਬੋਰਡ ਨੇ ਡਾਇਰੈਕਟਰ ਨੂੰ ਫਿਲਮ ਦਾ ਨਾਂ 'ਪਦਮਾਵਤ' ਕਰਨ ਸਮੇਤ ਪੰਜ ਬਦਲਾਅ ਕਰਨ ਦੀ ਸ਼ਰਤ ਲਾਈ ਹੈ।

ਰਿਪੋਰਟਾਂ ਆ ਰਹੀਆਂ ਸਨ ਕਿ ਬੋਰਡ ਨੇ ਫਿਲਮ ਵਿਚ 26 ਕੱਟ ਲਾਉਣ ਦਾ ਸੁਝਾਅ ਦਿੱਤਾ ਹੈ, ਪਰ ਕੇਂਦਰੀ ਬੋਰਡ ਆਫ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ.) ਦੇ ਚੇਅਰਮੈਨ ਪ੍ਰਸੂਨ ਜੋਸ਼ੀ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਬਿਨਾਂ ਕੱਟ ਦੇ ਫਿਲਮ ਦਾ ਨਾਂ ਬਦਲਣ ਸਮੇਤ ਪੰਜ ਬਦਲਾਅ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਬੋਰਡ ਨੇ ਬੇਦਾਅਵੇ ਵਿਚ ਖਾਸ ਕਰ ਕੇ 'ਸਤੀ' ਅਤੇ ਘੂਮਰ ਗੀਤ ਵਿਚ ਦਿਖਾਏ ਗਏ ਕਿਰਦਾਰ ਵਿਚ ਸੁਧਾਰ ਕਰਨ ਦੀ ਸਲਾਹ ਦਿੱਤੀ ਹੈ। ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਬੋਰਡ ਦੇ ਸੁਝਾਅ ਅਨੁਸਾਰ ਬਦਲਾਅ ਕਰਨ ਲਈ ਸਹਿਮਤ ਹਨ। ਇਸ ਤੋਂ ਪਹਿਲਾਂ ਸੰਸਦੀ ਪੈਨਲ ਕੋਲ ਪੇਸ਼ ਹੋਏ ਭੰਸਾਲੀ ਨੇ ਕਿਹਾ ਸੀ ਕਿ ਉਨ੍ਹਾਂ ਨੇ ਫਿਲਮ 'ਤੇ



150 ਕਰੋੜ ਰੁਪਏ ਖਰਚੇ ਹਨ ਅਤੇ ਇਹ ਫਿਲਮ ਮਲਿਕ ਮੁਹੰਮਦ ਜਾਇਸੀ ਵੱਲੋਂ ਲਿਖੀ 16ਵੀਂ ਸਦੀ ਦੀ ਸੂਰਬੀਰਤਾ ਗਾਥਾ 'ਪਦਮਾਵਤ' ਉਤੇ ਅਧਾਰਤ ਹੈ। ਫਿਲਮ ਦੀ ਗੁੰਝਲ ਅਤੇ ਚਿੰਤਾਵਾਂ ਨੂੰ ਦੇਖਦਿਆਂ ਸੀ.ਬੀ.ਐਫ.ਸੀ. ਨੇ ਅੰਤਿਮ ਫੈਸਲੇ ਲਈ ਸੈਂਸਰ ਬੋਰਡ ਅਧਿਕਾਰੀਆਂ ਦੇ ਵਿਸ਼ੇਸ਼ ਪੈਨਲ ਦਾ ਗਠਨ ਕੀਤਾ ਸੀ।

## ਗੁਰਦੁਆਰਾ ਰਿਚਮੰਡ ਹਿੱਲ ਵਿਖੇ ਸਿਹਤ ਕੈਂਪ 7 ਨੂੰ

ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ): ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਇਕ ਹੈਲਥ ਚੈਕਅਪ ਕੈਂਪ 7 ਜਨਵਰੀ 2018, ਐਤਵਾਰ ਨੂੰ ਲਾਇਆ ਜਾਵੇਗਾ। ਇਸ ਮੌਕੇ ਮਾਨਸਿਕ ਸਿਹਤ, ਕੋਲੈਸਟਰੋਲ, ਸ਼ੂਗਰ, ਬਲੱਡ ਪ੍ਰੈਸ਼ਰ, ਗੁਲੂਕੋਜ਼ ਸਕਰੀਨਿੰਗ ਅਤੇ ਹੋਰ ਬਿਮਾਰੀਆਂ ਨਾਲ ਸਬੰਧਤ ਚੈਕਅਪ ਕੀਤੇ ਜਾਣਗੇ।

ਇਹ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਬਜ਼ੁਰਗਾਂ ਦੇ ਡਾਕਟਰ, ਮਨੋਵਿਗਿਆਨਕ ਡਾਕਟਰ, ਥੈਰੇਪਿਸਟ ਅਤੇ ਹੋਰ ਮਾਹਿਰ ਡਾਕਟਰ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਕੈਂਪ ਵਿਚ ਨਿਊ ਯਾਰਕ ਸਿਟੀ ਦੇ ਮੇਅਰ ਦੇ ਦਫਤਰ ਅਤੇ ਪਰਵਾਸੀ ਮਾਮਲਿਆਂ ਬਾਰੇ ਵਿਭਾਗ ਦੇ ਅਧਿਕਾਰੀ ਵੀ ਪਹੁੰਚਣਗੇ।

## ਨਾਗਾਲੈਂਡ ਅਸ਼ਾਂਤ ਸੂਬਾ ਐਲਾਨਿਆ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਅਫਸਪਾ ਤਹਿਤ ਸਾਰੇ ਨਾਗਾਲੈਂਡ ਨੂੰ ਜੂਨ ਦੇ ਅਖੀਰ ਤੱਕ ਹੋਰ ਛੇ ਮਹੀਨਿਆਂ ਲਈ ਅਸ਼ਾਂਤ ਸੂਬਾ ਐਲਾਨ ਦਿੱਤਾ ਹੈ। ਫੌਜ ਸੁਰੱਖਿਆ ਲਈ ਕਿਤੇ ਵੀ ਮੁਹਿੰਮ ਚਲਾਉਣ ਦੇ ਨਾਲ ਕਿਸੇ ਨੂੰ ਵੀ ਗ੍ਰਿਫਤਾਰ ਕਰ ਸਕਦੀ ਹੈ।

# ਟਰੈਵਲ ਏਜੰਟਾਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਵਿਦੇਸ਼ ਜਾਣ ਦੇ ਸੁਪਨੇ ਦੇਖ ਰਹੇ ਭੋਲੇ-ਭਾਲੇ ਲੋਕਾਂ ਨੂੰ ਠੱਗੀ ਤੋਂ ਬਚਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਟਰੈਵਲ ਏਜੰਟਾਂ ਲਈ ਇਸ਼ਤਿਹਾਰਾਂ 'ਚ ਆਪਣਾ ਰਜਿਸਟਰੇਸ਼ਨ ਨੰਬਰ ਦੇਣਾ ਲਾਜ਼ਮੀ ਕਰ ਦਿੱਤਾ ਹੈ। ਅਦਾਲਤ ਨੇ ਚੰਡੀਗੜ੍ਹ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਰਾਜਾਂ ਨੂੰ ਹੁਕਮ ਦਿੱਤਾ ਹੈ ਕਿ ਟਰੈਵਲ ਏਜੰਟਾਂ ਵੱਲੋਂ ਦਿੱਤੇ ਜਾਂਦੇ ਕਿਸੇ ਵੀ ਤਰ੍ਹਾਂ ਦੇ ਇਸ਼ਤਿਹਾਰ 'ਚ ਰਜਿਸਟਰੇਸ਼ਨ ਨੰਬਰ ਦੇਣਾ ਲਾਜ਼ਮੀ ਕੀਤਾ ਜਾਵੇ।

ਜਸਟਿਸ ਚੌਧਰੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਵਾਲੇ ਲਈ ਸਬੰਧਤ ਟਰੈਵਲ ਏਜੰਟ ਦੇ ਰਜਿਸਟਰੇਸ਼ਨ ਸਰਟੀਫਿਕੇਟ ਦੀ ਤਸਦੀਕ ਕਰਨੀ ਅਤੇ ਇਸ ਦੀ ਕਾਪੀ ਆਪਣੇ ਕੋਲ ਰੱਖਣੀ ਲਾਜ਼ਮੀ ਹੋਵੇਗੀ। ਇਨ੍ਹਾਂ ਹੁਕਮਾਂ 'ਚ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕੀਤੀ ਤਾਂ ਉਨ੍ਹਾਂ ਖ਼ਿਲਾਫ਼ ਵੀ ਕੇਸ ਚੱਲੇਗਾ। ਹਾਈ ਕੋਰਟ ਵੱਲੋਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਬਿਨਾਂ ਰਜਿਸਟਰੇਸ਼ਨ ਵਾਲੇ ਏਜੰਟਾਂ ਦੀ ਇਸ਼ਤਿਹਾਰਬਾਜ਼ੀ ਕਰਨ ਵਾਲੇ ਟੀ.ਵੀ. ਚੈਨਲਾਂ ਆਦਿ ਖ਼ਿਲਾਫ਼ ਢੁਕਵੀਂ ਕਾਰਵਾਈ ਦਾ ਪਹਿਲਾਂ ਹੀ ਹੁਕਮ ਦਿੱਤਾ ਜਾ ਚੁੱਕਾ ਹੈ।

## ਭੀਮਾ ਕੋਰੇਗਾਓਂ ਹਿੰਸਾ ਖਿਲਾਫ ਰੋਹ ਭੜਕਿਆ

**ਮੁੰਬਈ:** ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿਚ ਭੀਮਾ ਕੋਰੇਗਾਓਂ ਜੰਗ ਦੀ 200ਵੀਂ ਵਰ੍ਹੇਗੰਢ ਮੌਕੇ ਸਮਾਗਮ ਦੌਰਾਨ ਸੱਜੇ ਪੱਖੀਆਂ ਵੱਲੋਂ ਕੀਤੀ ਤੋੜ-ਭੰਨ ਤੇ ਇਸ ਦੌਰਾਨ ਇਕ ਵਿਅਕਤੀ ਦੀ ਹੋਈ ਮੌਤ ਖਿਲਾਫ਼ ਰੋਹ ਵਧ ਗਿਆ ਹੈ।

ਪ੍ਰਦਰਸ਼ਨਕਾਰੀਆਂ ਨੇ ਬੱਸਾਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਸੜਕੀ ਤੇ ਰੇਲ ਆਵਾਜਾਈ ਵਿਚ ਵੀ ਵਿਘਨ ਪਾਇਆ। ਇਸ ਦੌਰਾਨ ਪੁਣੇ ਵਿਚ ਪਿੰਪਰੀ ਪੁਲਿਸ ਨੇ ਸੱਜੇ ਪੱਖੀ ਜਥੇਬੰਦੀਆਂ ਹਿੰਦੂ ਏਕਤਾ ਅਗ੍ਹਾੜੀ ਤੇ ਸ਼ਿਵਰਾਜ ਪ੍ਰਤਿਸ਼ਠਾਨ ਦੇ ਮੁਖੀਆਂ ਕ੍ਰਮਵਾਰ ਮਿਲਿੰਦ ਏਕਬੋਟੇ ਤੇ ਸਾਂਭਾਜੀ ਭਿੜੇ ਖਿਲਾਫ਼ ਹਿੰਸਾ ਫੈਲਾਉਣ ਦੇ ਦੋਸ਼ 'ਚ ਕੇਸ ਦਰਜ ਕਰ ਲਿਆ। ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਜੰਗ ਵਿਚ ਬਰਤਾਨਵੀ ਨੂੰ ਮਿਲੀ ਜਿੱਤ ਲਈ ਮਨਾਏ ਜਾ ਰਹੇ ਜਸ਼ਨਾਂ ਦਾ ਵਿਰੋਧ ਕੀਤਾ ਸੀ। ਉਧਰ, ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪੁਣੇ ਹਿੰਸਾ ਦੀ ਜਾਂਚ ਲਈ ਬੰਬੇ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜੁਡੀਸ਼ਲ ਜਾਂਚ ਕਰਾਏ ਜਾਣ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਹਿੰਸਾ ਦੌਰਾਨ ਮਾਰੇ ਗਏ ਵਿਅਕਤੀ ਲਈ ਦਸ ਲੱਖ ਦੇ ਮੁਆਵਜ਼ੇ ਦਾ ਵੀ ਐਲਾਨ ਕਰਦਿਆਂ ਮੌਤ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲਿਸ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ 160 ਤੋਂ ਵੱਧ ਬੱਸਾਂ ਨੂੰ ਨੁਕਸਾਨ ਪਹੁੰਚਾਇਆ। ਇਨ੍ਹਾਂ 'ਚੋਂ 100 ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।


## Matrimonials

### ਲੜਕੇ ਦੀ ਲੋੜ ਹੈ

Seeking a suitable match for Green card holder, Registered Nurse (RN) girl. 28, 5'-2". Caste no bar. Boy should be well educated, US citizen or green card holder. Ph: 317-712-7190

49-52

Wanted suitable boy for Sikh Ahluwalia beautiful girl, 30, 5'-1", B.Com, MBA from a reputed family, working as an assistant professor. Upper caste no bar. Contact, Ph: 91-98141-09225 or e-mail: Paulsangeeta@yahoo.co.in

49-

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com

51/4

Wanted suitable US/ Canadian citizen/green card holder girl for Jat Sikh Toor boy 32 year 6' tall, on visitor visa in USA, MSC from Punjab University Chandigarh, two brothers 30 acres land. Contact :734-262-6929

52-3


# ਜਲ੍ਹਿਆਂਵਾਲਾ ਬਾਗ ਵਿਚ ਲੱਗੇਗਾ ਸ਼ਹੀਦ ਊਧਮ ਸਿੰਘ ਦਾ ਬੁੱਤ

**ਦੇਵੀਗੜ੍ਹ:** ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਲੰਡਨ ਵਿਚ ਜਾ ਕੇ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦਾ ਬੁੱਤ ਜਲ੍ਹਿਆਂਵਾਲਾ ਬਾਗ ਵਿਚ ਲੱਗੇਗਾ। ਬੁੱਤ ਲਾਉਣ ਦਾ ਕੰਮ 13 ਮਾਰਚ ਤੋਂ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਸੈਰ ਸਪਾਟਾ ਮੰਤਰੀ ਮਹੇਸ਼ ਸ਼ਰਮਾ ਨੇ ਬੁੱਤ ਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਪਿਛਲੇ ਸਾਲ ਜਦੋਂ ਉਹ ਆਪਣੇ ਹਲਕੇ ਸਨੌਰ ਦੇ ਕਸਬਾ ਭੁਨਰਹੇੜੀ ਵਿਚ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਸਮਾਗਮ ਵਿਚ ਗਏ ਸਨ ਤਾਂ ਉਥੇ ਢਾਡੀ ਜਥੇ ਦੀਆਂ ਬੀਬੀਆਂ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦ ਊਧਮ ਸਿੰਘ ਤੇ ਹੋਰ ਸ਼ਹੀਦਾਂ ਦਾ ਬੁੱਤ ਅਜੇ ਤੱਕ ਨਹੀਂ ਲੱਗ ਸਕਿਆ।

### ਸ਼ਹੀਦ ਊਧਮ ਸਿੰਘ ਚੇਅਰ ਕਾਇਮ ਹੋਵੇਗੀ

**ਚੰਡੀਗੜ੍ਹ:** ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਚੇਅਰ ਕਾਇਮ ਕਰੇਗੀ ਤੇ ਜਲ੍ਹਿਆਂਵਾਲਾ ਬਾਗ ਵਿਚ ਜਾਂ ਆਸ-ਪਾਸ ਉਨ੍ਹਾਂ ਦਾ ਬੁੱਤ ਲਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ ਕਾਂਡ ਦਾ ਬਦਲਾ ਲੈ ਕੇ ਦੇਸ਼ ਵਿਚ ਕੌਮੀ ਏਕਤਾ ਦੀ ਜਾਗ ਲਾਈ ਸੀ। ਉਨ੍ਹਾਂ ਦੀ ਯਾਦ ਵਿਚ ਚੇਅਰ ਕਾਇਮ ਕਰਨਾ ਤੇ ਬੁੱਤ ਲਾਉਣਾ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਭਾਰਤ 'ਚ ਭ੍ਰਿਸ਼ਟਾਚਾਰ ਤੋਂ ਡਰਦੇ ਨੇ ਵਿਦੇਸ਼ੀ ਨਿਵੇਸ਼ਕ

**ਨਵੀਂ ਦਿੱਲੀ:** ਅਮਰੀਕਾ ਦੀ ਜੋਖਮ ਪ੍ਰਬੰਧਨ ਫਰਮ ਕਰੋਲ ਨੇ ਦਾਅਵਾ ਕੀਤਾ ਹੈ ਕਿ ਵਿਦੇਸ਼ੀ ਨਿਵੇਸ਼ਕ ਜਦੋਂ ਕਦੇ ਵੀ ਭਾਰਤ ਵਿਚ ਨਿਵੇਸ਼ ਕਰਨ ਦੀ ਸੋਚਦੇ ਹਨ ਤਾਂ ਉਨ੍ਹਾਂ ਲਈ ਭ੍ਰਿਸ਼ਟਾਚਾਰ ਅਜੇ ਵੀ ਸਭ ਤੋਂ ਵੱਡੀ ਚੁਣੌਤੀ ਹੈ। ਨਿਵੇਸ਼ਕ ਅਸਾਸਿਆਂ ਦੀ ਸੁਰੱਖਿਆ ਨੂੰ ਜੋਖਮ ਤੇ ਵਿਕਾਸਸ਼ੀਲ ਕਾਰਪੋਰੇਟ ਪ੍ਰਬੰਧ ਨੂੰ ਵੀ ਵੱਡੀ ਚੁਣੌਤੀ ਮੰਨਦੇ ਹਨ।

ਨਿਊ ਯਾਰਕ ਅਧਾਰਤ ਫਰਮ ਮੁਤਾਬਕ 2014 ਵਿਚ ਸਥਿਰ ਸਰਕਾਰ ਦੇ ਸੱਤਾ ਵਿਚ ਆਉਣ ਮਗਰੋਂ ਆਲਮੀ ਨਿਵੇਸ਼ਕਾਂ ਨੂੰ ਉਮੀਦ ਸੀ ਕਿ ਭਾਰਤ ਵਿਚ ਕਾਰੋਬਾਰੀ ਮਾਹੌਲ ਨੂੰ ਲੈ ਕੇ ਅਹਿਮ ਬਦਲਾਅ ਆਉਣਗੇ, ਪਰ ਅਜਿਹਾ ਕੁਝ ਨਹੀਂ ਹੋਇਆ। ਵਿਦੇਸ਼ੀ ਨਿਵੇਸ਼ਕਾਂ ਦੇ ਫੈਸਲਿਆਂ ਨੂੰ ਅਸਰ ਅੰਦਾਜ਼ ਕਰਨ ਵਾਲੇ ਕਾਰਕਾਂ 'ਚ ਟੈਕਸ, ਬੇਰੁਜ਼ਗਾਰੀ ਕਰਕੇ ਸਮਾਜਕ ਅਸਥਿਰਤਾ, ਰਾਜ ਪੱਧਰ ਦੀ ਸਿਆਸਤ ਤੇ ਪੂੰਜੀ ਦੀ ਅਣਹੋਂਦ ਕਰ ਕੇ ਸੰਘਰਸ਼ ਕਰਦਾ ਬੈਂਕਿੰਗ ਪ੍ਰਬੰਧ ਪ੍ਰਮੁੱਖ ਹਨ। ਨਰੇਂਦਰ ਮੋਦੀ ਸਰਕਾਰ ਵੱਲੋਂ ਦੇਸ਼ ਦੀ ਕਮਾਨ ਹੱਥਾਂ ਵਿਚ ਲੈਣ ਮਗਰੋਂ ਭਾਰਤ ਵਿਚ ਨਿਵੇਸ਼ ਜੋਖਮ ਘਟਣ ਬਾਰੇ ਪੁੱਛੇ ਸਵਾਲ ਦਾ ਸਕਾਰਾਤਮਕ ਜਵਾਬ ਦਿੰਦਿਆਂ ਕਰੋਲ ਦੇ ਮੈਨੇਜਿੰਗ ਡਾਇਰੈਕਟਰ ਤਰੁਨ ਭਾਟੀਆ ਨੇ ਇਸ ਪਾਸੇ ਅਜੇ ਵਧੇਰੇ ਯਤਨਾਂ ਦੀ ਲੋੜ ਵੱਲ ਇਸ਼ਾਰਾ ਕੀਤਾ।

## ਸਿਰਫਿਰੇ ਸਾਬਕਾ ਫੌਜੀ ਵੱਲੋਂ 6 ਦੀ ਹੱਤਿਆ

**ਫਰੀਦਾਬਾਦ:** ਪਲਵਲ ਦੀਆਂ ਗਲੀਆਂ ਵਿਚ ਖੂਨੀ ਖੇਡ ਖੇਡਦਿਆਂ ਇਕ ਸਾਬਕਾ ਫੌਜੀ ਨੇ ਲੋਹੇ ਦੀ ਰਾਡ ਨਾਲ ਛੇ ਜਣਿਆਂ ਦਾ ਕਤਲ ਕਰ ਦਿੱਤਾ। ਸਾਬਕਾ ਫੌਜੀ ਅੱਧੀ ਰਾਤ ਨੂੰ ਹੱਥ ਵਿਚ ਰਾਡ ਲੈ ਕੇ ਨਿਕਲਿਆ ਤੇ ਉਸ ਨੇ ਦੋ ਘੰਟਿਆਂ ਵਿਚ ਹੀ ਆਗਰਾ ਚੌਕ ਅਤੇ ਕੈਂਪ ਕਾਲੋਨੀ ਦੇ ਰਸਤੇ ਛੇ ਲੋਕਾਂ ਦੀ ਜਾਨ ਲੈ ਲਈ। ਪਲਵਲ ਪੁਲਿਸ ਨੇ ਕਾਤਲ ਨੂੰ ਮਗਰੋਂ ਜ਼ਖਮੀ ਹਾਲਤ ਵਿਚ ਗ੍ਰਿਫਤਾਰ ਕਰ ਲਿਆ। ਮੁਲਜ਼ਮ ਦੀ ਪਛਾਣ ਨਰੇਸ਼ ਧਨਕੜ (45) ਵਜੋਂ ਹੋਈ ਹੈ, ਜੋ ਪਲਵਲ ਦੇ ਮਛਗਰ ਪਿੰਡ ਦਾ ਰਹਿਣ ਵਾਲਾ ਹੈ।

## ਵਿਦੇਸ਼ਾਂ ਵਿਚ 21 ਪਾੜ੍ਹੇ ਬਣੇ ਨਿਸ਼ਾਨਾ

**ਨਵੀਂ ਦਿੱਲੀ:** ਬੀਤੇ ਵਰ੍ਹੇ (2017) ਵਿਦੇਸ਼ਾਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਉਤੇ ਹਮਲਿਆਂ ਦੀ ਗਿਣਤੀ 21 ਤੱਕ ਪਹੁੰਚ ਗਈ ਹੈ। ਸਭ ਤੋਂ ਵੱਧ ਘਟਨਾਵਾਂ ਪੋਲੈਂਡ ਵਿਚ ਵਾਪਰੀਆਂ। ਲੋਕ ਸਭਾ ਵਿਚ ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਨੇ ਇਹ ਜਾਣਕਾਰੀ ਦਿੱਤੀ।

ਇਨ੍ਹਾਂ ਅੰਕੜਿਆਂ ਅਨੁਸਾਰ ਪੋਲੈਂਡ ਵਿਚ 9, ਇਟਲੀ ਵਿਚ ਤਿੰਨ ਤੇ ਆਸਟਰੇਲੀਆ ਵਿਚ ਦੋ, ਅਮਰੀਕਾ, ਫਰਾਂਸ, ਰੂਸ, ਚੈੱਕ ਰਿਪਬਲਿਕ, ਬੁਲਗਾਰੀਆ, ਬੰਗਲਾ ਦੇਸ਼ ਤੇ ਗੁਆਨਾ ਵਿਚ ਭਾਰਤੀ ਵਿਦਿਆਰਥੀਆਂ ਉਤੇ ਹਮਲੇ ਦੀ ਇਕ-ਇਕ ਘਟਨਾ ਸਾਹਮਣੇ ਆਈ।

## ਖਣਨ ਜਾਂਚ: ਜਸਟਿਸ ਨਾਰੰਗ 'ਤੇ ਉਠੇ ਸਵਾਲ

**ਚੰਡੀਗੜ੍ਹ:** ਖਣਨ ਮਾਮਲੇ ਵਿਚ ਨਵੇਂ ਸਬੂਤ ਸਾਹਮਣੇ ਆਉਣ ਤੋਂ ਬਾਅਦ ਵਿਰੋਧੀ ਧਿਰ ਨੇ ਸਿੰਜਾਈ ਅਤੇ ਊਰਜਾ ਮੰਤਰੀ ਰਾਣਾ ਗੁਰਜੀਤ ਸਿੰਘ ਖਿਲਾਫ਼ ਨਵੇਂ ਸਿਰਿਉਂ ਜਾਂਚ ਕਰਾਉਣ ਦੀ ਮੰਗ ਕਰਦਿਆਂ ਜਸਟਿਸ ਜੇ.ਐਸ. ਨਾਰੰਗ ਦੀ ਆਲੋਚਨਾ ਕੀਤੀ।ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਨੇ ਜਸਟਿਸ ਨਾਰੰਗ ਨੂੰ ਲਿਖੇ ਖੁੱਲ੍ਹੇ ਖਤ ਵਿਚ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਸਪਸ਼ਟ ਸਬੂਤਾਂ ਦੀ ਅਣਦੇਖੀ ਕੀਤੀ ਗਈ, ਜਿਸ ਤੋਂ ਪਤਾ ਚੱਲਦਾ ਹੈ ਕਿ ਨਾਰੰਗ ਕਮਿਸ਼ਨ ਦੀ ਜਾਂਚ ਨਾ ਸਿਰਫ ਗਲਤ ਸੀ ਸਗੋਂ ਇਹ ਪੂਰੀ ਤਰ੍ਹਾਂ ਧੋਖਾਧੜੀ ਅਤੇ ਧੋਖੇਬਾਜ਼ੀ 'ਤੇ ਅਧਾਰਤ ਸੀ।

ਕਾਰਪੋਰੇਟ ਮਾਮਲਿਆਂ ਦਾ ਰਿਕਾਰਡ ਅੱਜ ਵੀ ਇਹੀ ਦਰਸਾਉਂਦਾ ਹੈ ਕਿ ਅਮਿਤ ਬਹਾਦੁਰ ਕੰਪਨੀ ਵਿਚ ਡਾਇਰੈਕਟਰ ਹੈ ਜੋ ਮੰਤਰੀ ਦੇ ਦਫਤਰ 'ਤੇ ਰਜਿਸਟਰਡ ਹੋਈ ਸੀ। ਉਹ ਦਾਗੀ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਮੋਹਰੀ ਸੀ, ਪਰ ਨਾਰੰਗ ਕਮਿਸ਼ਨ ਨੇ ਇਸ ਸੱਚਾਈ ਨੂੰ ਨਜ਼ਰ ਅੰਦਾਜ਼ ਕੀਤਾ। ਸ੍ਰੀ ਨਾਰੰਗ ਨੇ ਜਾਣਬੁਝ ਕੇ ਇਸ ਤੱਥ ਨੂੰ ਨਜ਼ਰ ਅੰਦਾਜ਼ ਕੀਤਾ।


# ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287

52-4


# ਅਰੂਸਾ ਨਾਲ ਪੈੱਗ ਲਾਉਣ 'ਤੇ ਘਿਰੇ ਕੈਪਟਨ

**ਜਲੰਧਰ:** ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਕੈਪਟਨ ਅਮਰਿੰਦਰ ਸਿੰਘ ਅਤੇ ਅਰੂਸਾ ਆਲਮ ਦੀ ਵੀਡੀਓ ਉਤੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਸ ਸਬੰਧੀ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਪੱਤਰ ਭੇਜ ਕੇ ਕੈਪਟਨ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਅਪੀਲ ਕੀਤੀ ਹੈ।



ਸ੍ਰੀ ਖਹਿਰਾ ਨੇ ਕਿਹਾ ਕਿ ਜਿਥੇ ਪਾਕਿਸਤਾਨ ਨਾਲ ਸਰਹੱਦੀ ਝਗੜੇ ਕਾਰਨ ਰੋਜ਼ਾਨਾ ਭਾਰਤੀ ਜਵਾਨ ਸ਼ਹੀਦ ਹੋ ਰਹੇ ਹਨ, ਉਥੇ ਕੈਪਟਨ ਨੇ ਪਾਕਿਸਤਾਨੀ ਡਿਫੈਂਸ ਐਨਾਲਿਸਟ ਨੂੰ ਚੰਡੀਗੜ੍ਹ ਵਿਚ ਸਰਕਾਰੀ ਰਿਹਾਇਸ਼ ਮਕਾਨ ਨੰਬਰ 44 (ਸੈਕਟਰ ਦੋ) ਵਿਚ ਰੱਖਿਆ ਹੋਇਆ ਹੈ। ਉਨ੍ਹਾਂ ਨੇ ਇਸ ਸਬੰਧੀ ਕਈ ਗੰਭੀਰ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪਹਿਲਾਂ ਕੈਪਟਨ ਨੇ ਸ਼ਹੀਦੀ ਦਿਹਾੜੇ ਉਤੇ ਮੱਥਾ ਟੇਕ ਕੇ ਸੰਗਤ ਉਤੇ ਚੰਗਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਬਾਅਦ ਵਿਚ ਉਸੇ ਦਿਨ ਸ਼ਾਮ ਨੂੰ ਉਹ ਅਨੈਤਿਕ ਪਾਰਟੀ ਕਰ ਰਹੇ ਸਨ।

ਰਾਹੁਲ ਗਾਂਧੀ ਨੂੰ ਭੇਜੇ ਪੱਤਰ ਵਿਚ ਸ੍ਰੀ ਖਹਿਰਾ ਨੇ ਕਿਹਾ ਕਿ ਸੋਨੀਆ ਗਾਂਧੀ ਵੱਲੋਂ ਕੁਝ ਸਾਲ ਪਹਿਲਾਂ ਆਪਣੀ ਪਾਰਟੀ ਦੇ ਮੁੱਖ ਮੰਤਰੀਆਂ ਲਈ ਕੁਝ ਨਿਯਮ ਤੈਅ ਕੀਤੇ ਗਏ ਸਨ, ਜਿਨ੍ਹਾਂ ਵਿਚ ਸ਼ਰਾਬ ਪੀਣ ਦੀ ਵੀ ਮਨਾਹੀ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਅਹੁਦੇ ਉਤੇ ਰਹਿੰਦਿਆਂ ਅਨੈਤਿਕਤਾ ਦਿਖਾ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਜਿੰਮੇਵਾਰੀ ਤੋਂ ਤੁਰੰਤ ਲਾਂਭੇ ਕਰ ਦੇਣਾ ਚਾਹੀਦਾ ਹੈ।



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

## ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

Email:
Homeomedicine@yahoo.com

**7021 Village Park Way, Dublin, CA 94568**

# ਅੰਤਰ-ਝਾਤ ਦੀ ਥਾਂ ਸਰਕਾਰੀ ਖਾਮੀਆਂ ਲੱਭਣ ਦੇ ਰਾਹ ਤੁਰੀ 'ਆਪ'



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੂੰ ਨਿਗਮ ਚੋਣਾਂ ਵਿਚ ਮਿਲੀ ਨਮੋਸ਼ੀ ਭਰੀ ਹਾਰ ਹਜ਼ਮ ਨਹੀਂ ਹੋ ਰਹੀ। ਹੁਣ ਪਾਰਟੀ ਨੇ ਨਗਰ ਨਿਗਮ ਚੋਣਾਂ ਦੌਰਾਨ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸਾਂ ਦੀ ਪੜਤਾਲ ਲਈ ਪੰਜ ਮੈਂਬਰੀ ਕਮੇਟੀ ਬਣਾ ਕੇ ਰਿਪੋਰਟ ਤਿਆਰ ਕਰਨ ਲਈ ਆਖਿਆ ਹੈ।

ਦੱਸਣਯੋਗ ਹੈ ਕਿ ਨਗਰ ਨਿਗਮ ਚੋਣਾਂ ਵਿਚੋਂ ਪਾਰਟੀ ਨੂੰ ਮਹਿਜ਼ ਇਕ ਸੀਟ ਤੋਂ ਜਿੱਤ ਨਸੀਬ ਹੋਈ ਹੈ। ਇਨ੍ਹਾਂ ਚੋਣਾਂ ਵਿਚ ਵੀ ਪਾਰਟੀ ਦੇ ਉਮੀਦਵਾਰਾਂ ਨੂੰ ਗੁਰਦਾਸਪੁਰ ਲੋਕ ਸਭਾ ਉਪ ਚੋਣ ਵਾਂਗ ਬਹੁਤ ਘੱਟ ਵੋਟਾਂ ਮਿਲੀਆਂ ਹਨ। ਇਥੋਂ ਤੱਕ ਕਿ ਜਲੰਧਰ ਨਿਗਮ ਚੋਣਾਂ ਵਿਚ ਖੜ੍ਹੇ 'ਆਪ' ਦੇ ਇਕ ਉਮੀਦਵਾਰ ਨੂੰ ਸਿਰਫ ਇਕੋ ਵੋਟ ਮਿਲਣ ਕਾਰਨ ਪਾਰਟੀ ਦੀ ਸਥਿਤੀ ਹਾਸੋਹੀਣੀ ਬਣੀ ਹੋਈ ਹੈ। ਪਾਰਟੀ ਦੇ ਸੂਬਾ ਸਹਿ ਪ੍ਰਧਾਨ ਤੇ ਪੰਜਾਬ ਦੇ ਜਥੇਬੰਦਕ ਢਾਂਚੇ ਦੇ ਨਿਗਰਾਨ ਅਮਨ ਅਰੋੜਾ ਨੇ ਇਹ ਕਮੇਟੀ ਬਣਾਉਂਦਿਆਂ ਦੋਸ਼ ਲਾਇਆ ਹੈ ਕਿ ਕਾਂਗਰਸੀ ਆਗੂਆਂ ਨੇ ਚੋਣਾਂ ਦੌਰਾਨ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਵੱਡੇ ਪੱਧਰ ਉਤੇ ਧਾਂਦਲੀਆਂ ਕੀਤੀਆਂ ਹਨ ਅਤੇ ਪਾਰਟੀ ਦੇ ਕਈ ਉਮੀਦਵਾਰਾਂ ਦੇ ਕਾਗਜ਼ ਹੀ ਧੱਕੇ ਨਾਲ ਰੱਦ ਕਰਵਾ ਦਿੱਤੇ ਹਨ। ਸ੍ਰੀ ਅਰੋੜਾ ਅਨੁਸਾਰ ਇਹ ਕਮੇਟੀ ਸਰਕਾਰ ਵੱਲੋਂ ਅਧਿਕਾਰੀਆਂ ਰਾਹੀਂ ਪਾਰਟੀ ਦੇ ਕਈ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾਉਣ ਦੇ ਮਾਮਲਿਆਂ ਸਮੇਤ ਚੋਣ ਜ਼ਾਬਤੇ ਦੀਆਂ ਸਾਰੀਆਂ ਬੇਨਿਯਮੀਆਂ ਦੀ ਪੜਤਾਲ ਕਰੇਗੀ।

ਕਮੇਟੀ ਵਿਚ ਸ਼ਾਮਲ ਕੀਤੇ ਪੰਜੇ ਮੈਂਬਰ ਪੇਸ਼ੇ ਵਜੋਂ ਵਕੀਲ ਹਨ। ਦੱਸਣਯੋਗ ਹੈ ਕਿ 'ਆਪ' ਤੋਂ ਇਲਾਵਾ ਅਕਾਲੀ-ਭਾਜਪਾ ਗੱਠਜੋੜ ਦੇ ਆਗੂਆਂ ਨੇ ਵੀ ਕੈਪਟਨ ਸਰਕਾਰ ਉਤੇ ਗੰਭੀਰ ਦੋਸ਼ ਲਾਏ ਸਨ ਕਿ ਅਧਿਕਾਰੀਆਂ ਨੇ ਸਰਕਾਰ ਦੇ ਇਸ਼ਾਰੇ ਉਤੇ ਜਿਥੇ ਉਨ੍ਹਾਂ ਦੇ ਕਈ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾ ਦਿੱਤੇ ਹਨ, ਉਥੇ ਕਈ ਉਮੀਦਵਾਰਾਂ ਨੂੰ ਕਾਗਜ਼ ਭਰਨ ਦਾ ਮੌਕਾ ਹੀ ਨਹੀਂ ਦਿੱਤਾ ਗਿਆ।

ਇਸ ਕਮੇਟੀ ਨੂੰ ਚੋਣਾਂ ਦੌਰਾਨ ਚੋਣ ਜ਼ਾਬਤੇ ਦੀ ਉਲੰਘਣਾ ਹੋਣ ਦੇ ਕੇਸਾਂ ਦੀ ਪੜਤਾਲ ਕਰਨ ਦੀ ਹੀ ਜ਼ਿੰਮੇਵਾਰੀ ਦਿੱਤੀ ਹੈ ਅਤੇ ਚੋਣਾਂ ਦੌਰਾਨ ਟਿਕਟਾਂ ਦੀ ਵੰਡ ਆਦਿ ਉਤੇ ਕਿਸੇ ਤਰ੍ਹਾਂ ਦੀ ਪੜਤਾਲ ਕਰਨ ਲਈ ਨਹੀਂ ਕਿਹਾ ਗਿਆ।

ਦੱਸਣਯੋਗ ਹੈ ਕਿ 'ਆਪ' ਦੀ ਸੂਬਾਈ ਲੀਡਰਸ਼ਿਪ ਨੇ ਨਗਰ ਨਿਗਮ ਚੋਣਾਂ ਦੌਰਾਨ ਟਿਕਟਾਂ ਦੀ ਵੰਡ ਕਰਨ ਦਾ ਕੰਮ ਪੂਰੀ ਤਰ੍ਹਾਂ ਹੇਠਲੀ ਲੀਡਰਸ਼ਿਪ ਨੂੰ ਸੌਂਪ ਦਿੱਤਾ ਸੀ। ਪਾਰਟੀ ਨੂੰ ਨਿਗਮ ਚੋਣਾਂ ਦੌਰਾਨ ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਵਿਚ ਚੋਣਾਂ ਲੜਨ ਲਈ ਪੂਰੇ ਉਮੀਦਵਾਰ ਵੀ ਨਹੀਂ ਮਿਲ ਸਕੇ ਸਨ।

### ਸਿਸੋਦੀਆ ਦੀ ਫੇਰੀ ਤੋਂ ਪਹਿਲਾਂ ਜਵਾਬ ਲੱਭਣ ਲੱਗੇ ਆਗੂ

ਪਾਰਟੀ ਹਾਈਕਮਾਂਡ ਵੱਲੋਂ ਪੰਜਾਬ ਇਕਾਈ ਦੇ ਇੰਚਾਰਜ ਬਣਾਏ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਗਲੇ ਦਿਨੀਂ ਪੰਜਾਬ ਇਕਾਈ ਦੀ ਕਾਰਗੁਜ਼ਾਰੀ ਦੀ ਨਜ਼ਰਸਾਨੀ ਕਰਨ ਵਾਲੇ ਹਨ, ਜਿਸ ਦਾ ਮੁੱਖ ਮੁੱਦਾ ਨਗਰ ਨਿਗਮ ਚੋਣਾਂ ਵਿਚ ਪਾਰਟੀ ਦੀ ਹੋਈ ਭੈੜੀ ਹਾਰ ਹੋਵੇਗਾ। ਪਾਰਟੀ ਦੇ ਘਾਗ ਆਗੂ ਵਜੋਂ ਜਾਣੇ ਜਾਂਦੇ ਸ੍ਰੀ ਸਿਸੋਦੀਆ ਵੱਲੋਂ ਨਿਗਮ ਚੋਣਾਂ ਵਿਚ 'ਆਪ' ਦੀ ਹੋਈ ਹਾਰ ਦੇ ਕਾਰਨਾਂ ਦੀ ਸਮੀਖਿਆ ਕਰਨ ਤੋਂ ਪਹਿਲਾਂ ਪੰਜਾਬ ਇਕਾਈ ਨੇ ਇਸ ਪੰਜ ਮੈਂਬਰੀ ਕਮੇਟੀ ਦੀ ਗਠਨ ਕੀਤਾ ਹੈ।

## ਕਰਜ਼ਿਆਂ ਬਾਰੇ ਵਿਧਾਇਕਾਂ ਦੀ ਕਮੇਟੀ ਨੂੰ ਕਿਸਾਨਾਂ ਨੇ ਕੀਤਾ ਲਾਜਵਾਬ

**ਚੰਡੀਗੜ੍ਹ:** ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਅਤੇ ਖੁਦਕੁਸ਼ੀਆਂ ਰੋਕਣ ਲਈ ਸੂਬਾ ਸਰਕਾਰ ਵੱਲੋਂ ਬਣਾਈ ਵਿਧਾਇਕਾਂ ਦੀ ਕਮੇਟੀ ਨੂੰ ਕਿਸਾਨ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚੋਣਾਂ ਤੋਂ ਪਹਿਲਾਂ ਗੁਟਕਾ (ਪੋਥੀ) ਸਾਹਿਬ ਫੜ ਕੇ ਕੀਤੇ ਆਪਣੇ ਉਸ ਵਾਅਦੇ ਨੂੰ ਪੂਰਾ ਕਰਨ, ਜਿਸ ਵਿਚ ਉਨ੍ਹਾਂ ਨੇ ਕਿਸਾਨਾਂ ਦਾ ਹਰ ਤਰ੍ਹਾਂ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਕਹੀ ਸੀ।

ਖੇਤ ਮਜ਼ਦੂਰ ਆਗੂਆਂ ਦਾ ਕਹਿਣਾ ਸੀ ਕਿ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਕੁਰਕੀਆਂ, ਨਿਲਾਮੀਆਂ ਤੇ ਗ੍ਰਿਫਤਾਰੀਆਂ ਬੰਦ ਕਰ ਕੇ ਸਮੂਹ ਖੇਤ ਮਜ਼ਦੂਰਾਂ ਅਤੇ ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣ। ਸਰਕਾਰ ਵੱਲੋਂ ਗਠਿਤ ਇਸ ਕਮੇਟੀ ਵਿਚ ਕਾਂਗਰਸੀ, ਅਕਾਲੀ ਅਤੇ ਆਮ ਆਦਮੀ ਪਾਰਟੀ ਪਾਰਟੀ ਦੇ ਵਿਧਾਇਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਕਮੇਟੀ ਨੂੰ ਇਹ ਗੱਲ ਆਖੀ ਗਈ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਢਾਈ ਤੇ ਪੰਜ ਏਕੜ ਵਾਲਿਆਂ ਦੇ ਕਰਜ਼ੇ ਮੁਆਫ ਕਰ ਕੇ ਵਾਅਦਾ ਪੂਰਾ ਨਹੀਂ ਹੋ ਸਕਦਾ।

## ਠੰਢ ਨੇ ਕੈਨੇਡੀਅਨਾਂ ਦੇ ਕੱਢੇ ਵੱਟ

**ਕੈਲਗਰੀ:** ਕੈਨੇਡਾ ਦੇ ਕੈਲਗਰੀ ਸਮੇਤ ਸਮੁੱਚੇ ਅਲਬਰਟਾ ਸੂਬੇ ਵਿਚ ਠੰਢ ਪੂਰੇ ਜ਼ੋਰਾਂ 'ਤੇ ਹੈ। ਕੈਲਗਰੀ ਵਿਚ ਸਵੇਰ ਦਾ ਤਾਪਮਾਨ ਮਨਫੀ 40 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਾਲਤ ਇਹ ਹੈ ਕਿ ਛੁੱਟੀਆਂ ਵਿਚ ਲੋਕ ਕੜਾਕੇ ਦੀ ਠੰਢ ਤੋਂ ਬਚਣ ਲਈ ਘਰਾਂ ਵਿਚ ਹੀ



ਕੈਦ ਹੋ ਕੇ ਰਹਿ ਗਏ ਹਨ। ਸੜਕੀ ਆਵਾਜਾਈ ਵੀ ਬਹੁਤ ਘਟ ਗਈ ਹੈ, ਜਿਸ ਕਾਰਨ ਜ਼ਰੂਰੀ ਵਸਤਾਂ ਤੇ ਹੋਰ ਸਾਮਾਨ ਦੀ ਢੋਆ-ਢੁਆਈ ਉਪਰ ਅਸਰ ਪਿਆ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਕੜਾਕੇ ਦੀ ਠੰਢ ਪੈਣ ਦੀ ਚਿਤਾਵਨੀ ਦਿੱਤੀ ਹੈ। ਅਗਲੇ ਸਾਲ ਦੇ ਸ਼ੁਰੂ ਵਿਚ ਵੀ ਜਾਰੀ ਰਹਿਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ।

ਮੌਸਮ ਮਾਹਿਰ ਹੀਥਰ ਪਿਮਸੀਕਰਨ ਨੇ ਕਿਹਾ ਹੈ ਕਿ ਕੈਲਗਰੀ ਵਿਚ ਅਗਲੇ ਕੁਝ ਦਿਨਾ ਦੌਰਾਨ ਘੱਟੋ-ਘੱਟ ਤਾਪਮਾਨ ਮਨਫੀ 20 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਹੈ ਪਰ ਠੰਢੀਆਂ ਹਵਾਵਾਂ ਚੱਲਣ ਕਾਰਨ ਤਾਪਮਾਨ ਮਨਫੀ 30 ਤੋਂ ਮਨਫੀ 40 ਡਿਗਰੀ ਤੱਕ ਤੱਕ ਮਹਿਸੂਸ ਹੋਵੇਗਾ।

### ਭਤੀਜਿਆਂ ਨੂੰ ਮਾਰਨ ਵਾਲੇ ਵੱਲੋਂ ਜੇਲ੍ਹ 'ਚ ਖੁਦਕੁਸ਼ੀ


**ਕੁਰੂਕਸ਼ੇਤਰ:** ਤਿੰਨ ਬੱਚਿਆਂ ਦਾ ਕਤਲ ਕਰ ਕੇ ਲਾਸ਼ਾਂ ਨੂੰ ਮੋਰਨੀ ਦੇ ਜੰਗਲ ਵਿਚ ਸੁੱਟਣ ਵਾਲੇ ਬੱਚਿਆਂ ਦੇ ਚਾਚੇ ਨੇ ਜੇਲ੍ਹ ਵਿਚ ਖੁਦਕੁਸ਼ੀ ਕਰ ਲਈ। ਜਗਦੀਪ ਕੁਰੂਕਸ਼ੇਤਰ ਜੇਲ੍ਹ ਵਿਚ ਨਿਆਇਕ ਹਿਰਾਸਤ ਵਿਚ ਸੀ।

ਦੱਸਣਯੋਗ ਹੈ ਕਿ ਪਿਛਲੇ ਮਹੀਨੇ ਜਗਦੀਪ ਨੇ ਆਪਣੇ ਭਰਾ ਦੇ ਤਿੰਨ ਬੱਚਿਆਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਲਾਸ਼ਾਂ ਨੂੰ ਚੰਡੀਗੜ੍ਹ ਨੇੜੇ ਮੋਰਨੀ ਦੇ ਜੰਗਲਾਂ ਵਿਚ ਸੁੱਟ ਦਿੱਤਾ ਸੀ।

## ਮਾਲੇਗਾਓਂ ਧਮਾਕਾ: ਸਾਧਵੀ ਤੇ ਪੁਰੋਹਿਤ ਖਿਲਾਫ ਚੱਲਦਾ ਰਹੇਗਾ ਕੇਸ

**ਮੁੰਬਈ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਵਿਸ਼ੇਸ਼ ਅਦਾਲਤ ਨੇ 2008 ਮਾਲੇਗਾਓਂ ਧਮਾਕਾ ਮਾਮਲੇ ਵਿਚ ਮੁਲਜ਼ਮ ਸਾਧਵੀ ਪ੍ਰਗਿਆ ਸਿੰਘ ਠਾਕੁਰ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਤੇ ਛੇ ਹੋਰਨਾਂ ਦੀ ਦੋਸ਼ਾਂ ਤੋਂ ਬਰੀ ਕਰਨ ਦੀ ਅਪੀਲ ਨੂੰ ਰੱਦ ਕਰਦਿਆਂ ਉਨ੍ਹਾਂ ਖਿਲਾਫ ਸਾਜ਼ਿਸ਼ ਘੜਨ ਤੇ ਕਤਲ ਸਮੇਤ ਹੋਰਨਾਂ ਧਾਰਾਵਾਂ ਤਹਿਤ ਕੇਸ ਚੱਲਦਾ ਰੱਖਣ ਦੇ ਹੁਕਮ ਕੀਤੇ ਹਨ। ਅਦਾਲਤ ਨੇ ਹਾਲਾਂਕਿ ਮੁਲਜ਼ਮਾਂ ਨੂੰ ਗੈਰਕਾਨੂੰਨੀ ਸਰਗਰਮੀਆਂ(ਪ੍ਰੀਵੈਨਸ਼ਨ) ਐਕਟ ਤੇ ਮਕੋਕਾ ਐਕਟ ਦੀਆਂ ਕੁਝ ਧਾਰਾਵਾਂ ਤੋਂ ਰਾਹਤ ਦੇ ਦਿੱਤੀ ਹੈ। ਇਨ੍ਹਾਂ ਧਾਰਾਵਾਂ ਤਹਿਤ ਮੁਲਜ਼ਮ ਨੂੰ ਉਮਰ ਕੈਦ ਦੀ ਸਜ਼ਾ ਕੱਟਣੀ ਪੈ ਸਕਦੀ ਹੈ। ਵਿਸ਼ੇਸ਼ ਅਦਾਲਤ ਦਾ ਫੈਸਲਾ ਕੌਮੀ ਜਾਂਚ ਏਜੰਸੀ ਲਈ ਵੱਡਾ ਝਟਕਾ ਹੈ। ਏਜੰਸੀ ਨੇ ਸਾਧਵੀ ਪ੍ਰਗਿਆ ਸਿੰਘ ਨੂੰ ਕਲੀਨ ਚਿੱਟ ਦੇ ਦਿੱਤੀ ਸੀ।

ਨੌਂ ਸਾਲ ਪੁਰਾਣੇ ਕੇਸ ਦੀ ਸੁਣਵਾਈ



ਦੌਰਾਨ ਵਿਸ਼ੇਸ਼ ਅਦਾਲਤ ਦੇ ਜੱਜ ਐਸ.ਡੀ.ਟੇਕਾਲੇ ਨੇ ਐਨ.ਆਈ.ਏ. ਦੀ ਇਸ ਦਲੀਲ ਨੂੰ ਖਾਰਜ ਕਰ ਦਿੱਤਾ ਕਿ ਸਾਧਵੀ ਪ੍ਰਗਿਆ ਖਿਲਾਫ ਕੋਈ ਸਬੂਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਦਾਅਵੇ ਨੂੰ ਸਵੀਕਾਰ ਕਰਨਾ ਔਖਾ ਹੈ, ਕਿਉਂਕਿ ਧਮਾਕੇ ਲਈ ਉਸ ਦਾ ਮੋਟਰਸਾਈਕਲ ਵਰਤਿਆ ਗਿਆ ਸੀ।

# ਸਿਆਸੀ ਕਲਾਬਾਜ਼ੀਆਂ ਵਾਲਾ ਵਰ੍ਹਾ ਰਿਹਾ 2017




**ਚੰਡੀਗੜ੍ਹ:** ਸਾਲ 2017 ਦੇ ਜਮਹੂਰੀਅਤ ਦੇ ਮੇਲੇ ਵਿੱਚ ਪੰਜਾਬੀਆਂ ਨੇ ਕਈਆਂ ਦੀ ਉਮੀਦ ਤੋੜੀ, ਕਈਆਂ ਦੇ ਸੁਪਨੇ ਸੱਚ ਕੀਤੇ, ਪਰ ਉਹ ਖ਼ੁਦ ਮੰਝਧਾਰ ਵਿੱਚ ਫਸੇ ਹੋਏ ਹਨ। ਵਿਧਾਨ ਸਭਾ ਚੋਣਾਂ ਸਮੇਂ ਸੱਤਾ ਬਦਲ ਗਈ, ਪਰ ਸਿਸਟਮ ਬਦਲਣ ਦੀ ਪੰਜਾਬੀਆਂ ਦੀ ਉਮੀਦ ਪਿਛਲੇ ਸਾਲ ਹੀ ਮੱਧਮ ਪੈਣੀ ਸ਼ੁਰੂ ਹੋ ਗਈ ਸੀ।

ਭਾਰਤੀ ਚੋਣ ਕਮਿਸ਼ਨ ਵੱਲੋਂ 4 ਜਨਵਰੀ 2017 ਨੂੰ ਵਿਧਾਨ ਸਭਾ ਚੋਣਾਂ ਬਾਰੇ ਜਾਰੀ ਨੋਟੀਫਿਕੇਸ਼ਨ ਤੋਂ ਪਹਿਲਾਂ ਹੀ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਸੱਤਾ ਦੀਆਂ ਦਾਅਵੇਦਾਰ ਬਣੀਆਂ ਹੋਈਆਂ ਸਨ। ਚਾਰ ਫਰਵਰੀ ਨੂੰ ਵੋਟਾਂ ਪਈਆਂ ਅਤੇ 11 ਮਾਰਚ ਨੂੰ ਜਦੋਂ ਨਤੀਜੇ ਆਏ ਤਾਂ ਬਹੁਤ ਸਾਰਿਆਂ ਦੀ ਉਮੀਦ ਟੁੱਟੀ। ਸਿਆਸੀ ਸਮੀਕਰਨ ਇਸ ਤਰ੍ਹਾਂ ਬਦਲੇ ਕਿ 2012 ਦੀਆਂ ਚੋਣਾਂ ਤੋਂ ਡੇਢ ਫੀਸਦੀ ਘੱਟ ਵੋਟਾਂ ਲੈ ਕੇ ਵੀ ਕਾਂਗਰਸ 77 ਸੀਟਾਂ ਜਿੱਤ ਗਈ।

ਕੈਪਟਨ ਅਮਰਿੰਦਰ ਸਿੰਘ ਦੇ ਵਾਅਦੇ ਤੇ ਅਕਾਲੀ-ਭਾਜਪਾ ਦੇ ਦਸ ਸਾਲਾ ਸ਼ਾਸਨ ਦੌਰਾਨ ਲੋਕਾਂ ਦੀ ਨਾਰਾਜ਼ਗੀ ਨਫ਼ਰਤ ਦੀ ਹੱਦ ਤੱਕ ਚਲੇ ਜਾਣ ਕਾਰਨ ਕਾਂਗਰਸ ਨੂੰ 1957 ਤੋਂ ਬਾਅਦ (1992 ਵਿੱਚ ਅਕਾਲੀ ਦਲ ਦਾ ਬਾਈਕਾਟ) ਸਭ ਤੋਂ ਵੱਡੀ ਸਫਲਤਾ ਮਿਲੀ। ਅਕਾਲੀ ਦਲ ਨੂੰ ਆਪਣੇ ਸਿਆਸੀ ਇਤਿਹਾਸ ਦੀ ਸਭ ਤੋਂ ਬੁਰੀ ਹਾਰ ਮਿਲੀ ਤੇ 15 ਸੀਟਾਂ ਤੱਕ ਸਿਮਟ ਜਾਣਾ ਪਿਆ। ਜਿਸ ਵੇਲੇ ਵੋਟ ਪ੍ਰਤੀਸ਼ਤ 2012 ਦੀ 34.7 ਫੀਸਦੀ ਤੋਂ ਘਟ ਕੇ 25.2 ਫੀਸਦੀ ਰਹਿ ਗਈ। ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਵਿਰੋਧੀ ਧਿਰ ਦਾ ਰੁਤਬਾ ਵੀ ਖੋਅ ਬੈਠੀ। ਕ੍ਰਾਂਤੀਕਾਰੀ ਬਦਲ ਦੇ ਨਾਅਰੇ ਹੇਠ ਆਈ ਆਮ ਆਦਮੀ ਪਾਰਟੀ ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਹੀ ਪਛੜਨ ਲੱਗ ਪਈ ਸੀ। ਇਹ ਵੱਖਰੀ ਗੱਲ ਹੈ ਕਿ ਹਵਾ ਦੇ ਘੋੜੇ 'ਤੇ ਸਵਾਰ ਬਹੁਤ ਸਾਰੇ ਆਗੂ ਚੋਣ ਨਤੀਜਿਆਂ ਤੱਕ ਮੁੱਖ ਮੰਤਰੀ ਬਣਨ ਦਾ ਸੁਪਨਾ ਦੇਖਦੇ ਰਹੇ। ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿੱਚੋਂ ਕੱਢ ਕੇ ਸਿਆਸਤ ਵਿੱਚ ਆਏ ਨਵੇਂ ਰੰਗਰੂਟ ਘੁੱਗੀ ਤੋਂ ਵੜੈਚ ਬਣੇ ਗੁਰਪ੍ਰੀਤ ਸਿੰਘ ਨੂੰ ਪਾਰਟੀ ਕਨਵੀਨਰ ਲਾਉਣ ਤੋਂ ਬਾਅਦ 'ਆਪ' ਦੇ ਜੇਤੂ ਰੱਥ ਨੂੰ ਬਰੇਕ ਲੱਗਣੀ ਸ਼ੁਰੂ ਹੋ ਗਈ।

ਨਤੀਜੇ ਆਏ ਤਾਂ 'ਆਪ', ਭਾਈਵਾਲ ਬੈਂਸ ਭਰਾਵਾਂ ਦੀ ਅਗਵਾਈ ਵਾਲੀ ਲੋਕ ਇਨਸਾਫ਼ ਪਾਰਟੀ ਨਾਲ ਮਿਲ ਕੇ 22 ਸੀਟਾਂ ਤੱਕ ਸਿਮਟ ਗਈ। ਵੱਡੀ ਉਮੀਦ ਟੁੱਟਣ ਕਾਰਨ 'ਆਪ' ਅਕਾਲੀ ਦਲ ਨੂੰ ਪਛਾੜ ਕੇ ਵਿਰੋਧੀ ਧਿਰ ਬਣ ਜਾਣ ਦੀ ਸਫਲਤਾ ਦੇ ਜਸ਼ਨ ਵੀ ਨਾ ਮਨਾ ਸਕੀ। ਇਸ ਹਫੜਾ-ਦਫੜੀ ਵਿੱਚ ਹਰਵਿੰਦਰ ਸਿੰਘ ਫੂਲਕਾ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ, ਪਰ ਹਾਈਕਮਾਨ ਦੀ ਨਾਰਾਜ਼ਗੀ ਅਤੇ ਵਰਕਰਾਂ ਵਿੱਚ ਦਿੱਲੀ ਲੀਡਰਸ਼ਿਪ ਖ਼ਿਲਾਫ਼ ਪੈਦਾ ਹੋ ਰਹੇ ਰੋਸ ਦੇ ਚਲਦਿਆਂ ਭਗਵੰਤ ਮਾਨ ਨਵੇਂ ਪ੍ਰਧਾਨ ਅਤੇ ਸੁਖਪਾਲ ਸਿੰਘ ਖਹਿਰਾ ਵਿਰੋਧੀ ਧਿਰ ਦੇ ਆਗੂ ਬਣ ਗਏ।

ਇਸ ਦੌਰਾਨ ਗੁਰਪ੍ਰੀਤ ਘੁੱਗੀ ਦਾ ਅਹੁਦਾ ਖੁੱਸ ਗਿਆ। ਸਾਲ 2016 ਦੇ ਅਖੀਰ ਵਿੱਚ ਪੰਜਾਬ ਲਈ ਸਮਰਪਿਤ ਹੋਣ ਦੇ ਦਾਅਵੇ ਅਤੇ ਭਾਜਪਾ ਛੱਡ ਕੇ ਆਵਾਜ਼-ਏ-ਪੰਜਾਬ ਫਰੰਟ ਬਣਾਉਣ ਦੇ ਐਲਾਨ ਨਾਲ ਮੁੰਬਈ ਤੋਂ ਪਰਤੇ ਨਵਜੋਤ ਸਿੰਘ ਸਿੱਧੂ ਦੇ 'ਆਪ' ਵਿੱਚ ਜਾਣ ਦੀ ਚਰਚਾ ਜ਼ੋਰਾਂ 'ਤੇ ਰਹੀ। ਹਿਸਾਬ-ਕਿਤਾਬ ਫਿੱਟ ਨਾ ਹੋਣ ਤੋਂ ਬਾਅਦ ਅਚਾਨਕ ਉਹ ਕਾਗਜ਼ ਭਰਨ ਤੋਂ ਇੱਕ ਦਿਨ ਪਹਿਲਾਂ ਕਾਂਗਰਸ ਦਾ ਹੱਥ ਫੜ ਕੇ ਉਮੀਦਵਾਰ ਬਣ ਗਏ। ਪ੍ਰਗਟ ਸਿੰਘ ਪਹਿਲਾਂ ਹੀ ਕਾਂਗਰਸ ਵਿੱਚ ਚਲੇ ਗਏ ਸਨ ਅਤੇ ਆਵਾਜ਼-ਏ-ਪੰਜਾਬ ਫਰੰਟ ਸਿਰਫ ਬੈਂਸ ਭਰਾਵਾਂ ਲਈ ਰਹਿ ਗਿਆ। ਨਤੀਜਾ ਆਇਆ ਤਾਂ ਸਿੱਧੂ ਸਥਾਨਕ ਸਰਕਾਰਾਂ ਦੇ ਮੰਤਰੀ ਬਣ ਗਏ। ਪੰਜਾਬ ਵਿੱਚ ਵਿਰੋਧੀ ਧਿਰ ਦੇ ਆਗੂ ਰਹੇ ਸੁਨੀਲ ਜਾਖੜ ਵਿਧਾਨ ਸਭਾ ਚੋਣ ਹਾਰ ਕੇ 'ਹਾਸ਼ੀਏ' 'ਤੇ ਚਲੇ ਗਏ, ਪਰ ਪੰਜਾਬ ਕਾਂਗਰਸ ਪ੍ਰਧਾਨ ਬਣਨ ਅਤੇ ਗੁਰਦਾਸਪੁਰ ਉਪ ਚੋਣ ਜਿੱਤ ਕੇ ਲੋਕ ਸਭਾ ਵਿੱਚ ਚਲੇ ਜਾਣ ਨਾਲ ਸਾਲ ਦੇ ਅੰਦਰ ਹੀ ਉਹ ਸੱਤਾ ਦੇ ਸਿਖਰ ਤੱਕ ਜਾਣ ਵਿੱਚ ਕਾਮਯਾਬ ਰਹੇ। ਬਸਪਾ, ਖੱਬੇ ਪੱਖੀ ਤੇ ਹੋਰ ਛੋਟੀਆਂ ਪਾਰਟੀਆਂ ਚੋਣ ਰਾਜਨੀਤੀ ਦੌਰਾਨ ਹਾਸ਼ੀਏ 'ਤੇ ਰਹੀਆਂ, ਪਰ ਇਨ੍ਹਾਂ ਨੇ ਸਿਆਸੀ ਪਿੜ ਵਿੱਚ ਵੱਖ ਵੱਖ ਸੰਘਰਸ਼ਾਂ ਰਾਹੀਂ ਆਪਣੀ ਭੂਮਿਕਾ ਜਾਰੀ ਰੱਖੀ ਹੋਈ ਹੈ।

ਕੈਪਟਨ ਅਮਰਿੰਦਰ ਸਿੰਘ ਦਾ ਪੁਰਾਣਾ ਜਲਵਾ ਦਿਸ ਨਹੀਂ ਰਿਹਾ। ਇਨ੍ਹਾਂ 9 ਮਹੀਨਿਆਂ ਦੀ ਕਾਰਗੁਜ਼ਾਰੀ ਨਾਲ ਅਕਾਲੀਆਂ ਨਾਲ ਮਿਲ ਕੇ ਚੱਲਣ, ਨਸ਼ਿਆਂ ਦੇ ਮੁੱਦੇ 'ਤੇ ਠੋਸ ਕਾਰਵਾਈ ਨਾ ਕਰਨ, ਕਿਸਾਨਾਂ ਦੇ ਕਰਜ਼ੇ, ਹਰ ਘਰ ਵਿੱਚ ਨੌਕਰੀ ਸਮੇਤ ਅਨੇਕ ਵਾਅਦੇ ਹਵਾ ਵਿੱਚ ਲਟਕਣ ਕਾਰਨ ਖ਼ੁਦ ਕਾਂਗਰਸ ਦੇ ਕਾਰਕੁਨ ਵੀ ਮਾਯੂਸੀ ਦੇ ਆਲਮ ਵਿੱਚ ਦਿਖਾਈ ਦੇ ਰਹੇ ਹਨ। ਰੇਤ ਦੀਆਂ ਖੱਡਾਂ ਦੀ ਬੋਲੀ ਸਮੇਂ ਰਾਣਾ ਗੁਰਜੀਤ ਖ਼ਿਲਾਫ਼ ਸਾਹਮਣੇ ਆਏ ਤੱਥਾਂ ਦੇ ਬਾਵਜੂਦ ਵਿਰੋਧੀ ਧਿਰਾਂ ਕੋਈ ਵੱਡਾ ਅੰਦੋਲਨ ਖੜ੍ਹਾ ਕਰਕੇ ਕੈਪਟਨ ਸਰਕਾਰ ਨੂੰ ਮਜਬੂਰ ਕਰਨ ਵਿੱਚ ਕਾਮਯਾਬ ਨਹੀਂ ਹੋਈਆਂ। ਵਿਧਾਨ ਸਭਾ ਦੇ ਅੰਦਰ ਨਿੱਜੀ ਮੁੱਦੇ ਭਾਰੂ ਰਹੇ, ਜਦੋਂਕਿ ਸੜਕਾਂ 'ਤੇ ਨਿਤਰਨ ਦੀ ਸਿਆਸਤ ਲਗਭਗ ਸਭ ਨੇ ਛੱਡੀ ਹੋਈ ਹੈ।

## ਕੋਰੀਆ ਨੇ ਮਾਰੀ ਪਰਮਾਣੂ ਬੜ੍ਹਕ

**ਸਿਓਲ:** ਉਤਰੀ ਕੋਰੀਆ ਨੇ ਕਿਹਾ ਕਿ ਜੇਕਰ ਅਮਰੀਕਾ ਤੇ ਉਸ ਦੇ ਭਾਈਵਾਲਾਂ ਨੇ ਉਸ ਨੂੰ 'ਬਲੈਕਮੇਲ' ਕਰਨਾ ਤੇ ਉਸ ਦੇ ਦਰ 'ਤੇ ਜੰਗੀ ਮਸ਼ਕਾਂ ਬੰਦ ਨਾ ਕੀਤੀਆਂ ਤਾਂ ਉਹ ਆਪਣੇ ਪਰਮਾਣੂ ਹਥਿਆਰਾਂ ਨੂੰ ਕਦੀ ਨਹੀਂ ਛੱਡੇਗਾ।

ਉਤਰੀ ਕੋਰੀਆ ਨੇ ਇਸ ਸਾਲ ਸਤੰਬਰ ਮਹੀਨੇ ਆਪਣਾ ਸਭ ਤੋਂ ਸ਼ਕਤੀਸ਼ਾਲੀ ਪਰਮਾਣੂ ਪ੍ਰੀਖਣ ਕੀਤਾ ਸੀ ਅਤੇ ਜੁਲਾਈ ਤੇ ਨਵੰਬਰ ਮਹੀਨੇ ਤਿੰਨ ਅੰਤਰ-ਦੀਪੀ ਬੈਲਸਿਟਕ ਮਿਸਾਈਲਾਂ ਦੀ ਅਜ਼ਮਾਇਸ਼ ਕੀਤੀ ਸੀ। ਉਤਰੀ ਕੋਰੀਆ ਇਹ ਸੰਕੇਤ ਦੇਣਾ ਚਾਹੁੰਦਾ ਸੀ ਉਹ ਅਜਿਹੀਆ ਪਰਮਾਣੂ ਮਿਸਾਈਲਾਂ ਬਣਾਉਣ ਦੇ ਨੇੜੇ ਹੈ, ਜੋ ਅਮਰੀਕੀ ਧਰਤੀ ਨੂੰ ਫੁੰਡ ਸਕਦੀਆਂ ਹਨ। ਇਨ੍ਹਾਂ ਮਿਸਾਈਲਾਂ ਦੀ ਅਜ਼ਮਾਇਸ਼ ਮਗਰੋਂ ਕੌਮਾਂਤਰੀ ਭਾਈਚਾਰੇ ਵੱਲੋਂ ਉਤਰੀ ਕੋਰੀਆ ਉਤੇ ਆਪਣਾ ਪਰਮਾਣੂ ਪ੍ਰੋਗਰਾਮ ਬੰਦ ਕਰਨ ਲਈ ਦਬਾਅ ਪੈਣਾ ਸ਼ੁਰੂ ਹੋ ਗਿਆ। ਅਮਰੀਕਾ ਤੇ ਦੱਖਣੀ ਕੋਰੀਆ ਨੇ ਫੈਸਲਾ ਕੀਤਾ ਸੀ ਕਿ ਜਦ ਉਤਰੀ ਕੋਰੀਆ ਆਪਣੇ ਪਰਮਾਣੂ ਹਥਿਆਰ ਤੇ ਮਿਸਾਈਲ ਪ੍ਰੋਗਰਾਮ ਨੂੰ ਬੰਦ ਨਹੀਂ ਕਰ ਦਿੰਦਾ, ਉਸ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ।

# ਕੇਂਦਰੀ ਸਕੀਮਾਂ ਸਹਾਰੇ ਬੇੜੀ ਪਾਰ ਲਾਉਣ ਵਿਚ ਜੁਟੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਵਿੱਤੀ ਹਾਲਤ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਕਰ ਕੇ ਸੂਬੇ ਦੇ ਵਿਕਾਸ ਨੂੰ ਬਰੇਕਾਂ ਲੱਗ ਗਈਆਂ ਹਨ ਤੇ ਸਿਰਫ ਕੇਂਦਰੀ ਸਕੀਮਾਂ ਵਾਲੇ ਪ੍ਰੋਜੈਕਟ ਚੱਲ ਰਹੇ ਹਨ। ਖਜ਼ਾਨੇ ਦੀ ਹਾਲਤ ਅਜਿਹੀ ਹੈ ਕਿ ਸੂਬੇ ਦੇ ਅਨੁਸੂਚਿਤ ਜਾਤੀ ਵਰਗ ਦੇ ਪਰਿਵਾਰਾਂ ਦੀਆਂ ਨਵ-ਵਿਆਹੀਆਂ ਧੀਆਂ ਨੂੰ ਸ਼ਗਨ ਸਕੀਮ ਦਾ ਪੈਸਾ ਪਿਛਲੀ ਸਰਕਾਰ ਦੇ ਸਮੇਂ ਨਵੰਬਰ 2016 ਤੋਂ ਨਹੀਂ ਮਿਲਿਆ।

ਵਿਦਿਆਰਥੀਆਂ ਨੂੰ ਇਕ ਸਾਲ ਤੋਂ ਵਜ਼ੀਫ਼ੇ ਵੀ ਨਹੀਂ ਮਿਲੇ ਹਨ। ਕੈਪਟਨ ਸਰਕਾਰ ਨੇ ਸੱਤਾ ਸੰਭਾਲਦਿਆਂ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਭੇਜਿਆ ਪੈਸਾ ਵਾਪਸ ਮੰਗਵਾ ਲਿਆ ਸੀ। ਇਸ ਕਰ ਕੇ ਸੂਬੇ ਵਿਚ ਵਿਕਾਸ ਦੇ ਮਾੜੇ ਮੋਟੇ ਕੰਮ ਵਿਚਾਲੇ ਹੀ ਰੁਕ ਗਏ ਸਨ ਤੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਕਰ ਕੇ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਵਿਕਾਸ ਕੰਮਾਂ ਲਈ ਪੈਸਾ ਭੇਜਿਆ ਗਿਆ ਸੀ। ਉਸ ਤੋਂ ਬਾਅਦ ਨਗਰ ਨਿਗਮਾਂ ਤੇ ਮਿਊਂਸਪਲ ਕਮੇਟੀਆਂ ਨੂੰ ਵਿਕਾਸ ਲਈ ਸੀਮਤ ਪੈਸਾ ਦਿੱਤਾ ਗਿਆ। ਪੈਸਾ ਨਾ ਮਿਲਣ ਕਰ ਕੇ ਮੰਤਰੀਆਂ ਵਿਚਾਲੇ ਕੁਝ ਨਾਰਾਜ਼ਗੀ ਵੀ ਹੋਈ ਸੀ। ਕੈਪਟਨ ਸਰਕਾਰ ਕੋਲ ਸੂਬੇ ਦੀਆਂ ਟੁੱਟੀਆਂ ਸੜਕਾਂ ਅਤੇ ਵਿਕਾਸ ਦੇ ਹੋਰ ਕੰਮਾਂ ਲਈ ਦੇਣ ਲਈ ਪੈਸਾ ਨਹੀਂ ਹੈ। ਸੂਬੇ ਦੇ ਮੰਡੀ ਬੋਰਡ ਨੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮਾੜੀ ਹਾਲਤ ਨੂੰ ਸੁਧਾਰਨ ਲਈ ਮੁਰੰਮਤ ਵਾਸਤੇ ਕਰਜ਼ਾ ਲੈਣ ਲਈ ਇਕ ਪ੍ਰੋਜੈਕਟ ਮੁੱਖ ਮੰਤਰੀ ਨੂੰ ਭੇਜਿਆ ਹੋਇਆ ਹੈ, ਪਰ ਅਜੇ ਤੱਕ ਇਸ ਨੂੰ ਪ੍ਰਵਾਨਗੀ ਨਹੀਂ ਮਿਲੀ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਸੜਕਾਂ ਦੀ ਮੁਰੰਮਤ ਲਈ ਹੋਰ ਸਮਾਂ ਉਡੀਕ ਕਰਨੀ ਪਵੇਗੀ।



ਖਜ਼ਾਨੇ ਦੀ ਮਾੜੀ ਹਾਲਤ ਕਰ ਕੇ ਕੈਪਟਨ ਸਰਕਾਰ ਨੂੰ ਚੋਣਾਂ ਸਮੇਂ ਕੀਤੇ ਵੱਡੇ ਵਾਅਦਿਆਂ ਉਤੇ ਅਮਲ ਕਰਨ ਵਿਚ ਮੁਸ਼ਕਲ ਆ ਰਹੀ ਹੈ। ਕੈਪਟਨ ਸਰਕਾਰ ਸਾਢੇ 9 ਮਹੀਨਿਆਂ ਦੇ ਸਮੇਂ ਵਿਚ ਸੂਬੇ ਦੀ ਮਾਲੀ ਹਾਲਤ ਸੁਧਾਰਨ ਲਈ ਸਾਧਨ ਜੁਟਾਉਣ ਲਈ ਖਾਸ ਕਦਮ ਨਹੀਂ ਚੁੱਕ ਸਕੀ। ਇਸ ਅਰਸੇ ਦੌਰਾਨ ਸੂਬੇ ਦੀ ਮਾੜੀ ਮਾਲੀ ਹਾਲਤ ਵਿਚ ਸੁਧਾਰ ਲਿਆਉਣ ਤੇ ਕੁਝ ਵਾਅਦੇ ਪੂਰੇ ਕਰਨ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੋਂ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਅੱਧੀ ਦਰਜਨ ਮੀਟਿੰਗਾਂ ਕੀਤੀਆਂ ਹਨ, ਪਰ ਕੋਈ ਸਾਰਥਕ ਨਤੀਜਾ ਨਹੀਂ ਨਿਕਲਿਆ। ਸਿਰਫ ਪਿਛਲੀ ਸਰਕਾਰ ਵੱਲੋਂ ਅਨਾਜ ਦੇ ਪ੍ਰਵਾਨ ਕੀਤੇ 31,000 ਕਰੋੜ ਰੁਪਏ ਦੇ ਕਰਜ਼ੇ ਦਾ ਹੱਲ ਹੋਣ ਦੀ ਗੱਲ ਜ਼ਰੂਰੀ ਤੁਰੀ ਹੈ ਤੇ ਇਸ ਕਰਜ਼ੇ ਦੇ ਹੱਲ ਹੋਣ ਨਾਲ ਸੂਬਾ ਸਰਕਾਰ ਨੂੰ ਕੁਝ ਰਾਹਤ ਮਿਲੇਗੀ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਪੇਂਡੂ ਇਲਾਕਿਆਂ ਵਿਚ ਹਾਰ ਮਿਲੀ ਹੈ। ਇਸ ਕਰ ਕੇ ਕੇਂਦਰ ਸਰਕਾਰ ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਿੰਡਾਂ ਤੇ ਖਾਸ ਕਰ ਕੇ ਕਿਸਾਨੀ ਨੂੰ ਕੁਝ ਰਾਹਤ ਦੇ ਸਕਦੀ ਹੈ। ਇਸ ਨਾਲ ਕਰਜ਼ੇ ਦੇ ਬੋਝ ਹੇਠ ਦਬੀ ਸੂਬੇ ਦੀ ਕਿਸਾਨੀ ਨੂੰ ਕੁਝ ਰਾਹਤ ਮਿਲਣ ਦੀ ਉਮੀਦ ਹੈ।

### ਖਰਚੇ ਤੇ ਆਮਦਨ ਵਿਚਾਲਾ ਪਾੜਾ ਵੱਡੀ ਵੰਗਾਰ

ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਖਰਚੇ ਤੇ ਆਮਦਨ ਵਿਚਾਲੇ ਪਾੜਾ 13,000 ਕਰੋੜ ਰੁਪਏ ਦਾ ਹੋ ਗਿਆ ਸੀ ਤੇ ਖੱਪੇ ਨੂੰ ਪੂਰਾ ਕਰਨਾ ਹੀ ਵੱਡੀ ਸਮੱਸਿਆ ਹੈ। ਇਸ ਨਾਲ ਪਿਛਲੀ ਸਰਕਾਰ ਸਮੇਂ ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਗਈ ਸੀ। ਸੂਬਾ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਤਨਖਾਹਾਂ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ। ਇਸ ਸਥਿਤੀ ਵਿਚ ਘਰ ਘਰ ਨੌਕਰੀ ਦੇਣਾ ਸੰਭਵ ਨਹੀਂ ਹੈ, ਫਿਰ ਵੀ ਕੈਪਟਨ ਸਰਕਾਰ ਨੇ ਤਿੰਨ-ਚਾਰ ਰੁਜ਼ਗਾਰ ਮੇਲੇ ਲਾ ਕੇ ਤੀਹ ਕੁ ਹਜ਼ਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਦਾਅਵਾ ਕੀਤਾ ਹੈ।

## ਪੁਲਿਸ, ਸਿਖਿਆ ਤੇ ਸਿਹਤ ਵਿਭਾਗ ਨੂੰ ਨਸ਼ੇ ਖਤਮ ਕਰਨ ਦਾ ਜ਼ਿੰਮਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਬਚਾਉਣ ਦੀ ਜ਼ਿੰਮੇਵਾਰੀ ਸਿਹਤ, ਉਚੇਰੀ ਸਿਖਿਆ ਤੇ ਪੁਲਿਸ ਵਿਭਾਗ ਨੂੰ ਦਿੱਤੀ ਹੈ। ਤਿੰਨੋਂ ਵਿਭਾਗ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਨਸ਼ਿਆਂ ਵਿਰੁੱਧ ਵਿਦਿਆਰਥੀ ਲਹਿਰ ਖੜ੍ਹੀ ਕਰਨਗੇ। ਸਿਹਤ ਵਿਭਾਗ ਨੇ ਉਚ ਵਿਦਿਅਕ ਅਦਾਰਿਆਂ ਦੇ ਕੈਂਪਸ ਅਤੇ ਹੋਸਟਲ ਤੰਬਾਕੂ ਮੁਕਤ ਕਰਨ ਦਾ ਫੈਸਲਾ ਲਿਆ ਹੈ। ਨਸ਼ਿਆਂ ਦੀ ਜਕੜ ਵਿਚ ਆ ਚੁੱਕੇ ਵਿਦਿਆਰਥੀਆਂ ਦਾ ਮੁਫਤ ਇਲਾਜ ਕਰਨ ਦੀ ਜ਼ਿੰਮੇਵਾਰੀ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਨੂੰ ਦਿੱਤੀ ਗਈ ਹੈ। ਇਨ੍ਹਾਂ ਵਿਦਿਆਰਥੀਆਂ ਦਾ ਵਿਭਾਗ ਦੇ ਤਿੰਨ ਗੌਰਮਿੰਟ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿਚ ਮੁਫਤ ਇਲਾਜ ਕੀਤਾ ਜਾਵੇਗਾ।

ਵਿਦਿਅਕ ਅਦਾਰਿਆਂ ਦੇ ਸੌ ਮੀਟਰ ਘੇਰੇ ਵਿਚ ਤੰਬਾਕੂ ਵੇਚਣ ਅਤੇ ਵਰਤੋਂ ਉਤੇ ਰੋਕ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਵਿਦਿਅਕ ਅਦਾਰਿਆਂ ਵਿਚ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਵਿਦਿਆਰਥੀਆਂ ਦੇ ਮਾਪਿਆਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ ਅਤੇ ਲਗਾਤਾਰ ਨਸ਼ਾ ਵਿਰੋਧੀ ਪ੍ਰੋਗਰਾਮ ਤੇ ਹੋਰ ਉਸਾਰੂ ਸਰਗਰਮੀਆਂ ਛੇੜੀਆਂ ਜਾ ਰਹੀਆਂ ਹਨ। ਇਸ ਵਿਚ ਸੈਮੀਨਾਰ, ਨਾਟਕ, ਮੇਲੇ, ਖੇਡ ਹਫਤੇ ਅਤੇ ਨਸ਼ਾ ਵਿਰੋਧੀ ਪੰਦਰਵਾੜੇ ਲਾਏ ਜਾ ਰਹੇ ਹਨ।

## ਫੰਡ ਖਰਚਣ 'ਚ ਪੰਜਾਬ ਦੇ ਵਜ਼ੀਰਾਂ ਨੇ ਦਿਖਾਈ ਕੰਜੂਸੀ

**ਬਠਿੰਡਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਖਤਿਆਰੀ ਕੋਟੇ ਦੇ ਸਾਲ 2017-18 ਦੇ ਫੰਡ ਹੁਣ ਵੰਡਣੇ ਸ਼ੁਰੂ ਕੀਤੇ ਹਨ। ਪੰਜ ਵਜ਼ੀਰਾਂ ਨੇ ਤਾਂ ਇਨ੍ਹਾਂ ਫੰਡਾਂ ਵਾਲੇ ਬੋਝੇ ਦਾ ਹਾਲੇ ਤੱਕ ਮੂੰਹ ਵੀ ਨਹੀਂ ਖੋਲ੍ਹਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਆਰ.ਟੀ.ਆਈ. ਰਾਹੀਂ ਮਿਲੇ ਵੇਰਵਿਆਂ ਅਨੁਸਾਰ ਕੈਪਟਨ ਨੇ ਆਪਣੇ ਅਖਤਿਆਰੀ ਕੋਟੇ ਦੇ ਫੰਡਾਂ ਵਿਚੋਂ 1.33 ਕਰੋੜ ਦੇ ਫੰਡਾਂ ਦੀ ਵੰਡ ਕੀਤੀ ਹੈ, ਜਿਸ 'ਚੋਂ 83 ਲੱਖ ਰੁਪਏ ਤਾਂ ਪੰਜਾਬ ਵਿਚੋਂ ਬਾਹਰ ਵੰਡੇ ਗਏ ਹਨ। ਤੱਥਾਂ ਅਨੁਸਾਰ 'ਫੌਜੀ ਪ੍ਰੇਮ' ਤਹਿਤ ਮੁੱਖ ਮੰਤਰੀ ਨੇ 74 ਲੱਖ ਰੁਪਏ ਵੰਡੇ ਹਨ। ਮੁੱਖ ਮੰਤਰੀ ਨੇ ਅਖਤਿਆਰੀ ਫੰਡਾਂ ਵਿਚੋਂ 23 ਲੱਖ ਰੁਪਏ ਲੱਦਾਖ (ਜੰਮੂ ਕਸ਼ਮੀਰ) ਵਿਚਲੀ ਸਿੱਖ ਰੈਜੀਮੈਂਟ ਦੀ 23ਵੀਂ ਬਟਾਲੀਅਨ ਨੂੰ ਦਿੱਤੇ ਹਨ। ਇਸੇ ਤਰ੍ਹਾਂ ਬੀ.ਐਸ.ਐਫ਼. ਨੂੰ ਗੁਰਦਾਸਪੁਰ ਸਟੇਸ਼ਨ ਹੈਡਕੁਆਰਟਰ 'ਤੇ ਅਨੈਕਸੀ ਦੀ ਉਸਾਰੀ ਲਈ 40 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਮੁੱਖ ਮੰਤਰੀ ਨੇ ਸਿੱਖ ਰੈਜੀਮੈਂਟ ਦੀ ਤੀਸਰੀ ਬਟਾਲੀਅਨ, ਟਿੱਬਰੀ ਕੈਂਟ ਗੁਰਦਾਸਪੁਰ ਨੂੰ 11 ਲੱਖ ਰੁਪਏ ਜਾਰੀ ਕੀਤੇ ਹਨ। ਇਸੇ ਤਰਜ਼ ਉਤੇ ਪੰਚਾਇਤ ਮੰਤਰੀ ਨੇ ਵੀ ਤਿੰਨ ਲੱਖ ਦੇ ਫੰਡ ਚੰਡੀਗੜ੍ਹ 'ਚ ਰਾਜਪੂਤ ਸੈਨਿਕਾਂ ਦੀ ਭਲਾਈ ਲਈ ਰਾਜਪੂਤ ਰੈਜੀਮੈਂਟ ਐਸੋਸੀਏਸ਼ਨ ਨੂੰ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਪੰਜਾਬ ਦੇ ਸਿਰਫ ਦੋ ਜ਼ਿਲ੍ਹਿਆਂ ਫਤਿਹਗੜ੍ਹ ਸਾਹਿਬ ਦੇ ਪਿੰਡ ਅੰਨੀਆਂ ਨੂੰ ਚਾਰ ਲੱਖ ਅਤੇ ਗੁਰਦਾਸਪੁਰ ਵਿਚ ਆਜ਼ਾਦੀ ਦਿਹਾੜੇ ਦੇ ਸਮਾਗਮਾਂ ਮੌਕੇ ਪੇਸ਼ਕਾਰੀ ਦੇਣ ਵਾਲੇ ਬੱਚਿਆਂ ਨੂੰ ਪੰਜ ਲੱਖ ਰੁਪਏ ਦਿੱਤੇ ਹਨ। ਵਜ਼ੀਰਾਂ 'ਚੋਂ ਪੰਚਾਇਤ ਮੰਤਰੀ ਦੀ ਇਸ ਮਾਮਲੇ ਵਿਚ ਝੰਡੀ ਹੈ ਜਿਨ੍ਹਾਂ ਨੇ ਅਖਤਿਆਰੀ ਕੋਟੇ ਵਿਚੋਂ 1.35 ਕਰੋੜ ਦੇ ਫੰਡ ਜਾਰੀ ਕਰ ਦਿੱਤੇ ਹਨ। ਉਨ੍ਹਾਂ ਨੇ ਜ਼ਿਆਦਾ ਫੰਡ ਆਪਣੇ ਹਲਕੇ ਦੇ ਪਿੰਡਾਂ ਨੂੰ ਦਿੱਤੇ ਹਨ। ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਆਪਣੇ ਹਲਕੇ ਬਠਿੰਡਾ (ਸ਼ਹਿਰੀ) ਤੋਂ ਬਾਹਰ ਜ਼ਿਆਦਾ ਫੰਡ ਵੰਡੇ ਹਨ। ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਪਟਿਆਲਾ ਸ਼ਹਿਰ ਵਿਚ 13.51 ਲੱਖ ਦੀ ਗਰਾਂਟ ਜਾਰੀ ਕੀਤੀ ਹੈ।



ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੇ 14 ਗਰਾਂਟਾਂ ਵੰਡੀਆਂ ਹਨ ਅਤੇ ਉਨ੍ਹਾਂ ਨੇ ਚੰਡੀਗੜ੍ਹ ਦੇ ਅਰੁਣਾ ਆਸਿਫ ਅਲੀ ਮੈਮੋਰੀਅਲ ਟਰੱਸਟ ਨੂੰ ਵੀ 3 ਲੱਖ ਦੇ ਫੰਡ ਦਿੱਤੇ ਹਨ। ਦੱਸਣਯੋਗ ਹੈ ਕਿ ਗੱਠਜੋੜ ਸਰਕਾਰ ਸਮੇਂ ਹੱਥੋਂ ਹੱਥੀ ਅਖਤਿਆਰੀ ਕੋਟੇ ਦੇ ਫੰਡ ਵੰਡੇ ਜਾਂਦੇ ਸਨ। ਵਿੱਤੀ ਸਥਿਤੀ ਠੀਕ ਨਾ ਹੋਣ ਕਰ ਕੇ ਕਾਫੀ ਸਮਾਂ ਬੀਤਣ ਮਗਰੋਂ ਅਖਤਿਆਰੀ ਕੋਟੇ ਦੇ ਫੰਡ ਵੰਡਣ ਦੀ ਸ਼ੁਰੂਆਤ ਕੀਤੀ ਗਈ ਹੈ।

## ਕਰੋੜਾਂ ਦੀ ਜਾਇਦਾਦ ਬਣਾਉਣ ਵਾਲੇ ਸਾਬਕਾ ਐਸ.ਐਸ.ਪੀ. 'ਤੇ ਕੇਸ

**ਪਟਿਆਲਾ:** ਵਿਜੀਲੈਂਸ ਬਿਊਰੋ ਪਟਿਆਲਾ ਨੇ ਸੇਵਾ ਮੁਕਤ ਐਸ.ਐਸ.ਪੀ. ਸੁਰਜੀਤ ਸਿੰਘ ਗਰੇਵਾਲ ਖਿਲਾਫ ਆਮਦਨ ਨਾਲੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਾਲ 2002 ਵਿਚ ਸੱਤਾ ਸੰਭਾਲਦੇ ਸਾਰ ਪੀ.ਪੀ.ਐਸ.ਸੀ. ਦੇ ਚੇਅਰਮੈਨ ਰਵੀ ਸਿੱਧੂ ਖਿਲਾਫ ਵੀ ਆਮਦਨ ਨਾਲੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ ਕੀਤਾ ਸੀ।

ਸੁਰਜੀਤ ਗਰੇਵਾਲ 31 ਦਸੰਬਰ ਨੂੰ ਮੋਗਾ ਤੋਂ ਐਸ.ਐਸ.ਪੀ. ਵਜੋਂ ਸੇਵਾ ਮੁਕਤ ਹੋਇਆ ਸੀ। ਵਿਜੀਲੈਂਸ ਬਿਊਰੋ ਪਟਿਆਲਾ ਦੇ ਐਸ.ਐਸ.ਪੀ. ਪ੍ਰੀਤਮ ਸਿੰਘ ਵੱਲੋਂ ਗੁਪਤ ਸ਼ਿਕਾਇਤ ਦੇ ਆਧਾਰ ਉਤੇ ਕੀਤੀ ਜਾਂਚ ਦੌਰਾਨ ਪਤਾ ਲੱਗਾ ਕਿ ਸੁਰਜੀਤ ਗਰੇਵਾਲ ਦੀ 15 ਸਾਲਾਂ ਦੀ ਨੌਕਰੀ ਦੀ ਆਮਦਨ ਤਕਰੀਬਨ 2.13 ਕਰੋੜ ਰੁਪਏ ਬਣਦੀ ਹੈ ਪਰ ਉਸ ਨੇ 12,19,70,898 ਰੁਪਏ ਖਰਚ ਕੀਤੇ ਹਨ, ਜੋ ਉਸ ਦੀ ਆਮਦਨ ਨਾਲੋਂ 10 ਕਰੋੜ ਤੋਂ ਵੀ ਵੱਧ ਬਣਦੇ ਹਨ।

## ਬਿਜਲੀ ਸਮਝੌਤੇ: ਅਕਾਲੀ ਸਰਕਾਰ ਨੂੰ ਕਲੀਨ ਚਿੱਟ

**ਜਲੰਧਰ:** ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਨਿੱਜੀ ਬਿਜਲੀ ਕੰਪਨੀਆਂ ਨਾਲ ਹੋਏ ਸਮਝੌਤਿਆਂ ਵਿਚ ਅਜੇ ਤੱਕ ਕੋਈ ਗਲਤੀ ਨਜ਼ਰ ਨਹੀਂ ਆਈ। ਉਨ੍ਹਾਂ ਕਿਹਾ ਕਿ ਨਿੱਜੀ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਵਿਚ ਇਹੋ ਜਿਹੀ ਕੋਈ ਖਾਮੀ ਨਜ਼ਰ ਨਹੀਂ ਆਈ, ਜਿਸ ਕਾਰਨ ਇਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੋਵੇ।

ਉਨ੍ਹਾਂ ਕਿਹਾ ਕਿ ਜੇਕਰ ਉਹ ਇਨ੍ਹਾਂ ਬਿਜਲੀ ਕੰਪਨੀਆਂ ਨਾਲ ਸਮਝੌਤੇ ਰੱਦ ਕਰਦੇ ਹਨ ਤਾਂ ਪੰਜਾਬ ਵਿਚ ਹੋਰ ਨਿੱਜੀ ਪੂੰਜੀ ਨਿਵੇਸ਼ ਕਰਨ ਵਾਲੇ ਨਹੀਂ ਆਉਣਗੇ, ਜੋ ਸੂਬੇ ਦੇ ਹਿੱਤ ਵਿਚ ਨਹੀਂ ਹੋਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਕਾਂਗਰਸ ਦੀ ਸਰਕਾਰ ਬਣਨ ਤੋਂ ਪਹਿਲਾਂ ਮੀਡੀਆ ਸਾਹਮਣੇ ਬਿਜਲੀ ਦੀਆਂ ਨਿੱਜੀ ਕੰਪਨੀਆਂ ਵੱਲੋਂ ਮਚਾਈ ਲੁੱਟ ਦਾ ਜ਼ਿਕਰ ਤੱਥਾਂ ਸਮੇਤ ਕਰਦੇ ਰਹੇ ਹਨ। ਉਹ ਕਹਿੰਦੇ ਰਹੇ ਹਨ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨ 'ਤੇ ਬਿਜਲੀ ਕੰਪਨੀਆਂ ਵੱਲੋਂ ਕੀਤੀ ਗਈ ਹਜ਼ਾਰਾਂ ਕਰੋੜਾਂ ਦੀ ਹੇਰਾਫੇਰੀ ਦੀ ਜਾਂਚ ਸੀ.ਬੀ.ਆਈ. ਜਾਂ ਕੈਗ ਤੋਂ ਕਰਵਾਈ ਜਾਵੇਗੀ। ਦੂਜੇ ਪਾਸੇ, ਬਿਜਲੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਕੋਈ ਵੀ ਘਪਲਾ ਨਜ਼ਰ ਨਹੀਂ ਆਇਆ।


## ਐਪਲ ਦੇ ਸੀ.ਈ.ਓ. ਦੀ ਤਨਖਾਹ 82 ਕਰੋੜ

**ਨਵੀਂ ਦਿੱਲੀ:** ਐਪਲ ਦੇ ਸੀ.ਈ.ਓ. ਟਿਮ ਕੁੱਕ ਲਈ ਸਾਲ 2017 ਵਧੀਆ ਸਾਬਤ ਹੋਇਆ। ਕੁੱਕ ਦੀ ਤਨਖਾਹ 2017 ਤੱਕ 47 ਫੀਸਦੀ ਵਧ ਕੇ 13 ਮਿਲੀਅਨ ਡਾਲਰ (ਤਕਰੀਬਨ 82 ਕਰੋੜ) ਹੋ ਗਈ ਹੈ।

ਹੁਣ ਟਿਮ ਕੁੱਕ ਨਿੱਜੀ ਸਫਰ ਲਈ ਪ੍ਰਾਈਵੇਟ ਹਵਾਈ ਜਹਾਜ਼ਾਂ ਦੀ ਵਰਤੋਂ ਕਰਨਗੇ। ਹਾਲਾਂਕਿ, ਇਸ ਪਿੱਛੇ ਸੁਰੱਖਿਆ ਮੁੱਖ ਕਾਰਨ ਹੈ। ਟੈਲੀਗ੍ਰਾਫ ਯੂ.ਕੇ. ਅਨੁਸਾਰ, ਕੁੱਕ ਨੂੰ 2017 ਵਿਚ 12.8 ਮਿਲੀਅਨ ਡਾਲਰ (82,022,4000 ਰੁਪਏ) ਦਾ ਭੁਗਤਾਨ ਕੀਤਾ ਗਿਆ ਸੀ ਜਿਸ ਵਿਚੋਂ 3.06 ਮਿਲੀਅਨ ਡਾਲਰ ਤਨਖਾਹ ਦੇ ਰੂਪ ਵਿਚ ਮਿਲਿਆ, 9.3 ਮਿਲੀਅਨ ਟਿਮ ਕੁੱਕ ਨੂੰ ਨਗਦ ਬੋਨਸ ਦਿੱਤਾ ਗਿਆ ਤੇ ਬਾਕੀ ਨੂੰ ਹੋਰ ਭੱਤੇ ਵਜੋਂ ਅਦਾ ਕੀਤਾ ਗਿਆ।

## ਚੱਢਾ ਦੀ ਚੀਫ ਖਾਲਸਾ ਦੀਵਾਨ ਵਿਚੋਂ ਛੁੱਟੀ; ਕੇਸ ਵੀ ਦਰਜ

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਵੱਲੋਂ ਲਾਈ ਰੋਕ ਤੋਂ ਬਾਅਦ ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਮੀਟਿੰਗ ਵਿਚ ਚਰਨਜੀਤ ਸਿੰਘ ਚੱਢਾ ਅਤੇ ਉਸ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਨੂੰ ਸੰਸਥਾ ਨਾਲ ਸਬੰਧਤ ਸਾਰੇ ਅਹੁਦਿਆਂ ਅਤੇ ਚੀਫ ਖਾਲਸਾ ਦੀਵਾਨ ਦੀ ਮੁਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਬਾਅਦ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਤਿਆਜੀਤ ਸਿੰਘ ਮਜੀਠੀਆ ਵੱਲੋਂ ਵੀ ਚਰਨਜੀਤ ਸਿੰਘ ਚੱਢਾ ਨੂੰ ਕੌਂਸਲ ਦੇ ਮੀਤ ਪ੍ਰਧਾਨ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਚੱਢਾ ਅਤੇ ਉਸ ਦੇ ਬੇਟੇ ਖਿਲਾਫ ਪੁਲਿਸ ਵੱਲੋਂ ਕੇਸ ਵੀ ਦਰਜ ਕੀਤਾ ਜਾ ਚੁੱਕਾ ਹੈ।



ਚੀਫ ਖਾਲਸਾ ਦੀਵਾਨ ਦੇ ਦਫਤਰ ਵਿਚ ਸਮੂਹ ਅਹੁਦੇਦਾਰਾਂ ਦੀ ਮੀਟਿੰਗ ਹੋਈ, ਜਿਸ ਵਿਚ ਸਰਬਸੰਮਤੀ ਨਾਲ ਚਰਨਜੀਤ ਸਿੰਘ ਚੱਢਾ ਅਤੇ ਇੰਦਰਪ੍ਰੀਤ ਸਿੰਘ ਚੱਢਾ ਨੂੰ ਦੀਵਾਨ ਦੇ ਸਾਰੇ ਅਹੁਦਿਆਂ ਅਤੇ ਮੁਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰਨ ਦਾ ਫੈਸਲਾ ਲਿਆ ਗਿਆ। ਸੰਸਥਾ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਅਹੁਦੇਦਾਰਾਂ ਦੇ ਫੈਸਲੇ ਸਬੰਧੀ ਸਿਫਾਰਸ਼ ਕਾਰਜਸਾਧਕ ਕਮੇਟੀ ਕੋਲ ਜਾਵੇਗੀ। ਦੀਵਾਨ ਦੀ ਕਾਰਜਸਾਧਕ ਕਮੇਟੀ ਵਿਚ ਲਗਭਗ 30 ਮੈਂਬਰ ਅਤੇ ਜਨਰਲ ਹਾਊਸ ਵਿਚ 500 ਤੋਂ ਵੱਧ ਮੈਂਬਰ ਹਨ। ਇਸ ਤੋਂ ਪਹਿਲਾਂ ਦੀਵਾਨ ਦੇ ਸੀਨੀਅਰ ਮੀਤ ਪ੍ਰਧਾਨ ਧਨਰਾਜ ਸਿੰਘ ਨੂੰ ਚੀਫ ਖਾਲਸਾ ਦੀਵਾਨ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਜਾ ਚੁੱਕਾ ਹੈ।

ਉਧਰ, ਸਾਬਕਾ ਕਾਂਗਰਸ ਆਗੂ ਮਨਦੀਪ ਸਿੰਘ ਮੰਨਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਇਸ ਸਿੱਖ ਸੰਸਥਾ ਦਾ ਪ੍ਰਬੰਧ ਰਸੀਵਰ ਨੂੰ ਸੌਂਪ ਕੇ ਆਪਣੇ ਹੱਥਾਂ ਵਿਚ ਲਏ। ਉਨ੍ਹਾਂ ਕਿਹਾ ਕਿ ਸਿਰਫ ਚੱਢਾ ਹੀ ਨਹੀਂ ਸਗੋਂ ਸਮੁੱਚੀ ਟੀਮ ਵੱਲੋਂ ਕੀਤੀਆਂ ਬੇਨਿਯਮੀਆਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਸੰਸਥਾ ਨੂੰ ਚਰਨਜੀਤ ਸਿੰਘ ਚੱਢਾ ਵੱਲੋਂ ਆਪਣੀ ਪਰਿਵਾਰਕ ਕੰਪਨੀ ਬਣਾ ਲਿਆ ਗਿਆ ਸੀ ਜਿਸ ਵਿਚ ਪਰਿਵਾਰ ਤੇ ਹੋਰ ਚਹੇਤਿਆਂ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਸੀ।

### ਚੱਢਾ ਦੇ 13 ਸਾਲ ਦੇ ਸ਼ਾਸਨ ਦਾ ਹੋਇਆ ਅੰਤ

ਚਰਨਜੀਤ ਸਿੰਘ ਚੱਢਾ ਜੋ 2004 ਵਿਚ ਦੀਵਾਨ ਦੇ ਪ੍ਰਧਾਨ ਬਣੇ ਸਨ ਤੇ ਹੁਣ ਤੱਕ ਲਗਾਤਾਰ ਪ੍ਰਧਾਨ ਚਲੇ ਆ ਰਹੇ ਸਨ, ਨੂੰ ਬਰਖਾਸਤ ਕਰਨ ਨਾਲ ਚੱਢਾ ਦੇ 13 ਸਾਲਾ ਸ਼ਾਸਨ ਦਾ ਅੰਤ ਹੋ ਗਿਆ। ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਤੇ ਚੱਢਾ ਵੱਲੋਂ ਬਰਖਾਸਤ ਮੈਂਬਰ ਭਾਗ ਸਿੰਘ ਅਣਖੀ ਸਮੇਤ ਕਈ ਅਹੁਦੇਦਾਰਾਂ ਵੱਲੋਂ ਲੰਮੇ ਅਰਸੇ ਤੋਂ ਦੋਸ਼ ਲਗਾਏ ਜਾ ਰਹੇ ਸਨ ਕਿ ਚੱਢਾ ਨੇ ਆਪਣੇ ਕਈ ਪਰਿਵਾਰਕ ਮੈਂਬਰਾਂ ਨੂੰ ਦੀਵਾਨ ਦਾ ਮੈਂਬਰ ਬਣਾਇਆ ਹੋਇਆ ਹੈ। ਕਮੇਟੀ 'ਚ ਪ੍ਰਧਾਨ ਚੱਢਾ ਤੇ ਮੀਤ ਪ੍ਰਧਾਨ ਉਨ੍ਹਾਂ ਦੇ ਇਕ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਸਮੇਤ ਇਕ ਹੋਰ ਬੇਟੇ ਹਰਜੀਤ ਸਿੰਘ ਚੱਢਾ ਨੂੰ ਵੀ ਦੀਵਾਨ ਦਾ ਆਨਰੇਰੀ ਜੁਆਇੰਟ ਸਕੱਤਰ ਬਣਾਇਆ ਹੋਇਆ ਹੈ। ਇਸ ਤੋਂ ਇਲਾਵਾ ਚੱਢਾ ਦੀ ਪਤਨੀ ਤੇ ਨੂੰਹਾਂ ਤੋਂ ਇਲਾਵਾ ਹੋਰ ਵੀ ਕਈ ਰਿਸ਼ਤੇਦਾਰਾਂ ਨੂੰ ਦੀਵਾਨ ਦੀ ਮੈਂਬਰੀ ਨਾਲ ਨਿਵਾਜਿਆ ਹੋਇਆ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟਰੰਪ ਦੀ ਪਾਕਿਸਤਾਨ 'ਤੇ ਚੜ੍ਹਾਈ

ਵਾਸ਼ਿੰਗਟਨ: ਦਹਿਸ਼ਤਵਾਦ ਦੇ ਮੁੱਦੇ 'ਤੇ ਅਮਰੀਕਾ ਨੇ ਪਾਕਿਸਤਾਨ ਨੂੰ ਘੇਰ ਲਿਆ ਹੈ।



ਰਾਸ਼ਟਰਪਤੀ ਡੋਨਲਡ ਟਰੰਪ ਦੇ ਦਾਬੇ ਨੇ ਇਸ ਮੁਲਕ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਟਰੰਪ ਦੀ ਧਮਕੀ ਪਿੱਛੋਂ ਪਾਕਿਸਤਾਨ ਨੇ ਭਾਵੇਂ ਇਸਲਾਮਿਕ ਆਗੂ ਹਾਫਿਜ਼ ਸਈਦ ਦੀਆਂ ਖੈਰਾਤੀ ਤੇ ਵਿੱਤੀ ਜਾਇਦਾਦਾਂ ਨੂੰ ਆਪਣੇ ਕੰਟਰੋਲ ਹੇਠ ਐਲਾਨ ਕਰ ਕੇ ਅਤਿਵਾਦ ਦੇ ਖਾਤਮੇ ਬਾਰੇ ਸੰਜੀਦਾ ਹੋਣ ਦਾ ਸੰਕੇਤ ਦਿੱਤਾ ਹੈ, ਪਰ ਇਸ ਦੇ ਬਾਵਜੂਦ ਅਮਰੀਕਾ ਨੇ ਉਸ ਦੀ 1626 ਕਰੋੜ ਦੀ ਮਦਦ ਰੋਕ ਲਈ ਹੈ।

ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਨੇ ਇਸ ਦੱਖਣ ਏਸ਼ਿਆਈ ਮੁਲਕ 'ਤੇ ਝੂਠ ਬੋਲਣ ਅਤੇ ਦਗਾ ਕਰਨ ਦੇ ਸਿੱਧੇ ਦੋਸ਼ ਮੜ੍ਹੇ ਹਨ। ਟਰੰਪ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਅਮਰੀਕਾ ਨੇ ਬੇਵਕੂਫੀ ਕਰ ਕੇ ਪਿਛਲੇ 15 ਸਾਲਾਂ ਦੌਰਾਨ ਪਾਕਿਸਤਾਨ ਨੂੰ 33 ਅਰਬ ਡਾਲਰ ਤੋਂ ਵੱਧ ਦੀ ਸਹਾਇਤਾ ਦਿੱਤੀ, ਪਰ ਉਨ੍ਹਾਂ ਸਾਨੂੰ ਸਿਰਫ ਝੂਠ ਅਤੇ ਧੋਖਾ ਹੀ ਦਿੱਤਾ। ਪਾਣੀ ਹੁਣ ਸਿਰ ਉਪਰੋਂ ਲੰਘ ਗਿਆ ਹੈ ਅਤੇ ਅਮਰੀਕਾ ਹੁਣ ਪਾਕਿਸਤਾਨ ਦੀਆਂ ਗੱਲਾਂ ਵਿਚ ਨਹੀਂ ਆਉਣ ਵਾਲਾ। ਅਮਰੀਕੀ ਰਾਸ਼ਟਰਪਤੀ ਵੱਲੋਂ ਦਿੱਤੀ ਗਈ ਇਹ ਸਭ ਤੋਂ ਸਖਤ ਚਿਤਾਵਨੀ ਹੈ। ਉਧਰ, ਪਾਕਿਸਤਾਨ ਵਿਦੇਸ਼ ਮੰਤਰੀ ਖਵਾਜ਼ਾ ਆਸਿਫ ਨੇ ਟਰੰਪ ਦੇ ਦਾਅਵੇ ਨੂੰ ਹੀ ਚੁਣੌਤੀ ਦਿੰਦਿਆਂ ਆਖ ਦਿੱਤਾ ਕਿ ਅਮਰੀਕਾ 33 ਅਰਬ ਡਾਲਰ ਦੀ ਸਹਾਇਤਾ ਦੇ ਅੰਕੜਿਆਂ ਦੀ ਜਾਂਚ ਕਰਾ ਲਵੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ਵਿਚ ਆਪਣੀ ਨਵੀਂ ਦੱਖਣ ਏਸ਼ੀਆ ਨੀਤੀ ਸਮੇਂ ਟਰੰਪ ਨੇ ਪਾਕਿਸਤਾਨ ਨੂੰ ਖਬਰਦਾਰ ਕੀਤਾ ਸੀ ਕਿ ਜੇ ਉਹ ਅਮਰੀਕਾ ਨੂੰ ਦਹਿਸ਼ਤਗਰਦੀ ਖਿਲਾਫ਼ ਲੜਨ 'ਚ ਸਹਿਯੋਗ ਨਹੀਂ ਦੇਵੇਗਾ ਤਾਂ ਉਸ ਖਿਲਾਫ਼ (ਪਾਕਿਸਤਾਨ) ਸਖਤ ਕਦਮ ਚੁੱਕੇ ਜਾਣਗੇ। ਪਾਕਿਸਤਾਨ ਵੱਲੋਂ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫਿਜ਼ ਸਈਦ ਦੀ ਰਿਹਾਈ ਦੀ ਅਮਰੀਕਾ ਨੇ ਨਵੰਬਰ 'ਚ ਤਿੱਖੀ ਨੁਕਤਾਚੀਨੀ ਕਰਦਿਆਂ ਮੰਗ ਕੀਤੀ ਸੀ ਕਿ ਉਸ ਨੂੰ ਮੁੜ ਗ੍ਰਿਫਤਾਰ ਕਰ ਕੇ ਸਜ਼ਾ ਦਿੱਤੀ ਜਾਵੇ।

## ਕੈਨੇਡਾ ਦੇ ਸੰਸਦ ਮੈਂਬਰ ਹਰਿਮੰਦਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਕੈਨੇਡਾ ਦੇ ਓਂਟਾਰੀਓ ਸੂਬੇ ਦੀ ਸਰਕਾਰ ਵਿਚ ਵਿਰੋਧੀ ਧਿਰ ਦੇ ਆਗੂ ਪੈਟ੍ਰਿਕ ਬਰਾਊਨ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਆਪਣੀ ਪਾਰਟੀ ਦੀ ਸਫਲਤਾ ਲਈ ਅਰਦਾਸ ਕੀਤੀ। ਉਨ੍ਹਾਂ ਨਾਲ ਪਾਰਟੀ ਦੇ ਸੱਤ ਪੰਜਾਬੀ ਉਮੀਦਵਾਰ ਵੀ ਇਥੇ ਪੁੱਜੇ ਸਨ।

ਇਸ ਮੌਕੇ ਸ੍ਰੀ ਬਰਾਊਨ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤ ਹੋਈ ਹੈ। ਉਹ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਪੰਜਾਬੀਆਂ ਅਤੇ ਖਾਸ ਕਰ ਕੇ ਸਿੱਖਾਂ ਨੇ ਦੇਸ਼ ਦੀ ਤਰੱਕੀ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰਦਿਆਂ ਉਹ ਲੰਗਰ ਘਰ ਵੀ ਗਏ ਅਤੇ ਸੇਵਾ ਕੀਤੀ। ਇਸ ਮਗਰੋਂ ਉਨ੍ਹਾਂ ਮੱਥਾ ਟੇਕਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ੍ਰੀ ਬਰਾਊਨ ਦਾ ਸਵਾਗਤ ਕੀਤਾ।

## ਅਬੂਧਾਬੀ ਨੇ ਸੈਲਾਨੀ ਖਿੱਚਣ ਵਿਚ ਮਾਰੀ ਬਾਜ਼ੀ

**ਮੁੰਬਈ:** ਅਬੂਧਾਮੀ ਵਿਚ ਨਵੰਬਰ ਮਹੀਨੇ ਹੋਟਲਾਂ ਵਿਚ ਆਉਣ ਵਾਲੇ ਲੋਕਾਂ ਦੀ ਗਿਣਤੀ ਪੱਖੋਂ ਪਿਛਲੇ ਸਾਲ ਦੇ ਮੁਕਾਬਲੇ ਜ਼ਿਕਰਯੋਗ 16 ਫੀਸਦੀ ਵਾਧਾ ਹੋਇਆ ਹੈ। ਅਬੂਧਾਬੀ ਦੇ ਸੈਰ ਸਪਾਟਾ ਅਤੇ ਸਭਿਆਚਾਰਕ ਵਿਭਾਗ ਅਨੁਸਾਰ ਅਮੀਰਾਤ ਦੇ 162 ਹੋਟਲਾਂ ਅਤੇ ਹੋਟਲ ਅਪਾਰਟਮੈਂਟਾਂ ਵਿਚ ਨਵੰਬਰ 2016 ਦੇ ਮੁਕਾਬਲੇ ਇਸ ਸਾਲ 16 ਫੀਸਦੀ ਵੱਧ ਲੋਕ ਰੁਕੇ। ਸਦਿਆਤ ਟਾਪੂ ਵਿਚ ਲੌਵਰੇ ਖੋਲ੍ਹਣ ਅਤੇ ਫਾਰਮੂਲਾ ਵਨ ਰੇਸ ਦੀ ਮੇਜ਼ਬਾਨੀ ਕਰਨ ਨਾਲ ਸੈਲਾਨੀਆਂ ਦੀ ਗਿਣਤੀ ਵਿਚ ਰਿਕਾਰਡ ਵਾਧਾ ਹੋਇਆ ਹੈ।

ਸਾਲ 2017 ਦੇ ਪਹਿਲੇ ਗਿਆਰਾਂ ਮਹੀਨਿਆਂ ਵਿਚ ਅਬੂਧਾਬੀ ਸ਼ਹਿਰ, ਅਲ ਆਇਨ ਅਤੇ ਅਲ ਦਫਨਾ ਖੇਤਰ ਵਿਚ 43 ਲੱਖ ਲੋਕ ਠਹਿਰੇ ਹਨ। ਸਰਕਾਰ ਦੀ ਟੀਚਾ 49 ਲੱਖ ਸੈਲਾਨੀਆਂ ਦਾ ਹੈ। ਸੈਲਾਨੀਆਂ ਦੀ ਆਮਦ ਵਿਚ ਚੀਨ ਬਾਜ਼ੀ ਮਾਰ ਗਿਆ ਹੈ। ਇਥੋਂ 3, 34,000 ਲੋਕ ਅਮੀਰਾਤ ਵਿਚ ਆ ਕੇ ਠਹਿਰੇ ਹਨ। ਚੀਨ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿਚ 63 ਫੀਸਦੀ ਵਾਧਾ ਹੋਇਆ ਹੈ। ਇਸ ਤੋਂ ਬਾਅਦ ਭਾਰਤ ਦਾ ਨੰਬਰ ਆਉਂਦਾ ਹੈ।

## ਪੱਬ ਹਾਦਸਾ: ਜਨਮ ਦਿਨ ਮਨਾ ਰਹੀ ਔਰਤ ਸਣੇ 14 ਮੌਤਾਂ

**ਮੁੰਬਈ:** ਇਕ ਇਮਾਰਤ ਦੀ ਛੱਤ ਉਤੇ ਬਣੇ ਪੱਬ ਵਿਚ ਪਾਰਟੀ ਦੌਰਾਨ ਲੱਗੀ ਅੱਗ ਨੇ 29ਵਾਂ ਜਨਮ ਦਿਨ ਮਨਾਉਣ ਆਈ ਔਰਤ ਸਮੇਤ 14 ਜਾਨਾਂ ਲੈ ਲਈਆਂ ਹਨ ਅਤੇ 21 ਜਣੇ ਝੁਲਸ ਗਏ ਹਨ। ਤਕਰੀਬਨ ਸਾਢੇ ਬਾਰ੍ਹਾਂ ਵਜੇ ਪੱਬ ਵਿਚ ਅੱਗ ਲੱਗੀ ਸੀ ਅਤੇ ਦੇਖਦਿਆਂ ਦੇਖਦਿਆਂ ਤੀਜੀ ਮੰਜ਼ਿਲ ਸਥਿਤ ਮੋਜੋ ਪੱਬ ਵਿਚ ਵੀ ਫੈਲ ਗਈ।

ਮ੍ਰਿਤਕਾਂ ਵਿਚ 29ਵਾਂ ਜਨਮ ਦਿਨ ਮਨਾਉਣ ਆਈ ਖੁਸ਼ਬੂ ਬੰਸਾਲੀ ਅਤੇ 10 ਹੋਰ ਔਰਤਾਂ ਸ਼ਾਮਲ ਹਨ। ਇਹ ਪੱਬ ਕਮਲਾ ਮਿੱਲਜ਼ ਕੰਪਾਊਂਡ ਵਿਚ ਟਰੇਡ ਹਾਊਸ ਇਮਾਰਤ ਵਿਚ ਸਥਿਤ ਹਨ।

## ਕਾਂਗਰਸ ਦੀ ਪੰਥਕ ਏਜੰਡੇ ਵੱਲ ਝਾਕ

*(ਸਫਾ ਇਕ ਦੀ ਬਾਕੀ)*

ਕਰਵਾਉਣੀ ਵੀ ਇਸੇ ਨੀਤੀ ਦਾ ਹਿੱਸਾ ਸੀ। ਆਨੰਦਪੁਰ ਸਾਹਿਬ ਤੋਂ ਸ੍ਰੀ ਦਮਦਮਾ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਤੋਂ ਹਜ਼ੂਰ ਸਾਹਿਬ ਲਈ ਰਾਸ਼ਟਰੀ ਮਾਰਗ ਐਲਾਨ ਕਰਨ ਦੀ ਮੰਗ ਵੀ ਇਸੇ ਦਾ ਹਿੱਸਾ ਸੀ। ਪਾਕਿਸਤਾਨ 'ਚ ਸਿੱਖਾਂ ਦੇ ਧਰਮ ਪਰਿਵਰਤਨ ਸਬੰਧੀ ਮੁੱਦੇ ਨੂੰ ਉਠਾਉਣਾ, ਦਿਆਲ ਸਿੰਘ ਕਾਲਜ ਦੇ ਨਾਂ ਬਦਲਣ ਦਾ ਵਿਰੋਧ, ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੇ ਸ਼ਹੀਦੀ ਸਮਾਗਮਾਂ 'ਚ ਸ਼ਾਮਲ ਹੋਣ ਮੌਕੇ ਪਟਿਆਲਾ ਤੋਂ ਪਨਿਆਰੀ ਤੱਕ ਨਵੇਂ ਮਾਰਗ ਦਾ ਨਾਂ ਮਾਤਾ ਗੁਜਰੀ ਰੱਖਣ ਦਾ ਪ੍ਰਸਤਾਵ ਨੈਸ਼ਨਲ ਹਾਈਵੇ ਅਥਾਰਿਟੀ ਨੂੰ ਭੇਜਣਾ ਅਤੇ ਬੱਸੀ ਪਠਾਣਾ ਸਬ ਜੇਲ੍ਹ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਇਤਿਹਾਸਕ ਯਾਦਗਾਰ ਸਥਾਨ ਦਾ ਨਾਂ ਦੇਣ ਅਤੇ ਸਰਕਾਰੀ ਪੱਧਰ 'ਤੇ ਇਸ ਸਥਾਨ ਦੀ ਇਮਾਰਤ ਨੂੰ ਕੌਮੀ ਯਾਦਗਾਰ ਵਿਚ ਬਦਲਣ ਲਈ ਪ੍ਰੋਜੈਕਟ ਨੂੰ ਪ੍ਰਵਾਨਗੀ ਦੇਣੀ ਵੀ ਇਸੇ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

## ਵਿਆਹ ਸਮਾਗਮ 'ਚ ਗੋਲੀ ਵੱਜਣ ਨਾਲ ਲਾੜੇ ਦੀ ਮੌਤ

**ਗੂਹਲਾ ਚੀਕਾ:** ਗੂਹਲਾ ਸਥਿਤ ਵਾਰਡ ਨੰਬਰ 11 ਵਿਚ ਇਕ ਪਰਿਵਾਰ ਦੀਆਂ ਖੁਸ਼ੀਆਂ ਮਾਤਮ 'ਚ ਬਦਲ ਗਈਆਂ ਜਦੋਂ ਲੇਡੀ ਸੰਗੀਤ ਦੌਰਾਨ ਚਲਾਈ ਗੋਲੀ ਵਿਆਹ ਵਾਲੇ ਮੁੰਡੇ ਨੂੰ ਜਾ ਲੱਗੀ ਅਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ।

ਗੋਲੀ ਲੱਗਣ ਕਾਰਨ ਲਾੜੇ ਦੇ ਦੋਸਤ ਦੋ ਸਕੇ ਭਰਾ ਵੀ ਗੰਭੀਰ ਜਖ਼ਮੀ ਹੋ ਗਏ। ਗੂਹਲਾ ਵਾਸੀ ਜਗਦੀਸ਼ ਸਿੰਘ ਵੋਹਰਾ ਦੇ ਸਭ ਤੋਂ ਛੋਟੇ ਬੇਟੇ ਦਾ ਵਿਆਹ ਸੀ ਅਤੇ ਘਰ 'ਚ ਲੇਡੀ ਸੰਗੀਤ ਸੀ। ਇਸ ਦੌਰਾਨ ਕਿਸੇ ਨੇ ਬੰਦੂਕ ਨਾਲ ਹਵਾਈ ਫਾਇਰ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਗੋਲੀ ਨਹੀਂ ਚੱਲੀ। ਕਾਰਤੂਸ ਬੰਦੂਕ ਦੀ ਨਾਲੀ ਵਿਚ ਫਸ ਗਿਆ ਸੀ ਜਦੋਂ ਉਸ ਵਿਅਕਤੀ ਨੇ ਬੰਦੂਕ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵਿਚੋਂ ਅਚਾਨਕ ਗੋਲੀ ਚੱਲ ਗਈ ਅਤੇ ਉਹ ਸਾਹਮਣੇ ਨੱਚ ਰਹੇ ਵਿਕਰਮ ਵੋਹਰਾ ਨੂੰ ਜਾ ਲੱਗੀ।

## ਜੀ.ਐਸ.ਟੀ. ਨੇ ਹਿਲਾਇਆ ਸ਼੍ਰੋਮਣੀ ਕਮੇਟੀ ਦਾ ਬਜਟ

**ਚੰਡੀਗੜ੍ਹ:** ਮੋਦੀ ਸਰਕਾਰ ਦੇ (ਗੁਡਜ਼ ਐਂਡ ਸਰਵਿਸ ਟੈਕਸ) ਜੀ.ਐਸ.ਟੀ. ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਹਿਲਾ ਦਿੱਤਾ ਹੈ। ਜੀ.ਐਸ.ਟੀ. ਲਾਗੂ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੂੰ ਲੰਗਰ ਉਤੇ ਪ੍ਰਤੀ ਸਾਲ ਤਕਰੀਬਨ 10 ਕਰੋੜ ਵਾਧੂ ਤਾਰਨੇ ਪੈਣਗੇ। ਸ਼੍ਰੋਮਣੀ ਕਮੇਟੀ ਦੀ ਚਾਰਾਜੋਈ ਦੇ ਬਾਵਜੂਦ ਕੇਂਦਰ ਸਰਕਾਰ ਅਜੇ ਤੱਕ ਟੱਸ ਤੋਂ ਮੱਸ ਨਹੀਂ ਹੋਈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਸਿੱਖ ਸੰਸਥਾਵਾਂ ਤੇ ਐਨ.ਡੀ.ਏ. ਭਾਈਵਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਲੰਗਰ ਨੂੰ ਜੀ.ਐਸ.ਟੀ. ਮੁਕਤ ਕਰਨ ਦੀ ਮੰਗ ਕੀਤੀ ਗਈ ਹੈ ਪਰ ਅਜੇ ਤੱਕ ਕੋਈ ਰਾਹਤ ਨਹੀਂ ਮਿਲੀ। ਕੇਂਦਰ ਦੇ ਅੜੀਅਲ ਰਵੱਈਏ ਕਾਰਨ ਸ਼੍ਰੋਮਣੀ ਕਮੇਟੀ ਨੂੰ ਫਿਲਹਾਲ ਜੀ.ਐਸ .ਟੀ. ਅਦਾ ਕਰਨਾ ਪੈ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਨੇ ਆਸ ਛੱਡੀ ਨਹੀਂ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਦੀ ਰਸਦ ਨੂੰ ਜੀ. ਐਸ. ਟੀ. ਮੁਕਤ ਕਰਾਉਣ ਲਈ ਮੁੜ ਚਾਰਾਜੋਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੱਕ ਪਹੁੰਚ ਕਰਨਗੇ।

## ਐਚ1-ਬੀ ਵੀਜ਼ੇ 'ਚ ਵੱਡੀ ਤਬਦੀਲੀ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕਾ ਵਿਚ ਐਚ1-ਬੀ ਵੀਜ਼ੇ ਵਾਲੇ ਭਾਰਤੀਆਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ। ਟਰੰਪ ਪ੍ਰਸ਼ਾਸਨ ਇਕ ਅਜਿਹਾ ਨਿਯਮ ਲਿਆਉਣ ਦੀ ਤਿਆਰੀ ਕਰ ਰਿਹਾ ਹੈ, ਜੇਕਰ ਇਹ ਪਾਸ ਹੋ ਗਿਆ ਤਾਂ 50 ਤੋਂ 75 ਹਜ਼ਾਰ ਤੋਂ ਜ਼ਿਆਦਾ ਭਾਰਤੀਆਂ ਨੂੰ ਵਾਪਸ ਦੇਸ਼ ਪਰਤਣਾ ਪੈ ਸਕਦਾ ਹੈ। ਅਸਲ ਵਿਚ, ਟਰੰਪ ਪ੍ਰਸ਼ਾਸਨ ਐਚ1-ਬੀ ਵੀਜ਼ਾ ਨਿਯਮਾਂ 'ਚ ਵੱਡਾ ਬਦਲਾਅ ਕਰਨ ਜਾ ਰਿਹਾ ਹੈ।

ਨਵੇਂ ਨਿਯਮਾਂ ਦਾ ਪ੍ਰਸਤਾਵ ਉਨ੍ਹਾਂ ਲਈ ਹੈ, ਜਿਹੜੇ ਐਚ1-ਬੀ ਵੀਜ਼ਾ ਧਾਰਕਾਂ ਨੇ ਗਰੀਨ ਕਾਰਡ ਲਈ ਅਪਲਾਈ ਕੀਤਾ ਹੋਇਆ ਹੈ ਅਤੇ ਉਨ੍ਹਾਂ ਦੀ ਅਰਜ਼ੀ ਲੰਬਿਤ ਪਈ ਹੈ। ਨਵੇਂ ਪ੍ਰਸਤਾਵ ਅਨੁਸਾਰ ਅਜਿਹੇ ਲੋਕਾਂ ਨੂੰ ਐਚ1-ਬੀ ਵੀਜ਼ਾ ਵਧਾਉਣ ਲਈ ਦਿੱਤੀ ਜਾਣ ਵਾਲੀ ਛੋਟ ਨੂੰ ਖਤਮ ਕੀਤਾ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਸ ਦਾ ਸਭ ਤੋਂ ਜ਼ਿਆਦਾ ਅਸਰ ਭਾਰਤੀ ਕਾਮਿਆਂ 'ਤੇ ਪਵੇਗਾ। ਦੱਸਣਯੋਗ ਹੈ ਕਿ ਅਮਰੀਕਾ ਦੇ ਆਈ.ਟੀ. ਸੈਕਟਰ 'ਚ ਵੱਡੇ ਪੱਧਰ ਉਤੇ ਭਾਰਤੀ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਐਚ1-ਬੀ ਵੀਜ਼ੇ ਉਤੇ ਗਏ ਹਨ।

ਟਾਈਮਜ਼ ਆਫ ਇੰਡੀਆ 'ਚ ਛਪੀ ਰਿਪੋਰਟ ਅਨੁਸਾਰ ਟਰੰਪ ਪ੍ਰਸ਼ਾਸਨ ਦਾ ਨਵਾਂ ਪ੍ਰਸਤਾਵ ਇਸ ਸਹੂਲਤ ਨੂੰ ਖੋਹ ਸਕਦਾ ਹੈ। ਫਿਲਹਾਲ ਇਹ ਪ੍ਰਸਤਾਵ ਹੋਮਲੈਂਡ ਸਕਿਉਰਿਟੀ ਵਿਭਾਗ 'ਚ ਮੀਮੋ ਦੇ ਤੌਰ ਉਤੇ ਵੰਡਿਆ ਜਾ ਰਿਹਾ ਹੈ। ਅਸਲ 'ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਲਗਾਤਾਰ 'ਬਾਏ ਅਮਰੀਕਨ, ਹਾਇਰ ਅਮਰੀਕਨ' ਦੇ ਨਾਅਰੇ ਨੂੰ ਬੁਲੰਦ ਕਰ ਰਹੇ ਹਨ ਅਤੇ ਇਸੇ ਕਾਰਨ ਹੀ ਉਹ ਨਿਯਮ ਸਖਤ ਕਰ ਰਹੇ ਹਨ।

## ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਦਾ ਕਰਜ਼ਾ ਮੁਆਫ

**ਨਾਂਦੇੜ:** ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਸਮਾਗਮ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵੇਂ ਜਨਮ ਦਿਵਸ ਦੇ ਸਮਾਪਤੀ ਪ੍ਰੋਗਰਾਮ ਮੌਕੇ ਐਲਾਨ ਕੀਤਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਸਾਲ 2007 'ਚ ਗੁਰਗੱਦੀ ਵਿਕਾਸ ਯੋਜਨਾ ਤਹਿਤ ਗੁਰਦੁਆਰਾ ਬੋਰਡ ਨੂੰ ਦਿੱਤੇ 61 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰ ਦਿੱਤਾ ਜਾਵੇਗਾ।

ਇਸ ਮੌਕੇ ਫੜਨਵੀਸ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸਿੱਖ ਗੁਰੂਆਂ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ, ਗੁਰੂ ਜੀ ਨੇ ਆਪਣੇ ਮਾਤਾ-ਪਿਤਾ, ਪੁੱਤਰਾਂ ਤੇ ਸਾਥੀਆਂ ਨੂੰ ਦੇਸ਼ ਤੇ ਧਰਮ ਦੀ ਰੱਖਿਆ ਲਈ ਕੁਰਬਾਨ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਫਾਈਲ ਮੰਗਵਾ ਕੇ ਵੇਖੀ ਤਾਂ ਉਸ 'ਚ ਸਪੱਸ਼ਟ ਲਿਖਿਆ ਹੈ ਕਿ ਗੁਰਦੁਆਰਾ ਨਾਂਦੇੜ ਨੂੰ 61 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਗਿਆ, ਜੋ ਉਨ੍ਹਾਂ ਨੂੰ ਠੀਕ ਨਹੀਂ ਲੱਗਾ। ਉਨ੍ਹਾਂ ਇਹ ਕਰਜ਼ਾ ਮੁਆਫ ਕਰਨ ਦਾ ਐਲਾਨ ਕਰਦਿਆਂ ਦੱਸਿਆ ਕਿ ਇਸ ਸਬੰਧੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ।

ਫੜਨਵੀਸ ਨੇ ਦੱਸਿਆ ਕਿ ਬਚਪਨ 'ਚ ਜਦੋਂ ਉਹ ਇਥੇ ਆਪਣੇ ਚਾਚੇ ਦੇ ਘਰ ਛੁੱਟੀਆਂ ਬਿਤਾਉਣ ਆਉਂਦੇ ਸਨ ਤਾਂ ਹਰ ਰੋਜ਼ ਗੁਰੂ ਘਰ ਮੱਥਾ ਟੇਕਦੇ ਸਨ। ਇਸ ਮੌਕੇ ਗੁਰਦੁਆਰਾ ਬੋਰਡ ਦੇ ਪ੍ਰਬੰਧਕਾਂ ਵੱਲੋਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਸਵਾਗਤ ਕੀਤਾ ਗਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪ੍ਰਧਾਨ ਮੰਤਰੀ ਮੋਦੀ ਦੀ ਸਮਾਰਟ ਸਿਟੀ ਯੋਜਨਾ ਲੀਹ ਤੋਂ ਲੱਥੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਮਾਰਟ ਸਿਟੀ ਯੋਜਨਾ ਲੀਹੋਂ ਉਤਰਦੀ ਜਾਪ ਰਹੀ ਹੈ। ਦੇਸ਼ ਦੇ ਸ਼ਹਿਰਾਂ ਨੂੰ ਹਾਈਟੈਕ ਬਣਾਉਣ ਵਾਲੀ ਇਸ ਯੋਜਨਾ ਵਿਚ ਕੰਮ ਕਾਫੀ ਹੌਲੀ ਰਫਤਾਰ ਨਾਲ ਚੱਲ ਰਿਹਾ ਹੈ। ਇਸ ਯੋਜਨਾ ਤਹਿਤ ਜਾਰੀ ਫੰਡ ਦਾ ਹੁਣ ਤੱਕ ਸਿਰਫ 7 ਫੀਸਦੀ ਹੀ ਇਸਤੇਮਾਲ ਹੋ ਸਕਿਆ ਹੈ। ਯੋਜਨਾ ਤਹਿਤ ਦੇਸ਼ ਦੇ 60 ਸ਼ਹਿਰਾਂ ਨੂੰ ਜਾਰੀ ਕੀਤੇ ਗਏ 9860 ਕਰੋੜ ਰੁਪਏ ਵਿਚੋਂ ਹੁਣ ਤੱਕ ਸਿਰਫ 7 ਫੀਸਦੀ ਯਾਨੀ ਕਿ 645 ਕਰੋੜ ਰੁਪਏ ਹੀ ਵਰਤੇ ਗਏ ਹਨ। ਇਨ੍ਹਾਂ ਅੰਕੜਿਆਂ ਨੇ ਸ਼ਹਿਰੀ ਵਿਕਾਸ ਮੰਤਰਾਲੇ ਦੀ ਚਿੰਤਾ ਨੂੰ ਵਧਾ ਦਿੱਤਾ ਹੈ।

ਮੰਤਰਾਲਾ ਇਸ ਯੋਜਨਾ ਤਹਿਤ ਖਰਾਬ ਪ੍ਰਦਰਸ਼ਨ ਕਰਨ ਵਾਲੇ ਸ਼ਹਿਰਾਂ ਨਾਲ ਗੱਲ ਕਰ ਕੇ ਸਮਾਰਟ ਸਿਟੀ ਪ੍ਰੋਜੈਕਟਾਂ ਵਿਚ ਤੇਜ਼ੀ ਲਿਆਉਣ ਲਈ ਕਹੇਗਾ। ਜ਼ਿਕਰਯੋਗ ਹੈ ਕਿ ਸਮਾਰਟ ਸਿਟੀ ਯੋਜਨਾ ਤਹਿਤ ਸਰਕਾਰ ਨੇ 90 ਸ਼ਹਿਰਾਂ ਦੀ ਚੋਣ ਕੀਤੀ ਹੈ ਤੇ ਇਸ ਤਹਿਤ ਵੱਖ-ਵੱਖ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਹਰੇਕ ਸ਼ਹਿਰ ਨੂੰ ਕੇਂਦਰੀ ਸਹਾਇਤਾ ਵਜੋਂ 500 ਕਰੋੜ ਰੁਪਏ ਮਿਲਣਗੇ। ਹਾਲ ਹੀ ਵਿਚ ਸ਼ਹਿਰੀ ਵਿਕਾਸ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਸੀ ਕਿ ਇਸ ਯੋਜਨਾ ਦਾ ਪ੍ਰਭਾਵ 2018 ਦੇ ਮੱਧ ਤੱਕ ਵਿਖਾਈ ਦੇਣਾ ਸ਼ੁਰੂ ਹੋ ਜਾਵੇਗਾ, ਪਰ ਅੰਕੜੇ ਕੁਝ ਹੋਰ ਹੀ ਤਸਵੀਰ ਪੇਸ਼ ਕਰ ਰਹੇ ਹਨ। ਕੁਝ ਦਿਨ ਪਹਿਲਾਂ ਯੋਜਨਾ ਦੀ ਸਮੀਖਿਆ ਕਰਨ ਲਈ ਹੋਈ ਬੈਠਕ ਵਿਚ ਅਧਿਕਾਰੀਆਂ ਨੇ ਦੱਸਿਆ ਕਿ ਇਕ ਪਾਸੇ ਜਿਥੇ ਮੱਧ ਪ੍ਰਦੇਸ਼, ਛੱਤੀਸਗੜ੍ਹ, ਉਤਰ ਪ੍ਰਦੇਸ਼ ਤੇ ਬਿਹਾਰ 'ਚ ਇਸ ਯੋਜਨਾ ਤਹਿਤ ਚੰਗਾ ਕੰਮ ਹੋ ਰਿਹਾ ਹੈ, ਉਥੇ ਪੰਜਾਬ, ਹਿਮਾਚਲ ਪ੍ਰਦੇਸ਼, ਤਾਮਿਲਨਾਡੂ, ਕਰਨਾਟਕਾ ਤੇ ਮਹਾਰਾਸ਼ਟਰ ਨੂੰ ਤੇਜ਼ੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ।

### ਫੰਡ ਵਿਚੋਂ ਹੁਣ ਤੱਕ ਸਿਰਫ 7 ਫੀਸਦੀ ਦੀ ਵਰਤੋਂ



### ਫੰਡ ਖਰਚਣ ਵਿਚ ਅਹਿਮਦਾਬਾਦ ਅੱਗੇ

ਘਰੇਲੂ ਤੇ ਸ਼ਹਿਰੀ ਵਿਕਾਸ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਤਕਰੀਬਨ 40 ਸ਼ਹਿਰਾਂ ਨੂੰ ਜਾਰੀ ਕੀਤੇ 196 ਕਰੋੜ ਰੁਪਏ ਵਿਚੋਂ ਅਹਿਮਦਾਬਾਦ ਨੇ ਸਭ ਤੋਂ ਵੱਧ 80.15 ਕਰੋੜ ਰੁਪਏ ਖਰਚ ਕੀਤੇ ਹਨ ਜਦਕਿ ਇੰਦੌਰ ਨੇ 70.69 ਕਰੋੜ, ਸੂਰਤ ਨੇ 43.14 ਕਰੋੜ ਤੇ ਭੋਪਾਲ ਨੇ 42.86 ਕਰੋੜ ਰੁਪਏ ਖਰਚ ਕੀਤੇ ਹਨ। ਦੂਜੇ ਪਾਸੇ ਅੰਡੇਮਾਨ ਤੇ ਨਿਕੋਬਾਰ 54 ਲੱਖ, ਰਾਂਚੀ 35 ਲੱਖ ਤੇ ਔਰੰਗਾਬਾਦ 85 ਲੱਖ ਰੁਪਏ ਹੀ ਖਰਚ ਸਕਿਆ ਹੈ।

### ਅਮਲੀ ਘੱਟ ਤੇ ਖਿਆਲੀ ਵਧ ਸਾਬਤ ਹੋਈ ਗ੍ਰਾਮ ਯੋਜਨਾ

ਪੰਜਾਬ ਦੇ ਸੰਸਦ ਮੈਂਬਰਾਂ ਵੱਲੋਂ ਸਾਂਸਦ ਆਦਰਸ਼ ਗ੍ਰਾਮ ਯੋਜਨਾ (ਐਸ.ਏ.ਜੀ.ਵਾਈ.) ਸਕੀਮ ਤਹਿਤ ਪਿੰਡਾਂ ਨੂੰ ਅਪਨਾਉਣ ਦੀ ਦਿਲਚਸਪੀ ਨਾ ਲੈਣਾ ਜਿਥੇ ਉਨ੍ਹਾਂ ਦੀਆਂ ਤਰਜੀਹਾਂ ਵਿਚ ਵਿਗਾੜ ਦਾ ਸੂਚਕ ਹੈ, ਉਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਵਜੂਦ ਵਿਚ ਲਿਆਂਦੀ ਗਈ ਯੋਜਨਾ ਦੀ ਨਾਕਾਮੀ ਦਾ ਵੀ ਸਬੂਤ ਹੈ। ਅਕਤੂਬਰ 2014 ਵਿਚ ਸ਼ੁਰੂ ਹੋਈ ਇਸ ਸਕੀਮ ਅਧੀਨ ਹਰ ਸੰਸਦ ਮੈਂਬਰ ਨੇ ਤਿੰਨ ਪੜਾਵਾਂ ਦੌਰਾਨ ਹਰ ਪੜਾਅ ਵਿਚ ਆਪਣੇ ਹਲਕੇ ਦਾ ਇਕ ਪਿੰਡ ਸਰਬ-ਪੱਖੀ ਵਿਕਾਸ ਹਿੱਤ ਅਪਣਾਉਣਾ ਹੁੰਦਾ ਹੈ ਅਤੇ ਉਸ ਦੀ ਕਾਇਆ-ਕਲਪ ਵੱਲ ਧਿਆਨ ਦੇਣਾ ਹੁੰਦਾ ਹੈ।

ਪੰਜਾਬ ਤੋਂ ਲੋਕ ਸਭਾ ਦੇ 13 ਮੈਂਬਰ ਤੇ ਰਾਜ ਸਭਾ ਦੇ ਸੱਤ ਮੈਂਬਰ ਹਨ, ਪਰ ਇਨ੍ਹਾਂ 20 ਸੰਸਦ ਮੈਂਬਰਾਂ ਵਿਚੋਂ ਸਿਰਫ ਦੋ ਨੇ ਹੀ ਉਪਰੋਕਤ ਯੋਜਨਾ ਦੇ ਤੀਜੇ ਪੜਾਅ ਵਿਚ ਇਕ ਇਕ ਪਿੰਡ ਅਪਨਾਉਣ ਦੀ ਇੱਛਾ ਪ੍ਰਗਟ ਕੀਤੀ ਹੈ।ਪ੍ਰਧਾਨ ਮੰਤਰੀ ਨੇ ਇਸ ਯੋਜਨਾ ਦੇ ਆਗਾਜ਼ ਸਮੇਂ ਉਮੀਦ ਪ੍ਰਗਟਾਈ ਸੀ ਕਿ ਹਰ ਸੰਸਦ ਮੈਂਬਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਅਪਣਾਏ ਤਿੰਨ ਤਿੰਨ ਪਿੰਡ ਨਮੂਨੇ ਦੇ ਪਿੰਡ ਸਾਬਤ ਹੋਣਗੇ ਅਤੇ ਇਲਾਕੇ ਦੇ ਹੋਰਨਾਂ ਪਿੰਡਾਂ ਲਈ ਆਦਰਸ਼ ਵਜੋਂ ਸਾਹਮਣੇ ਆਉਣਗੇ, ਪਰ ਇਹ ਯੋਜਨਾ ਵੀ ਸਵੱਛ ਭਾਰਤ ਯੋਜਨਾ ਜਾਂ 'ਮੇਕ ਇਨ ਇੰਡੀਆ' ਪ੍ਰੋਗਰਾਮ ਵਾਂਗ ਅਮਲੀ ਘੱਟ ਤੇ ਖਿਆਲੀ ਵੱਧ ਸਾਬਤ ਹੋਈ ਹੈ। ਯੋਜਨਾ ਨੂੰ ਜਿਸ ਤਰ੍ਹਾਂ ਦਾ ਹੁੰਗਾਰਾ ਸੰਸਦ ਮੈਂਬਰਾਂ ਤੋਂ ਮਿਲਿਆ ਹੈ, ਉਸ ਦੇ ਮੱਦੇਨਜ਼ਰ ਇਹ ਉਮੀਦ ਹੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਪੰਜਾਬ ਦੇ 60 ਤਾਂ ਕੀ, 30 ਪਿੰਡ ਵੀ ਆਦਰਸ਼ ਗ੍ਰਾਮਾਂ ਵਜੋਂ ਨਿਖਰ ਕੇ ਸਾਡੇ ਸਾਹਮਣੇ ਆਉਣਗੇ।

### ਰਾਹੁਲ ਗਾਂਧੀ ਨੇ ਦਿੱਤੀ ਮੋਦੀ ਸਮਰਥਕਾਂ ਨੂੰ ਸਲਾਹ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸਮਾਰਟ ਸਿਟੀ ਪ੍ਰੋਜੈਕਟ ਦੇ ਮੱਠੇ ਪ੍ਰਦਰਸ਼ਨ ਤੋਂ ਬਾਅਦ ਕੇਂਦਰ ਸਰਕਾਰ 'ਤੇ 'ਖੋਖਲੇ ਨਾਅਰੇ' ਦੇਣ ਦਾ ਤਨਜ਼ ਕੀਤਾ ਹੈ। ਰਾਹੁਲ ਗਾਂਧੀ ਨੇ ਟਵੀਟ ਰਾਹੀਂ ਮੋਦੀ ਸਮਰਥਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਨਾਅਰਿਆਂ ਦੀ ਜਗ੍ਹਾ ਰੁਜ਼ਗਾਰ 'ਤੇ ਧਿਆਨ ਦੇਣ ਨੂੰ ਕਹਿਣ।



## ਕਾਂਗਰਸੀ ਵਿਧਾਇਕਾ ਨੂੰ ਥੱਪੜ ਦੇ ਜਵਾਬ 'ਚ ਮਿਲਿਆ ਥੱਪੜ



**ਸ਼ਿਮਲਾ:** ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਸ਼ਿਮਲਾ ਆਏ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੇ ਪ੍ਰੋਗਰਾਮ ਤੋਂ ਪਹਿਲਾਂ ਹੰਗਾਮਾ ਹੋ ਗਿਆ ਜਦੋਂ ਪਾਰਟੀ ਦੀ ਕੌਮੀ ਸਕੱਤਰ ਅਤੇ ਡਲਹੌਜ਼ੀ ਤੋਂ ਵਿਧਾਇਕਾ ਆਸ਼ਾ ਕੁਮਾਰੀ ਨੇ ਮਹਿਲਾ ਸਿਪਾਹੀ ਨੂੰ ਥੱਪੜ ਮਾਰ ਦਿੱਤਾ। ਇਸ ਦੇ ਜਵਾਬ 'ਚ ਮਹਿਲਾ ਸਿਪਾਹੀ ਨੇ ਵੀ ਆਸ਼ਾ ਕੁਮਾਰੀ ਨੂੰ ਥੱਪੜ ਜੜਿਆ। ਮਹਿਲਾ ਸਿਪਾਹੀ ਦੀ ਸ਼ਿਕਾਇਤ ਉਤੇ ਕਾਂਗਰਸ ਵਿਧਾਇਕ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਗਈ ਹੈ।

ਇਹ ਘਟਨਾ ਕਾਂਗਰਸ ਦਫਤਰ ਦੇ ਮੁੱਖ ਗੇਟ ਉਤੇ ਉਸ ਸਮੇਂ ਵਾਪਰੀ ਜਦੋਂ ਰਾਹੁਲ ਗਾਂਧੀ ਦੇ ਆਉਣ ਮਗਰੋਂ ਪਾਰਟੀ ਆਗੂ ਮੀਟਿੰਗ ਲਈ ਦਫਤਰ ਅੰਦਰ ਜਾਣ ਲੱਗੇ।

ਵਿਧਾਇਕ ਮੁਕੇਸ਼ ਅਗਨੀਹੋਤਰੀ ਦੇ ਅੰਦਰ ਜਾਣ ਮਗਰੋਂ ਆਸ਼ਾ ਕੁਮਾਰੀ ਤੇ ਕਰਨਲ ਧਨੀ ਰਾਮ ਸ਼ਾਂਡਿਲ ਅੰਦਰ ਜਾਣ ਲੱਗੇ ਤਾਂ ਮਹਿਲਾ ਸਿਪਾਹੀ ਨੇ ਉਨ੍ਹਾਂ ਨੂੰ ਰੋਕ ਦਿੱਤਾ। ਇਸ 'ਤੇ ਆਸ਼ਾ ਕੁਮਾਰੀ ਤੇ ਸਿਪਾਹੀ ਵਿਚਾਲੇ ਬਹਿਸ ਹੋ ਗਈ। ਗੁੱਸੇ 'ਚ ਆਈ ਵਿਧਾਇਕਾ ਨੇ ਪੁਲਿਸ ਮੁਲਾਜ਼ਮ ਨੂੰ ਥੱਪੜ ਮਾਰ ਦਿੱਤਾ, ਜਿਸ ਦਾ ਜਵਾਬ 'ਚ ਮਹਿਲਾ ਸਿਪਾਹੀ ਵੱਲੋਂ ਥੱਪੜ ਮਾਰ ਕੇ ਹੀ ਦਿੱਤਾ ਗਿਆ। ਇਸ ਘਟਨਾ ਤੋਂ ਰਾਹੁਲ ਗਾਂਧੀ ਖਾਸੇ ਨਾਰਾਜ਼ ਦਿਖਾਈ ਦਿੱਤੇ।

## ਭਾਰਤ ਵਿਚ ਔਰਤਾਂ ਅਜੇ ਵੀ ਹਨ ਵਿਚਾਰੀਆਂ...

**ਵਾਸ਼ਿੰਗਟਨ:** ਸੰਯੁਕਤ ਰਾਸ਼ਟਰ ਦੀ ਸਿਖਰਲੀ ਮਹਿਲਾ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ ਵਿਚ ਔਰਤਾਂ ਨੂੰ ਲਿੰਗਿਕ ਨਿਆਂ ਦੇ ਖੇਤਰ ਵਿਚ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਅਧਿਕਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਵਿਚ ਔਰਤਾਂ ਨੂੰ ਤਰਜੀਹ ਜ਼ਰੂਰ ਦਿੱਤੀ ਜਾਂਦੀ ਹੈ, ਪਰ ਅਜੇ ਵੀ ਇਸ ਪਾਸੇ ਵੱਡੇ ਹੰਭਲੇ ਦੀ ਲੋੜ ਹੈ।

ਸੰਯੁਕਤ ਰਾਸ਼ਟਰ ਵਿਚ ਸਹਾਇਕ ਸਕੱਤਰ ਜਨਰਲ ਤੇ ਯੂ.ਐਨ. ਵਿਮੈਨ ਦੀ ਡਿਪਟੀ ਕਾਰਜਕਾਰੀ ਡਾਇਰੈਕਟਰ ਲਕਸ਼ਮੀ ਪੁਰੀ ਨੇ ਔਰਤਾਂ ਖਿਲਾਫ ਹਿੰਸਾ ਨਾਲ ਸਬੰਧਤ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੀ ਸਥਾਪਤੀ ਦਾ ਸੱਦਾ ਦਿੰਦਿਆਂ ਪੁਲਿਸ ਨੂੰ ਲਿੰਗ ਸਮਾਨਤਾ ਪ੍ਰਤੀ ਵਧੇਰੇ ਜੁਆਬਦੇਹ ਬਣਾਉਣ ਲਈ ਸਿਖਲਾਈ ਦੇਣ ਲਈ ਕਿਹਾ ਹੈ।

ਪੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਹਰ ਮਿਸ਼ਨ ਤੇ ਹਰ ਪ੍ਰੋਗਰਾਮ (ਲਿੰਗ ਸਮਾਨਤਾ ਤੇ ਲਿੰਗਿਕ ਮੁੱਦਿਆਂ ਉਤੇ) ਵਿਚ ਔਰਤਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਲਿੰਗ ਸਮਾਨਤਾ ਨੂੰ ਇਨ੍ਹਾਂ ਦੇ ਮੱਧ ਵਿਚ ਰੱਖਿਆ ਹੈ, ਪਰ ਅਜੇ ਵੀ ਭਾਰਤੀ ਔਰਤਾਂ ਨੂੰ ਲਿੰਗ ਸਮਾਨਤਾ ਤੇ ਲਿੰਗਿਕ ਨਿਆਂ ਦੇ ਖੇਤਰ ਵਿਚ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਸ਼ਹਿਰਾਂ ਵਿਚ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਮੁਖਾਤਬ ਹੁੰਦਿਆਂ ਪੁਰੀ ਨੇ ਭਾਰਤ ਦੇ ਪੇਂਡੂ ਖੇਤਰਾਂ ਵਿਚ ਔਰਤਾਂ ਨੂੰ ਸੁਰੱਖਿਆ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਨੇ ਪਿਛਲੇ 70 ਸਾਲਾਂ ਵਿਚ ਕਾਫੀ ਤਰੱਕੀ ਕੀਤੀ ਹੈ, ਪਰ ਅੱਜ ਵੀ ਔਰਤਾਂ ਸਮਾਜਿਕ ਤੇ ਰਵਾਇਤੀ ਨੇਮਾਂ ਦੇ ਨਾਂ ਉਤੇ ਕਈ ਮੁਸ਼ਕਲਾਂ ਨਾਲ ਜੂਝ ਰਹੀਆਂ ਹਨ। ਕੇਂਦਰੀ ਮੰਤਰੀ ਹਰਦੀਪ ਪੁਰੀ ਦੀ ਪਤਨੀ ਲਕਸ਼ਮੀ ਪੁਰੀ ਨੇ ਕਿਹਾ ਕਿ ਔਰਤਾਂ ਨੂੰ ਸੰਸਦ ਤੇ ਜੁਡੀਸ਼ਰੀ ਵਿਚ ਵਧੇਰੇ ਨੁਮਾਇੰਦਗੀ ਦੇਣ ਦੀ ਲੋੜ ਹੈ।



## ਪਹਿਲੀ ਵਾਰ ਛੋਟੇ ਸਾਹਿਬਜ਼ਾਦਿਆਂ ਨੂੰ ਸੰਸਦ 'ਚ ਸ਼ਰਧਾਂਜਲੀ

**ਨਵੀਂ ਦਿੱਲੀ:** ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ ਨੇ ਲੋਕ ਸਭਾ ਵਿਚ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮਤਾ ਪੇਸ਼ ਕੀਤਾ। ਵਿਰੋਧੀ ਧਿਰ ਸਮੇਤ ਸਮੁੱਚੀਆਂ ਪਾਰਟੀਆਂ ਨੇ ਸੰਸਦ ਵਿਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ। ਇਹ ਪਹਿਲਾ ਮੌਕਾ ਸੀ ਜਦੋਂ ਸੰਸਦ ਵਿਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਨੂੰ ਸ਼ਰਧਾਂਜਲੀ ਦਿੱਤੀ ਗਈ। ਚੰਦੂਮਾਜਰਾ ਵੱਲੋਂ ਲਿਆਂਦੇ ਮਤੇ ਦੀ ਵਿਰੋਧੀ ਧਿਰ ਦੇ ਆਗੂਆਂ ਨੇ ਪ੍ਰੋੜ੍ਹਤਾ ਕੀਤੀ, ਜਿਸ ਤੋਂ ਬਾਅਦ ਸਮੁੱਚੀਆਂ ਪਾਰਟੀਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਲਾਸਾਨੀ ਹੈ। ਸਮੁੱਚੀ ਲੋਕਾਈ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀਆਂ ਭੇਟ ਕਰਦੀ ਹੈ ਅਤੇ ਉਨ੍ਹਾਂ ਦੀ ਕੁਰਬਾਨੀ ਅੱਗੇ ਨਤਮਸਤਕ ਹੁੰਦੀ ਹੈ। ਇਸ ਲਈ ਉਹ ਸੰਸਦ ਵਿਚ ਇਹ ਮਤਾ ਲਿਆਏ ਸਨ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਦੀ ਸਾਜਨਾ ਦੀ ਪਵਿੱਤਰ ਧਰਤੀ ਤੋਂ ਗੁਰੂ ਗ੍ਰੰਥ ਸਾਹਿਬ ਦੇ ਆਸ਼ੀਰਵਾਦ ਸਦਕਾ ਹੀ ਉਹ ਸੰਸਦ ਮੈਂਬਰ ਬਣੇ ਹਨ।

## ਫਰਜ਼ੀ ਬਾਬਿਆਂ ਦੀ ਆਈ ਇਕ ਹੋਰ ਸੂਚੀ

**ਇਲਾਹਾਬਾਦ:** ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਨੇ ਫਰਜ਼ੀ ਬਾਬਿਆਂ ਦੀ ਦੂਜੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਇਸ ਵਿਚ ਦਿੱਲੀ ਦੇ ਵਿਰੇਂਦਰ ਦੀਕਸ਼ਿਤ ਕਾਲਨੇਮੀ, ਬਸਤੀ ਦੇ ਸਚਿਦਾਨੰਦ ਸਰਸਵਤੀ ਤੇ ਇਲਾਹਾਬਾਦ ਦੇ ਤ੍ਰਿਕਾਲ ਭਵੰਤਾ ਦੇ ਨਾਂ ਵੀ ਸ਼ਾਮਲ ਹਨ।

ਪ੍ਰੀਸ਼ਦ ਦੇ ਮੁਖੀ ਮਹੰਤ ਨਰੇਂਦਰ ਗਿਰੀ ਦੀ ਅਗਵਾਈ ਦੀ ਬੈਠਕ ਵਿਚ ਸਾਰੇ 13 ਅਖਾੜਿਆਂ ਦੇ ਮੁਖੀ ਸ਼ਾਮਲ ਹੋਏ। ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਨੇ ਜਨਤਾ ਨੂੰ ਅਪੀਲ ਕੀਤੀ ਕਿ ਅਜਿਹੇ ਬਾਬਿਆਂ ਤੋਂ ਸਾਵਧਾਨ ਰਹਿਣ ਜੋ ਕਿਸੇ ਪਰੰਪਰਾ ਜਾਂ ਸੰਪ੍ਰਦਾਇ ਨਾਲ ਸਬੰਧਤ ਨਹੀਂ ਹਨ। ਇਸ ਤੋਂ ਪਹਿਲਾਂ 10 ਸਤੰਬਰ ਨੂੰ ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਨੇ ਜਾਅਲੀ ਬਾਬਿਆਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ, ਜਿਸ ਵਿਚ 14 ਨਾਂ ਸ਼ਾਮਲ ਸਨ। ਇਸ ਵਿਚ ਆਸਾਰਾਮ ਬਾਪੂ, ਗੁਰਮੀਤ ਰਾਮ ਰਹੀਮ, ਸੁਖਵਿੰਦਰ ਕੌਰ ਉਰਫ ਰਾਧੇ ਮਾਂ, ਸੱਚਿਦਾਨੰਦ ਗਿਰੀ, ਓਮ ਬਾਬਾ ਉਰਫ ਵਿਵੇਕਾਨੰਦ ਝਾਅ, ਨਿਰਮਲ ਬਾਬਾ, ਇੱਛਾਧਾਰੀ ਭੀਮਾਨੰਦ ਉਰਫ ਸ਼ਿਵਮੂਰਤੀ ਦਵਿਵੇਦੀ, ਸਵਾਮੀ ਅਸੀਮਾਨੰਦ, ਓਮ ਨਮੋ ਸ਼ਿਵਾਏ ਬਾਬਾ, ਨਾਰਾਇਣ ਸਾਈਂ, ਰਾਮਪਾਲ, ਕੁਸ਼ ਮੁਨੀ, ਮਲਖਾਨ ਗਿਰੀ ਤੇ ਬ੍ਰਹਿਸਪਤਿ ਗਿਰੀ ਸ਼ਾਮਲ ਸਨ।



## ਸਿਆਸਤ 'ਚ ਕੁੱਦੇ ਰਜਨੀਕਾਂਤ

**ਚੇਨਈ:** ਸਿਆਸਤ ਵਿਚ ਦਾਖਲੇ ਦੀਆਂ ਕਿਆਸਰਾਈਆਂ ਨੂੰ ਠੱਲ੍ਹ ਪਾਉਂਦਿਆਂ ਦੱਖਣੀ ਸਿਨੇਮਾ ਦੇ ਮਹਾਂ ਨਾਇਕ ਰਜਨੀਕਾਂਤ ਨੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਰਜਨੀਕਾਂਤ ਨੇ ਵੱਖਰੀ ਪਾਰਟੀ ਬਣਾ ਕੇ ਤਾਮਿਲਨਾਡੂ ਦੀਆਂ 234 ਸੀਟਾਂ ਉਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਰਜਨੀਕਾਂਤ 26 ਦਸੰਬਰ ਤੋਂ ਹੀ ਚੇਨੱਈ ਦੇ ਰਾਘਵੇਂਦਰਮ ਕਲਿਆਣ ਮੰਡਪਮ ਵਿਚ ਆਪਣੇ ਪ੍ਰਸ਼ੰਸਕਾਂ ਨਾਲ ਮੁਲਾਕਾਤ ਕਰ ਰਹੇ ਸਨ। ਆਪਣੇ ਪ੍ਰਸ਼ੰਸਕਾਂ ਨਾਲ ਛੇ ਦਿਨ ਤੱਕ ਚੱਲਣ ਵਾਲੇ ਫੋਟੋ ਸੈਸ਼ਨ ਪ੍ਰੋਗਰਾਮ ਦੇ ਪਹਿਲੇ ਦਿਨ ਉਨ੍ਹਾਂ ਕਿਹਾ ਸੀ ਕਿ ਉਹ ਸਿਆਸਤ ਵਿਚ ਕੁੱਦਣ ਲਈ ਦੁਚਿੱਤੀ ਵਿਚ ਹਨ। ਮਈ ਮਹੀਨੇ ਇਕ ਸਮਾਗਮ ਦੌਰਾਨ ਵੀ ਰਜਨੀਕਾਂਤ ਨੇ ਸਿਆਸਤ ਵਿਚ ਦਾਖਲੇ ਦੇ ਸੰਕੇਤ ਦਿੱਤੇ ਸਨ। ਸਾਲ 1996 ਵਿਚ ਰਜਨੀਕਾਂਤ ਨੇ ਜੈਲਲਿਤਾ ਵਿਰੋਧੀ ਰੁਖ ਅਖਤਿਆਰ ਕਰ ਲਿਆ ਸੀ। ਇਸ ਤੋਂ ਬਾਅਦ ਉਨ੍ਹਾਂ ਦਾ ਸਿਆਸਤ ਵਿਚ ਦਾਖਲੇ ਬਾਰੇ ਚਰਚਾ ਸ਼ੁਰੂ ਹੋ ਗਈ ਸੀ।

# ਜਥੇਦਾਰੀ ਵਾਲੀ ਪ੍ਰਥਾ ਨੂੰ ਕਾਂਗਰਸੀਆਂ ਨੇ ਵੀ ਗਲ ਲਾਇਆ



**ਜਲੰਧਰ:** ਪੰਜਾਬ ਅੰਦਰ ਕੈਪਟਨ ਸਰਕਾਰ ਦੇ ਬਣਨ ਬਾਅਦ ਵਜ਼ਾਰਤ ਦੀ ਪਹਿਲੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਸੀ ਕਿ ਪੁਲਿਸ ਦੇ ਲੋੜੋਂ ਵੱਧ ਸਿਆਸੀਕਰਨ ਦੀ ਮਰਜ਼ ਨੂੰ ਖਤਮ ਕਰਨ ਲਈ ਪੁਲਿਸ ਅਧਿਕਾਰੀਆਂ ਦੀ ਤਾਇਨਾਤੀ ਸਬ-ਡਵੀਜ਼ਨਾਂ ਦੀ ਥਾਂ ਵਿਧਾਨ ਸਭਾ ਹਲਕਾਵਾਰ ਕਰਨ ਤੇ ਹਲਕਾ ਇੰਚਾਰਜਾਂ ਦੀ ਮਰਜ਼ੀ ਦੇ ਅਧਿਕਾਰੀ ਲਗਾਉਣ ਦੀ ਪਿਛਲੀ ਸਰਕਾਰ ਵੱਲੋਂ ਪਾਈ ਪ੍ਰਥਾ ਨੂੰ ਖਤਮ ਕੀਤਾ ਜਾਵੇਗਾ। ਡੀ.ਐਸ.ਪੀ. ਹਲਕਾਵਾਰ ਦੀ ਥਾਂ ਪਹਿਲਾਂ ਵਾਂਗ ਸਬ-ਡਵੀਜ਼ਨ ਪੱਧਰ ਉਤੇ ਲੱਗਣਗੇ ਤੇ ਹਲਕਾ ਇੰਚਾਰਜਾਂ ਵਾਲਾ ਸਿਲਸਿਲਾ ਵੀ ਨਹੀਂ ਚਲੇਗਾ, ਪਰ ਇਹ ਫੈਸਲਾ 10 ਮਹੀਨੇ ਲੰਘ ਜਾਣ ਦੇ ਬਾਵਜੂਦ ਕਾਗਜ਼ਾਂ ਦਾ ਹੀ ਸ਼ਿਕਾਰ ਬਣ ਕੇ ਰਹਿ ਗਿਆ ਹੈ।

ਅਕਾਲੀਆਂ ਵੱਲੋਂ ਪੰਜਾਬ ਦੇ ਲੋਕਾਂ ਦੇ ਗਲ ਪਾਇਆ ਇਹ ਫੰਦਾ ਕਾਂਗਰਸ ਆਗੂਆਂ ਨੂੰ ਵੀ ਚੰਮ ਦੀਆਂ ਚਲਾਉਣ ਲਈ ਰਾਸ ਆਉਣ ਲੱਗ ਪਿਆ ਹੈ। ਸਰਕਾਰ ਵੱਲੋਂ ਹੁਣ ਆਪਣੇ ਕੀਤੇ ਫੈਸਲੇ ਉਪਰ ਅਮਲ ਕਰਨ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ। ਇਸ ਵੇਲੇ ਵੀ ਪੰਜਾਬ ਦੇ ਡੀ.ਐਸ.ਪੀ. ਤੇ ਥਾਣਿਆਂ ਦਾ ਖੇਤਰ ਇਕ ਵਿਧਾਨ ਸਭਾ ਦੇ ਅਧੀਨ ਹੀ ਪੈਂਦਾ ਹੈ ਤੇ ਡੀ.ਐਸ.ਪੀ. ਤੋਂ ਲੈ ਕੇ ਥਾਣਾ ਮੁਖੀਆਂ ਤੱਕ ਦੀ ਤਾਇਨਾਤੀ ਸਬੰਧਤ ਹਲਕਾ ਇੰਚਾਰਜਾਂ (ਜਾਂ ਵਿਧਾਇਕਾਂ) ਦੀ ਮਰਜ਼ੀ ਮੁਤਾਬਕ ਹੁੰਦੀ ਹੈ।

ਅਕਾਲੀ-ਭਾਜਪਾ ਸਰਕਾਰ ਸਮੇਂ ਉਪ ਮੁੱਖ ਮੰਤਰੀ ਨੇ ਪੁਲਿਸ ਪ੍ਰਣਾਲੀ ਅੰਦਰ ਇਹ ਰੀਤ ਪੁਲਿਸ ਨੂੰ ਆਪਣੇ ਤਾਕਤਵਰ ਹਲਕਾ ਇੰਚਾਰਜਾਂ ਦੀ ਮੁੱਠੀ ਵਿਚ ਕਰਨ ਲਈ ਸ਼ੁਰੂ ਕੀਤੀ ਸੀ। ਹਲਕਾ ਇੰਚਾਰਜਾਂ ਤੇ ਪੁਲਿਸ ਦੇ ਮੁਕੰਮਲ ਸਿਆਸੀਕਰਨ ਦਾ ਵਿਰੋਧੀ ਪਾਰਟੀਆਂ ਹੀ ਨਹੀਂ ਸਗੋਂ ਹੁਕਮਰਾਨ ਪਾਰਟੀ ਅਕਾਲੀ ਦਲ ਅੰਦਰੋਂ ਵੀ ਵਿਰੋਧ ਉਠਦਾ ਰਿਹਾ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ ਮਿਲੀ ਨਮੋਸ਼ੀ ਵਾਲੀ ਹਾਰ ਲਈ ਨਸ਼ਿਆਂ ਦੇ ਨਾਲ-ਨਾਲ ਹਲਕਾ ਇੰਚਾਰਜਾਂ ਦੀ ਆਪਹੁਦਰਾਸ਼ਾਹੀ ਤੇ ਧੱਕੇਸ਼ਾਹੀ ਵੀ ਅਹਿਮ ਮੁੱਦੇ ਵਜੋਂ ਉਭਰੀ ਸੀ।

ਇਸ ਗੱਲ ਦੀ ਆਮ ਚਰਚਾ ਸੀ ਕਿ ਹਲਕਾ ਇੰਚਾਰਜਾਂ ਤੇ ਪੁਲਿਸ ਦੇ ਗੱਠਜੋੜ ਨੇ ਹੀ ਨਸ਼ਿਆਂ ਦੀ ਤਸਕਰੀ ਤੇ ਰੇਤਾ-ਬਜਰੀ ਦੇ ਗੈਰਕਾਨੂੰਨੀ ਧੰਦੇ ਨੂੰ ਵੱਡਾ ਹੁਲਾਰਾ ਦਿੱਤਾ ਸੀ। ਕੈਪਟਨ ਸਰਕਾਰ ਵੱਲੋਂ ਸ਼ੋਕ 'ਚ ਦਰਜ ਕੀਤੇ ਝੂਠੇ ਪਰਚਿਆਂ ਦੀ ਪੜਤਾਲ ਲਈ ਗਠਿਤ ਕੀਤੇ ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਆਪਣੀਆਂ ਅੰਤ੍ਰਿਮ ਰਿਪੋਰਟਾਂ ਵਿਚ ਝੂਠੇ ਕੇਸ ਦਰਜ ਕਰਨ ਦੇ ਕਈ ਮਾਮਲੇ ਸਾਹਮਣੇ ਲਿਆਂਦੇ ਹਨ, ਪਰ ਲੱਗਦਾ ਹੈ ਕਿ ਸਮੇਂ ਦੇ ਲੰਘਣ ਨਾਲ ਕਾਂਗਰਸ ਸਰਕਾਰ ਨੂੰ ਵੀ ਹਲਕਾ ਇੰਚਾਰਜਾਂ ਰਾਹੀਂ ਆਪਣਾ ਸ਼ਿਕੰਜਾ ਕੱਸੀ ਰੱਖਣ ਦਾ ਸੁਆਦ ਪੈ ਗਿਆ ਹੈ ਤੇ ਇਸ ਫੈਸਲੇ ਨੂੰ ਲਾਗੂ ਕਰਨ ਬਾਰੇ ਮੁੜ ਕਦੇ ਕਿਸੇ ਨੂੰ ਚੇਤਾ ਹੀ ਨਹੀਂ ਆਇਆ।

ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਪੁਲਿਸ ਦੀ ਪਿਛਲੀ ਸਰਕਾਰ ਵਾਂਗ ਹੀ (ਦੁਰ) ਵਰਤੋਂ ਕਰਨ ਦੇ ਨਵੇਂ ਤੋਂ ਨਵੇਂ ਕਿੱਸੇ ਸਾਹਮਣੇ ਆ ਰਹੇ ਹਨ। ਨਗਰ ਪਾਲਿਕਾ ਤੇ ਪੰਚਾਇਤੀ ਦੀਆਂ ਚੋਣਾਂ ਵਿਚ ਬਾਘਾ ਪੁਰਾਣਾ ਤੇ ਜ਼ੀਰਾ ਧੱਕੇ ਨਾਲ ਵਿਰੋਧੀਆਂ ਨੂੰ ਚੋਣ ਮੈਦਾਨ ਵਿਚੋਂ ਹੀ ਬਾਹਰ ਕੱਢਣ ਦੀਆਂ ਉਘੜਵੀਆਂ ਉਦਾਹਰਣਾਂ ਹਨ। ਨਕੋਦਰ ਹਲਕੇ ਦੇ ਤਲਵਣ ਪਿੰਡ ਦੇ ਕੈਨੇਡਾ ਤੋਂ ਵਿਆਹ ਕਰਾਉਣ ਆਏ ਇਕ 23 ਸਾਲਾ ਨੌਜਵਾਨ ਉਪਰ ਬਿਨਾਂ ਕਿਸੇ ਪੜਤਾਲ ਦੇ ਕੇਸ ਦਰਜ ਕਰਨਾ ਵੀ ਇਸੇ ਕੜੀ 'ਚ ਸ਼ਾਮਲ ਦੱਸਿਆ ਜਾਂਦਾ ਹੈ। ਉਸ ਦੇ ਨਾਲ ਤਿੰਨ ਹੋਰ ਕੈਨੇਡਾ ਦੇ ਨਾਗਰਿਕਾਂ ਉਪਰ ਵੀ ਸਰਕਾਰੀ ਕੇਸ ਵਿਚ ਦਖਲ ਦਾ ਮੁਕੱਦਮਾ ਦਰਜ ਕੀਤਾ ਹੈ। ਅਕਾਲੀ ਆਗੂਆਂ ਤੇ ਵਰਕਰਾਂ ਉਪਰ ਝੂਠੇ ਮੁਕੱਦਮਿਆਂ ਦੀਆਂ ਖਬਰਾਂ ਹਰ ਰੋਜ਼ ਛਪ ਰਹੀਆਂ ਹਨ। ਬਹੁਤ ਸਾਰੇ ਰਾਜਸੀ ਨੇਤਾਵਾਂ ਤੇ ਪੁਲਿਸ ਅਧਿਕਾਰੀਆਂ ਨਾਲ ਕੀਤੀ ਗੱਲਬਾਤ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਕੈਪਟਨ ਸਰਕਾਰ ਨੇ ਵੀ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਨੂੰ ਪੂਰੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ ਤੇ ਕੋਈ ਮੁਕੱਦਮਾ ਦਰਜ ਹੋਣਾ ਹੈ ਜਾਂ ਖਾਰਜ ਕਰਨਾ ਹੈ, ਇਸ ਦਾ ਫੈਸਲਾ ਜ਼ਿਲ੍ਹਾ ਪੁਲਿਸ ਮੁਖੀ ਜਾਂ ਜਾਂਚ ਅਧਿਕਾਰੀ ਨਹੀਂ ਸਗੋਂ ਹਲਕਾ ਇੰਚਾਰਜ ਹੀ ਕਰਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਬਣਨ ਦੇ ਸ਼ੁਰੂ ਦੇ ਦਿਨਾਂ ਵਿਚ ਅਜਿਹਾ ਮਹਿਸੂਸ ਹੋਇਆ ਸੀ ਕਿ ਸਿਆਸੀ ਦਖਲ ਘਟੇਗਾ, ਪਰ ਹੁਣ ਕੋਈ ਖਾਸ ਫਰਕ ਨਹੀਂ ਰਿਹਾ। ਖਾਸ ਕਰ ਜਦ ਤੋਂ ਅੰਮ੍ਰਿਤਸਰ ਦਿਹਾਤੀ, ਗੁਰਦਾਸਪੁਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਪੁਲਿਸ ਮੁਖੀ ਕਾਂਗਰਸੀ ਵਿਧਾਇਕਾਂ ਦੇ ਦਬਾਅ ਹੇਠ ਬਦਲੇ ਗਏ ਹਨ ਤਦ ਤੋਂ ਹਾਲਾਤ ਪੂਰੀ ਤਰ੍ਹਾਂ ਬਦਲ ਗਏ ਹਨ।

## ਸੁਖਬੀਰ ਦੀ ਅਫਸਰਸ਼ਾਹੀ ਨੂੰ ਚਿਤਾਵਨੀ

**ਸ੍ਰੀ ਮੁਕਤਸਰ ਸਾਹਿਬ:** ਪੁਲਿਸ ਵੱਲੋਂ ਗਿੱਦੜਬਾਹਾ ਦੇ ਹਲਕਾ ਇੰਚਾਰਜ ਡਿੰਪੀ ਢਿੱਲੋਂ ਖਿਲਾਫ਼ ਕੇਸ ਦਰਜ ਕਰਨ ਅਤੇ ਗ੍ਰਿਫਤਾਰੀ ਲਈ ਛਾਪਾ ਮਾਰਨ ਉਤੇ ਭੜਕੇ ਸਾਬਕਾ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਵਰਕਰਾਂ ਖਿਲਾਫ਼ ਝੂਠੇ ਕੇਸ ਦਰਜ ਕਰਨ ਵਾਲੇ ਪੁਲਿਸ ਅਫਸਰਾਂ ਨਾਲ ਅਕਾਲੀ ਸਰਕਾਰ ਆਉਣ ਉਤੇ ਹਿਸਾਬ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਅਧਿਕਾਰੀ, ਕਾਂਗਰਸੀ ਆਗੂਆਂ ਦੀ ਸ਼ਹਿ ਉਤੇ ਅਕਾਲੀ ਵਰਕਰਾਂ ਖਿਲਾਫ਼ ਝੂਠੇ ਕੇਸ ਦਰਜ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਦਬਾਇਆ ਜਾ ਸਕੇ। ਅਕਾਲੀਆਂ ਨਾਲ ਧੱਕੇਸ਼ਾਹੀ ਕਰਨ ਵਾਲੇ ਅਫਸਰਾਂ ਨੂੰ ਸਰਕਾਰ ਆਉਣ ਉਤੇ ਇਕ ਮਹੀਨੇ ਦੇ ਅੰਦਰ-ਅੰਦਰ ਘਰਾਂ ਨੂੰ ਤੋਰ ਦਿੱਤਾ ਜਾਵੇਗਾ। ਇਸ ਕੰਮ ਲਈ ਅਕਾਲੀ ਦਲ ਹੁਣ ਤੋਂ ਹੀ ਹਰ ਪਿੰਡ ਵਿਚੋਂ ਦਸ ਵਰਕਰ ਲੈ ਕੇ ਟੀਮਾਂ ਤਿਆਰ ਕਰ ਰਿਹਾ ਹੈ, ਜੋ ਪਾਰਟੀ ਵਰਕਰਾਂ ਨਾਲ ਧੱਕੇਸ਼ਾਹੀਆਂ ਖਿਲਾਫ਼ ਕੰਮ ਕਰੇਗੀ। ਹਰ ਪਿੰਡ ਵਿਚੋਂ 10 ਅਕਾਲੀ ਵਰਕਰਾਂ ਨੂੰ ਗੁਰਦੁਆਰੇ ਲਿਜਾ ਕੇ ਸਹੁੰ ਖੁਆਈ ਜਾਵੇਗੀ ਕਿ ਉਹ ਪਾਰਟੀ ਦਾ ਸਾਥ ਨਾ ਛੱਡਣ।



## ਫਤਿਹਗੜ੍ਹ ਸਾਹਿਬ ਦੇ ਵਿਕਾਸ ਤੇ ਸੁੰਦਰੀਕਰਨ ਲਈ ਮੰਗਾਂ ਪ੍ਰਵਾਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਭਿਆਚਾਰਕ ਮਾਮਲਿਆਂ ਤੇ ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਨੂੰ ਬੱਸੀ ਪਠਾਣਾਂ ਦੀ ਸਬ-ਜੇਲ੍ਹ ਵਿਚ ਯਾਦਗਾਰ ਬਣਾਉਣ ਲਈ ਵਿਸਥਾਰਤ ਤਜਵੀਜ਼ ਤਿਆਰ ਕਰਨ ਦੀ ਹਦਾਇਤ ਕੀਤੀ। ਇਸ ਜੇਲ੍ਹ ਵਿਚ ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਸ ਵੇਲੇ ਦੀ ਮੁਗਲ ਹਕੂਮਤ ਵੱਲੋਂ ਤਿੰਨ ਮਹੀਨੇ ਤੋਂ ਵੱਧ ਸਮਾਂ ਕੈਦ ਰੱਖਿਆ ਗਿਆ ਸੀ।

ਮੁੱਖ ਮੰਤਰੀ ਨੇ ਫਤਿਹਗੜ੍ਹ ਸਾਹਿਬ ਵਿਚ ਨਤਮਸਤਕ ਹੋਣ ਪਿੱਛੋਂ ਚੰਡੀਗੜ੍ਹ ਪਰਤਦਿਆਂ ਹੀ ਆਪਣੀ ਸਰਕਾਰੀ ਰਿਹਾਇਸ਼ 'ਤੇ ਮੀਟਿੰਗ ਬੁਲਾਈ ਜਿਸ ਵਿਚ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਅਤੇ ਮੈਨੇਜਰ ਜਸਬੀਰ ਸਿੰਘ ਵੱਲੋਂ ਯਾਦ ਪੱਤਰ ਰਾਹੀਂ ਰੱਖੀਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਗਿਆ। ਇਨ੍ਹਾਂ ਮੰਗਾਂ ਵਿਚ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ 10 ਕਿਲੋਮੀਟਰ ਦੇ ਘੇਰੇ ਵਿਚ ਪੈਂਦੀਆਂ ਸੜਕਾਂ ਨੂੰ ਚੌੜਾ ਤੇ ਮਜ਼ਬੂਤ ਕਰਨ ਦੇ ਨਾਲ-ਨਾਲ ਬਾਬਾ ਮੋਤੀ ਰਾਮ ਮਹਿਰਾ ਗੇਟ ਤੋਂ ਬਾਬਾ ਬੰਦਾ ਸਿੰਘ ਬਹਾਦਰ ਗੇਟ ਤੱਕ ਸੜਕ ਜੋ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਗੁਰਦੁਆਰਾ ਜੋਤੀ ਸਰੂਪ ਕੋਲੋਂ ਗੁਜ਼ਰਦੀ ਹੈ, ਦਾ ਸੁੰਦਰੀਕਰਨ ਕੀਤਾ ਜਾਣਾ ਸ਼ਾਮਲ ਹੈ।

# ਨਹਿਰ ਦਾ ਮਾਮਲਾ ਮੁੜ ਭਖਿਆ



**ਚੰਡੀਗੜ੍ਹ:** ਐਸ.ਵਾਈ.ਐਲ. ਦਾ ਮਾਮਲਾ ਮੁੜ ਭਖ ਗਿਆ ਹੈ। ਹਰਿਆਣਾ ਦੀ ਪ੍ਰਮੁੱਖ ਵਿਰੋਧੀ ਧਿਰ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਕੇਂਦਰੀ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਉਸ ਨੇ ਸੁਪਰੀਮ ਕੋਰਟ ਦਾ ਫੈਸਲਾ 23 ਫਰਵਰੀ ਤੱਕ ਲਾਗੂ ਕਰ ਕੇ ਪੰਜਾਬ ਦੇ ਇਲਾਕੇ 'ਚ ਬੰਦ ਪਿਆ ਐਸ.ਵਾਈ.ਐਲ. ਨਹਿਰ ਦੇ ਨਿਰਮਾਣ ਦਾ ਕੰਮ ਸ਼ੁਰੂ ਨਾ ਕੀਤਾ ਤਾਂ ਉਨ੍ਹਾਂ ਦੀ ਪਾਰਟੀ ਮੁੜ ਅੰਦੋਲਨ ਸ਼ੁਰੂ ਕਰੇਗੀ। ਹਰਿਆਣਾ ਦੇ ਲੱਖਾਂ ਕਿਸਾਨ ਸੱਤ ਮਾਰਚ ਨੂੰ ਦਿੱਲੀ ਦੀ ਰਾਮਲੀਲਾ ਗਰਾਊਂਡ ਵਿਚ ਵਿਸ਼ਾਲ ਰੈਲੀ ਕਰਨਗੇ ਜਿਸ ਵਿਚ ਅੰਦੋਲਨ ਦੀ ਨਵੀਂ ਰੂਪ ਰੇਖਾ ਦਾ ਫੈਸਲਾ ਕੀਤਾ ਜਾਏਗਾ।

ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਭੈ ਸਿੰਘ ਚੌਟਾਲਾ ਨੇ ਦੋਸ਼ ਲਾਇਆ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਆਪਣੀ ਕਾਨੂੰਨੀ ਤੇ ਸਿਆਸੀ ਡਿਊਟੀ ਨਿਭਾਉਣ ਵਿਚ ਅਸਫਲ ਰਹੇ ਹਨ। ਹੋਰ ਤਾਂ ਹੋਰ ਉਹ ਰਾਜ ਦੀਆਂ ਸਾਰੀਆਂ ਪਾਰਟੀਆਂ ਦਾ ਡੈਪੂਟੇਸ਼ਨ ਦਿੱਲੀ ਲਿਜਾ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰਾਉਣ ਦਾ ਪ੍ਰਬੰਧ ਕਰਨ ਵਿਚ ਵੀ ਸਫਲ ਨਹੀਂ ਹੋਏ।

# ਜੇਲ੍ਹ ਕਾਂਡ: ਗੈਂਗਸਟਰਾਂ ਨੂੰ ਝਾਲਰ ਵਾਲੀ ਪੱਗ ਬੰਨ੍ਹਣ ਵਾਲਾ ਸਿਪਾਹੀ ਕਾਬੂ



**ਪਟਿਆਲਾ:** ਨਾਭਾ ਜੇਲ੍ਹ ਕਾਂਡ 'ਚ ਲੋੜੀਂਦੇ ਮਨਜਿੰਦਰ ਸਿੰਘ ਨਾਂ ਦੇ ਪੰਜਾਬ ਪੁਲਿਸ ਦੇ ਬਰਖਾਸਤ ਸਿਪਾਹੀ ਨੂੰ ਗ੍ਰਿਫਤਾਰ ਕਰ ਲਿਆ ਹੈ। ਮਨਜਿੰਦਰ ਨੇ ਜੇਲ੍ਹ ਵਿਚੋਂ ਕੈਦੀਆਂ ਨੂੰ ਭਜਾਉਣ ਮੌਕੇ ਹੌਲਦਾਰ ਬਣੇ ਦੋ ਗੈਂਗਸਟਰਾਂ ਦੇ ਝਾਲਰ ਵਾਲੀਆਂ ਪੱਗਾਂ ਬੰਨ੍ਹੀਆਂ ਸਨ।

ਪੁਲਿਸ ਮੁਲਾਜ਼ਮਾਂ ਦੀ ਝਾਲਰ ਵਾਲੀ ਪੱਗ ਆਮ ਬੰਦਾ ਨਹੀਂ ਬੰਨ੍ਹ ਸਕਦਾ, ਜਿਸ ਕਰ ਕੇ ਇਹ ਮਾਮਲਾ ਹੁਣ ਤੱਕ ਬੁਝਾਰਤ ਬਣਿਆ ਹੋਇਆ ਸੀ। 1988 ਵਿਚ ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਹੋਏ ਮਨਜਿੰਦਰ ਸਿੰਘ ਨੂੰ ਗੈਰਹਾਜ਼ਰ ਰਹਿਣ ਕਾਰਨ 2005 ਵਿਚ ਬਰਖਾਸਤ ਕਰ ਦਿੱਤਾ ਗਿਆ ਸੀ। ਉਹ ਜੇਲ੍ਹ ਕਾਂਡ ਦੇ ਅਹਿਮ ਮੁਲਜ਼ਮ ਗੈਂਗਸਟਰ ਪ੍ਰੇਮਾ ਲਾਹੌਰੀ ਦਾ ਰਿਸ਼ਤੇਦਾਰ ਹੈ। ਜ਼ਿਕਰਯੋਗ ਹੈ ਕਿ 27 ਨਵੰਬਰ, 2016 ਨੂੰ ਨਾਭਾ ਜੇਲ੍ਹ ਵਿਚੋਂ ਛੇ ਕੈਦੀਆਂ ਨੂੰ ਛੁਡਾਅ ਕੇ ਲਿਜਾਣ ਵਾਲੇ ਪੁਲਿਸ ਦੇ ਭੇਸ ਵਿਚ ਆਏ ਗੈਂਗਸਟਰ ਜੇਲ੍ਹ 'ਚ ਇਕ ਮੁਲਜ਼ਮ ਨੂੰ ਛੱਡਣ ਬਹਾਨੇ ਦਾਖਲ ਹੋਏ ਸਨ। ਉਨ੍ਹਾਂ ਨੇ ਆਪਣੇ ਹੀ ਸਾਥੀ ਸ਼ਿਆਮ ਖਰਲ ਦੇ ਹੱਥਕੜੀ ਲਾਈ ਹੋਈ ਸੀ।

ਸ਼ਿਆਮ ਖਰਲ ਤੇ ਏ.ਐਸ.ਆਈ. ਬਣ ਕੇ ਆਇਆ ਬੱਬਰ ਨਾਂ ਦਾ ਮੁਲਜ਼ਮ ਤਾਂ ਫੜਿਆ ਗਿਆ ਹੈ ਪਰ ਹੌਲਦਾਰ ਬਣ ਕੇ ਆਏ ਪ੍ਰੇਮਾ ਲਾਹੌਰੀ ਅਤੇ ਗੋਪੀ ਘਣਸ਼ਾਮਪੁਰੀਆ ਅਜੇ ਵੀ ਫਰਾਰ ਹਨ। ਇਨ੍ਹਾਂ ਨੂੰ ਵਰਦੀਆਂ ਮੁਹੱਈਆ ਕਰਾਉਣ ਤੋਂ ਇਲਾਵਾ ਝਾਲਰ ਵਾਲੀਆਂ ਪੱਗਾਂ ਮਨਜਿੰਦਰ ਸਿੰਘ ਨੇ ਬੰਨ੍ਹ ਕੇ ਦਿੱਤੀਆਂ ਸਨ।

# ਖੱਡ ਨਿਲਾਮੀ: ਠੇਕੇਦਾਰ ਗੁਰਿੰਦਰ ਨੇ ਵੀ ਲਾਇਆ ਸੀ ਪੈਸਾ



**ਚੰਡੀਗੜ੍ਹ:** ਭ੍ਰਿਸ਼ਟਾਚਾਰ ਦੇ ਕੇਸ ਵਿਚ ਫਸੇ ਠੇਕੇਦਾਰ ਗੁਰਿੰਦਰ ਸਿੰਘ, ਜਿਸ ਨੂੰ ਵਿਜੀਲੈਂਸ ਨੇ ਇਕ ਹਜ਼ਾਰ ਕਰੋੜ ਰੁਪਏ ਦੇ ਸਿੰਜਾਈ ਘੁਟਾਲੇ 'ਚ ਗ੍ਰਿਫਤਾਰ ਕੀਤਾ ਹੈ, ਨੇ ਰੇਤੇ ਦੀਆਂ ਖੱਡਾਂ ਦੀ ਬੋਲੀ 'ਚ ਪੈਸਾ ਲਾਇਆ ਸੀ ਜਿਸ ਵਿਚ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਚਾਰ ਮੁਲਾਜ਼ਮਾਂ ਨੂੰ ਰੇਤ ਖੱਡਾਂ ਦੇ ਠੇਕੇ ਮਿਲੇ ਸਨ।

ਕਈ ਹਫਤੇ ਫਰਾਰ ਰਹਿਣ ਮਗਰੋਂ 13 ਦਸੰਬਰ ਨੂੰ ਵਿਜੀਲੈਂਸ ਬਿਊਰੋ ਨੇ ਗੁਰਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ। ਉਸ ਦੇ ਬੈਂਕ ਖਾਤਿਆਂ ਵਿਚੋਂ ਹੋਏ ਲੈਣ-ਦੇਣ ਮੁਤਾਬਕ 23 ਮਈ ਨੂੰ, ਸਫਲ ਬੋਲੀਕਾਰਾਂ ਵੱਲੋਂ ਪੂਰੀ ਰਕਮ ਅਦਾਇਗੀ ਦੇ ਆਖਰੀ ਦਿਨ, ਗੁਰਿੰਦਰ ਸਿੰਘ ਵੱਲੋਂ ਕਿਸੇ ਜਤਿਨ ਸਿੰਗਲਾ ਦੇ ਖਾਤੇ ਵਿਚ 5 ਕਰੋੜ ਰੁਪਏ ਤਬਦੀਲ ਕੀਤੇ ਗਏ ਜੋ ਰਾਣਾ ਗੁਰਜੀਤ ਸਿੰਘ ਦੇ ਚਾਰਟਰਡ ਅਕਾਊਂਟੈਂਟ ਤ੍ਰਿਲੋਕੀ ਨਾਥ ਸਿੰਗਲਾ ਦਾ ਭਤੀਜਾ ਹੈ। ਛੇਤੀ ਹੀ ਜਤਿਨ ਸਿੰਗਲਾ ਨੇ 5 ਕਰੋੜ ਰੁਪਏ ਰਾਜਬੀਰ ਐਂਟਰਪ੍ਰਾਈਜਿਜ਼ 'ਚ ਟਰਾਂਸਫਰ ਕਰ ਦਿੱਤੇ। ਇਸ ਤੋਂ ਪਹਿਲਾਂ ਨਾਰੰਗ ਕਮਿਸ਼ਨ ਮੂਹਰੇ ਰਾਜਬੀਰ ਐਂਟਰਪ੍ਰਾਈਜਿਜ਼ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਮੰਤਰੀ ਦੇ ਕੁੱਕ ਅਮਿਤ ਬਹਾਦਰ ਅਤੇ ਉਸ ਦੇ ਇਕ ਹੋਰ ਮੁਲਾਜ਼ਮ ਕੁਲਵਿੰਦਰਪਾਲ ਸਿੰਘ, ਜਿਨ੍ਹਾਂ ਨੂੰ ਰੇਤ ਖੱਡਾਂ ਦੇ ਠੇਕੇ ਮਿਲੇ ਸਨ, ਨੂੰ ਪੈਸਾ ਮੁਹੱਈਆ ਕਰਵਾਇਆ ਸੀ।

ਜਾਂਚ ਦੌਰਾਨ ਜਸਟਿਸ ਨਾਰੰਗ ਕਮਿਸ਼ਨ ਨੇ 23 ਨਿਵੇਸ਼ਕਾਂ ਨੂੰ ਸੰਮਨ ਭੇਜੇ ਸਨ ਜਿਨ੍ਹਾਂ ਵਿਚੋਂ ਜਤਿਨ ਗਰਗ ਇਕ ਸੀ। ਰਾਜਬੀਰ ਐਂਟਰਪ੍ਰਾਈਜਿਜ਼ ਦੀ ਮਾਲਕੀ ਦਾ ਦਾਅਵਾ ਕਰਨ ਵਾਲੇ ਕੈਪਟਨ ਜੇ.ਐਸ. ਰੰਧਾਵਾ ਅਤੇ ਸਾਹਿਲ ਸਿੰਗਲਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਗੁਰਿੰਦਰ ਸਿੰਘ ਨੇ ਉਨ੍ਹਾਂ ਵੱਲੋਂ ਲਈਆਂ ਗਈਆਂ ਰੇਤ ਖੱਡਾਂ ਦੇ ਠੇਕਿਆਂ ਵਿਚ ਕੋਈ ਪੈਸਾ ਲਾਇਆ ਹੈ। ਰੰਧਾਵਾ ਮੁਤਾਬਕ ਗੁਰਿੰਦਰ ਸਿੰਘ ਨੇ ਤ੍ਰਿਲੋਕੀ ਨਾਥ ਸਿੰਗਲਾ ਦੇ ਭਰਾ ਨੂੰ ਉਸ ਦਾ ਪੈਸਾ ਨਿਵੇਸ਼ ਕਰਨ ਲਈ ਕਿਹਾ ਸੀ। ਉਸ ਨੇ ਗੁਰਿੰਦਰ ਸਿੰਘ ਤੋਂ 5 ਕਰੋੜ ਰੁਪਏ ਦਾ ਕਰਜ਼ਾ 12 ਫੀਸਦੀ ਵਿਆਜ ਉਤੇ ਲਿਆ।

## ਖਹਿਰਾ ਵੱਲੋਂ ਰਾਣਾ ਨੂੰ ਬਰਖਾਸਤ ਕਰਨ ਦੀ ਮੰਗ

ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਉਹ ਰਾਣਾ ਗੁਰਜੀਤ ਸਿੰਘ ਨੂੰ ਮੰਤਰੀ ਮੰਡਲ ਵਿਚੋਂ ਤੁਰਤ ਬਰਖਾਸਤ ਕਰ ਕੇ ਸੀ.ਬੀ.ਆਈ. ਜਾਂਚ ਦੇ ਹੁਕਮ ਦੇਣ ਤਾਂ ਜੋ ਖੱਡਾਂ ਦੀ ਬੋਲੀ 'ਚ ਕਾਲੇ ਧਨ ਦੀ ਜਾਂਚ ਹੋ ਸਕੇ। ਸ੍ਰੀ ਖਹਿਰਾ ਨੇ ਕੈਪਟਨ ਨੂੰ ਚੁਣੌਤੀ ਦਿੱਤੀ ਕਿ ਉਹ ਗੁਰਿੰਦਰ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਵਿਚਕਾਰ ਗੰਢ-ਤੁੱਪ ਤੋਂ ਇਨਕਾਰ ਕਰਨ। ਜੇਕਰ ਉਹ ਅਜਿਹਾ ਨਹੀਂ ਕਰਦੇ ਹਨ ਤਾਂ ਫਿਰ ਮੰਤਰੀ ਨੂੰ ਕੈਬਨਿਟ ਵਿਚੋਂ ਤੁਰਤ ਹਟਾਇਆ ਜਾਵੇ।

## ਬੁੱਤ ਤਰਾਸ਼ ਚਰਨਜੀਤ ਦੇ ਹਿਸੇ ਆਇਆ ਕੌਮੀ ਸਨਮਾਨ

**ਚੰਡੀਗੜ੍ਹ:** ਬੁੱਤ ਤਰਾਸ਼ ਚਰਨਜੀਤ ਜੈਤੋ ਦੀ 'ਕਲਾ ਰਤਨ' ਐਵਾਰਡ ਲਈ ਚੋਣ ਹੋਈ ਹੈ। ਇਹ ਐਵਾਰਡ ਕੌਮੀ ਸੰਸਥਾ 'ਅਗਨੀਪਥ' ਵੱਲੋਂ 15 ਜਨਵਰੀ 2018 ਨੂੰ ਨਵੀਂ ਦਿੱਲੀ ਵਿਚ ਦਿੱਤਾ ਜਾਵੇਗਾ। ਇਹ ਸਨਮਾਨ ਬਿਹਤਰੀਨ ਕਲਾਕਾਰਾਂ ਨੂੰ ਦਿੱਤਾ ਜਾਂਦਾ ਹੈ। ਚਰਨਜੀਤ ਨੂੰ ਹਿਮਾਚਲ ਸਰਕਾਰ ਵੱਲੋਂ 2008 ਦੇ ਨੈਸ਼ਨਲ ਐਵਾਰਡ ਅਤੇ ਸਾਲ 2014 ਵਿਚ ਹੈਦਰਾਬਾਦ ਵਿਚ ਨੈਸ਼ਨਲ ਕਲਾ ਐਵਾਰਡ ਨਾਲ ਸਨਮਾਨਿਆ ਜਾ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਉਹ ਪੰਜਾਬ ਲਲਿਤ ਕਲਾ ਅਕਾਦਮੀ ਚੰਡੀਗੜ੍ਹ ਦੀ ਜਨਰਲ ਕੌਂਸਲ ਦੇ ਸਾਬਕਾ ਮੈਂਬਰ ਵੀ ਹਨ। ਹਰਿਆਣਾ ਪ੍ਰਦੇਸ਼ ਦੇ ਆਰਟ ਐਂਡ ਕਰਾਫਟ ਵਿਭਾਗ ਦੇ ਸਿਲੇਬਸ ਵਿਚ ਵੀ ਚਰਨਜੀਤ ਦੀ ਕਲਾ ਸਾਧਨਾ ਬਾਰੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ।

# ਸਰਕਾਰੀ ਕਰਜ਼ਾ ਮੁਆਫੀ ਵੀ ਨਾ ਡੱਕ ਸਕੀ ਖੁਦਕੁਸ਼ੀਆਂ ਦਾ ਰਾਹ



**ਚੰਡੀਗੜ੍ਹ:** ਕੈਪਟਨ ਸਰਕਾਰ ਦੇ ਕਰਜ਼ਾ ਮੁਆਫੀ ਦੇ ਐਲਾਨ ਦੇ ਬਾਵਜੂਦ ਪੰਜਾਬ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਨਹੀਂ ਰੁਕੀਆਂ। ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਖੁਦਕੁਸ਼ੀਆਂ ਛੱਡ ਕੇ ਸੰਘਰਸ਼ ਦੇ ਰਾਹ ਪੈਣ ਦੇ ਹੋਕੇ ਦੇ ਬਾਵਜੂਦ ਇਹ ਵੱਡਾ ਵਰਗ ਨਿਰਾਸ਼ਾ ਦੇ ਆਲਮ 'ਚੋਂ ਨਹੀਂ ਨਿਕਲ ਸਕਿਆ।

ਕੈਪਟਨ ਅਮਰਿੰਦਰ ਸਿੰਘ ਨੇ ਸਮੁੱਚਾ ਕਰਜ਼ਾ ਮੁਆਫ ਕਰਨ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਰਾਹਤ ਰਾਸ਼ੀ ਤਿੰਨ ਲੱਖ ਤੋਂ ਵਧਾ ਕੇ ਪੰਜ ਲੱਖ ਕਰਨ ਦਾ ਵਾਅਦਾ ਕੀਤਾ ਸੀ। ਕਾਂਗਰਸ ਵੱਡੇ ਬਹੁਮਤ ਨਾਲ ਸੱਤਾ ਵਿਚ ਆਈ ਤੇ ਆਉਂਦਿਆਂ ਹੀ ਡਾ. ਟੀ. ਹੱਕ ਦੀ ਅਗਵਾਈ ਵਿਚ ਕਮੇਟੀ ਵੀ ਬਣਾ ਦਿੱਤੀ। ਇਸ ਤੋਂ ਬਾਅਦ ਵਿੱਤੀ ਸੰਕਟ ਦੇ ਰੋਣੇ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਕਰਜ਼ਾ ਮੁਆਫੀ ਦੀ ਉਮੀਦ ਨਿਰਾਸ਼ਾ ਵਿਚ ਬਦਲ ਦਿੱਤੀ। ਕਿਸਾਨ ਯੂਨੀਅਨ ਦੇ ਦਾਅਵੇ ਨੂੰ ਮੰਨਿਆ ਜਾਵੇ ਤਾਂ 11 ਮਾਰਚ ਨੂੰ ਸੱਤਾ ਵਿਚ ਆਈ ਕੈਪਟਨ ਸਰਕਾਰ ਦੇ ਕਾਰਜਕਾਲ ਵਿਚ 345 ਕਿਸਾਨਾਂ ਅਤੇ ਮਜ਼ਦੂਰਾਂ ਨੇ ਖੁਦਕੁਸ਼ੀ ਕਰ ਲਈ। ਦੇਸ਼ ਭਰ ਵਿਚ ਹੋਏ ਕਿਸਾਨ ਅੰਦੋਲਨ ਦੇ ਨਾਲ ਹੀ ਕਿਸਾਨਾਂ ਦਾ ਕਰਜ਼ਾ ਵੱਡੇ ਮੁੱਦੇ ਵਜੋਂ ਉਭਰਦਾ ਰਿਹਾ।

ਆਖਰ 19 ਜੂਨ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿਚ ਢਾਈ ਏਕੜ ਤੋਂ ਘੱਟ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਅਤੇ ਪੰਜ ਏਕੜ ਤੋਂ ਘੱਟ ਤੇ ਦੋ ਲੱਖ ਰੁਪਏ ਤੱਕ ਕਰਜ਼ੇ ਵਾਲਿਆਂ ਦਾ ਦੋ ਲੱਖ ਰੁਪਏ ਕਰਜ਼ਾ ਮੁਆਫ ਕਰਨ ਦਾ ਐਲਾਨ ਕਰ ਦਿੱਤਾ, ਪਰ ਅਜੇ ਤੱਕ ਕਿਸੇ ਨੂੰ ਧੇਲਾ ਵੀ ਨਹੀਂ ਮਿਲਿਆ।

ਖੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਨੂੰ ਮਿਲਣ ਵਾਲੀ ਤਿੰਨ ਲੱਖ ਰੁਪਏ ਦੀ ਫੌਰੀ ਰਾਹਤ ਵੀ ਸਾਲਾਂ ਤੱਕ ਲਟਕਦੀ ਰਹੀ ਹੈ। ਬਹੁਤ ਸਾਰਿਆਂ ਦੇ ਬੱਚੇ ਸਕੂਲਾਂ-ਕਾਲਜਾਂ ਵਿਚੋਂ ਪੜ੍ਹਾਈ ਛੱਡਣ ਲਈ ਮਜਬੂਰ ਹੋ ਗਏ। ਸਰਕਾਰੀ ਵਿਭਾਗਾਂ ਨਾਲ ਸਬੰਧਤ ਅਧਿਕਾਰੀਆਂ ਨੇ ਉਨ੍ਹਾਂ ਦੀ ਸਾਰ ਤੱਕ ਨਹੀਂ ਲਈ।

ਜ਼ਿਲ੍ਹਾ ਪੱਧਰੀ ਕਮੇਟੀਆਂ ਵੱਲੋਂ ਪਾਸ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਦੀ ਪਾਸ ਪ੍ਰਤੀਸ਼ਤਤਾ ਵੀ ਇਕ ਚੌਥਾਈ ਤੋਂ ਜ਼ਿਆਦਾ ਨਹੀਂ ਹੈ। ਇਹ ਫੈਸਲੇ ਵੀ ਇਕ ਮਹੀਨੇ ਦੇ ਬਜਾਇ ਕਈ ਕਈ ਮਹੀਨੇ ਲਟਕਾ ਕੇ ਕੀਤੇ ਜਾਂਦੇ ਹਨ। ਕਿਸਾਨ ਜਥੇਬੰਦੀਆਂ ਨੇ ਆਪਣੇ ਵਿੱਤ ਮੁਤਾਬਕ ਅੰਦੋਲਨ ਕੀਤੇ ਤੇ ਕਈ ਥਾਵਾਂ ਉਤੇ ਕੁਰਕੀਆਂ ਰੋਕਣ ਸਮੇਤ ਬਹੁਤ ਸਾਰੇ ਕਾਮਯਾਬ ਸੰਘਰਸ਼ ਲੜੇ, ਪਰ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਖੁਦਕੁਸ਼ੀ ਦੀ ਬਜਾਇ ਸੰਘਰਸ਼ ਕਰਨ ਦਾ ਭਰੋਸਾ ਜਗਾਉਣਾ ਵਿਚ ਕਾਮਯਾਬੀ ਨਹੀਂ ਮਿਲ ਰਹੀ। ਆਬਾਦੀ ਦੇ ਲਿਹਾਜ਼ ਨਾਲ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵੱਧ ਹਨ, ਪਰ ਸਰਕਾਰ ਮੁਤਾਬਕ ਉਨ੍ਹਾਂ ਦੇ ਕਰਜ਼ੇ ਦਾ ਪਤਾ ਨਾ ਹੋਣ ਦਾ ਅਨੁਮਾਨ ਲਾਉਣ ਲਈ ਵਿਧਾਨ ਸਭਾ ਦੀ ਕਮੇਟੀ ਬਣਾਈ ਗਈ ਹੈ। ਸ਼ਾਹੂਕਾਰਾ ਕਰਜ਼ੇ ਦੇ ਨਿਬੇੜੇ ਬਾਰੇ ਕੈਬਿਨਟ ਸਬ ਕਮੇਟੀ ਬਣਾ ਦਿੱਤੀ ਗਈ। ਇਨ੍ਹਾਂ ਕਮੇਟੀਆਂ ਦੀਆਂ ਰਿਪੋਰਟਾਂ ਅਜੇ ਤੱਕ ਸਾਹਮਣੇ ਨਹੀਂ ਆਈਆਂ।ਖੇਤੀ ਉਤੇ ਨਿਰਭਰ ਦੂਜਾ ਵੱਡਾ ਵਰਗ ਖੇਤ ਮਜ਼ਦੂਰਾਂ ਦਾ ਹੈ। ਇਨ੍ਹਾਂ ਵਿਚਲੇ ਸਾਧਨਾਂ ਦੀ ਘਾਟ, ਪੜ੍ਹਾਈ ਦਾ ਸੰਕਟ ਤੇ ਹੋਰ ਕਾਰਨਾਂ ਕਰ ਕੇ ਮਜ਼ਦੂਰ ਜਥੇਬੰਦੀਆਂ ਦੀ ਆਵਾਜ਼ ਕਿਸਾਨ ਜਥੇਬੰਦੀਆਂ ਦੇ ਬਰਾਬਰ ਦੀ ਨਹੀਂ ਹੋ ਸਕੀ ਹੈ, ਪਰ ਇਸ ਵਾਰ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੀਤੇ ਸਰਵੇਖਣ ਨਾਲ ਸਾਹਮਣੇ ਆਏ ਤੱਥ ਮਜ਼ਦੂਰਾਂ ਦੀ ਦਸ਼ਾ ਬਿਆਨ ਕਰਨ ਲਈ ਕਾਫੀ ਹਨ। ਡਾ. ਗਿਆਨ ਸਿੰਘ ਦੀ ਰਿਪੋਰਟ ਨੇ ਵੀ ਲਗਭਗ ਅਜਿਹੇ ਤੱਥ ਸਾਹਮਣੇ ਲਿਆਂਦੇ। ਮਜ਼ਦੂਰਾਂ ਦੇ ਕਰਜ਼ੇ ਦੀ ਮੁਆਫ਼ੀ ਬਾਰੇ ਅਜੇ ਤੱਕ ਕੋਈ ਫੈਸਲਾ ਅਧਿਕਾਰਤ ਪੱਧਰ ਉਤੇ ਨਹੀਂ ਹੋਇਆ ਹੈ।

## *ਨਵਾਂ ਵਰ੍ਹਾ ਵੀ ਕਿਸਾਨਾਂ ਲਈ ਹੋਵੇਗਾ ਚੁਣੌਤੀਆਂ ਭਰਿਆ*

**ਜਲੰਧਰ:** ਨਵਾਂ ਵਰ੍ਹਾ 2018 ਪੰਜਾਬ ਦੇ ਕਿਸਾਨਾਂ ਲਈ ਨਾ ਤਾਂ ਨਵਾਂ ਹੋਵੇਗਾ ਤੇ ਨਾ ਹੀ ਮੁਬਾਰਕ। ਕਾਰਨ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਇਸ ਵਰ੍ਹੇ ਚਿੰਬੜੀਆਂ ਅਲਾਮਤਾਂ ਦਾ ਆਉਣ ਵਾਲੇ ਸਾਲ ਵਿਚ ਵੀ ਮੁਕਾਬਲਾ ਕਰਨਾ ਪਵੇਗਾ। ਪੰਜਾਬ ਦੇ ਕਿਸਾਨਾਂ ਸਿਰ ਬੈਂਕਾਂ ਤੇ ਸ਼ਾਹੂਕਾਰਾਂ ਦੇ ਕਰਜ਼ੇ ਦੀ ਪੰਡ ਇਸ ਵੇਲੇ 90 ਹਜ਼ਾਰ ਕਰੋੜ ਰੁਪਏ ਦੇ ਨੇੜੇ-ਤੇੜੇ ਹੈ।

ਕੈਪਟਨ ਸਰਕਾਰ ਨੇ ਗੱਦੀ ਉਪਰ ਬੈਠਦਿਆਂ ਹੀ ਸਭ ਤੋਂ ਵੱਡਾ ਫੈਸਲਾ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਕੀਤਾ ਸੀ, ਪਰ ਆਰਥਿਕ ਤੰਗੀ ਕਾਰਨ ਅਫਸਰਸ਼ਾਹੀ ਦੀ ਲਗਾਤਾਰ ਕਾਂਟ-ਛਾਂਟ ਦੀ ਭੇਟ ਚੜ੍ਹਿਆ ਇਹ ਫੈਸਲਾ ਸੁੰਗੜ ਕੇ ਕਰਜ਼ਾ ਮੁਆਫੀ ਦੀ ਥਾਂ ਸਿਰਫ ਇਕ ਤਿਹਾਈ ਦੇ ਕਰੀਬ ਕਿਸਾਨਾਂ ਨੂੰ ਰਾਹਤ ਯੋਜਨਾ ਵਿਚ ਬਦਲ ਗਿਆ ਹੈ। ਹੁਣ ਸਿਰਫ 7400 ਕਰੋੜ ਰੁਪਏ ਦੇ ਕਰੀਬ ਹੀ ਸਵਾ 12 ਲੱਖ ਕਿਸਾਨਾਂ ਵਿਚੋਂ ਕਰੀਬ 3.94 ਲੱਖ ਕਿਸਾਨਾਂ ਨੂੰ ਰਾਹਤ ਵਜੋਂ ਮਿਲਣਗੇ। 75 ਫੀਸਦੀ ਦੇ ਤਕਰੀਬਨ 8.44 ਲੱਖ ਕਿਸਾਨ ਤਾਂ ਪਹਿਲਾਂ ਹੀ ਇਸ ਕਰਜ਼ਾ ਰਾਹਤ ਯੋਜਨਾ ਵਿਚੋਂ ਬਾਹਰ ਕਰ ਦਿੱਤੇ ਗਏ ਸਨ। ਖੇਤੀ ਆਰਥਿਕਤਾ ਨਾਲ ਜੁੜੇ ਮਾਹਰਾਂ ਦਾ ਕਹਿਣਾ ਹੈ ਕਿ ਖੇਤੀ ਕਰਜ਼ਾ ਅਗਲੇ ਵਰ੍ਹੇ ਇਕ ਲੱਖ ਕਰੋੜ ਰੁਪਏ ਤੋਂ ਵਧ ਸਕਦਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਕਰਜ਼ਾ ਮੁਆਫੀ ਦੇ ਲਾਰੇ ਤਹਿਤ ਕਿਸਾਨਾਂ ਨੇ ਬੈਂਕ ਦੇ ਪੈਸੇ ਸਮੇਂ ਸਿਰ ਨਹੀਂ ਮੋੜੇ।

ਸਰਕਾਰੀ ਯੋਜਨਾ ਤਹਿਤ ਸਮੇਂ ਸਿਰ ਕਰਜ਼ਾ ਮੋੜਨ ਵਾਲੇ ਕਿਸਾਨਾਂ ਨੂੰ ਵਿਆਜ ਵਿਚ 3 ਫੀਸਦੀ ਰਿਆਇਤ ਦੇ ਕੇ 4 ਫੀਸਦੀ ਸਾਲਾਨਾ ਵਿਆਜ ਹੀ ਲਿਆ ਜਾਂਦਾ ਹੈ, ਪਰ ਇਸ ਵਾਰ ਸਮੇਂ ਸਿਰ ਕਰਜ਼ਾ ਨਹੀਂ ਮੋੜਿਆ, ਜਿਸ ਕਰ ਕੇ ਡਿਫਾਲਟਰ ਹੋ ਗਏ ਕਿਸਾਨਾਂ ਨੂੰ ਬੈਂਕਾਂ 7 ਫੀਸਦੀ ਵਿਆਜ ਲਗਾਉਣਗੀਆਂ। ਵਾਧੂ ਲੱਗਣ ਵਾਲੇ ਇਸ ਵਿਆਜ ਦੀ ਕੇਂਦਰ ਜਾਂ ਪੰਜਾਬ ਸਰਕਾਰ ਕੋਈ ਵੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ।

## ਗੈਰਕਾਨੂੰਨੀ ਕਾਲੋਨੀਆਂ: ਕਾਂਗਰਸ ਵੀ ਬਾਦਲਾਂ ਵਾਲੇ ਰਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਇਕ ਵਾਰ ਫਿਰ ਸੂਬੇ ਵਿਚ ਗੈਰਕਾਨੂੰਨੀ ਕਾਲੋਨੀਆਂ ਨੂੰ ਨਿਯਮਿਤ ਕਰੇਗੀ। ਮੰਤਰੀ ਮੰਡਲ ਦੀ ਮੀਟਿੰਗ ਨੇ ਇਸ ਸਬੰਧੀ ਸਿਹਤ ਮੰਤਰੀ ਬ੍ਰਹਮ ਮੋਹਿੰਦਰਾ ਦੀ ਅਗਵਾਈ ਵਿਚ ਪੰਜ ਮੰਤਰੀਆਂ ਦੀ ਇਕ ਸਬ ਕਮੇਟੀ ਬਣਾਈ ਹੈ ਜੋ ਇਕ ਮਹੀਨੇ 'ਚ ਆਪਣੀ ਰਿਪੋਰਟ ਦੇਵੇਗੀ। ਕੈਪਟਨ ਸਰਕਾਰ ਅਸਲ ਵਿਚ ਮੰਤਰੀ ਮੰਡਲ ਦੀ ਪਿਛਲੀ ਮੀਟਿੰਗ ਦੌਰਾਨ ਹੀ ਗੈਰਕਾਨੂੰਨੀ ਕਾਲੋਨੀਆਂ ਨੂੰ ਨਿਯਮਿਤ ਕਰਨਾ ਚਾਹੁੰਦੀ ਸੀ ਪਰ ਕਈ ਮੰਤਰੀਆਂ ਵੱਲੋਂ ਸ਼ਿਮਲਾ ਹਾਈ ਕੋਰਟ ਵੱਲੋਂ ਹਿਮਾਚਲ ਪ੍ਰਦੇਸ਼ ਟਾਊਨ ਐਂਡ ਕੰਟਰੀ ਪਲਾਨਿੰਗ (ਸੋਧ) ਕਾਨੂੰਨ 2016 ਨੂੰ ਰੱਦ ਕਰਨ ਕਰ ਕੇ ਸਰਕਾਰ ਨੂੰ ਹੋਈ ਨਮੋਸ਼ੀ ਦਾ ਮੁੱਦਾ ਉਠਾਉਣ ਨਾਲ ਫੈਸਲਾ ਅੱਗੇ ਪਾ ਦਿੱਤਾ ਗਿਆ। ਸਾਰੇ ਕਾਨੂੰਨੀ ਪਹਿਲੂਆਂ ਨੂੰ ਦੇਖਣ ਅਤੇ ਨਿਯਮਿਤ ਕਰਨ ਦੀ ਪ੍ਰਕ੍ਰਿਆ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਸਬ ਕਮੇਟੀ ਨੂੰ ਦੇ ਦਿੱਤੀ ਗਈ।

ਪੰਜਾਬ ਸਰਕਾਰ ਨੇ ਵੀ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਕਾਨੂੰਨ (ਪਾਪਰਾ) 1995 ਬਣਾ ਕੇ ਗੈਰਕਾਨੂੰਨੀ ਕਾਲੋਨੀਆਂ 'ਤੇ ਰੋਕ ਲਾਉਣ ਦਾ ਫੈਸਲਾ ਕੀਤਾ ਸੀ, ਜਿਸ ਦੀ ਧਾਰਾ 20 ਤਹਿਤ ਗੈਰਕਾਨੂੰਨੀ ਕਾਲੋਨੀ ਵਿਚ ਕਿਸੇ ਨੂੰ ਵੀ ਬਿਜਲੀ ਦਾ ਕੁਨੈਕਸ਼ਨ ਨਾ ਦੇਣ ਅਤੇ ਮਾਲ ਵਿਭਾਗ 'ਤੇ ਸੇਲ ਡੀਡ ਕਰਨ ਉਤੇ ਰੋਕ ਲਾਉਣ ਦਾ ਬੰਦੋਬਸਤ ਸੀ। ਇਹ ਬੰਦੋਬਸਤ ਬਿਲਡਰਾਂ ਵੱਲੋਂ ਸਰਕਾਰ ਉਤੇ ਬਣਾਏ ਦਬਾਅ ਦੇ ਪ੍ਰਭਾਵ ਤਹਿਤ ਬਿਜਲੀ ਵਿਭਾਗ ਅਤੇ ਮਾਲ ਵਿਭਾਗ ਦੋਵਾਂ ਨੇ ਢਿੱਲਾ ਕਰ ਦਿੱਤਾ।

ਇਸੇ ਲਈ ਸਰਕਾਰਾਂ ਨੇ 2013 ਤੇ 2014 ਵਿਚ ਵੀ ਸੈਂਕੜੇ ਗੈਰਕਾਨੂੰਨੀ ਕਾਲੋਨੀਆਂ ਨੂੰ ਨਿਯਮਿਤ ਕਰ ਦਿੱਤਾ ਅਤੇ ਅੱਗੋਂ ਗੈਰਕਾਨੂੰਨੀ ਕਾਲੋਨੀਆਂ ਨਾ ਬਣਨ ਦੇਣ ਦਾ ਵਾਅਦਾ ਕੀਤਾ। ਪਰ ਪੰਜਾਬ ਮੰਤਰੀ ਮੰਡਲ ਵਿਚ ਪੇਸ਼ ਏਜੰਡੇ ਮੁਤਾਬਕ ਹੀ ਹੁਣ 6700 ਗੈਰਕਾਨੂੰਨੀ ਕਾਲੋਨੀਆਂ ਹੋਰ ਬਣ ਗਈਆਂ ਹਨ।

ਸਰਕਾਰ ਨੇ ਕਿਹਾ ਤਾਂ ਇਹੀ ਹੈ ਕਿ ਕੈਬਿਨਟ ਸਬ ਕਮੇਟੀ ਕਾਲੋਨੀ ਨਿਯਮਿਤ ਕਰਨ ਲਈ ਵਸੂਲੀ ਜਾਣ ਵਾਲੀ ਫੀਸ ਅਤੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਯਕੀਨੀ ਬਣਾਵੇਗੀ, ਪਰ ਪਹਿਲਾਂ ਨਿਯਮਿਤ ਹੋਈਆਂ ਕਾਲੋਨੀਆਂ ਵਿਚ ਪੀਣ ਵਾਲੇ ਪਾਣੀ, ਸੀਵਰੇਜ ਅਤੇ ਹੋਰ ਸੁਵਿਧਾਵਾਂ ਦੀ ਕਮੀ ਅਜੇ ਵੀ ਦੇਖੀ ਜਾ ਸਕਦੀ ਹੈ।

## ਮੁਸਲਿਮ ਔਰਤਾਂ ਨੂੰ ਹੱਜ 'ਤੇ ਇਕੱਲੇ ਜਾਣ ਦਾ ਹੱਕ ਮਿਲਿਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੱਜ ਯਾਤਰਾ 'ਚ ਮੁਸਲਮਾਨ ਔਰਤਾਂ ਦੇ ਹੱਕ 'ਚ ਆਵਾਜ਼ ਚੁੱਕਦਿਆਂ ਕਿਹਾ ਹੈ ਕਿ ਮੁਸਲਮਾਨ ਔਰਤਾਂ ਹੁਣ ਬਿਨਾਂ ਮਰਦਾਂ ਦੇ ਵੀ ਹੱਜ ਦੀ ਯਾਤਰਾ 'ਤੇ ਜਾ ਸਕਦੀਆਂ ਹਨ। ਉਨ੍ਹਾਂ ਸਾਲ ਦੇ ਆਖਰੀ ਦਿਨ ਕੀਤੀ 'ਮਨ ਕੀ ਬਾਤ' 'ਚ ਇਹ ਐਲਾਨ ਕੀਤਾ।

## ਕਾਰ ਸੇਵਾ ਖਡੂਰ ਸਾਹਿਬ ਵਾਲੇ ਬਾਬਾ ਬਲਵਿੰਦਰ ਸਿੰਘ ਸੁਰਗਵਾਸ

**ਖਡੂਰ ਸਾਹਿਬ (ਬਿਊਰੋ):** ਕਾਰ ਸੇਵਾ ਖਡੂਰ ਸਾਹਿਬ ਵਾਲੇ ਬਾਬਾ ਬਲਵਿੰਦਰ ਸਿੰਘ ਅਕਾਲ ਚਲਾਣਾ ਕਰ ਗਏ। ਉਹ ਬਾਬਾ ਉਤਮ ਸਿੰਘ ਕਾਰ ਸੇਵਾ ਵਾਲਿਆਂ ਕੋਲ ਲਗਭਗ 12 ਸਾਲ ਦੀ ਉਮਰ ਵਿਚ ਹੀ ਸੇਵਾ ਕਰਨ ਆ ਗਏ ਸਨ। ਉਨ੍ਹਾਂ ਲਗਭਗ 30 ਸਾਲ ਲੋਕਾਂ ਦੇ ਘਰੋਂ ਸੰਗਤਾਂ ਵਾਸਤੇ ਦੁੱਧ ਪ੍ਰਸ਼ਾਦੇ ਲਿਆਉਣ ਦੀ ਸੇਵਾ ਕੀਤੀ। ਉਨ੍ਹਾਂ ਦਾ ਸਮੁੱਚਾ ਜੀਵਨ ਹੀ ਕਾਰ ਸੇਵਾ ਲਈ ਸਮਰਪਿਤ ਰਿਹਾ।

ਬਾਬਾ ਬਲਵਿੰਦਰ ਸਿੰਘ ਦੇ ਅੰਤਿਮ ਸੰਸਕਾਰ ਕਰਨ ਮੌਕੇ ਅਰਦਾਸ ਕਰਨ ਦੀ ਸੇਵਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਿਭਾਈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਸੰਗਤਾਂ ਨੇ ਉਨ੍ਹਾਂ ਦੇ ਅੰਤਿਮ ਦਰਸ਼ਨ ਕੀਤੇ। ਬਾਬਾ ਬਲਵਿੰਦਰ ਸਿੰਘ ਨਮਿਤ ਅੰਤਿਮ ਅਰਦਾਸ 8 ਜਨਵਰੀ 2018 ਨੂੰ ਹੋਵੇਗੀ।



*ਬਾਬਾ ਬਲਵਿੰਦਰ ਸਿੰਘ*

## ਮਾਤਾ ਗੁਰਦੇਵ ਕੌਰ ਹਾਂਸ ਦਾ ਦੇਹਾਂਤ

**ਨਿਊ ਜਰਸੀ (ਬਿਊਰੋ):** ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸਨ, ਅਮਰੀਕਾ ਦੇ ਪ੍ਰਧਾਨ ਮਨਦੀਪ ਸਿੰਘ ਹਾਂਸ ਨੂੰ ਉਸ ਸਮੇਂ ਸਦਮਾ ਪਹੁੰਚਾ ਜਦੋਂ ਉਨ੍ਹਾਂ ਦੀ ਮਾਤਾ ਗੁਰਦੇਵ ਕੌਰ ਹਾਂਸ ਦਾ



ਲੰਘੀ 28 ਦਸੰਬਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ 3 ਜਨਵਰੀ ਨੂੰ ਕਰ ਦਿੱਤਾ ਗਿਆ।

ਪਰਿਵਾਰ ਨਾਲ ਸੰਪਰਕ ਬੂਟਾ ਸਿੰਘ ਫੋਨ: 856-207-1718, ਜਗਦੀਪ ਸਿੰਘ ਹਾਂਸ ਫੋਨ: 856-466-1879 ਤੇ ਮਨਦੀਪ ਸਿੰਘ ਹਾਂਸ ਫੋਨ: 856-362-0008 ਰਾਹੀਂ ਕੀਤਾ ਜਾ ਸਕਦਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi

Office: (866) 933-3038

Balhar S. Ranu Cell:916-502-7733

# ਕੈਪਟਨ ਸਰਕਾਰ ਨੇ ਵੀ ਨਾ ਦਿੱਤਾ ਮੁਲਾਜ਼ਮਾਂ ਨੂੰ ਕੋਈ ਰਾਹ

**ਚੰਡੀਗੜ੍ਹ:** ਕੈਪਟਨ ਸਰਕਾਰ ਦੇ ਤਕਰੀਬਨ 10 ਮਹੀਨਿਆਂ ਦੌਰਾਨ ਵੀ ਪੰਜਾਬ ਦੇ ਮੁਲਾਜ਼ਮਾਂ ਦੇ ਹੱਥ ਪੂਰੀ ਤਰ੍ਹਾਂ ਖਾਲੀ ਰਹੇ। ਕਾਂਗਰਸ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅੱਠ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵੱਡੇ ਵਾਅਦੇ ਜਿਥੇ ਪੂਰੇ ਨਹੀਂ ਹੋਏ, ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁਲਾਜ਼ਮ ਜਥੇਬੰਦੀਆਂ ਦੇ ਦੁਖੜੇ ਸੁਣਨੇ ਵੀ ਜ਼ਰੂਰੀ ਨਾ ਸਮਝੇ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੀਵਾਲੀ ਮੌਕੇ ਮੁਲਾਜ਼ਮਾਂ ਦੇ ਵਫਦ ਵੱਲੋਂ ਉਠਾਈ ਡੀਏ ਦੀਆਂ ਕਿਸ਼ਤਾਂ ਜਾਰੀ ਕਰਨ ਦੀ ਮੰਗ ਠੁਕਰਾਉਣ ਮਗਰੋਂ ਇਹ ਕਹਿ ਕੇ ਵੱਡਾ ਝਟਕਾ ਦਿੱਤਾ ਸੀ ਕਿ ਸਰਕਾਰ ਤਾਂ ਮਸਾਂ ਤਨਖਾਹਾਂ ਦਾ ਜੁਗਾੜ ਕਰ ਰਹੀ ਹੈ।

ਸਰਕਾਰ ਦੇ ਨਾਂਹ-ਪੱਖੀ ਰਵੱਈਏ ਤੋਂ ਇਲਾਵਾ ਮੁਲਾਜ਼ਮ ਆਗੂਆਂ ਵੱਲੋਂ ਕੋਈ ਸਾਂਝਾ ਪਲੇਟਫਾਰਮ ਉਸਾਰਨ ਤੋਂ ਫੇਲ੍ਹ ਰਹਿਣ ਕਾਰਨ 2017 ਸੂਬੇ ਦੇ ਲੱਖਾਂ ਮੁਲਾਜ਼ਮਾਂ ਲਈ ਨਿਰਾਸ਼ਾ ਭਰਿਆ ਰਿਹਾ। ਉਂਜ, ਪਿਛਲੀ ਬਾਦਲ ਸਰਕਾਰ ਵੇਲੇ ਵੀ ਆਗੂਆਂ ਦੀ ਆਪਸੀ ਫੁੱਟ ਕਾਰਨ ਹੀ ਮੁਲਾਜ਼ਮਾਂ ਹੱਥੋਂ ਤਨਖਾਹ ਕਮਿਸ਼ਨ ਸਮੇਤ ਡੀਏ ਦੀਆਂ ਦੋ ਕਿਸ਼ਤਾਂ ਅਤੇ ਹੋਰ ਕਈ ਮੰਗਾਂ ਖੁੱਸ ਗਈਆਂ ਸਨ। ਮੁਲਾਜ਼ਮਾਂ ਨੂੰ ਮਿਲੀ 5 ਫੀਸਦੀ ਅੰਤਰਿਮ ਸਹਾਇਤਾ ਦੀ ਕਿਸ਼ਤ ਚੋਣ ਜ਼ਾਬਤੇ ਦੌਰਾਨ ਵੋਟਾਂ ਪੈਣ ਤੋਂ ਬਾਅਦ ਹੀ ਨਸੀਬ ਹੋਈ ਸੀ। ਪੰਜਾਬ ਸਕੱਤਰੇਤ ਤੋਂ ਲੈ ਕੇ ਹੇਠਲੇ ਪੱਧਰ ਤੱਕ ਸਾਂਝੀਆਂ ਮੰਗਾਂ ਲਈ ਸਾਂਝੇ ਸੰਘਰਸ਼ਾਂ ਦੀ ਅਣਹੋਂਦ ਕਾਰਨ ਕੈਪਟਨ ਸਰਕਾਰ ਨੇ ਮੁਲਾਜ਼ਮਾਂ ਨੂੰ ਅੰਗੂਠਾ ਦਿਖਾ ਦਿੱਤਾ ਹੈ। ਸਰਕਾਰ ਜਿਥੇ ਜਨਵਰੀ ਅਤੇ ਜੁਲਾਈ 2017 ਦੀਆਂ ਕੇਂਦਰੀ ਪੈਟਰਨ ਉਤੇ ਬਣਦੀਆਂ ਦੋ ਡੀਏ ਦੀਆਂ ਕਿਸ਼ਤਾਂ ਦੇਣ ਤੋਂ ਇਨਕਾਰੀ ਹੈ, ਉਥੇ 22 ਮਹੀਨਿਆਂ ਦੇ ਪੁਰਾਣੇ ਬਕਾਏ ਜਾਰੀ ਕਰਨ ਉਤੇ ਵੀ ਖਾਮੋਸ਼ ਹੈ।

**ਚੋਣਾਂ ਸਮੇਂ ਕੀਤੇ ਵਾਅਦੇ ਭੁੱਲੇ**



ਸਰਕਾਰ ਵੱਲੋਂ ਬਣਾਏ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਵੱਲੋਂ ਵੀ ਫਿਲਹਾਲ ਮੁਢਲੀ ਤੇ ਰਸਮੀ ਕਿਰਿਆ ਚਲਾਉਣ ਤੱਕ ਸੀਮਤ ਰਹਿਣ ਕਾਰਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਨਵੇਂ ਵਰ੍ਹੇ ਸਾਲ ਦੌਰਾਨ ਪਹਿਲੀ ਜਨਵਰੀ 2016 ਤੋਂ ਤਨਖਾਹਾਂ ਅਤੇ ਪੈਨਸ਼ਨਾਂ ਦੀ ਸੁਧਾਈ ਹੋਣ ਦੇ ਆਸਾਰ ਮੱਧਮ ਜਾਪ ਰਹੇ ਹਨ। ਇਸ ਮੁੱਦੇ ਉਤੇ ਮੁਲਾਜ਼ਮਾਂ ਨੂੰ ਥੋੜੀ ਬਹੁਤੀ ਆਸ ਹੈ ਕਿ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਕੈਪਟਨ ਸਰਕਾਰ ਵੋਟ ਰਾਜਨੀਤੀ ਤਹਿਤ ਤਨਖਾਹ ਕਮਿਸ਼ਨ ਦੀ ਰਿਪੋਰਟ ਚੋਣਾਂ ਤੋਂ ਪਹਿਲਾਂ ਲਾਗੂ ਕਰ ਸਕਦੀ ਹੈ।

ਪੰਜਾਬ ਦੇ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਨਾ ਹੋਣ ਕਾਰਨ ਤਨਖਾਹਾਂ ਦੀ ਸੁਧਾਈ ਦੇ ਮਾਮਲੇ ਵਿਚ ਪੰਜਾਬ ਦੇ ਮੁਲਾਜ਼ਮ ਕੇਂਦਰ ਅਤੇ ਹਰਿਆਣਾ ਤੋਂ ਵੀ ਪੱਛੜ ਗਏ ਹਨ। ਸਰਕਾਰ ਨੇ ਵਿੱਤੀ ਸੰਕਟ ਦੀ ਆੜ ਹੇਠ ਖਜ਼ਾਨਾ ਦਫਤਰਾਂ ਵਿਚ ਸੇਵਾ ਮੁਕਤ ਮੁਲਾਜ਼ਮਾਂ ਦੀਆਂ ਅੰਤਿਮ ਅਦਾਇਗੀਆਂ ਸਮੇਤ ਮੁਲਾਜ਼ਮਾਂ ਦੇ ਹੋਰ ਵੱਖ-ਵੱਖ ਬਿੱਲਾਂ ਦੀਆਂ ਕਰੋੜਾਂ ਰੁਪਏ ਦੀਆਂ ਦੇਣਦਾਰੀਆਂ ਵੀ ਠੰਢੇ ਬਸਤੇ ਵਿਚ ਪਾ ਕੇ ਸੰਕੇਤ ਦਿੱਤੇ ਹਨ ਕਿ ਫਿਲਹਾਲ ਕੈਪਟਨ ਦੇ ਏਜੰਡੇ ਉਤੇ ਮੁਲਾਜ਼ਮ ਮੰਗਾਂ ਨਹੀਂ ਹਨ। ਪਿਛਲੀ ਬਾਦਲ ਸਰਕਾਰ ਵਾਂਗ ਕੈਪਟਨ ਦੇ ਰਾਜ ਵਿਚ ਵੀ ਨਵੇਂ ਭਰਤੀ ਹੋਏ ਮੁਲਾਜ਼ਮਾਂ ਨੂੰ ਪਰਖ ਦੇ ਤਿੰਨ ਸਾਲਾਂ ਦੌਰਾਨ ਮੁਢਲੀਆਂ ਤਨਖਾਹਾਂ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਜਿਥੇ ਮੁਲਾਜ਼ਮ ਮੰਗਾਂ ਖੂੰਜੇ ਲਾਈਆਂ ਜਾ ਰਹੀਆਂ ਹਨ, ਉਥੇ 2018 ਦੌਰਾਨ ਮੁਲਾਜ਼ਮਾਂ ਦੀਆਂ ਵਿਸਾਖੀ ਸਮੇਤ 18 ਛੁੱਟੀਆਂ ਉਤੇ ਲਕੀਰ ਫੇਰ ਕੇ ਨਵੇਂ ਵਰ੍ਹੇ ਦੇ ਸ਼ੁਰੂ ਵਿਚ ਨਿਰਾਸ਼ਾ ਪੱਲੇ ਪਾ ਦਿੱਤੀ ਹੈ।

ਪਿਛਲੇ ਕਈ ਸਾਲਾਂ ਤੋਂ ਮੁਲਾਜ਼ਮਾਂ ਦਾ ਸਾਂਝਾ ਪਲੇਟਫਾਰਮ ਨਾ ਉਸਾਰਨ ਕਰਨ ਵੱਖ-ਵੱਖ ਮੁਲਾਜ਼ਮ ਵਰਗਾਂ ਵੱਲੋਂ ਆਪੋ-ਆਪਣੀਆਂ ਮੰਗਾਂ ਤੱਕ ਸੀਮਤ ਰਹਿ ਕੇ ਸੰਘਰਸ਼ ਛੇੜੇ ਜਾ ਰਹੇ ਹਨ, ਜਿਸ ਕਾਰਨ ਮੁਲਾਜ਼ਮਾਂ ਦੀਆਂ ਸਾਂਝੀਆਂ ਮੰਗਾਂ ਜਿਥੇ ਸਰਕਾਰੀ ਦਰਬਾਰ ਵਿਚ ਨੁਕਰੇ ਲੱਗੀਆਂ ਹਨ, ਉਥੇ ਮੁਲਾਜ਼ਮ ਸੰਘਰਸ਼ ਦੌਰਾਨ ਵੀ ਇਹ ਲੋਪ ਹੁੰਦੀਆਂ ਜਾ ਰਹੀਆਂ ਹਨ। ਅਧਿਆਪਕ ਜਥੇਬੰਦੀਆਂ ਵੱਲੋਂ ਸਾਂਝਾ ਅਧਿਆਪਕ ਮੋਰਚਾ ਅਤੇ ਸਿੱਖਿਆ ਬਚਾਓ ਮੰਚ ਦੇ ਪਲੇਟਫਾਰਮਾਂ ਉਤੇ ਕਿਸੇ ਹੱਦ ਤੱਕ ਅਧਿਆਪਕਾਂ ਦੀਆਂ ਸਾਂਝੀਆਂ ਮੰਗਾਂ ਲਈ ਸੰਘਰਸ਼ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਪਿਛਲੀ ਬਾਦਲ ਸਰਕਾਰ ਨੇ ਆਪਣੀ ਪਾਰੀ ਦੇ ਅਖੀਰਲੇ ਸਮੇਂ ਦੌਰਾਨ 27 ਹਜ਼ਾਰ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਐਕਟ ਬਣਾਇਆ ਸੀ। ਪਿਛਲੀ ਸਰਕਾਰ ਵਾਂਗ ਮੌਜੂਦਾ ਸਰਕਾਰ ਵੀ ਅਜੇ ਤੱਕ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕਰ ਸਕੀ।

## ਪੰਜਾਬ ਵਿਚ ਵਿਤੀ ਤੰਗੀ ਸਿਰਫ ਹਮ੍ਹਾਤੜਾਂ ਲਈ

**ਚੰਡੀਗੜ੍ਹ:** ਪੰਜਾਬ ਸਰਕਾਰ ਵਿੱਤੀ ਤੰਗੀ ਦਾ ਬਹਾਨਾ ਬਣਾ ਕੇ ਕਰਮਚਾਰੀਆਂ ਨੂੰ ਤਨਖਾਹ, ਬਜ਼ੁਰਗਾਂ ਨੂੰ ਪੈਨਸ਼ਨ ਅਤੇ ਦਲਿਤ ਲੜਕੀਆਂ ਨੂੰ ਸ਼ਗਨ ਦੇਣ ਤੋਂ ਟਾਲਾ ਵੱਟ ਰਹੀ ਹੈ, ਉਥੇ ਮੰਤਰੀਆਂ ਦੇ ਪਹਿਲਾਂ ਤੋਂ ਹੀ ਆਲੀਸ਼ਾਨ ਬੰਗਲਿਆਂ ਦੀ ਮੁਰੰਮਤ ਉਤੇ ਸਰਕਾਰੀ ਖਜ਼ਾਨੇ ਵਿਚੋਂ ਕਰੋੜਾਂ ਰੁਪਏ ਖਰਚ ਦਿੱਤੇ ਗਏ ਹਨ। ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵੇ ਸਾਂਝੇ ਕਰਦੇ ਹੋਏ ਦੋਸ਼ ਲਾਇਆ ਕਿ ਐਡਵੋਕੇਟ ਜਨਰਲ ਨੇ ਆਪਣੇ ਸਰਕਾਰੀ ਬੰਗਲੇ ਦੀ ਮੁਰੰਮਤ ਅਤੇ ਕੈਂਪ ਦਫਤਰ ਬਣਾਉਣ ਉਤੇ ਇਕ ਕਰੋੜ ਰੁਪਏ ਤੋਂ ਵੀ ਵੱਧ ਖਰਚ ਕੀਤੇ ਹਨ।



ਖਹਿਰਾ ਨੇ ਹੈਰਾਨੀ ਪ੍ਰਗਟਾਈ ਕਿ ਐਡਵੋਕੇਟ ਜਨਰਲ ਨੂੰ ਕੈਂਪ ਦਫਤਰ ਬਣਾਉਣ ਦੀ ਕੀ ਜ਼ਰੂਰਤ ਪੈ ਗਈ, ਜਦੋਂ ਕਿ ਉਨ੍ਹਾਂ ਕੋਲ ਹਾਈ ਕੋਰਟ ਵਿਚ ਇਕ ਵੱਡਾ ਦਫਤਰ ਕੰਪਲੈਕਸ ਹੈ, ਜੋ ਉਨ੍ਹਾਂ ਦੇ ਘਰ ਤੋਂ 2 ਕੁ ਕਿਲੋਮੀਟਰ ਉਤੇ ਹੈ। ਇਹ ਸਰਾਸਰ ਨਿੱਜੀ ਮੁਫਾਦਾਂ ਲਈ ਲੋਕਾਂ ਦੇ ਪੈਸੇ ਦੀ ਕੀਤੀ ਜਾ ਰਹੀ ਲੁੱਟ ਹੈ। ਮੁੱਖ ਮੰਤਰੀ ਨੇ ਅੰਦਾਜ਼ਨ 50 ਲੱਖ ਰੁਪਏ ਅਤੇ ਮੰਤਰੀ ਰਾਣਾ ਗੁਰਜੀਤ ਸਿੰਘ ਨੇ 35 ਲੱਖ ਤੋਂ ਵੀ ਜ਼ਿਆਦਾ ਰਕਮ ਮੁਰੰਮਤ ਲਈ ਖਰਚ ਕੀਤੀ। ਇਸੇ ਤਰ੍ਹਾਂ ਹੀ ਸਰਕਾਰੀ ਖਜ਼ਾਨੇ ਦੇ ਰਖਵਾਲੇ ਸਮਝੇ ਜਾਂਦੇ ਵਿੱਤ ਮੰਤਰੀ ਨੇ ਮੁਰੰਮਤ ਲਈ ਅੰਦਾਜ਼ਨ 25 ਲੱਖ ਰੁਪਏ ਖਰਚ ਕੀਤੇ ਹਨ। ਇਹੀ ਹਾਲ ਹੋਰਨਾਂ ਮੰਤਰੀਆਂ ਦਾ ਹੈ ਜੋ ਕਿ ਲੋਕਾਂ ਦੇ ਪੈਸੇ ਨੂੰ ਖੁਰਦ ਬੁਰਦ ਕਰਨ ਉਤੇ ਤੁਲੇ ਹੋਏ ਹਨ।

## ਬਾਲ ਉਮਰੇ ਸਾਥੀ ਨੂੰ ਥੱਪੜ ਵਾਲੇ ਨੂੰ 22 ਸਾਲ ਬਾਅਦ

**ਨਵੀਂ ਦਿੱਲੀ:** ਯੂ.ਪੀ. ਦੇ ਸ਼ਾਹਜਹਾਂਪੁਰ ਜ਼ਿਲ੍ਹੇ ਵਿਚ ਅਜੀਬੋ-ਗਰੀਬ ਮਾਮਲਾ ਸਾਹਮਣੇ ਆਇਆ। ਇਥੇ ਇਕ ਵਿਅਕਤੀ ਨੂੰ ਬਚਪਨ ਵਿਚ ਦਲਿਤ ਮੁੰਡੇ ਨੂੰ ਥੱਪੜ ਮਾਰਨ ਦੇ ਦੋਸ਼ ਵਿਚ 22 ਸਾਲ ਬਾਅਦ ਸਜ਼ਾ ਸੁਣਾ ਦਿੱਤੀ ਗਈ।

ਹਿਮਾਂਸ਼ੂ ਸ਼ੁਕਲਾ ਉਸ ਵੇਲੇ ਸਿਰਫ ਨੌਂ ਸਾਲ ਦਾ ਸੀ ਜਦ ਉਨ੍ਹਾਂ ਨੇ ਆਪਣੇ ਪਿੰਡ ਦੇ ਕੱਲੂ (ਉਸ ਵੇਲੇ 9 ਸਾਲ ਉਮਰ) ਨਾਂ ਦੇ ਮੁੰਡੇ ਨੂੰ ਥੱਪੜ ਮਾਰ ਦਿੱਤਾ। ਹੁਣ ਇਸ ਘਟਨਾ ਦੇ ਦੋ ਦਹਾਕੇ ਬੀਤਣ ਪਿੱਛੋਂ ਹਿਮਾਂਸ਼ੂ ਨੂੰ ਸਜ਼ਾ ਮਿਲਣ ਕਾਰਨ ਸਾਰੇ ਹੈਰਾਨ ਹਨ। ਹਿਮਾਂਸ਼ੂ ਨੂੰ ਐਸ.ਸੀ/ਐਸ.ਟੀ. ਐਕਟ (ਜੁਵੇਨਾਈਲ ਕੋਰਟ) ਤਹਿਤ ਦੋਸ਼ੀ ਦੱਸਿਆ ਗਿਆ ਹੈ। ਸਾਲ 1995 ਵਿਚ ਹੋਈ ਇਸ ਘਟਨਾ ਬਾਰੇ ਹਿਮਾਂਸ਼ੂ ਕਹਿੰਦਾ ਹੈ ਕਿ ਉਨ੍ਹਾਂ ਨੂੰ ਯਾਦ ਵੀ ਨਹੀਂ ਕਿ ਮੁੰਡੇ ਨੂੰ ਕਿਸ ਗੱਲ 'ਤੇ ਥੱਪੜ ਮਾਰਿਆ ਸੀ ਪਰ ਬਾਅਦ ਵਿਚ ਲੱਗਿਆ ਕਿ ਵੱਡੀ ਗਲਤੀ ਹੋ ਗਈ। ਘਟਨਾ ਵਾਲੇ ਦਿਨ ਪੁਲਿਸ ਉਸ ਨੂੰ ਗ੍ਰਿਫਤਾਰ ਕਰ ਕੇ ਲੈ ਗਈ ਸੀ ਪਰ ਅਗਲੇ ਦਿਨ ਛੱਡ ਦਿੱਤਾ ਸੀ। ਇਸ ਤੋਂ ਬਾਅਦ 22 ਸਾਲ ਤੱਕ ਕੁਝ ਨਹੀਂ ਹੋਇਆ। ਹੁਣ ਹਿਮਾਂਸ਼ੂ 31 ਸਾਲ ਦਾ ਹੋ ਚੁੱਕਿਆ ਹੈ।

## ਬਿਜਲੀ ਚੋਰਾਂ ਨੇ ਦਿਵਾਇਆ ਪਾਵਰਕੌਮ ਨੂੰ ਸਾਹ

**ਪਟਿਆਲਾ:** ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਪੰਜਾਬ ਬਿਜਲੀ ਨਿਗਮ ਨੂੰ ਬਿਜਲੀ ਚੋਰਾਂ ਖਿਲਾਫ ਚਲਾਈ ਮੁਹਿੰਮ ਨੇ ਵੱਡੀ ਰਾਹਤ ਦਿੱਤਾ ਹੈ। ਬਿਜਲੀ ਨਿਗਮ ਦੇ ਇਨਫੋਰਸਮੈਂਟ ਵਿੰਗ ਨੇ ਚਾਲੂ ਵਿੱਤੀ ਵਰ੍ਹੇ ਦੇ ਅੱਧ ਤੱਕ 2.81ਲੱਖ ਖਪਤਕਾਰਾਂ ਦੀ ਜਾਂਚ ਕੀਤੀ ਗਈ, ਇਸ ਵਿਚੋਂ 42,160 ਕੇਸ ਬਿਜਲੀ ਚੋਰੀ ਅਧੀਨ ਫੜੇ ਗਏ ਤੇ ਇਨ੍ਹਾਂ ਨੂੰ 41.33 ਕਰੋੜ ਦਾ ਜੁਰਮਾਨਾ ਕੀਤਾ ਗਿਆ। ਇਸ ਵਿਚ ਮੀਟਰਾਂ ਨਾਲ ਛੇੜਛਾੜ ਅਧੀਨ 24.43 ਕਰੋੜ ਅਤੇ ਅਣਅਧਿਕਾਰਤ ਲੋਡ ਅਧੀਨ 16.89 ਕਰੋੜ ਦੀ ਚੋਰੀ ਫੜੀ ਗਈ ਹੈ। ਇਸ ਮਾਮਲੇ ਵਿਚ ਕੇਂਦਰੀ ਜ਼ੋਨ ਲੁਧਿਆਣਾ ਸਭ ਤੋਂ ਮੋਹਰੀ ਹੈ। ਇਸ ਜ਼ੋਨ ਅਧੀਨ ਵਿੰਗ ਨੇ 60,283 ਖਪਤਕਾਰਾਂ ਦੀ ਜਾਂਚ ਕੀਤੀ, ਇਸ ਵਿਚੋਂ 15,093 ਕੇਸ ਬਿਜਲੀ ਚੋਰੀ ਕਰਦੇ ਫੜੇ ਗਏ। ਬਿਜਲੀ ਨਿਗਮ ਨੇ ਗਲਤ ਮੀਟਰਾਂ ਕਾਰਨ 2,421 ਤੇ ਬਾਕੀ 12,672 ਅਣਅਧਿਕਾਰਤ ਲੋਡ ਦੇ ਕੇਸ ਫੜ ਕੇ 11.21 ਕਰੋੜ ਦਾ ਜੁਰਮਾਨਾ ਕੀਤਾ ਗਿਆ।



## ਫਲਸਤੀਨ ਦੇ ਸਫੀਰ ਨੂੰ ਸਈਦ ਨਾਲ ਯਾਰੀ ਪਈ ਮਹਿੰਗੀ

**ਨਵੀਂ ਦਿੱਲੀ:** ਜਮਾਤ-ਉਦ-ਦਾਵਾ ਮੁਖੀ ਅਤੇ ਮੁੰਬਈ ਦਹਿਸ਼ਤੀ ਹਮਲੇ ਦੇ ਸਾਜ਼ਿਸ਼ਘਾੜੇ ਹਾਫ਼ਿਜ਼ ਸਈਦ ਦੀ ਰੈਲੀ ਵਿਚ ਸ਼ਮੂਲੀਅਤ ਮਗਰੋਂ ਵਿਵਾਦਾਂ 'ਚ ਘਿਰੇ ਪਾਕਿਸਤਾਨ 'ਚ ਫਲਸਤੀਨ ਦੇ ਸਫ਼ੀਰ ਵਾਲਿਦ ਅਬੂ ਅਲੀ ਨੂੰ ਵਾਪਸ ਮੁਲਕ ਸੱਦ ਲਿਆ ਗਿਆ ਹੈ। ਭਾਰਤ ਵੱਲੋਂ ਸਖਤ ਇਤਰਾਜ਼ ਜਤਾਏ ਜਾਣ ਮਗਰੋਂ ਫਲਸਤੀਨ ਨੇ ਆਪਣੇ ਸਫ਼ੀਰ ਖਿਲਾਫ਼ ਕਾਰਵਾਈ ਕੀਤੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਨਾਮਜ਼ਦ ਦਹਿਸ਼ਤਗਰਦ ਦੀ ਰੈਲੀ 'ਚ ਫਲਸਤੀਨ ਦੇ ਸਫ਼ੀਰ ਦੀ ਹਾਜ਼ਰੀ ਸਵੀਕਾਰਨਯੋਗ ਨਹੀਂ ਹੈ। ਨਵੀਂ ਦਿੱਲੀ 'ਚ ਫਲਸਤੀਨੀ ਸਫ਼ੀਰ ਅਤੇ ਰਾਮੱਲਾ 'ਚ ਵਿਦੇਸ਼ ਮਾਮਲਿਆਂ ਅਤੇ ਫਲਸਤੀਨ ਸਰਕਾਰ ਨੂੰ ਆਪਣੇ ਤੌਖਲੇ ਜ਼ਾਹਰ ਕਰ ਦਿੱਤੇ ਗਏ ਸਨ। ਫਲਸਤੀਨ ਨੇ ਘਟਨਾਕ੍ਰਮ 'ਤੇ ਡੂੰਘਾ ਅਫਸੋਸ ਜਤਾਉਂਦਿਆਂ ਭਾਰਤ ਨੂੰ ਭਰੋਸਾ ਦਿੱਤਾ ਸੀ ਕਿ ਉਹ ਰੈਲੀ 'ਚ ਸਫ਼ੀਰ ਦੀ ਹਾਜ਼ਰੀ ਨੂੰ ਕੋਤਾਹੀ ਮੰਨ ਕੇ ਉਸ ਖਿਲਾਫ਼ ਕਾਰਵਾਈ ਲਈ ਕਦਮ ਚੁੱਕ ਰਹੇ ਹਨ।

## ਮੋਦੀ ਸਰਕਾਰ ਦਾ ਪੰਜਾਬ ਨੂੰ ਇਕ ਹੋਰ ਗੱਫਾ

**ਚੰਡੀਗੜ੍ਹ:** ਕੇਂਦਰ ਨੇ ਪੰਜਾਬ ਸਰਕਾਰ ਨੂੰ ਰਾਹਤ ਦੇਣ ਦਾ ਮਨ ਬਣਾ ਲਿਆ ਹੈ। ਕੇਂਦਰੀ ਸੈਰ-ਸਪਾਟਾ ਮੰਤਰਾਲੇ ਨੇ ਪੰਜਾਬ ਦੇ ਧਾਰਮਿਕ ਤੇ ਇਤਿਹਾਸਕ ਸ਼ਹਿਰਾਂ ਲਈ 100 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਇਸ ਰਕਮ ਨਾਲ ਸੂਬੇ ਦੇ ਤਿੰਨ ਸ਼ਹਿਰਾਂ ਵਿਚ ਸਮਾਰਟ ਸਿਟੀ ਪ੍ਰੋਜੈਕਟ ਰਫਤਾਰ ਫੜ੍ਹਨਗੇ।

ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਵੀਂ ਦਿੱਲੀ ਵਿਚ ਕੇਂਦਰੀ ਮੰਤਰੀਆਂ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵਿੱਤ ਮੰਤਰੀ ਅਰੁਣ ਜੇਤਲੀ ਤੇ ਕੇਂਦਰੀ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਰਾਜ ਮੰਤਰੀ ਕੇ.ਜੇ.ਅਲਫੌਂਸ ਨੇ ਮੁਲਾਕਾਤ ਦੌਰਾਨ ਪੰਜਾਬ ਲਈ 100 ਕਰੋੜ ਰੁਪਏ ਦੇ ਫੰਡਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਰਕਮ ਵਿਚੋਂ ਸ੍ਰੀ ਅਨੰਦਪੁਰ ਸਾਹਿਬ ਲਈ 32 ਕਰੋੜ, ਫਤਿਹਗੜ੍ਹ ਸਾਹਿਬ ਲਈ 20 ਕਰੋੜ, ਚਮਕੌਰ ਸਾਹਿਬ ਲਈ 18 ਕਰੋੜ, ਖਟਕੜ ਕਲਾਂ ਤੇ ਹੁਸੈਨੀਵਾਲਾ ਲਈ 15 ਕਰੋੜ, ਜਲ੍ਹਿਆਂਵਾਲਾ ਬਾਗ ਲਈ 10 ਕਰੋੜ, ਸਾਰਾਗੜ੍ਹੀ ਯਾਦਗਾਰ ਲਈ 3 ਕਰੋੜ ਅਤੇ ਕਲਾਨੌਰ ਲਈ 2 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਇਸ ਰਕਮ ਨਾਲ ਇਨ੍ਹਾਂ ਸ਼ਹਿਰਾਂ ਤੇ ਥਾਵਾਂ ਦਾ ਹੋਰ ਵਿਕਾਸ ਕੀਤਾ ਜਾਵੇਗਾ। ਸ੍ਰੀ ਸਿੱਧੂ ਨੇ ਮਗਰੋਂ ਕੇਂਦਰੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਰਾਜ ਮੰਤਰੀ ਹਰਦੀਪ ਪੁਰੀ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਨੇ ਪੰਜਾਬ ਦੇ ਸ਼ਹਿਰਾਂ ਦੇ ਵਿਕਾਸ ਲਈ ਛੇਤੀ ਫੰਡ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ।



## ਮੁਤਵਾਜ਼ੀ ਜਥੇਦਾਰਾਂ ਦੇ ਮੰਦਭਾਗੇ ਬਿਆਨ ਦੀ ਆਲੋਚਨਾ

28 ਦਸੰਬਰ ਨੂੰ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰਾਂ-ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ ਦਾ ਸ੍ਰੀ ਫਤਿਹਗੜ੍ਹ ਤੋਂ ਬਿਆਨ ਆਇਆ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸ਼ਹੀਦੀ ਸਭਾ ਮੌਕੇ ਸਿਆਸੀ ਕਾਨਫਰੰਸਾਂ ਰੱਦ ਕਰਕੇ ਅਨੁਚਿਤ ਹੁਕਮ ਜਾਰੀ ਕੀਤਾ ਹੈ, ਇਸ ਕਰਕੇ ਇਸ ਦੀ ਨਿਖੇਧੀ ਕੀਤੀ ਜਾਂਦੀ ਹੈ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਇਹ ਕਾਨਫਰੰਸਾਂ ਮੁੱਢ ਤੋਂ ਹੀ ਹੁੰਦੀਆਂ ਆ ਰਹੀਆਂ ਹਨ ਤੇ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸਿਆਸੀ ਕਾਨਫਰੰਸਾਂ ਇਨ੍ਹੀਂ ਦਿਨੀਂ ਹੋਣੀਆਂ ਜਰੂਰੀ ਹਨ।


ਸਾਲ 1947 ਤੋਂ ਬਾਅਦ ਅਕਾਲੀ ਦਲ ਨੇ ਇਹ ਪ੍ਰਭਾਵ ਦੇਣਾ ਸ਼ੁਰੂ ਕੀਤਾ ਕਿ ਅਕਾਲੀ ਦਲ ਹੀ ਪੰਥ ਹੈ। ਗੁਰਦੁਆਰਿਆਂ ਉਪਰ ਕਾਬਜ਼ ਹੋਣ ਕਾਰਨ ਉਹ ਮਨਆਈਆਂ ਕਰਨ ਵਿਚ ਸਫਲ ਵੀ ਹੁੰਦੇ ਰਹੇ। ਪਵਿਤਰ ਸ਼ਹਾਦਤਾਂ ਮੌਕੇ ਕਿਸੇ ਧੜੇ ਨੂੰ ਵੀ ਹੱਕ ਨਹੀਂ ਕਿ ਉਹ ਸਿਆਸੀ ਵਿਰੋਧੀਆਂ ਖਿਲਾਫ ਗਾਲੀ-ਗਲੋਚ ਕਰੇ। ਬੇਸ਼ਕ ਅਸੀਂ ਸਿੰਘ ਸਾਹਿਬ ਸ੍ਰੀ ਅਕਾਲ ਤਖਤ ਦੇ ਕੁਝ ਗਲਤ ਹੁਕਮਾਂ ਦੀ ਨਿਖੇਧੀ ਵੀ ਕੀਤੀ ਜਿਵੇਂ ਡੇਰਾ ਸਿਰਸਾ ਮੁਖੀ ਖਿਲਾਫ ਹੁਕਮਨਾਮਾ ਰੱਦ ਕਰਕੇ ਖਿਮਾ ਕਰ ਦੇਣਾ ਆਦਿ, ਪ੍ਰੰਤੂ ਤਾਜ਼ਾ ਤਰੀਨ ਆਦੇਸ਼ ਕਿ ਕਲਗੀਧਰ ਪਿਤਾ ਦੇ ਪਰਿਵਾਰ ਦੀਆਂ ਸ਼ਹਾਦਤਾਂ ਮੌਕੇ ਸਿਆਸੀ ਦੂਸ਼ਣਬਾਜ਼ੀ ਬੰਦ ਕਰੋ, ਬਿਲਕੁਲ ਸਹੀ ਹੈ ਅਤੇ ਸ਼ਲਾਘਾਯੋਗ ਹੈ।

ਚੇਤੇ ਰਹੇ, ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਸ. ਬੀਰਦਵਿੰਦਰ ਸਿੰਘ ਨੇ ਬਿਆਨ ਦਿੱਤਾ ਸੀ ਕਿ ਅਕਾਲੀਆਂ ਨੇ ਆਰ. ਐਸ. ਐਸ. ਦੇ ਕਹਿਣ 'ਤੇ ਆਪਣੀਆਂ ਸਿਆਸੀ ਕਾਨਫਰੰਸਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਛੱਡ ਦਿੱਤਾ ਹੈ। ਅਸੀਂ ਉਨ੍ਹਾਂ ਦੇ ਇਸ ਬਿਆਨ ਦੀ ਨਿਖੇਧੀ ਕੀਤੀ ਸੀ। ਅਕਾਲੀਆਂ ਨੂੰ ਕੋਈ ਹੱਕ ਨਹੀਂ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੱਥੋਪਾਈ ਹੋਣ, ਗਾਲੀ-ਗਲੋਚ ਕਰਨ। ਇਸ ਵਾਰ ਸਿਆਸੀ ਦੂਸ਼ਣਬਾਜ਼ੀ ਦੇ ਚਿੱਕੜ ਤੋਂ ਮੁਕਤ ਹੋ ਕੇ ਸ਼ਹੀਦੀ ਸਭਾ 'ਚ ਸ਼ਹੀਦਾਂ ਨੂੰ ਯਾਦ ਕੀਤਾ, ਚੰਗਾ ਹੋਇਆ। ਮੁਤਵਾਜ਼ੀ ਜਥੇਦਾਰ ਧਾਰਮਿਕ ਅਤੇ ਸਿਆਸੀ ਸਿਆਣਪ ਦੀ ਘਾਟ ਕਾਰਨ ਹੀ ਇਕੱਲੇ ਪੈਂਦੇ ਜਾ ਰਹੇ ਹਨ।

*-ਡਾ. ਹਰਪਾਲ ਸਿੰਘ ਪੰਨੂ*
*ਫੋਨ: 91-94642-51454*

# ਭਾਰਤ ਦੇ ਵਿਚਾਰਧਾਰਕ ਵਹਿਣ ਦਾ ਅਜੋਕਾ ਦੌਰ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਇਸ ਵੇਲੇ ਇੱਕ ਵਿਚਾਰਧਾਰਕ ਲੀਹ ਛੱਡ ਕੇ ਦੂਜੀ ਵੱਲ ਜਾਣ ਦੀ ਤਬਦੀਲੀ ਦੇ ਅਜਿਹੇ ਦੌਰ ਵਿਚੋਂ ਗੁਜ਼ਰ ਰਿਹਾ ਹੈ, ਜੋ ਸੁਲੱਖਣਾ ਤਾਂ ਹੈ ਨਹੀਂ, ਪਰ ਗਲਤ ਕਹਿਣ ਨਾਲ ਕਈ ਲੋਕਾਂ ਨੂੰ ਆਪਣੇ ਭਵਿੱਖ ਲਈ ਖਤਰੇ ਦਾ ਅਹਿਸਾਸ ਹੋਣ ਲੱਗਦਾ ਹੈ। ਕੁਲਬੁਰਗੀ, ਨਰਿੰਦਰ ਡਾਭੋਲਕਰ ਜਾਂ ਗੋਵਿੰਦ ਪਾਂਸਰੇ ਦੀ ਸਿਫਤ ਕਰਨਾ ਚੰਗਾ ਲੱਗਦਾ ਹੋਵੇਗਾ, ਪਰ ਏਦਾਂ ਦਾ ਕਦਮ ਖੁਦ ਪੁੱਟਣ ਦਾ ਜੋਖਮ ਉਠਾਉਣ ਤੋਂ ਕਈ ਸੱਜਣ ਡਰ ਜਾਣਗੇ। ਕਿਸੇ ਵਿਅਕਤੀ ਦੀ ਅਕਲ ਚੰਗੀ ਜਾਂ ਮਾੜੀ ਜਿੱਦਾਂ ਦੀ ਵੀ ਹੋਵੇ, ਉਸ ਨੂੰ ਰੱਬੀ-ਤੋਹਫਾ ਕਹਿਣ ਦਾ ਰਿਵਾਜ ਹੈ, ਪਰ ਇਹ ਸੱਚਾਈ ਬਹੁਤੇ ਲੋਕ ਨਹੀਂ ਜਾਣਦੇ ਕਿ 'ਗੌਡ ਗਿਫਟਿਡ' ਸਿਆਣਿਆਂ ਵਿਚੋਂ ਬਹੁਤੇ ਅਕਲਮੰਦ ਵਗਦੇ ਵਹਿਣ ਦੇ ਗੁਣ ਗਿਣਾਉਣ ਤੇ ਇਸ ਗਿਣਤੀ-ਮਿਣਤੀ ਵਿਚੋਂ ਆਪਣਾ ਭਵਿੱਖ ਉਜਲਾ ਕਰਨ ਦੀ ਆਦਤ ਦਾ ਸ਼ਿਕਾਰ ਬਣ ਸਕਦੇ ਹਨ।

ਇੱਕ ਸਮਾਂ ਇਹੋ ਜਿਹਾ ਵੀ ਸੀ, ਜਦੋਂ ਯੂਨੀਵਰਸਿਟੀਆਂ ਵਿਚ ਸਿਖਰ ਉਤੇ ਆਉਣ ਵਾਲੇ ਬਹੁਤਿਆਂ ਨੂੰ ਸਾਰੀ ਲੋਕਾਈ ਦਾ ਭਲਾ ਕਿਰਤੀ ਜਮਾਤ ਦੀ ਬੰਦ ਖਲਾਸੀ ਕਰ ਸਕਣ ਵਾਲੇ ਇਨਕਲਾਬ ਵਿਚ ਦਿਖਾਈ ਦਿੰਦਾ ਸੀ। ਹੁਣ ਇਹੋ ਜਿਹੇ ਲੋਕਾਂ ਦੀ ਵੱਡੀ ਗਿਣਤੀ ਅਸਲੋਂ ਉਲਟੇ ਵਹਿਣ ਪਈ ਲੱਗਦੀ ਹੈ। ਇਹ ਵਰਤਾਰਾ ਲਗਭਗ ਹਰ ਦੇਸ਼ ਵਿਚ ਏਦਾਂ ਹੀ ਚਲਦਾ ਹੈ। ਈਰਾਨ ਵਿਚ ਇਸਲਾਮੀ ਦੌਰ ਦੀ ਚੜ੍ਹਤ ਪਿੱਛੋਂ ਉਥੋਂ ਦੇ ਬੁੱਧੀਜੀਵੀ, ਬੁੱਧੀ ਆਸਰੇ ਰੋਟੀ ਕਮਾਉਣ ਵਾਲੇ, ਲੋਕਾਂ ਦਾ ਵੱਡਾ ਵਰਗ ਆਇਤੁੱਲਾ ਖੁਮੈਨੀ ਦੀ ਵਿਚਾਰਧਾਰਾ ਨੂੰ ਸਹੀ ਸਾਬਤ ਕਰਨ ਰੁੱਝ ਗਿਆ ਸੀ ਤੇ ਫਿਰ ਇੱਕ ਵੇਲੇ ਕੁਝ ਅਕਲ ਦੇ ਭੜੋਲੇ ਜਾਪਦੇ ਏਦਾਂ ਦੇ ਲੋਕ ਫੌਜੀ ਤਾਨਾਸ਼ਾਹ ਮੁਸ਼ੱਰਫ ਦੇ ਗੁਣ ਗਾਉਂਦੇ ਫਿਰਦੇ ਸਨ। ਉਨ੍ਹਾਂ ਵਿਚੋਂ ਇੱਕ ਜਣਾ ਇੰਗਲੈਂਡ ਵਿਚ ਇੱਕ ਸੈਮੀਨਾਰ ਦੌਰਾਨ ਭਾਰਤੀ ਲੋਕਾਂ ਨੂੰ ਵੀ ਫੌਜੀ ਤਾਨਾਸ਼ਾਹੀ ਦਾ ਤਜਰਬਾ ਕਰ ਕੇ ਵੇਖਣ ਲਈ ਕਹਿਣ ਲੱਗ ਪਿਆ ਸੀ।

ਅੱਜ ਦਾ ਸੱਚ ਇਹ ਹੈ ਕਿ ਭਾਜਪਾ ਦੀ ਸਿਆਸੀ ਚੜ੍ਹਤ ਦਾ ਦੌਰ ਹੋਣ ਕਾਰਨ ਬਹੁਤ ਸਾਰੇ ਰਾਜਾਂ ਵਿਚੋਂ ਹਰ ਰੰਗ ਦੀ ਰਾਜਨੀਤੀ ਤੋਂ ਦਲ-ਬਦਲੀਆਂ ਕਰ ਕੇ ਲੋਕ ਇਸ ਪਾਰਟੀ ਨਾਲ ਜੁੜ ਰਹੇ ਹਨ। ਸੰਸਾਰ ਵਿਚ ਲੋਕਤੰਤਰੀ ਉਭਾਰ ਦੇ ਨਾਲ ਅੰਗਰੇਜ਼ੀ ਭਾਸ਼ਾ ਦਾ ਨਵਾਂ ਸ਼ਬਦ



ਸ਼ਾਹ ਬਾਨੋ

'ਜੈਰੀਮੈਂਡਰਿੰਗ' ਪਿਛਲੀ ਸਦੀ ਦੌਰਾਨ ਵਰਤੋਂ ਵਿਚ ਆਇਆ ਸੀ। ਇਸ ਦਾ ਭਾਵ ਏਦਾਂ ਦੀ ਕੋਸ਼ਿਸ਼ ਕਰਨਾ ਸੀ, ਜਿਸ ਵਿਚ ਕੋਈ ਆਗੂ ਚੋਣ ਲੜਨ ਲਈ ਕਾਂਟ-ਛਾਂਟ ਨਾਲ ਏਦਾਂ ਦਾ ਹਲਕਾ ਬਣਵਾ ਲਵੇ, ਜਿੱਥੇ ਵੋਟਰਾਂ ਦੀ ਬਹੁ-ਗਿਣਤੀ ਉਸ ਆਗੂ ਦੇ ਪੱਖ ਦੀ ਹੋਵੇ।

ਭਾਰਤ ਵਿਚ ਇਸ ਵੇਲੇ ਅਜਿਹੀ ਰਾਜਸੀ ਖੇਡ ਹੋ ਰਹੀ ਹੈ ਕਿ ਜਿਸ ਰਾਜ ਵਿਚ ਅਗਲੀ ਚੋਣ ਵਿਚ ਜਿੱਤਣ ਦਾ ਇਰਾਦਾ ਹੋਵੇ, ਉਥੇ ਚਲੰਤ ਸਦਨ ਵਿਚੋਂ ਹੀ ਰਾਜ ਕਰਦੀ ਧਿਰ ਦੇ ਬੰਦਿਆਂ ਨੂੰ ਚੋਣ ਕਰਵਾਉਣ ਤੋਂ ਪਹਿਲਾਂ ਕੁੰਡੀਆਂ ਪਾ ਕੇ ਖਿੱਚਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਮੇਘਾਲਿਆ ਵਿਚ ਅਗਲੇ ਸਾਲ ਚੋਣਾਂ ਹੋਣੀਆਂ ਹਨ, ਹੁਣ ਉਥੇ ਅੱਠ ਜਣੇ ਉਦਾਂ ਹੀ ਰਾਜ ਕਰਦੀ ਪਾਰਟੀ ਛੱਡ ਕੇ ਦੂਸਰੇ ਪਾਸੇ ਚਲੇ ਗਏ ਹਨ, ਜਿਵੇਂ ਪੰਜਾਬ ਦੇ ਨਾਲ ਹੋਈਆਂ ਚੋਣਾਂ ਤੋਂ ਪਹਿਲਾਂ ਮਨੀਪੁਰ ਵਿਚ ਹੋਇਆ ਸੀ। ਮਨੀਪੁਰ ਦੇ ਹਰ ਦਲ-ਬਦਲੂ ਨੂੰ ਇਹੀ ਪੇਸ਼ਕਸ਼ ਕੀਤੀ ਗਈ ਕਿ ਤੂੰ ਆ ਜਾਹ, ਮੁੱਖ ਮੰਤਰੀ ਤੈਨੂੰ ਬਣਾਵਾਂਗੇ ਤੇ ਜਦੋਂ ਇਹੋ ਜਿਹੇ ਕਈ ਦਲ-ਬਦਲੂ ਆ ਗਏ ਤੇ ਖਿੱਚੋਤਾਣ ਵਧ ਗਈ ਤਾਂ ਜਿਸ ਨੇ ਸਭ ਤੋਂ ਅਖੀਰ ਵਿਚ ਪੂਰੀ ਸੌਦੇਬਾਜ਼ੀ ਕਰਨ ਪਿੱਛੋਂ ਕੁੜਤਾ ਬਦਲਿਆ ਸੀ, ਉਸ ਨੂੰ ਰਾਜ ਕਰਨ ਦਾ ਹੱਕ ਦੇ ਦਿੱਤਾ ਗਿਆ। ਬਾਕੀ ਸਾਰੇ ਜਣੇ ਔਖੇ ਭਾਵੇਂ ਜਿੰਨੇ ਵੀ ਹੋਏ ਹੋਣ, ਪਿੱਛੇ ਨਹੀਂ ਸੀ ਮੁੜ ਸਕਦੇ।

ਦੂਜਾ ਮੋੜਾ ਵਿਚਾਰਧਾਰਕ ਪੱਖ ਤੋਂ ਭਾਰਤੀ ਸਮਾਜ ਦੀ ਮੁੱਖ ਧਾਰਾ ਵਿਚਾਲੇ ਆ ਰਿਹਾ ਹੈ। ਜਿਨ੍ਹਾਂ ਲੋਕਾਂ ਨੂੰ ਇਸ ਮੋੜੇ ਦਾ ਅਹਿਸਾਸ ਹੈ, ਉਹ ਸਿਰਫ ਵਿਰੋਧ ਖਾਤਰ ਵਿਰੋਧ ਕਰੀ ਜਾ ਰਹੇ ਹਨ, ਕਿਉਂਕਿ ਹੋਰ ਕੁਝ ਕਰਨ ਲਈ ਹੁਣ ਸਮਾਂ ਨਹੀਂ ਰਹਿ ਗਿਆ ਜਾਪਦਾ। ਜਦੋਂ ਇਸ ਦਾ ਸਮਾਂ ਸੀ, ਉਦੋਂ ਉਹ ਇਸ ਬਾਰੇ ਚੁੱਪ ਰਹੇ ਤੇ ਜਾਂ ਫਿਰ ਅਸਲੋਂ ਵਿਖਾਵੇ ਜੋਗੀ ਜ਼ਬਾਨ ਹਿਲਾ ਕੇ ਆਪਣੇ ਵਿਚਾਰਾਂ ਦੀ ਹਾਜ਼ਰੀ ਲਵਾਉਣ ਤੱਕ ਸੀਮਤ ਹੋ ਗਏ ਸਨ। ਮਿਸਾਲ ਵਜੋਂ ਮੁਸਲਿਮ ਸਮਾਜ ਵਿਚ ਤਿੰਨ ਤਲਾਕ ਦੀ ਰਵਾਇਤ ਨੂੰ ਸਾਰੇ ਗਲਤ ਕਹਿੰਦੇ ਸਨ, ਮੌਜੂਦਾ ਸਰਕਾਰ ਨੇ ਇਸ ਦੇ ਖਿਲਾਫ ਸਖਤ ਕਦਮ ਚੁੱਕਿਆ ਹੈ ਤਾਂ ਆਨੇ-ਬਹਾਨੇ ਇਸ ਨੂੰ ਇੱਕ ਜਾਂ ਦੂਜੀ ਕਮੇਟੀ ਨੂੰ ਸੌਂਪਣ ਦੀ ਗੱਲ ਉਹ ਲੋਕ ਕਹਿ ਰਹੇ ਹਨ, ਜਿਨ੍ਹਾਂ ਸ਼ਾਹ ਬਾਨੋ ਕੇਸ ਵੇਲੇ ਇਹੋ ਕੰਮ ਖੁਦ ਕਰਨ ਦਾ ਮੌਕਾ ਵੋਟਾਂ ਦੀ ਗਿਣਤੀ ਮਿਣਤੀ ਕਰਦਿਆਂ ਅਜਾਈਂ ਗਵਾ ਲਿਆ ਸੀ।

ਸ਼ਾਹ ਬਾਨੋ ਬਚਪਨ ਵਿਚ ਜਿਸ ਵਕੀਲ ਨਾਲ ਵਿਆਹੀ ਗਈ, ਧੌਲਾ ਝਾਟਾ ਹੋਣ ਪਿੱਛੋਂ ਉਸ ਬੰਦੇ ਨੂੰ ਕੋਈ ਨੱਢੀ ਮਿਲ ਗਈ ਤਾਂ ਉਸ ਨੇ ਅਠਤਾਲੀ ਸਾਲ ਪਹਿਲਾਂ ਦੀ ਵਿਆਹੀ ਬੀਵੀ ਘਰੋਂ ਕੱਢ ਦਿੱਤੀ। ਅਦਾਲਤ ਦਾ ਉਸ ਵਕੀਲ ਖਿਲਾਫ ਫੈਸਲਾ ਆ ਗਿਆ ਤੇ ਨਾਲ ਇਹ ਕਹਾਣੀ ਵੀ ਨਿਕਲ ਆਈ ਕਿ ਆਪਣੀ ਬੀਵੀ ਨੂੰ ਉਸ ਦਾ ਹੱਕ ਦੇਣ ਤੋਂ ਇਨਕਾਰ ਕਰਨ ਵਾਲਾ ਉਹ ਵਕੀਲ ਹੋਰਨਾਂ ਆਦਮੀਆਂ ਦੀਆਂ ਇਸੇ ਢੰਗ ਨਾਲ ਤਿਆਗੀਆਂ ਔਰਤਾਂ ਦੇ ਕੇਸ ਅਦਾਲਤਾਂ ਵਿਚ ਲੜਦਾ ਪਿਆ ਹੈ ਤਾਂ ਇਸ ਕੁਰੀਤੀ ਦੇ ਖਿਲਾਫ ਸਟੈਂਡ ਲੈਣਾ ਚਾਹੀਦਾ ਸੀ। ਉਦੋਂ ਦੇ ਪ੍ਰਧਾਨ ਮੰਤਰੀ ਅਤੇ ਕਾਂਗਰਸੀ ਆਗੂ ਰਾਜੀਵ ਗਾਂਧੀ ਨੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦੇ ਇਸ ਫੈਸਲੇ ਨੂੰ ਬਦਲਣ ਲਈ ਪਾਰਲੀਮੈਂਟ ਤੋਂ ਬਹੁ-ਸੰਮਤੀ ਦੇ ਜ਼ੋਰ ਨਾਲ ਮੋਹਰ ਲਵਾ ਲਈ ਸੀ। ਖੱਬੇ ਪੱਖੀ ਇਸਤਰੀ ਆਗੂ ਨੁਸਰਤ ਬਾਨੋ ਰੂਹੀ ਨੇ ਉਦੋਂ ਲਿਖਿਆ ਸੀ ਕਿ ਅੱਜ ਕੀਤੀ ਹੋਈ ਭੁੱਲ ਭਲਕ ਨੂੰ ਜਦੋਂ ਭੁਗਤਣੀ ਪਈ ਤਾਂ ਅੱਜ ਦੇ ਹਾਕਮਾਂ ਦੀ ਅਗਲੀ ਪੀੜ੍ਹੀ ਵੀ ਰੋਵੇਗੀ ਤੇ ਇਹ ਪਾਪ ਕੀਤੇ ਜਾਣ ਦੌਰਾਨ ਚੁੱਪ ਵੱਟੀ ਰੱਖਣ ਵਾਲੇ ਵੀ ਇੱਕ ਦਿਨ ਇਸ ਭੁੱਲ ਦਾ ਨਤੀਜਾ ਭੁਗਤਣਗੇ। ਅੱਜ ਉਹ ਵਕਤ ਆ ਗਿਆ ਹੈ।

ਸਾਨੂੰ ਪ੍ਰਸਿੱਧ ਖੱਬੇ ਪੱਖੀ ਸ਼ਾਇਰ ਕੈਫੀ ਆਜ਼ਮੀ ਦੀ ਪਟਨੇ ਵਿਚ ਪੈਂਤੀ ਕੁ ਸਾਲ ਪਹਿਲਾਂ ਕੀਤੀ ਤਕਰੀਰ ਵੀ ਨਹੀਂ ਭੁੱਲਦੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਇਸ ਵੇਲੇ ਰਾਜ ਕਰ ਰਹੀ ਕਾਂਗਰਸ ਪਾਰਟੀ ਆਪਣੇ ਨਹਿਰੂ-ਗਾਂਧੀ ਦੇ ਵਿਰਸੇ ਨੂੰ ਭੁੱਲਦੀ ਜਾਂਦੀ ਹੈ ਤੇ ਇਸ ਵਿਚ ਉਹ ਲੋਕ ਭਾਰੂ ਹੋ ਰਹੇ ਹਨ, ਜੋ ਉਤੋਂ ਇਸ ਦੇ ਆਗੂ ਤੇ ਅੰਦਰੋਂ ਕਿਸੇ ਹੋਰ ਦੇ ਏਜੰਟ ਹਨ। ਬਦਲੇ ਦੌਰ ਵਿਚ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਬਾਰੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੇ ਪੁੱਤਰ ਅਜੀਤ ਸਿੰਘ ਦਾ ਕਿਹਾ ਵੀ ਸਾਨੂੰ ਯਾਦ ਹੈ ਕਿ ਨਰਸਿਮਹਾ ਰਾਓ ਵਿਖਾਵੇ ਦਾ ਕਾਂਗਰਸੀ ਹੈ ਅਤੇ ਅੰਦਰਖਾਤੇ ਕਾਂਗਰਸ ਵਿਰੋਧੀ ਤਾਕਤਾਂ ਦੇ ਹੱਥਾਂ ਦਾ ਖਿਡੌਣਾ ਹੈ। ਬਾਅਦ ਵਿਚ ਜਦੋਂ ਨਰਸਿਮਹਾ ਰਾਓ ਦੇ ਨੇੜਲੇ ਸਾਥੀ ਕਾਂਗਰਸ ਛੱਡ ਕੇ ਇੱਕ ਖਾਸ ਪਾਰਟੀ ਵੱਲ ਜਾਣ ਲੱਗ ਪਏ ਤਾਂ ਇਹ ਗੱਲ ਹੋਰ ਸਾਫ ਹੋ ਗਈ ਸੀ। ਏਦਾਂ ਦੇ ਬੰਦੇ ਸੋਨੀਆ ਗਾਂਧੀ ਦੇ ਸੇਵਕ ਵੀ ਬਣੇ ਸਨ। ਰਾਜ ਸੱਤਾ ਦਾ ਲਾਭ ਲੈਣ ਲਈ ਉਹ ਲੋਕ ਸੋਨੀਆ ਗਾਂਧੀ ਦੇ ਜੀ-ਹਜ਼ੂਰੀਏ ਸਨ, ਪਰ ਸੋਚਣੀ ਦੀ ਸਾਂਝ ਕਿਸੇ ਹੋਰ ਪਾਸੇ ਨਾਲ ਹੁੰਦੀ ਸੀ। ਉਹ ਹੁਣ ਅਸਲੀ ਟਿਕਾਣੇ ਜਾ ਪਹੁੰਚੇ ਹਨ ਅਤੇ ਜੋ ਗੱਲਾਂ ਪਿਛਲੇ ਰਾਜ ਦੌਰਾਨ ਕਿਹਾ ਕਰਦੇ ਸਨ, ਹੁਣ ਉਹ ਐਨ ਉਸ ਤੋਂ ਉਲਟ ਗੱਲਾਂ ਕਰਦੇ ਅਤੇ ਇਨ੍ਹਾਂ ਨਵੀਆਂ ਕਹੀਆਂ ਗੱਲਾਂ ਨੂੰ ਸਾਬਤ ਕਰਨ ਵਾਲੇ ਹਵਾਲੇ ਪੇਸ਼ ਕਰਦੇ ਹਨ।

ਹੁਣ ਜਦੋਂ ਇਸ ਦੇਸ਼ ਦੀ ਵਿਚਾਰਧਾਰਾ ਦਾ ਵਹਿਣ ਪਹਿਲਾਂ ਵਾਲੀ ਲੀਹ ਛੱਡ ਕੇ ਨਵੀਂ ਦਿਸ਼ਾ ਨੂੰ ਵਹਿੰਦਾ ਦਿਖਾਈ ਦਿੰਦਾ ਹੈ, ਪਹਿਲੀ ਸੋਚ ਦੀ ਪ੍ਰਤੀਬੱਧਤਾ ਵਾਲੇ ਲੋਕਾਂ ਨੂੰ ਸਭ ਕੁਝ ਰੁੜ੍ਹਦਾ ਲੱਗ ਸਕਦਾ ਹੈ। ਭਾਰਤ ਦੇ ਲੋਕਾਂ ਨੇ ਕਈ ਦੌਰ ਦੇਖੇ ਹਨ ਤੇ ਕਈ ਹਾਲੇ ਵੇਖਣੇ ਹਨ। ਕੋਈ ਵੀ ਦੌਰ ਸਥਾਈ ਹੋਣ ਦੀ ਗਾਰੰਟੀ ਨਹੀਂ ਹੁੰਦੀ। ਅਜੋਕਾ ਦੌਰ ਕਿੰਨਾ ਕੁ ਲੰਮਾ ਹੈ, ਇਸ ਦਾ ਪਤਾ ਉਦੋਂ ਲੱਗੇਗਾ, ਜਦੋਂ ਹਾਲਾਤ ਕਿਸੇ ਅਗਲੀ ਕਰਵਟ ਦਾ ਵਕਤ ਮਹਿਸੂਸ ਕਰਨਗੇ।

# ਹਾਏ ਰੱਬਾ, ਇੱਕ ਹੋਰ ਬਾਬਾ!

ਵੈਸੇ ਤਾਂ ਸਾਡੇ ਕੋਲ ਯਾਨਿ ਸਿੱਖ ਕੌਮ ਕੋਲ ਵੀ ਬਾਬੇ ਅਤੇ ਡੇਰੇ ਬਥੇਰੇ ਹਨ ਪਰ ਸਾਡੇ ਬਾਬੇ ਜ਼ਰਾ ਜ਼ਿਆਦਾ ਚਤੁਰ ਅਤੇ ਸੁਜਾਨ ਹਨ, ਉਹ ਅਪਣੀਆਂ ਅੱਖਾਂ ਖੋਲ੍ਹ ਕੇ ਸਾਰੇ ਕੰਮ ਕਰਦੇ ਹਨ। ਜੇ ਕਦੀ ਕੋਈ ਧੂੰਆਂ ਨਿਕਲਣ ਵੀ ਲੱਗੇ ਤਾਂ ਉਹ ਆਪਣੇ ਬਚਾਅ ਵਿਚ ਕਾਮਯਾਬ ਹੋ ਜਾਂਦੇ ਹਨ। ਸਾਡੀ ਕੌਮ ਦੇ ਸਾਧਾਂ-ਬਾਬਿਆਂ ਕੋਲ ਜੋ ਸਭ ਤੋਂ ਵੱਡਾ ਬਚਾਅ ਦਾ ਸਾਧਨ ਹੈ, ਉਹ ਹੈ ਡੇਰੇ ਦਾ ਧਾਰਮਿਕ ਨਾਮ ਅਤੇ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼। ਇਸ ਮਗਰੋਂ ਤਾਂ ਇਹ ਆਪਣੇ ਬਾਪ ਦੀ ਵੀ ਨਹੀਂ ਸੁਣਦੇ। ਆਪਣੇ ਜਥੇਦਾਰਾਂ ਨੂੰ ਬੁਲਾਓ, ਗਲ ਵਿਚ ਲੋਈ ਪਾਓ, ਇਕਵੰਜਾ ਹਜ਼ਾਰ ਦਾ ਲਿਫਾਫਾ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਹੱਥ ਵਿਚ ਫੜ੍ਹਾਓ-ਬੱਸ ਹੁਣ ਤਾਂ ਤੁਹਾਡਾ ਰੱਬ ਵੀ ਕੁਝ ਨਹੀਂ ਵਿਗਾੜ ਸਕਦਾ।

ਗੁਰਬਾਣੀ ਦਾ ਪ੍ਰਚਾਰ ਕਿਵੇਂ ਅਤੇ ਕਿਹੜੇ ਤਰੀਕੇ ਨਾਲ ਕਰਨਾ ਹੈ, ਇਹ ਸਾਡੇ ਬਾਬਿਆਂ ਨੂੰ ਭਲੀ ਭਾਂਤ ਆਉਂਦਾ ਹੈ। ਇਨ੍ਹਾਂ ਬਨਾਰਸੀ ਠੱਗਾਂ ਨੂੰ ਪਿੰਡਾਂ ਵਿਚ ਵਸਦੇ ਪਰਿਵਾਰਾਂ ਦੀ ਕਮਜ਼ੋਰ ਨਸ ਦਾ ਪੂਰਾ ਪੂਰਾ ਗਿਆਨ ਹੈ। ਜਿਸ ਡੇਰੇ ਨਾਲ ਪਿੰਡਾਂ ਦੀਆਂ ਬੀਬੀਆਂ ਜੁੜ ਜਾਣ, ਸਮਝੋ ਉਹ ਡੇਰਾ ਚਲ ਨਿਕਲਿਆ ਅਤੇ ਬਾਬੇ ਦੇ ਵਾਰੇ ਨਿਆਰੇ ਹੋ ਗਏ। ਬੀਬੀਆਂ ਹੁਣ ਆਜ਼ਾਦ ਹਨ-ਭਾਵੇਂ ਉਨ੍ਹਾਂ ਕੋਲੋਂ ਧਰਨੇ ਲੁਆ ਲਵੋ, ਭਾਵੇਂ ਪਿਟ ਸਿਆਪਾ ਕਰਵਾ ਲਵੋ। ਉਨ੍ਹਾਂ ਨੂੰ ਬਾਬੇ ਦੀਆਂ ਲੱਤਾਂ ਘੁੱਟਣ ਤੋਂ ਅਤੇ ਬਾਬੇ ਦੇ ਗੁਣ ਗਾਇਨ ਕਰਨ ਤੋਂ ਸਿਵਾ ਹੋਰ ਕੋਈ ਕੰਮ ਨਹੀਂ, ਆਪਣਾ ਘਰ-ਪਰਿਵਾਰ ਜਾਵੇ ਢੱਠੇ ਖੂਹ ਵਿਚ। ਜੇ ਬਾਬਾ ਹੈ ਤਾਂ ਸਭ ਕੁਝ ਹੈ। ਮੁੜ ਕੇ ਇਹੋ ਬਾਬੇ ਜਥੇਦਾਰਾਂ ਅਤੇ ਸਰਕਾਰਾਂ ਨੂੰ ਤਿਕੜੀ ਦਾ ਨਾਚ ਨਚਾਉਂਦੇ ਫਿਰਦੇ ਹਨ। ਵੈਸੇ ਅੱਜ ਕੱਲ ਵੀ ਬਾਬਿਆਂ ਅਤੇ ਡੇਰਿਆਂ ਨੇ ਪੂਰੀ ਕੌਮ ਦਾ ਹੀ ਨੱਕ ਵਿਚ ਦਮ ਕੀਤਾ ਹੋਇਆ ਹੈ। ਪਹਿਲਾਂ ਤਾਂ ਇੱਟ ਪੁੱਟਿਆਂ ਇੱਕ ਹੀ ਬਾਬਾ ਨਿਕਲਦਾ ਸੀ ਪਰ ਹੁਣ ਤਾਂ ਇੱਕ ਇੱਟ ਥੱਲਿਓਂ ਕਈ ਕਈ ਬਾਬੇ ਨਿਕਲ ਆਉਂਦੇ ਹਨ। ਜਿਵੇਂ ਸਾਉਣ ਮਹੀਨੇ ਦੀਆਂ ਝੜੀਆਂ ਵਿਚ ਭੰਬੂ ਅਤੇ ਗੰਡੋਏ ਨਿਕਲਦੇ ਸਨ, ਉਵੇਂ ਹੀ ਅੱਜ ਕੱਲ ਬਾਬੇ ਨਿਕਲ ਰਹੇ ਹਨ। ਲੱਗਦਾ ਹੈ ਜਿਵੇਂ ਬਾਬੇ ਬਣਾਉਣ ਦੀ ਵੀ ਕੋਈ ਫੈਕਟਰੀ ਲੱਗ ਗਈ ਹੋਵੇ।

ਪਿਛਲੇ ਕੁਝ ਦਿਨਾਂ ਤੋਂ ਭਾਰਤ ਦੀ ਰਾਜਧਾਨੀ ਵਿਚ ਇੱਕ ਬਾਬਾ ਨਿਕਲਿਆ ਹੈ-ਬਾਬਾ ਵਰਿੰਦਰ ਦੇਵ ਦੀਕਸ਼ਿਤ। ਇਹ ਬਾਬਾ ਨਿਕਲਿਆ ਤਾਂ ਬਹੁਤ ਚਿਰ ਪਹਿਲਾਂ ਦਾ ਹੋਵੇਗਾ ਪਰ ਦੁਨੀਆਂ ਉਸ ਦੇ ਖੁਲ੍ਹੇਆਮ ਟੀ. ਵੀ. ਚੈਨਲਾਂ 'ਤੇ ਦਰਸ਼ਨ ਦੀਦਾਰ ਹੁਣ ਕਰ ਰਹੀ ਹੈ, ਪਰ ਬਾਬਾ ਅਜੇ ਵੀ ਫਰਾਰ ਹੈ।

ਖੁਸ਼ੀ ਦੀ ਗੱਲ ਤਾਂ ਇਹ ਹੈ ਕਿ ਇਹ ਬਾਬਾ ਕੋਈ ਪਹਿਲਾ ਥੋੜ੍ਹੀ ਨਾ ਹੈ, ਇਸ ਤੋਂ ਪਹਿਲਾਂ ਵੀ ਬਥੇਰੇ ਬਾਬੇ ਫੜ੍ਹੇ ਜਾ ਚੁਕੇ ਹਨ, ਜੋ ਜੇਲ੍ਹਾਂ ਵਿਚ ਬੈਠੇ ਆਰਾਮ ਫੁਰਮਾ ਰਹੇ ਹਨ। ਬਾਬਾ ਆਸਾ ਰਾਮ, ਬਾਬਾ ਤੁਣਕਾ ਰਾਮ, ਬਾਬਾ ਕੁਣਕਾ ਰਾਮ ਅਤੇ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਸਿਰਸਾ ਵਾਲਾ-ਕਿਆ ਜਲਵੇ ਨੇ ਬਾਬਿਆਂ ਦੇ! ਸਾਰੀ ਦੁਨੀਆਂ ਦੇ ਸੁਖ ਅਤੇ ਐਸ਼ੋ ਆਰਾਮ ਇਨ੍ਹਾਂ ਦੇ ਦਵਾਰੇ 'ਤੇ ਆਪ ਚੱਲ ਕੇ ਆਉਂਦੇ ਹਨ। ਇਨ੍ਹਾਂ ਨੂੰ ਨਾ ਕੋਈ ਮਿਹਨਤ ਮੁਸ਼ੱਕਤ ਕਰਨੀ ਪੈਂਦੀ ਹੈ ਅਤੇ ਨਾ ਹੀ ਕੋਈ ਹੱਥ-ਪੈਰ ਹਿਲਾਉਣੇ ਪੈਂਦੇ ਹਨ। ਇਨ੍ਹਾਂ ਦੇ ਸਾਰੇ ਕੰਮ ਬੈਠੇ ਬਿਠਾਏ ਆਪਣੇ ਆਪ ਹੁੰਦੇ ਰਹਿੰਦੇ ਹਨ। ਬਸ ਕੁਝ ਕੁ ਇਨ੍ਹਾਂ ਵਰਗੇ ਹੀ ਮੁਸ਼ਟੰਡੇ ਇਨ੍ਹਾਂ ਨਾਲ ਹੋਰ ਆ ਜੁੜਦੇ ਹਨ ਜੋ ਸਾਧ ਸੰਗਤ ਇਕੱਠੀ ਕਰਨ ਲਈ ਪ੍ਰਚਾਰ ਦੀ ਜ਼ਿੰਮੇਦਾਰੀ ਸੰਭਾਲ ਲੈਂਦੇ ਹਨ।

ਬਸ ਫਿਰ ਕੀ, ਵੇਖਦੇ ਹੀ ਵੇਖਦੇ ਇੱਕ ਤੋਂ ਗਿਆਰਾਂ, ਪੰਜਾਹ ਤੋਂ ਸੌ ਅਤੇ ਹਜ਼ਾਰਾਂ ਤੋਂ ਲੱਖਾਂ ਦੀ ਗਿਣਤੀ ਬਣਦਿਆਂ ਦੇਰ ਨਹੀਂ ਲੱਗਦੀ। ਦਿਨਾਂ ਵਿਚ ਹੀ ਉਸ ਡੇਰੇ ਦੀਆਂ ਦੇਸ਼-ਵਿਦੇਸ਼ ਵਿਚ ਧੁੰਮਾਂ ਪੈ ਜਾਂਦੀਆਂ ਹਨ। ਤਖਤਾਂ 'ਤੇ ਸੁਭਾਇਮਾਨ ਪ੍ਰਧਾਨ ਮੰਤਰੀ ਹੋਵੇ ਜਾਂ ਮੁੱਖ ਮੰਤਰੀ, ਮੈਂਬਰ ਪਾਰਲੀਮੈਂਟ ਜਾਂ ਐਮ. ਐਲ. ਏ. ਹੋਵੇ-ਲੱਗ ਪੈਂਦੇ ਹਨ ਡੇਰੇ ਦੇ ਗੇੜੇ ਮਾਰਨ। ਇੱਥੋਂ ਹੀ ਸਾਂਝ ਬਣ ਜਾਂਦੀ ਹੈ, ਡੇਰੇ ਚਲਾਉਂਦੇ ਗੁੰਡਿਆਂ ਅਤੇ ਸਿਆਸੀ ਲੋਕਾਂ ਦੀ। ਜਿਸ ਸਾਧ ਦੇ ਡੇਰੇ 'ਤੇ ਬਹੁਤੇ ਮੰਤਰੀ ਆਉਣਗੇ, ਉਨਾ ਹੀ ਡੇਰੇ ਦਾ ਨਾਂ ਉਚਾ ਹੁੰਦਾ ਜਾਵੇਗਾ। ਡੇਰਿਆਂ ਵਿਚ ਚੜ੍ਹਦਾ ਹੈ ਬੇਸ਼ੁਮਾਰ ਚੜ੍ਹਾਵਾ ਯਾਨਿ ਧਨ ਦੌਲਤ, ਜਿਸ ਨਾਲ ਇਹ ਡੇਰੇ ਆਪਣੇ ਆਪ ਅੱਯਾਸ਼ੀ ਦੇ ਅੱਡੇ ਬਣ ਜਾਂਦੇ ਹਨ। ਮੰਤਰੀਆਂ ਨੂੰ ਡੇਰਿਆਂ ਵਿਚੋਂ ਨੋਟਾਂ ਦੇ ਨਾਲ ਨਾਲ ਭਾਰੀ ਗਿਣਤੀ ਵਿਚ ਵੋਟ ਮਿਲਦੇ ਹਨ




ਅਖੌਤੀ ਬਾਬਾ-ਵਰਿੰਦਰ ਦੇਵ ਦੀਕਸ਼ਿਤ

ਅਤੇ ਡੇਰਾ ਸੰਚਾਲਕ ਬਾਬਿਆਂ ਨੂੰ ਸਰਕਾਰਾਂ ਦੀ ਖੁਲ੍ਹੇਆਮ ਛਤਰ-ਛਾਇਆ ਮਿਲ ਜਾਂਦੀ ਹੈ। ਫਿਰ ਚੋਰ ਤੇ ਕੁੱਤੇ ਮਿਲ ਬੈਠਦੇ ਹਨ ਅਤੇ ਆਮ ਜਨਤਾ ਮੂਰਖ ਬਣ ਕੇ ਇਸ ਖੇਡ ਵਿਚ ਰੱਜ ਕੇ ਲੁਟੀਂਦੀ ਹੈ।

ਅੱਜ ਧਰਮ ਦੀ ਆੜ ਵਿਚ ਹੀ ਸਾਰਾ ਕੁਝ ਹੋ ਰਿਹਾ ਹੈ ਪਰ ਧਰਮ ਨੂੰ ਮੰਨਦਾ ਕੋਈ ਨਹੀਂ। ਇਸ ਲਈ ਜਦੋਂ ਰਾਜਨੀਤੀ ਅਤੇ ਡੇਰੇ ਮਿਲ ਬੈਠਦੇ ਹਨ ਤਾਂ ਔਰਤ ਦਾ ਸ਼ੋਸ਼ਣ ਸ਼ੁਰੂ ਹੁੰਦਾ ਹੈ। ਉਹ ਗਰੀਬ ਲੋਕ, ਜੋ ਝੂਠੀ ਆਸਥਾ ਬਣਾ ਕੇ ਇਨ੍ਹਾਂ ਡੇਰਿਆਂ ਨਾਲ ਜੁੜੇ ਹੁੰਦੇ ਹਨ ਅਤੇ ਆਪਣੀਆਂ ਧੀਆਂ-ਭੈਣਾਂ ਨੂੰ ਆਪਣੇ ਘਰਾਂ ਤੋਂ ਵੀ ਜ਼ਿਆਦਾ ਇਨ੍ਹਾਂ ਡੇਰਿਆਂ ਵਿਚ ਸੁਰੱਖਿਅਤ ਅਤੇ ਮਹਿਫੂਜ਼ ਸਮਝਦੇ ਹਨ, ਬਰਬਾਦ ਹੋ ਜਾਂਦੇ ਹਨ। ਪਹਿਲਾਂ ਤਾਂ ਮਾਪਿਆਂ ਤੇ ਧੀਆਂ ਨੂੰ ਸਬਜ਼ ਬਾਗ ਦਿਖਾ ਕੇ ਫਸਾਇਆ ਜਾਂਦਾ ਹੈ ਅਤੇ ਜਦ ਉਹ ਇਸ ਜਾਲ ਵਿਚ ਪੂਰੀ ਤਰ੍ਹਾਂ ਫਸ ਜਾਂਦੇ ਹਨ ਤਾਂ ਜਵਾਨ ਕੁੜੀਆਂ ਤੇ ਔਰਤਾਂ ਦਾ ਜਿਨਸੀ ਧੰਦਾ ਭੋਰਿਆਂ ਵਿਚ ਚਲਣ ਲੱਗ ਪੈਂਦਾ ਹੈ। ਬਾਬਿਆਂ ਦੀ ਸਰਕਾਰੇ-ਦਰਬਾਰੇ ਚੱਲਦੀ ਵੇਖ ਗਰੀਬ ਪਰਿਵਾਰ 'ਸਭ ਕੁਝ ਖਤਮ ਹੋ ਗਿਆ' ਦੀ ਪੀੜਾ ਆਪਣੇ ਅੰਦਰ ਹੀ ਦੱਬ ਲੈਂਦੇ ਹਨ ਅਤੇ ਘੁਟ ਘੁਟ ਕੇ ਮਰਦੇ ਰਹਿੰਦੇ ਹਨ। ਇਸ ਚੁਪੀ ਸਦਕਾ ਹੀ ਇਹ ਕਾਲੇ ਘੋਰ ਅਪਰਾਧ ਲੰਮੇ ਸਮੇਂ ਤਕ ਲਗਾਤਾਰ ਨਿਰੰਤਰ ਚੱਲਦੇ ਰਹਿੰਦੇ ਹਨ।

ਦੂਜੇ ਪਾਸੇ ਮੁਲਕ ਦੇ ਧਰਮ ਅਸਥਾਨਾਂ 'ਤੇ ਚਲਦੇ ਕੱਟੜਤਾ ਅਤੇ ਜਾਤ-ਪਾਤ ਦੇ ਵਰਤਾਰੇ ਨੇ ਵੀ ਇਨ੍ਹਾਂ ਡੇਰਿਆਂ ਨੂੰ ਸਫਲ ਬਣਾਉਣ ਵਿਚ ਪੂਰਾ ਸਹਿਯੋਗ ਦਿੱਤਾ ਹੈ। ਇਸ ਲਈ ਜਦ ਗਰੀਬ ਲੋਕਾਂ ਨੂੰ ਡੇਰਿਆਂ ਵਿਚ ਲੋੜੀਂਦਾ ਸਤਿਕਾਰ ਮਿਲਦਾ ਹੈ ਤਾਂ ਉਹ ਸਹਿਜੇ ਹੀ ਅੰਨੀ ਆਸਥਾ ਵਿਚ ਜੁੜ ਕੇ ਬਾਕੀ ਸਭ ਕੁਝ ਭੁੱਲ ਬੈਠਦੇ ਹਨ।

ਇੱਕ ਡੇਰੇ ਦੇ ਸ਼ਰਧਾਲੂਆਂ ਨੇ ਤਾਂ ਕਈ ਸਾਲਾਂ ਤੋਂ ਆਪਣੇ ਬਾਬੇ ਦਾ ਮੁਰਦਾ ਸਾਂਭ ਕੇ ਰੱਖਿਆ ਹੋਇਆ ਹੈ ਕਿ ਸਾਡਾ ਬਾਬਾ ਸਮਾਧੀ ਵਿਚ ਜੁੜਿਆ ਹੋਇਆ ਹੈ। ਅਜਿਹੀ ਅੰਨੀ ਆਸਥਾ



ਗੁਰਮੀਤ ਰਾਮ ਰਹੀਮ

ਡੇਰਿਆਂ ਦੇ ਸ਼ਰਧਾਲੂਆਂ ਵਿਚ ਕੁੱਟ ਕੁੱਟ ਕੇ ਭਰੀ ਹੁੰਦੀ ਹੈ, ਜੋ ਵਕਤ ਆਉਣ 'ਤੇ ਆਪਣੀਆਂ ਜਾਨਾਂ ਵੀ ਕੁਰਬਾਨ ਕਰਨ ਨੂੰ ਤਿਆਰ ਰਹਿੰਦੇ ਹਨ।

ਅਜੇ ਕੁਝ ਮਹੀਨੇ ਪਹਿਲਾਂ ਹੀ ਸਿਰਸੇ ਵਾਲੇ ਦਾ ਜਲੌ ਸਾਰੀ ਦੁਨੀਆਂ ਨੇ ਵੇਖਿਆ ਹੈ ਕਿ ਪੰਚਕੂਲੇ ਵਿਚ ਉਸ ਦੇ ਪੈਰੋਕਾਰਾਂ ਨੇ ਕਿਵੇਂ ਤਾਂਡਵ ਨਾਚ ਕੀਤਾ। ਅੱਜ ਭਾਵੇਂ ਉਹ ਜੇਲ੍ਹ ਵਿਚ ਹੈ ਪਰ ਕੀ ਫਰਕ ਪਿਆ ਹੈ? ਅਜਿਹੇ ਹੋਰ ਬਥੇਰੇ ਗੁੰਡੇ ਸਾਧ ਸਮਾਜ ਨੂੰ ਘੁਣ ਵਾਂਗ ਖਾਈ ਜਾ ਰਹੇ ਹਨ। ਸਾਡੀਆਂ ਸਰਕਾਰਾਂ ਤੇ ਸਮਾਜ ਦੇ ਠੇਕੇਦਾਰ ਕਈ ਕਈ ਸਾਲਾਂ ਤਕ ਇਨ੍ਹਾਂ ਸਾਧਾਂ-ਬਾਬਿਆਂ ਦੇ ਭਾਈਵਾਲ ਬਣੇ ਰਹਿੰਦੇ ਹਨ ਅਤੇ ਹਰ ਮਾੜੇ ਕਰਮ ਵਿਚ ਇਨ੍ਹਾਂ ਦਾ ਖੁਲ੍ਹ ਕੇ ਸਾਥ ਦਿੰਦੇ ਹਨ। ਇਹ ਮਿਲ ਕੇ ਐਸ਼ ਵੀ ਕਰਦੇ ਹਨ ਪਰ ਕਿਸੇ ਦੇ ਵੀ ਸਿਰ 'ਤੇ ਜੂੰ ਤਕ ਨਹੀਂ ਸਰਕਦੀ। ਟੀ. ਵੀ. ਚੈਨਲਾਂ ਵਾਲੇ ਵੀ ਬਾਬਿਆਂ ਦੇ ਮਹਿਲਾਂ ਵਿਚ ਜਾ ਕੇ ਉਨ੍ਹਾਂ ਦੀਆਂ ਇੰਟਰਵਿਊਆਂ ਕਰਕੇ ਸਿਫਤਾਂ ਕਰਦੇ ਨਹੀਂ ਥੱਕਦੇ ਪਰ ਜਦੋਂ ਉਨ੍ਹਾਂ ਦੇ ਅੱਡੇ ਫੜ੍ਹੇ ਜਾਂਦੇ ਹਨ ਤਾਂ ਹਰ ਚੈਨਲ ਦੁਹਾਈਆਂ ਪਾਉਣ ਲੱਗ ਜਾਂਦਾ ਹੈ। ਕਿਆ ਦੁਨੀਆਂ ਹੈ, ਕਿਆ ਤਮਾਸ਼ਾ ਹੈ!

ਸਾਰੇ ਹੀ ਧਰਮ ਆਪੋ ਆਪਣੀ ਥਾਂ ਸਤਿਕਾਰ ਵਾਲੇ ਹਨ ਪਰ ਧਰਮ ਨੂੰ ਮੰਨਣ ਵਾਲੇ ਜਾਂ ਪੈਰੋਕਾਰ ਜਦੋਂ ਕੱਟੜਤਾ ਦੇ ਰਾਹ ਤੁਰ ਪੈਂਦੇ ਹਨ ਤਾਂ ਉਦੋਂ ਧਰਮੀ ਅਖਵਾਉਣ ਵਾਲੇ ਲੀਡਰ ਟਾਈਪ ਲੋਕ ਸਹਿਜੇ ਹੀ ਦੁੱਧ ਵਿਚ ਕਾਂਜੀ ਮਿਲਾਉਣ ਦਾ ਰਸਤਾ ਅਖਤਿਆਰ ਕਰ ਕੇ ਆਮ ਜਨਤਾ ਨੂੰ ਧਾਰਮਿਕ ਅਸਥਾਨਾਂ ਤੋਂ ਦੂਰ ਕਰਕੇ ਆਪਣਾ ਸਿੱਕਾ ਚਲਾਉਂਦੇ ਹਨ। ਐਨ ਉਸੇ ਵੇਲੇ ਹੀ ਕਈ ਵਿਹਲੜ ਬੰਦੇ ਸਾਧ ਬਣ ਬੈਠਦੇ ਹਨ ਅਤੇ ਦਿਨਾਂ ਵਿਚ ਹੀ ਨਵੇਂ ਡੇਰੇ ਹੋਂਦ ਵਿਚ ਆ ਜਾਂਦੇ ਹਨ, ਜਿਨ੍ਹਾਂ ਨੂੰ ਖਤਮ ਕਰ ਸਕਣਾ ਕਿਸੇ ਦੇ ਵੀ ਵੱਸ ਵਿਚ ਨਹੀਂ ਰਹਿੰਦਾ।

ਸਾਡੇ ਕੋਲ ਗੁਰਬਾਣੀ ਦਾ ਅਥਾਹ ਸਮੁੰਦਰ 'ਸ਼ਬਦ ਗੁਰੂ' ਗੁਰੂ ਗ੍ਰੰਥ ਸਾਹਿਬ ਹੋਣ ਦੇ ਬਾਵਜੂਦ ਕੌਮ ਭਟਕਦੀ ਫਿਰ ਰਹੀ ਹੈ। ਉਹ ਇਸ ਲਈ ਕਿ ਸਾਡੀ ਲੀਡਰਸ਼ਿਪ ਨੂੰ ਗੋਲਕਾਂ ਤੇ ਚੌਧਰਾਂ ਨੇ ਸਬੂਤੇ ਹੀ ਨਿਗਲ ਲਿਆ ਹੈ। ਸਾਡਾ ਪ੍ਰਚਾਰ ਅਧੂਰਾ ਹੈ, ਜ਼ਮੀਰਾਂ ਵਿਕ ਰਹੀਆਂ ਹਨ, ਸਭ ਕੁਝ ਵਿਕ ਰਿਹਾ ਹੈ। ਬਸ ਨੋਟ ਤੇ ਵੋਟ ਜਿਸ ਕੋਲ ਹਨ, ਉਹ ਗੁਰੂ ਨੂੰ ਜਾਂ ਰੱਬ ਨੂੰ ਕੁਝ ਵੀ ਨਹੀਂ ਸਮਝਦਾ। ਸਾਡੇ ਸਤਿਗੁਰਾਂ ਦੇ ਪ੍ਰਕਾਸ਼ ਪੁਰਬਾਂ ਦੀਆਂ ਵੰਡੀਆਂ, ਸ਼ਬਦ ਗੁਰੂ ਗੁਰਬਾਣੀ ਦੀ ਆਪਣੇ ਹਿਤਾਂ ਲਈ ਵਰਤੋਂ-ਇਹ ਆਮ ਅਤੇ ਹਰ ਥਾਂ ਹੋ ਰਿਹਾ ਹੈ, ਤੇ ਇਹ ਸਾਰਾ ਕੁਝ ਆਉਣ ਵਾਲੇ ਸਮੇਂ ਲਈ ਬਹੁਤ ਮਾਰੂ ਹੋ ਨਿਬੜੇਗਾ।

ਆਓ, ਆਪਣੇ ਨਿਜੀ ਹਿਤ ਛੱਡ ਕੇ ਆਪਣੇ ਪੁਰਖਿਆਂ ਦੇ ਰਸਤੇ 'ਤੇ ਤੁਰੀਏ, ਸ਼ਬਦ ਗੁਰੂ ਦੀ ਵਿਚਾਰਧਾਰਾ ਨਾਲ ਜੁੜੀਏ ਅਤੇ ਇਨ੍ਹਾਂ ਨਕਲੀ ਬਾਬਿਆਂ ਤੇ ਡੇਰਿਆਂ ਤੋਂ ਲੁਕਾਈ ਨੂੰ ਬਚਾਉਣ ਲਈ ਚੌਧਰੀ ਨਹੀਂ, ਚੌਕੀਦਾਰ ਬਣ ਕੇ ਪਹਿਰਾ ਦੇਣ ਵਾਲੇ ਬਣੀਏ ਤਾਂ ਕਿ ਅੱਗੋਂ ਕੋਈ ਹੋਰ ਬਾਬਾ ਹੋਂਦ ਵਿਚ ਨਾ ਆਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਜਨਵਰੀ 2018*

## ਪਾਕਿਸਤਾਨ ਅਤੇ 'ਟਰੰਪ' ਕਾਰਡ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵੇਂ ਸਾਲ ਦਾ ਆਗਾਜ਼ ਪਾਕਿਸਤਾਨ ਨੂੰ ਦਬਕਾ ਮਾਰ ਕੇ ਕੀਤਾ ਹੈ। ਇਹੀ ਨਹੀਂ, ਪਾਕਿਸਤਾਨ ਨੂੰ ਅਮਰੀਕਾ ਤੋਂ ਮਿਲ ਰਹੀ ਆਰਥਕ ਸਹਾਇਤਾ ਬੰਦ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਹੈ ਕਿ ਪਾਕਿਸਤਾਨ ਨੇ ਅਮਰੀਕਾ ਨਾਲ ਫਰੇਬ ਕੀਤਾ ਹੈ। ਇਹ ਸ਼ਾਇਦ ਪਹਿਲੀ ਵਾਰ ਹੈ, ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਪਾਕਿਸਤਾਨ ਉਪਰ ਇਉਂ ਸਿੱਧੇ ਦੋਸ਼ ਲਾਏ ਹਨ। ਟਰੰਪ ਦੇ ਇਸ ਟਵੀਟ ਨਾਲ ਕਈ ਪਾਸਿਓਂ ਪ੍ਰਤੀਕ੍ਰਿਆਵਾਂ ਆਈਆਂ ਹਨ। ਪਾਕਿਸਤਾਨ ਸਰਕਾਰ ਨੇ ਤਾਂ ਆਪਣਾ ਪੱਖ ਜ਼ਾਹਰ ਕੀਤਾ ਹੀ ਹੈ ਅਤੇ ਕਿਹਾ ਹੈ ਕਿ ਅਮਰੀਕਾ ਨੇ ਸਬੰਧਤ ਰਕਮ ਅਫਗਾਨਿਸਤਾਨ ਵਿਚ ਅਤਿਵਾਦ ਖਿਲਾਫ ਲੜਾਈ ਲਈ ਦਿੱਤੀ ਸੀ, ਜਦਕਿ ਕਈ ਬੁੱਧੀਜੀਵੀਆਂ ਨੇ ਟਰੰਪ ਦੀ ਇਸ ਟਵੀਟ 'ਤੇ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਬੁੱਧੀਜੀਵੀਆਂ ਨੇ ਅੰਕੜੇ ਜਾਰੀ ਕਰਦਿਆਂ ਅਮਰੀਕਾ ਦੇ ਅਫਗਾਨਿਸਤਾਨ ਵਿਚ ਸਿੱਧੇ ਦਖਲ ਦੀ ਚਰਚਾ ਛੇੜੀ ਹੈ। ਇਨ੍ਹਾਂ ਅੰਕੜਿਆਂ ਮੁਤਾਬਕ, ਟਰੰਪ ਨੇ ਜਿਨ੍ਹਾਂ 15 ਵਰ੍ਹਿਆਂ ਦੌਰਾਨ ਪਾਕਿਸਤਾਨ ਨੂੰ 33 ਅਰਬ ਡਾਲਰ ਦੇਣ ਦੀ ਗੱਲ ਕੀਤੀ ਹੈ, ਉਨ੍ਹਾਂ ਹੀ 15 ਵਰ੍ਹਿਆਂ ਦੌਰਾਨ ਅਮਰੀਕਾ ਨੇ ਅਫਗਾਨਿਸਤਾਨ ਨੂੰ ਕਈ ਗੁਣਾਂ ਵੱਧ, ਭਾਵ 110 ਅਰਬ ਡਾਲਰ ਦੀ ਸਹਾਇਤਾ ਦਿੱਤੀ ਹੈ। ਨਾਲ ਇਹ ਖੁਲਾਸਾ ਵੀ ਕੀਤਾ ਹੈ ਕਿ ਅਫਗਾਨਿਸਤਾਨ ਦੀ ਆਬਾਦੀ ਪਾਕਿਸਤਾਨ ਦਾ ਪੰਜਵਾਂ ਕੁ ਹਿੱਸਾ ਹੀ ਬਣਦੀ ਹੈ। ਉਂਜ, ਇਸ ਸਮੁੱਚੇ ਮਸਲੇ ਦੀ ਹਕੀਕਤ ਇਹ ਹੈ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਅਫਗਾਨਿਸਤਾਨ ਵਿਚ ਅਲ-ਕਾਇਦਾ ਖਿਲਾਫ ਲੜਾਈ ਵਿਚ ਜਬਰੀ ਸ਼ਾਮਲ ਕੀਤਾ ਸੀ ਅਤੇ ਅਜਿਹਾ ਕਰਦਿਆਂ ਉਸ ਨੂੰ ਡਾਢਾ ਮਜਬੂਰ ਕੀਤਾ ਗਿਆ ਸੀ। ਇਹ ਗੱਲ ਵੱਖਰੀ ਹੈ ਕਿ ਅਜਿਹਾ ਕਰਨ ਦਾ ਪਾਕਿਸਤਾਨ ਨੂੰ ਖਮਿਆਜ਼ਾ ਭੁਗਤਣਾ ਪਿਆ। ਇਰਾਕ ਤੋਂ ਬਾਅਦ ਜੇ ਕਿਸੇ ਮੁਲਕ ਵਿਚ ਅਤਿਵਾਦੀ ਹਮਲਿਆਂ ਵਿਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ ਤਾਂ ਉਹ ਪਾਕਿਸਤਾਨ ਹੀ ਹੈ। ਇਹ ਗੱਲ ਹਰ ਅਮਰੀਕੀ ਅਤੇ ਸੰਸਾਰ ਦੇ ਹੋਰ ਮੁਲਕਾਂ ਦੇ ਲੋਕ ਵੀ ਜਾਣਦੇ ਹਨ। ਅਮਰੀਕਾ ਨੇ ਪਾਕਿਸਤਾਨ ਨੂੰ ਜਿਹੜੀ ਮਦਦ ਦਿੱਤੀ ਹੈ, ਉਸ ਦੇ ਬਦਲੇ ਇਸ ਨੇ ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਵੀ ਦਾਅ ਉਤੇ ਲਾਈ ਰੱਖਿਆ ਹੈ ਅਤੇ ਇਸ ਮਾਮਲੇ ਵਿਚ ਕਸੂਤਾ ਫਸਿਆ ਪਾਕਿਸਤਾਨ ਕੁਝ ਵੀ ਨਾ ਕਰ ਸਕਿਆ। ਇਸੇ ਕਰ ਕੇ ਪਾਕਿਸਤਾਨ ਦੇ ਆਵਾਮ ਦਾ ਖਾਸਾ ਹਿੱਸਾ ਅਮਰੀਕਾ ਦੇ ਖਿਲਾਫ ਹੈ ਅਤੇ ਇਸ ਦੀਆਂ ਪਾਕਿਸਤਾਨ ਬਾਰੇ ਨੀਤੀਆਂ ਦਾ ਸਿੱਧਾ ਵਿਰੋਧ ਕਰਦਾ ਰਿਹਾ ਹੈ।

ਅਸਲ ਵਿਚ ਹੁਣ ਸੰਸਾਰ ਦੀ ਸਫਬੰਦੀ ਤੇਜ਼ੀ ਨਾਲ ਬਦਲ ਰਹੀ ਹੈ। ਦੱਖਣੀ ਏਸ਼ੀਆ ਵਿਚ ਅਮਰੀਕਾ ਨੂੰ ਆਪਣੇ ਹਿਤ ਪਾਲਣ ਲਈ ਪਾਕਿਸਤਾਨ ਤੋਂ ਕਿਤੇ ਵੱਧ ਭਰੋਸੇਮੰਦ ਸਾਥੀ, ਭਾਰਤ ਦੇ ਰੂਪ ਵਿਚ ਮਿਲ ਗਿਆ ਹੈ। ਅਮਰੀਕਾ ਦੱਖਣੀ ਏਸ਼ੀਆ ਦੇ ਖਿੱਤੇ ਵਿਚ ਚੀਨ ਦਾ ਅਸਰ ਘਟਾਉਣ ਲਈ ਭਾਰਤ ਨੂੰ ਅੱਗੇ ਕਰਨਾ ਚਾਹੁੰਦਾ ਹੈ ਅਤੇ ਇਲਾਕੇ ਦੀ ਸਿਆਸਤ ਤੇ ਭਾਰਤ ਦੇ ਹੁਣ ਵਾਲੇ ਹੁਕਮਰਾਨਾਂ ਦੀ ਸਿਆਸਤ ਮੁਤਾਬਕ, ਫਿਲਹਾਲ ਭਾਰਤ ਨੂੰ ਇਹ ਸੌਦਾ ਸਹੀ ਪ੍ਰਤੀਤ ਹੁੰਦਾ ਹੈ। ਟਰੰਪ ਦੇ ਪਾਕਿਸਤਾਨ ਬਾਰੇ ਗੁੱਸੇ ਦਾ ਲਾਹਾ ਵੀ ਭਾਰਤ ਲੈਣਾ ਚਾਹੁੰਦਾ ਹੈ। ਭਾਰਤ ਅਤੇ ਅਮਰੀਕਾ ਕਾਫੀ ਚਿਰ ਤੋਂ ਹਾਫਿਜ਼ ਸਈਦ ਅਤੇ ਮਸੂਦ ਅਜ਼ਹਰ ਖਿਲਾਫ ਕਾਰਵਾਈ ਦੀ ਤਾਕ ਵਿਚ ਹਨ, ਪਰ ਇਸ ਮਾਮਲੇ ਵਿਚ ਚੀਨ ਇਨ੍ਹਾਂ ਦੋਹਾਂ ਮੁਲਕਾਂ ਦੇ ਰਾਹ ਦਾ ਰੋੜਾ ਬਣ ਕੇ ਖਲੋਤਾ ਹੋਇਆ ਹੈ। ਜ਼ਾਹਰ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣੇ ਚਾਹ ਰਹੇ ਹਨ। ਉਂਜ, ਇਹ ਮਾਮਲਾ ਭਾਰਤ ਲਈ ਰਤਾ ਕੁ ਗੁੰਝਲਦਾਰ ਹੈ, ਕਿਉਂਕਿ ਅਮਰੀਕਾ ਦਾ ਇਹ ਇਤਿਹਾਸ ਰਿਹਾ ਹੈ ਕਿ ਇਹ ਕਿਸੇ ਉਤੇ ਐਵੇਂ ਹੀ ਮਿਹਰਬਾਨ ਨਹੀਂ ਹੁੰਦਾ। ਇਸ ਕਿਸੇ ਵੀ ਮੁਲਕ ਦੀ ਮਦਦ ਜਾਂ ਉਸ ਦਾ ਵਿਰੋਧ ਆਪਣੇ ਹਿਤਾਂ ਨੂੰ ਐਨ ਧਿਆਨ ਵਿਚ ਰੱਖ ਕੇ ਕਰਦਾ ਹੈ। ਕੱਲ੍ਹ ਤੱਕ ਅਮਰੀਕਾ ਪਾਕਿਸਤਾਨ ਨੂੰ ਭਾਰਤ ਖਿਲਾਫ ਵਰਤਦਾ ਰਿਹਾ ਹੈ। ਰੂਸ ਨਾਲ ਠੰਢੀ ਜੰਗ ਦੌਰਾਨ ਵੀ ਇਸ ਨੇ ਪਾਕਿਸਤਾਨ ਲਈ ਆਪਣੇ ਖਜਾਨੇ ਦਾ ਮੂੰਹ ਖੋਲ੍ਹਿਆ ਹੋਇਆ ਸੀ। ਸੋ, ਜ਼ਾਹਰ ਹੈ ਕਿ ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਜਮਹੂਰੀਅਤਾਂ- ਭਾਰਤ ਤੇ ਅਮਰੀਕਾ ਵਿਚਕਾਰ ਸਿਧਾਂਤਕ ਤੇ ਵਿਚਾਰਧਾਰਕ ਸਾਂਝਾਂ ਸਿਰਫ ਕਹਿਣ ਦੀਆਂ ਗੱਲਾਂ ਹਨ। ਅਮਰੀਕਾ ਭਾਵੇਂ ਜਮਹੂਰੀਅਤ ਦੀ ਸਦਾ ਹੀ ਡੌਂਡੀ ਪਿਟਦਾ ਰਿਹਾ ਹੈ, ਪਰ ਇਸ ਦੀ ਨੇੜਤਾ ਉਨ੍ਹਾਂ ਮੁਲਕਾਂ ਨਾਲ ਵਧੇਰੇ ਰਹੀ ਹੈ ਜਿਥੇ ਤਾਨਾਸ਼ਾਹਾਂ ਦਾ ਰਾਜ ਰਿਹਾ ਹੈ। ਪਾਕਿਸਤਾਨ ਇਸ ਤੱਥ ਦੀ ਉਮਦਾ ਮਿਸਾਲ ਹੈ ਜਿਥੋਂ ਦੇ ਤਾਨਾਸ਼ਾਹਾਂ-ਜਨਰਲ ਅਯੂਬ ਖਾਨ, ਜਨਰਲ ਯਾਹੀਆ ਖਾਨ, ਜਨਰਲ ਜ਼ਿਆ-ਉਲ-ਹੱਕ ਅਤੇ ਜਨਰਲ ਪਰਵੇਜ਼ ਮੁਸ਼ੱਰਫ ਨਾਲ ਇਸ ਦੀ ਖੂਬ ਨਿਭਦੀ ਰਹੀ ਹੈ। ਵਿਚਲਾ ਨੁਕਤਾ ਇਹੀ ਹੈ ਕਿ ਅਮਰੀਕਾ ਦੀ ਅੱਜ ਕੱਲ੍ਹ ਅਫਗਾਨਿਸਤਾਨ ਵਿਚ ਬਹੁਤੀ ਚੱਲ ਨਹੀਂ ਰਹੀ। ਅਫਗਾਨ ਰਾਸ਼ਟਰਪਤੀ ਅਸ਼ਰਫ ਗਨੀ ਚੀਨ ਨਾਲ ਆਪਣੀ ਸਾਂਝ ਵਧਾ ਰਹੇ ਹਨ ਅਤੇ ਉਨ੍ਹਾਂ 'ਇਕ ਪੱਟੀ, ਇਕ ਸੜਕ' ਪ੍ਰਾਜੈਕਟ ਲਈ ਵਾਹਵਾ ਰੁਚੀ ਦਿਖਾਈ ਹੈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਅਫਗਾਨਿਸਤਾਨ ਵਿਚੋਂ ਚੀਨ ਦਾ ਆਰਥਕ ਪ੍ਰਭਾਵ ਘਟਾਉਣ ਲਈ ਅੱਗੇ ਆਵੇ। ਇਹੀ ਨਹੀਂ, ਚੀਨ ਪਾਕਿਸਤਾਨ ਵਿਚ ਵੀ ਆਪਣਾ ਪ੍ਰਭਾਵ ਲਗਾਤਾਰ ਵਧਾ ਰਿਹਾ ਹੈ। ਅਮਰੀਕੀ ਘੁਰਕੀਆਂ ਦੇ ਬਾਵਜੂਦ ਚੀਨ ਅਤੇ ਪਾਕਿਸਤਾਨ ਦੀ ਸਾਂਝ ਨੂੰ ਕੋਈ ਫਰਕ ਨਹੀਂ ਪੈ ਰਿਹਾ। ਚੀਨ ਅਤੇ ਪਾਕਿਸਤਾਨ ਦੇ ਆਰਥਕ ਲਾਂਘੇ ਨੇ ਤਾਂ ਅਮਰੀਕਾ ਅਤੇ ਭਾਰਤ- ਦੋਹਾਂ ਦੀ ਨੀਂਦ ਉਡਾਈ ਹੋਈ ਹੈ। ਇਸ ਪਿਛੋਕੜ ਵਿਚੋਂ ਹੀ ਟਰੰਪ ਦਾ ਨਵੇਂ ਸਾਲ ਦਾ ਇਹ ਟਵੀਟ ਆਇਆ ਹੈ। ਵਿਚਾਰਨ ਵਾਲਾ ਮੁੱਦਾ ਇਹ ਵੀ ਹੈ ਕਿ ਟਰੰਪ ਆਪਣੇ ਅਜਿਹੇ ਬਿਆਨਾਂ ਉਤੇ ਬਹੁਤੀ ਦੇਰ ਟਿਕਦੇ ਵੀ ਨਹੀਂ ਹਨ। ਚੀਨ, ਆਸਟਰੇਲੀਆ, ਉਤਰੀ ਕੋਰੀਆ ਅਤੇ ਹੋਰ ਮੁਲਕਾਂ ਬਾਰੇ ਕੀਤੀਆਂ ਉਨ੍ਹਾਂ ਦੀਆਂ ਟਿੱਪਣੀ ਇਸ ਤੱਥ ਦੀਆਂ ਗਵਾਹ ਹਨ। ਇਸ ਸੂਰਤ ਵਿਚ ਭਾਰਤ ਨੂੰ ਬਹੁਤਾ ਉਤਸ਼ਾਹ ਵਿਚ ਆਉਣ ਦੀ ਥਾਂ ਆਪਣੇ ਹਿਤਾਂ ਦੇ ਹਿਸਾਬ ਨਾਲ ਹੀ ਇਸ ਮਸਲੇ ਬਾਰੇ ਅਗਲੇ ਕਦਮ ਵਧਾਉਣੇ ਚਾਹੀਦੇ ਹਨ। ਇਕ ਤੱਥ ਇਹ ਵੀ ਹੈ ਕਿ ਟਰੰਪ ਦਾ ਆਪਣੇ ਹੀ ਮੁਲਕ ਅੰਦਰ ਵਿਰੋਧ ਨਿਤ ਦਿਨ ਵਧ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਗੜੇ ਚੌਰੇ!*

ਇਸ਼ਕ-ਮੁਸ਼ਕ ਦੀ ਜਦੋਂ ਵੀ ਗੱਲ ਚੱਲੇ, ਅਕਸਰ ਭੰਡਿਆ ਜਾਏ ਜਵਾਨੀਆਂ ਨੂੰ।
ਝੂਰ ਝੂਰ ਕੇ ਕਰਦੇ ਨੇ ਯਾਦ ਬੁੱਢੇ, ਪਹਿਲੀ ਉਮਰ ਵਿਚ ਕਰੀਆਂ ਨਾਦਾਨੀਆਂ ਨੂੰ।
ਤਾੜੀ ਦੋਹਾਂ ਹੀ ਹੱਥਾਂ ਦੇ ਨਾਲ ਵੱਜੇ, ਬਹੁਤਾ ਦੋਸ਼ ਪਰ ਦੇਣ ਜਨਾਨੀਆਂ ਨੂੰ।
ਅਹੁਦੇ ਧਰਮ ਦੀ ਸ਼ਰਮ ਅਣਡਿੱਠ ਕਰ ਕੇ, ਵਿਚ ਪਰਦਿਆਂ ਕਰਨ ਸ਼ੈਤਾਨੀਆਂ ਨੂੰ।
ਲੱਤਾਂ ਕਬਰ ਵਿਚ ਮਾਰੇ ਜੋ ਵਾਸ਼ਨਾਂ ਦੇ, ਫਿਰਦੇ ਸੁੰਘਦੇ ਵਾਂਗਰਾਂ ਭੌਰਿਆਂ ਦੇ।
ਮੁੰਡਿਆਂ-ਖੁੰਡਿਆਂ ਨੂੰ ਦੋਸ਼ ਨਾ ਦਿਓ ਯਾਰੋ, ਕਾਰੇ ਦੇਖ ਕੇ 'ਵਿਗੜਿਆਂ' ਚੌਰਿਆਂ ਦੇ!

# ਪੰਜਾਬ: ਵੋਟ ਦੀ ਸਿਆਸਤ ਨੇ ਲਿਆਂਦਾ ਨਿਘਾਰ

***ਪੰਜਾਬ ਵਿਚ ਸਰਕਾਰ ਬਦਲੀ ਨੂੰ ਸਾਲ ਹੋ ਚੱਲਿਆ ਹੈ, ਪਰ ਕਿਸੇ ਵੀ ਖੇਤਰ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਆਈ ਅਤੇ ਆਉਣ ਵਾਲੇ ਨੇੜਲੇ ਸਮੇਂ ਦੌਰਾਨ ਇਸ ਬਾਬਤ ਕੋਈ ਆਸ ਬੱਝਦੀ ਵੀ ਨਜ਼ਰ ਨਹੀਂ ਆ ਰਹੀ। ਉਘੇ ਪੱਤਰਕਾਰ ਨਿਰਮਲ ਸੰਧੂ ਨੇ ਸਮੁੱਚੇ ਹਾਲਾਤ ਦਾ ਲੇਖਾ-ਜੋਖਾ ਕਰ ਕੇ ਕੁਝ ਨੁਕਤੇ ਇਸ ਲੇਖ ਵਿਚ ਵਿਚਾਰੇ ਹਨ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਤਾਂ ਜੋ ਪੰਜਾਬ ਦੇ ਅਸਲ ਹਾਲਾਤ ਬਾਰੇ ਚਰਚਾ ਕੀਤੀ ਜਾ ਸਕੇ। -ਸੰਪਾਦਕ***

ਪੰਜਾਬ ਕੈਬਨਿਟ ਦੀ ਮੀਟਿੰਗ ਜਦੋਂ ਵੀ ਫ਼ੈਸਲੇ ਕਰਨ ਲਈ ਹੁੰਦੀ ਹੈ ਤਾਂ ਨਤੀਜੇ ਲੋਕਾਂ ਦੀਆਂ ਨੌਕਰੀਆਂ ਜਾਣ, ਧਨ ਦਾ ਨੁਕਸਾਨ ਹੋਣ ਜਾਂ ਸੰਸਥਾਵਾਂ ਨੂੰ ਖ਼ੋਰਾ ਲੱਗਣ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਪਿਛਲੇ ਹਫ਼ਤੇ ਕੈਬਨਿਟ ਨੇ ਕੁਝ ਫ਼ੈਸਲੇ ਕੀਤੇ ਜਿਨ੍ਹਾਂ ਦੇ ਨਤੀਜੇ ਵਿਤੀ ਪੱਖੋਂ ਬਹੁਤ ਗੰਭੀਰ ਹਨ। ਟੈਕਸ ਚੋਰੀ ਰੋਕਣ, ਬਕਾਏ ਵਸੂਲਣ, ਫੰਡਾਂ ਦੀਆਂ ਚੋਰ ਮੋਰੀਆਂ ਬੰਦ ਕਰਨ ਜਾਂ ਸਰਕਾਰੀ ਫਜ਼ੂਲ ਖਰਚੇ ਘਟਾਉਣ ਦੀ ਬਜਾਏ ਕੈਬਨਿਟ ਟੈਕਸ ਲਾਉਣ ਉਪਰ ਧਿਆਨ ਲਾ ਰਹੀ ਹੈ।

ਸਰਕਾਰ ਨੇ 800 ਪੇਂਡੂ ਸਕੂਲ ਬੰਦ ਕਰਨ ਦਾ ਫ਼ੈਸਲਾ ਕਰਨ ਤੋਂ ਬਾਅਦ ਸਰਕਾਰੀ ਮਾਲਕੀ ਵਾਲੇ ਥਰਮਲ ਪਲਾਂਟ ਬੰਦ ਕਰਨ ਦੀ ਯੋਜਨਾ ਬਣਾਈ ਹੈ। ਸੰਸਥਾਵਾਂ, ਖ਼ਾਸ ਕਰ ਕੇ ਸਿੱਖਿਆ

ਨਿਰਮਲ ਸੰਧੂ

ਤੇ ਸਿਹਤ ਸੇਵਾਵਾਂ ਦੇਣ ਵਾਲੀਆਂ ਸਮੇਤ, ਵਿਤੀ ਸਹਾਇਤਾ ਦੀ ਘਾਟ ਕਾਰਨ ਡਾਵਾਂਡੋਲ ਹਨ। ਪੰਜਾਬ ਕੈਬਨਿਟ ਦਾ ਦੂਜਾ ਫ਼ੈਸਲਾ ਕੇਬਲ ਕੁਨੈਕਸ਼ਨਾਂ ਅਤੇ ਡੀ ਟੀ ਐਚ (ਡਾਇਰੈਕਟ ਟੂ ਹੋਮ) ਸੇਵਾਵਾਂ ਉਪਰ ਟੈਕਸ ਲਾਉਣਾ ਹੈ। ਜਿਥੋਂ ਤੱਕ ਟੈਕਸ ਲਾਉਣ ਦਾ ਮੰਤਵ ਖਾਲੀ ਖ਼ਜ਼ਾਨੇ ਲਈ ਪੈਸੇ ਜੁਟਾਉਣਾ ਹੈ, ਉਹ ਤਾਂ ਸਮਝ ਆਉਂਦਾ ਹੈ, ਪਰ ਟੈਕਸਾਂ ਦਾ ਕੁਝ ਹਿੱਸਾ ਕੁਝ ਵਰਗਾਂ ਨੂੰ ਖੁਸ਼ ਕਰਨ ਵਾਲੀ ਰਾਜਨੀਤੀ ਉਤੇ ਅਤੇ ਕੁਝ ਫਜ਼ੂਲ ਖਰਚੀ ਉਪਰ ਖਰਚ ਕੀਤਾ ਜਾਂਦਾ ਹੈ। ਇਸੇ ਕਾਰਨ ਪੰਜਾਬ ਨੂੰ ਮਾੜੇ ਦਿਨ ਦੇਖਣੇ ਪੈ ਰਹੇ ਹਨ। ਪੰਜਾਬ ਕੈਬਨਿਟ ਦਾ ਤੀਜਾ ਫ਼ੈਸਲਾ ਸਨਅਤਾਂ ਤੇ ਵਾਹਨਾਂ ਰਾਹੀਂ ਪੈਦਾ ਹੁੰਦਾ ਪ੍ਰਦੂਸ਼ਣ, ਪਰਾਲੀ ਤੇ ਨਾੜ ਨੂੰ ਸਾੜਨ ਤੇ ਮੌਸਮੀ ਤਬਦੀਲੀਆਂ ਨਾਲ ਜੁੜੇ ਮਸਲੇ ਹੱਲ ਕਰਨ ਅਤੇ ਵਾਤਾਵਰਣਕ ਮਨਜ਼ੂਰੀਆਂ ਨਾਲ ਨਜਿੱਠਣ ਲਈ ਡਾਇਰੈਕਟੋਰੇਟ ਕਾਇਮ ਕਰਨ ਦਾ ਹੈ। ਇੰਜ ਜਾਪਦਾ ਹੈ ਕਿ ਪਹਿਲੀਆਂ ਪੰਜਾਬ ਸਰਕਾਰਾਂ ਹੁਣ ਤੱਕ, ਵਾਤਾਵਰਣ ਦੀ ਰੱਖਿਆ ਤੇ ਹਰਿਆਵਲ ਸਬੰਧੀ ਕਾਨੂੰਨ ਲਾਗੂ ਕਰਨ ਲਈ ਬਗ਼ੈਰ ਕਿਸੇ ਵਿਧੀ-ਵਿਧਾਨ ਦੇ ਕੰਮ ਕਰਦੀਆਂ ਆਈਆਂ ਹਨ।

ਕਾਂਗਰਸ ਲੀਡਰਸ਼ਿਪ ਤੋਂ ਤਵੱਕੋ ਕੀਤੀ ਜਾਂਦੀ ਸੀ ਕਿ ਖਾਲੀ ਖ਼ਜ਼ਾਨੇ, ਕਰਜ਼ੇ ਦੇ ਢੇਰ ਅਤੇ ਲੋਕਾਂ ਦੀਆਂ ਵੱਡੀਆਂ ਖਾਹਿਸ਼ਾਂ ਵਾਲੇ ਮਾਹੌਲ ਅੰਦਰ ਲੜਖੜਾ ਰਹੀ ਆਰਥਿਕਤਾ ਦਾ ਪ੍ਰਬੰਧਨ ਵਧੀਆ ਢੰਗ ਨਾਲ ਕਰੇਗੀ, ਪਰ ਕੈਪਟਨ ਅਮਰਿੰਦਰ ਸਿੰਘ ਵੀ ਆਪਣੇ ਤੋਂ ਪਹਿਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਾਂਗ ਸ਼ਾਸਨ ਦੇ ਨਿਯਮਾਂ ਤੇ ਵਿਤੀ ਅਨੁਸ਼ਾਸਨ ਦੀ ਪ੍ਰਵਾਹ ਨਹੀਂ ਕਰਦੇ। ਕੈਪਟਨ ਵੀ ਸਰਕਾਰੀ ਧਨ ਦੀ ਵਰਤੋਂ ਸਿਆਸੀ ਲਾਭ ਤੇ ਨਿਜੀ ਪ੍ਰਚਾਰ ਲਈ ਹੀ ਕਰਦੇ ਹਨ, ਭਾਵੇਂ ਇਹ ਕੋਤਾਹੀਆਂ ਸ. ਬਾਦਲ ਦੇ ਮੁਕਾਬਲੇ ਬਹੁਤ ਘੱਟ ਹਨ, ਜਿਵੇਂ ਪਸ਼ੂ ਧਨ ਵਿਚ ਸੁਧਾਰ ਅਤੇ ਫੰਡਾਂ ਨੂੰ ਪਟਿਆਲਾ ਵਿਚ ਪੋਲੋ ਮੈਚ ਕਰਾਉਣ ਲਈ ਵਰਤਣਾ ਜਾਂ ਆਡਿਟ ਤੋਂ ਬਚਣ ਲਈ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਉਗਰਾਹੀਆਂ ਲਈ ਸੰਚਿਤ ਨਿਧੀ ਰੂਟ ਨਾ ਵਰਤਣਾ।

ਉਨ੍ਹਾਂ ਨੂੰ ਅਜਿਹੇ ਸਲਾਹਕਾਰਾਂ, ਜਿਨ੍ਹਾਂ ਦੀ ਯੋਗਤਾ ਸਿਰਫ਼ ਇਹੋ ਹੈ ਕਿ ਉਹ ਜਾਂ ਤਾਂ 'ਮਹਾਰਾਜਾ ਸਾਹਿਬ' ਦੀ ਸਦਭਾਵਨਾ ਦੇ ਪਾਤਰ ਹਨ, ਤੇ ਜਾਂ ਫਿਰ ਚੋਣਾਂ ਵਿਚ ਉਨ੍ਹਾਂ ਦੀ ਮਦਦ ਕਰਦੇ ਆਏ ਹਨ, ਦੀ ਥਾਂ ਬਿਹਤਰ ਸਲਾਹਕਾਰਾਂ ਦੀ ਲੋੜ ਹੈ। ਇਸ ਵੇਲੇ ਇਹ ਸਾਰੇ ਮਿਲ ਕੇ ਗ਼ੈਰ-ਤਰਕਸੰਗਤ ਫੈਸਲੇ ਕਰ ਰਹੇ ਹਨ: ਜਿਵੇਂ ਕਿਤੇ ਨਵਾਂ ਕਮਿਸ਼ਨ ਕਾਇਮ ਕਰਨਾ ਜਾਂ ਕਿਤੇ ਹੋਰ ਡਾਇਰੈਕਟੋਰੇਟ ਬਣਾਉਣ ਦਾ ਫ਼ੈਸਲਾ ਕਰਨਾ ਜਾਂ ਫਿਰ ਪੈਸਿਆਂ ਦੀ ਬੱਚਤ ਕਰਨ ਲਈ ਕਿਸੇ ਵੀ ਸੰਸਥਾ ਜਾਂ ਅਦਾਰੇ ਨੂੰ ਬੰਦ ਕਰਨਾ ਆਦਿ। ਸ਼ਾਹੀ ਜੀਵਨ ਬਤੀਤ ਕਰਨ ਦੇ ਆਦੀ ਕਾਂਗਰਸੀਆਂ ਨੇ, ਵਿਧਾਇਕਾਂ ਵੱਲੋਂ ਰਾਜ ਤੋਂ ਬਾਹਰਲੇ ਹਸਪਤਾਲਾਂ ਵਿਚੋਂ ਇਲਾਜ ਲਈ ਖਰਚ ਕੀਤੀ ਰਕਮ ਦੀ ਪੂਰਤੀ ਸੀਮਾ ਦੁੱਗਣੀ ਕਰ ਦਿੱਤੀ ਹੈ।

ਸ਼ਰਾਬ ਨਿਗਮ ਕਾਇਮ ਕਰਨ ਦੀ ਤਜਵੀਜ਼ ਦੀ ਤਿੱਖੀ ਆਲੋਚਨਾ ਹੋਣ ਤੋਂ ਬਾਅਦ ਕੈਪਟਨ ਸਰਕਾਰ ਨੇ ਹੁਣ ਤੋਂ ਵਾਤਾਵਰਣ ਤੇ ਮੌਸਮੀ ਤਬਦੀਲੀ ਸਬੰਧੀ ਇਹ ਬਹੁ-ਚਰਚਿਤ ਡਾਇਰੈਕਟੋਰੇਟ ਕਾਇਮ ਕਰਨ ਦੀ ਯੋਜਨਾ ਬਣਾਈ ਹੈ। ਜ਼ਾਹਰਾ ਤੌਰ 'ਤੇ ਡਾਇਰੈਕਟੋਰੇਟ ਕਾਇਮ ਕਰਨ ਦੀ ਇਹ ਯੋਜਨਾ ਸੂਝ ਭਰੀ ਲੱਗਦੀ ਹੈ। ਕੌਣ ਨਹੀਂ ਚਾਹੇਗਾ ਕਿ ਪ੍ਰਦੂਸ਼ਣ ਰੋਕਿਆ ਜਾਏ, ਜਾਂ ਪੰਜਾਬ ਸਰਕਾਰ ਮੌਸਮੀ ਤਬਦੀਲੀਆਂ ਦੀ ਚੁਣੌਤੀ ਨਾਲ ਸਿੱਝਣ ਲਈ ਤਿਆਰੀ ਨਾ ਕਰੇ? ਪਰ ਵਾਤਾਵਰਣ ਦੇ ਨਵੇਂ ਰੱਖਿਅਕ ਇਹ ਭੁੱਲ ਗਏ ਲਗਦੇ ਹਨ ਕਿ ਸੂਬੇ ਵਿਚ ਅਜਿਹੀ ਚੁਣੌਤੀ ਨਾਲ ਨਜਿੱਠਣ ਲਈ ਪਹਿਲਾਂ ਹੀ ਵਿਗਿਆਨ ਵਾਤਾਵਰਣ ਤੇ ਤਕਨਾਲੋਜੀ ਵਿਭਾਗ ਅਤੇ ਵਿਗਿਆਨ ਤੇ ਤਕਨਾਲੋਜੀ ਬਾਰੇ ਸੂਬਾਈ ਕੌਂਸਲ ਮੌਜੂਦ ਹਨ। ਇਹ ਅਜਿਹੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਸਮਰੱਥ ਹਨ। ਇਨ੍ਹਾਂ ਤੋਂ ਇਲਾਵਾ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਹੈ, ਜਿਸ ਦਾ ਮੁਖੀ ਹਮੇਸ਼ਾ ਉਸ ਸਮੇਂ ਬਦਲ ਦਿੱਤਾ ਜਾਂਦਾ ਰਿਹਾ ਹੈ ਜਦੋਂ ਵੀ ਉਸ ਨੇ ਪ੍ਰਦੂਸ਼ਣ ਫੈਲਾਅ ਰਹੀਆਂ ਸਨਅਤਾਂ ਖ਼ਿਲਾਫ਼ ਸਖ਼ਤ ਕਦਮ ਉਠਾਏ।

ਪ੍ਰਦੂਸ਼ਣ ਤੇ ਮੌਸਮੀ ਤਬਦੀਲੀ ਨਾਲ ਨਜਿੱਠਣ ਲਈ ਮੌਜੂਦ ਵਿਵਸਥਾਵਾਂ ਨਾਲੋਂ ਨਵਾਂ ਡਾਇਰੈਕਟੋਰੇਟ ਵੱਖਰਾ ਕਿਵੇਂ ਹੋਵੇਗਾ, ਇਹ ਸਮਝਣਾ ਬਹੁਤ ਮੁਸ਼ਕਿਲ ਹੈ। ਮੌਸਮੀ ਤਬਦੀਲੀ ਨਾਲ ਨਜਿੱਠਣ ਲਈ ਰੋਜ਼ਾਨਾ ਆਧਾਰ 'ਤੇ ਕੰਮ ਕਰਨ ਦੀ ਲੋੜ ਨਹੀਂ ਹੈ। ਜੇ ਮੌਜੂਦਾ ਵਿਵਸਥਾ ਲੋੜੀਂਦੇ ਨਤੀਜੇ ਨਹੀਂ ਦੇ ਰਹੀ ਤਾਂ ਇਸ ਕਾਰਜ ਲਈ ਕਿਸੇ ਬਾਹਰਲੇ ਭਰੋਸੇਯੋਗ ਮਾਹਿਰ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ, ਜਾਂ ਫਿਰ ਕਿਸੇ ਯੂਨੀਵਰਸਿਟੀ ਵਿਚ ਵਾਤਾਵਰਣ ਚੇਅਰ ਕਾਇਮ ਕੀਤੀ ਜਾ ਸਕਦੀ ਹੈ।

ਫਿਰ ਵੀ, ਪੰਜਾਬ ਵਿਚ ਸਿਆਸਤਦਾਨ ਕਿਸੇ ਮਾਹਿਰ ਦੀ ਸਲਾਹ ਨਹੀਂ ਸੁਣਨਗੇ, ਭਾਵੇਂ ਉਹ ਮੁਫ਼ਤ ਬਿਜਲੀ ਮੁੱਦੇ ਉਪਰ ਦਿੱਤੀ ਗਈ ਹੋਵੇ, ਝੋਨੇ ਦੀ ਕਾਸ਼ਤ ਬਾਰੇ ਹੋਵੇ ਜਾਂ ਕਰਜ਼ਾ ਮੁਆਫ਼ੀ ਬਾਰੇ। ਉਹ ਹਮੇਸ਼ਾ ਉਹੀ ਕਰਨਗੇ, ਜੋ ਉਨ੍ਹਾਂ ਦੇ ਨਿਜੀ ਜਾਂ ਸਿਆਸੀ ਹਿਤ ਵਿਚ ਹੋਵੇਗਾ। ਮੁੱਖ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵਲੋਂ ਮੁਫ਼ਤ ਬਿਜਲੀ ਦੇਣਾ ਬੰਦ ਕਰਨ ਦੀ ਦਿੱਤੀ ਸਲਾਹ ਨੂੰ ਖਾਰਜ ਕਰ ਦਿਤਾ ਸੀ।

ਉਂਜ, ਵਾਤਾਵਰਣ ਤੇ ਮੌਸਮੀ ਤਬਦੀਲੀ ਵਰਗੇ ਮੁੱਦਿਆਂ 'ਤੇ ਉਨ੍ਹਾਂ ਦੇ ਸ਼ਾਹੀ ਮਿਜ਼ਾਜ ਵਿਚ ਅਚਾਨਕ ਆਈ ਤਬਦੀਲੀ ਸੱਚਮੁੱਚ ਦਿਲਚਸਪ ਹੈ। ਹੁਣੇ ਜਿਹੇ ਜਦੋਂ ਹਵਾ ਪ੍ਰਦੂਸ਼ਣ ਰੋਕਣ ਦੇ ਮੁੱਦੇ ਉਪਰ ਸਿਆਸਤ ਖੇਡੀ ਜਾ ਰਹੀ ਸੀ, ਕੈਪਟਨ ਨੇ ਪਰਾਲੀ ਸਾੜਨ ਤੋਂ ਰੋਕਣ ਦੇ ਸੁਝਾਵਾਂ ਨੂੰ ਇਹ ਕਹਿ ਕੇ ਮੂਲੋਂ ਹੀ ਰੱਦ ਕਰ ਦਿੱਤਾ ਕਿ ਕੇਂਦਰੀ ਸਹਾਇਤਾ ਬਗ਼ੈਰ ਰਾਜ ਸਰਕਾਰ ਕੁਝ ਨਹੀਂ ਕਰ ਸਕੇਗੀ। ਉਨ੍ਹਾਂ ਦੀ ਸਰਕਾਰ ਰਾਜ ਅੰਦਰ ਜਲ, ਜ਼ਮੀਨ ਤੇ ਹਵਾ ਦੀ ਗੁਣਵੱਤਾ ਅਤਿ ਖਰਾਬ ਹੋਣ ਦੀ ਹਾਲੇ ਵੀ ਪ੍ਰਵਾਹ ਨਹੀਂ ਕਰ ਰਹੀ। ਮੁੱਕਦੀ ਗੱਲ ਤਾਂ ਇਹ ਹੈ ਕਿ ਰਾਜ ਸਰਕਾਰ ਮੌਜੂਦਾ ਪ੍ਰਸ਼ਾਸਕੀ ਵਿਵਸਥਾ ਵਿਚ ਹੋਰ ਵਾਧਾ ਕੀਤੇ ਬਗ਼ੈਰ ਪ੍ਰਦੂਸ਼ਣ ਘਟਾਉਣ ਦਾ ਪ੍ਰਬੰਧ ਕਰੇ। ਪੰਜਾਬ ਕੋਲ ਉਪਰਲੇ ਪੱਧਰ 'ਤੇ ਲੋੜ ਨਾਲੋਂ ਵੱਧ ਪ੍ਰਸ਼ਾਸਕ ਹਨ। ਇਸ ਤੋਂ ਵੱਧ ਵਿਵਸਥਾ ਕਰਨਾ, ਬਗ਼ੈਰ ਬੇਲੋੜਾ ਬੋਝ ਪਾਉਣਾ ਹੋਵੇਗਾ।

ਕੈਪਟਨ ਸਰਕਾਰ ਨੇ ਕਿਸਾਨਾਂ ਦੇ ਸ਼ਕਤੀਕਰਨ ਲਈ ਕਮਿਸ਼ਨ ਬਣਾਉਣ ਦਾ ਫ਼ੈਸਲਾ ਕੀਤਾ ਹੈ। ਫਿਰ ਉਹੀ ਗੱਲ! ਕੀ ਕਾਂਗਰਸੀ ਇਨ੍ਹਾਂ ਗੱਲਾਂ ਤੋਂ ਅਣਜਾਣ ਹਨ ਕਿ ਕਿਸਾਨਾਂ ਦੇ ਰੋਸ ਪ੍ਰਗਟਾਵੇ ਕੀ ਹਨ, ਜਾਂ ਖੇਤੀ ਖੇਤਰ ਵਿਚ ਖੜੋਤ ਤੋੜਨ ਲਈ ਕੀ ਕੀਤਾ ਜਾ ਸਕਦਾ ਹੈ? ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਖੇਤੀ ਮਾਮਲਿਆਂ ਦੇ ਮਾਹਿਰਾਂ ਨੂੰ ਇਸ ਬਾਰੇ ਪੁੱਛਣ, ਪੀ ਏ ਯੂ ਦੇ ਪ੍ਰੋਫੈਸਰਾਂ ਨਾਲ ਮਸ਼ਵਰਾ ਕਰਨ ਜਾਂ ਡਾ. ਐਮ.ਐਸ. ਸਵਾਮੀਨਾਥਨ ਦੀ ਰਿਪੋਰਟ ਵਿਸਥਾਰ ਵਿਚ ਪੜ੍ਹਨ। ਜੇ ਅਜਿਹਾ ਨਹੀਂ ਕਰਨਾ ਤਾਂ ਕਿਸਾਨਾਂ ਲਈ ਇਕ ਹੋਰ ਕਮਿਸ਼ਨ ਕਾਇਮ ਕਰਨਾ ਤਨਖਾਹਾਂ ਦੇ ਖ਼ਰਚੇ ਤੋਂ ਵਧਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੋਵੇਗਾ।

ਵਿਤ ਮੰਤਰੀ ਚੁੱਪ-ਚਾਪ ਟੈਕਸਾਂ ਵਿਚ ਵਾਧਾ ਕਰੀ ਜਾ ਰਹੇ ਹਨ, ਜਾਂ ਇੰਜ ਕਹਿ ਲਓ ਕਿ ਉਹ ਵਿਤੀ ਸਾਲ ਦੇ ਅੱਧ 'ਚ ਨਵੇਂ ਟੈਕਸ ਲਾ ਰਹੇ ਹਨ, ਜਿਸ ਤੋਂ ਸਪਸ਼ਟ ਸੰਕੇਤ ਮਿਲਦੇ ਹਨ ਕਿ ਬਜਟ ਬਣਾਉਣ ਲਈ ਲੋੜੀਂਦੀ ਅਗਾਊਂ ਯੋਜਨਾਬੰਦੀ ਨਹੀਂ ਕੀਤੀ ਗਈ ਸੀ। ਉਹ ਸਾਲ ਦੇ ਅੰਤ 'ਤੇ ਬਜਟ ਪੇਸ਼ ਕਰਨ ਸਮੇਂ ਟੈਕਸ ਐਲਾਨਣ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਸ ਸਮੇਂ ਲੋਕ ਰੋਹ ਤੋਂ ਬਚਿਆ ਜਾ ਸਕੇ। ਅਗਸਤ ਵਿਚ ਪੰਜਾਬ ਸਰਕਾਰ ਨੇ 900 ਕਰੋੜ ਰੁਪਏ ਜੁਟਾਉਣ ਲਈ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਫੀਸ ਵਿਚ ਇਕ ਫ਼ੀਸਦੀ ਵਾਧਾ ਕੀਤਾ ਸੀ। ਹੁਣ ਇਸ ਨੇ ਕੇਬਲ ਅਤੇ ਡੀ ਟੀ ਐਚ ਕੁਨੈਕਸ਼ਨਾਂ ਉਪਰ ਮਨੋਰੰਜਨ ਕਰ ਲਾ ਦਿੱਤਾ ਹੈ। ਅਜਿਹਾ ਕੁਝ ਕੇਂਦਰੀ ਟੈਕਸਾਂ ਦੇ ਹਿੱਸੇ ਵਿਚੋਂ ਪੰਜਾਬ ਨੂੰ ਮਿਲਣ ਵਾਲੀ ਰਕਮ ਵਿਚ ਹਰ ਸਾਲ 14 ਫ਼ੀਸਦੀ ਵਾਧੇ ਦੀ ਵਿਵਸਥਾ ਦੇ ਬਾਵਜੂਦ ਕੀਤਾ ਗਿਆ ਹੈ। ਦੂਜੇ ਪਾਸੇ ਸਿਆਸਤਦਾਨਾਂ ਵੱਲੋਂ ਚਲਾਏ ਜਾ ਰਹੇ ਕਾਰੋਬਾਰਾਂ ਪ੍ਰਤੀ ਆਮ ਦੀ ਤਰ੍ਹਾਂ ਦਿਆਲਤਾ ਦਿਖਾਈ ਜਾ ਰਹੀ ਹੈ, ਬਿਲਡਰਾਂ ਨੂੰ ਕਰ ਰਾਹਤ ਦੇ ਦਿੱਤੀ ਗਈ ਹੈ, ਜਿਸ ਦੀ ਉਨ੍ਹਾਂ ਨੂੰ ਆਸ ਵੀ ਨਹੀਂ ਸੀ।

ਥਰਮਲ ਪਲਾਂਟ ਬੰਦ ਕਰਨ ਦੇ ਫ਼ੈਸਲੇ ਕਾਰਨ ਰੋਸ ਪ੍ਰਦਰਸ਼ਨ ਜ਼ੋਰ ਫੜ ਗਏ ਹਨ। ਬਿਜਲੀ ਮੁਲਾਜ਼ਮਾਂ ਨੇ ਉਸ ਸਮੇਂ ਆਪਣੀਆਂ ਨੌਕਰੀਆਂ ਬਚਾਉਣ ਲਈ ਕਦਮ ਨਹੀਂ ਉਠਾਏ ਜਦੋਂ ਸਿਆਸਤਦਾਨਾਂ ਨੇ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਤੇ ਉਨ੍ਹਾਂ ਦੇ ਅਦਾਰੇ ਤੇ ਰਾਜ ਨੂੰ ਵਿਤੀ ਤੌਰ 'ਤੇ ਤਬਾਹ ਕਰ ਦਿੱਤਾ ਸੀ। ਉਹ ਉਦੋਂ ਵੀ ਖਾਮੋਸ਼ ਰਹੇ, ਜਦੋਂ ਉਨ੍ਹਾਂ ਦੇ ਸਾਥੀ ਬਿਜਲੀ ਚੋਰੀ ਵਿਚ ਰੁਝੇ ਹੋਏ ਸਨ। ਬਿਜਲੀ ਸਬਸਿਡੀ ਦਾ ਛੋਟੇ ਕਿਸਾਨਾਂ ਨੂੰ ਬਹੁਤਾ ਲਾਭ ਨਹੀਂ ਹੋਇਆ। ਸਰਵੇਖਣ ਅਨੁਸਾਰ, 81 ਫ਼ੀਸਦੀ ਬਿਜਲੀ ਸਬਸਿਡੀ ਮੱਧ ਵਰਗੀ ਤੇ ਖੁਸ਼ਹਾਲ ਕਿਸਾਨਾਂ ਦੇ ਹਿੱਸੇ ਆ ਰਹੀ ਹੈ। ਅਕਾਲੀਆਂ ਨੇ ਬਠਿੰਡਾ ਥਰਮਲ ਪਲਾਂਟ ਦੇ ਨਵੀਨੀਕਰਨ ਉਪਰ 715 ਕਰੋੜ ਰੁਪਏ ਖ਼ਰਚ ਦਿਤੇ, ਜਦੋਂਕਿ ਕਾਂਗਰਸੀ ਇਸ ਨੂੰ ਬੰਦ ਕਰ ਰਹੇ ਹਨ। ਉਸ ਸਮੇਂ ਕੋਈ ਪ੍ਰਦਰਸ਼ਨ ਨਹੀਂ ਹੋਏ, ਜਦੋਂ ਗ਼ੈਰ-ਪੇਸ਼ੇਵਾਰਾਨਾ ਫ਼ੈਸਲੇ ਕੀਤੇ ਜਾ ਰਹੇ ਸਨ। ਬਿਜਲੀ ਸਬਸਿਡੀ ਵਜੋਂ ਦਿਤੀ ਜਾ ਰਹੀ ਰਾਸ਼ੀ, ਮਸ਼ੀਨਰੀ ਨੂੰ ਅਪਗਰੇਡ ਕਰਨ ਅਤੇ ਹੋਰ ਬਿਜਲੀ ਸਮਰੱਥਾ ਉਪਰ ਖ਼ਰਚੀ ਜਾ ਸਕਦੀ ਸੀ।

ਪੰਜਾਬ ਨਾਲੋਂ ਹਰਿਆਣਾ ਦੇ ਸਿਆਸਤਦਾਨ ਸਿਆਣੇ ਹਨ ਜੋ ਮੁਫ਼ਤ ਬਿਜਲੀ ਦੇਣ ਦੀ ਸਿਆਸਤ ਦੇ ਰਾਹ ਨਹੀਂ ਪਏ। ਉਨ੍ਹਾਂ ਅਜਿਹੇ ਖੇਤਰਾਂ ਦੀ ਬਿਜਲੀ ਸਪਲਾਈ ਰੋਕ ਦਿੱਤੀ, ਜਿਨ੍ਹਾਂ ਵਿਚ ਬਿਜਲੀ ਚੋਰੀ ਤੇ ਬਿੱਲਾਂ ਦੀਆਂ ਅਦਾਇਗੀਆਂ ਨਾ ਦੇਣ ਦੇ ਮਾਮਲੇ ਜ਼ਿਆਦਾ ਸਨ। ਬਿਜਲੀ ਖੇਤਰ ਦਾ ਪ੍ਰਬੰਧ ਕਿਵੇਂ ਸ਼ਾਨਦਾਰ ਕਰਨਾ ਹੈ, ਇਸ ਦੀ ਗੁਜਰਾਤ ਸੂਬਾ ਮਿਸਾਲ ਬਣਿਆ ਹੈ। ਉਥੋਂ ਦੀਆਂ ਕੰਪਨੀਆਂ, ਘਰਾਂ ਨੂੰ ਚੌਵੀ ਘੰਟੇ ਅਤੇ ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਸਪਲਾਈ ਕਰ ਕੇ ਮੁਨਾਫ਼ਾ ਕਮਾ ਰਹੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਗੁਜਰਾਤੀ ਬਿੱਲ ਭਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਤੇ ਉਨ੍ਹਾਂ ਦੇ ਵਫਾਦਾਰਾਂ, ਜਿਹੜੇ ਅਹਿਮ ਅਹੁਦਿਆਂ ਉਪਰ ਹਨ, ਵਿਚ ਅਜਿਹੇ ਫ਼ੈਸਲੇ ਕਰਨ ਦੀ ਹਿੰਮਤ ਹੀ ਨਹੀਂ।

ਪੰਜਾਬ ਨੂੰ ਤਰਸਯੋਗ ਹਾਲਤ ਵਿਚ ਲਿਆਉਣ ਬਾਅਦ, ਸਿਆਸਤਦਾਨਾਂ ਨੂੰ ਲੋਕ ਲੁਭਾਊ ਫ਼ੈਸਲਿਆਂ ਉਪਰ ਮੁੜ ਗ਼ੌਰ ਕਰਨ ਦੀ ਲੋੜ ਹੈ। ਜਿਹੜੇ ਵੋਟਾਂ ਖ਼ਾਤਿਰ ਮੁਫ਼ਤ ਸਹੂਲਤਾਂ ਦੇਣ ਦਾ ਵਿਰੋਧ ਕਰਦੇ ਹਨ, ਉਹ ਘੱਟ ਗਿਣਤੀ ਵਿਚ ਹਨ। ਇਹ ਸੱਚਮੁੱਚ ਅਫ਼ਸੋਸਨਾਕ ਹੈ। ਪੰਜਾਬ ਨੂੰ ਜਿਲ੍ਹਣ ਵਿਚੋਂ ਨਿਕਲਣ ਲਈ ਲੰਬੇ ਸਮੇਂ ਦਾ ਸਪਸ਼ਟ ਨਜ਼ਰੀਆ ਅਪਣਾਉਣ ਦੀ ਲੋੜ ਹੈ।

# ਪਾਬੰਦੀ ਨੀਤੀ: ਕਿਸ ਦਾ 'ਅਮਨ-ਕਾਨੂੰਨ' ਖਤਰੇ 'ਚ?

ਹਾਲ ਹੀ ਵਿਚ ਝਾਰਖੰਡ ਸਰਕਾਰ ਵਲੋਂ 'ਮਜ਼ਦੂਰ ਸੰਗਠਨ ਸਮਿਤੀ' ਉਪਰ ਪਾਬੰਦੀ ਲਗਾਏ ਜਾਣ ਤੋਂ ਇਕ ਵਾਰ ਫਿਰ ਸਾਬਤ ਹੋ ਗਿਆ ਹੈ ਕਿ ਹਿੰਦੁਸਤਾਨੀ ਹੁਕਮਰਾਨ ਜਮਾਤ ਦੇ 'ਦੁਨੀਆ ਦੀ ਸਭ ਤੋਂ ਵੱਡੀ' ਜਮਹੂਰੀਅਤ ਹੋਣ ਦੇ ਦਾਅਵੇ ਝੂਠੇ ਹਨ। ਉਹ ਸਮਾਜੀ-ਆਰਥਿਕ ਮਸਲਿਆਂ ਦੇ ਸਿਆਸੀ ਹੱਲ ਦੀ ਬਜਾਏ ਰਾਜਕੀ ਦਹਿਸ਼ਤਵਾਦ ਅਤੇ ਤਾਨਾਸ਼ਾਹ ਫ਼ਰਮਾਨਾਂ ਵਿਚ ਅੰਨ੍ਹਾ ਯਕੀਨ ਰੱਖਦੇ ਹਨ। ਆਖ਼ਿਰ ਕੀ ਵਜ੍ਹਾ ਹੈ ਕਿ ਕੋਈ ਮਜ਼ਦੂਰ ਜਥੇਬੰਦੀ ਜੋ ਤਿੰਨ ਦਹਾਕਿਆਂ ਤੋਂ ਕਿਰਤੀਆਂ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਅਨੁਸਾਰ ਜਥੇਬੰਦ ਕਰ ਰਹੀ ਹੈ ਅਤੇ ਉਨ੍ਹਾਂ ਲਈ ਸਵੈਮਾਣ ਵਾਲੀ ਤੇ ਲੁਟ-ਖਸੁਟ ਤੋਂ ਮੁਕਤ ਜ਼ਿੰਦਗੀ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ, ਉਹ ਸਟੇਟ ਲਈ ਅਚਾਨਕ ਐਨੀ ਖ਼ਤਰਨਾਕ ਬਣ ਗਈ ਕਿ ਉਸ ਉਪਰ ਪਾਬੰਦੀ ਲਗਾ ਦਿੱਤੀ

**ਬੂਟਾ ਸਿੰਘ**
ਫੋਨ: +91-94634-74342

ਗਈ? ਝਾਰਖੰਡ ਵਿਚ ਪਾਬੰਦੀ ਲਗਾਉਣ ਦੀ ਇਹ ਪਹਿਲੀ ਮਿਸਾਲ ਨਹੀਂ। 1985 ਵਿਚ ਅਣਵੰਡੇ ਬਿਹਾਰ ਵਿਚ ਮਜ਼ਦੂਰ ਕਿਸਾਨ ਸੰਗਰਾਮੀ ਪ੍ਰੀਸ਼ਦ ਉਪਰ ਵੀ ਇਸੇ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਸੀ। ਬਾਅਦ ਵਿਚ ਕਈ ਹੋਰ ਜਥੇਬੰਦੀਆਂ ਵੀ ਪਾਬੰਦੀ ਦੀ ਮਾਰ ਹੇਠ ਆਈਆਂ। ਇਨ੍ਹਾਂ ਪਾਬੰਦੀਆਂ ਦੇ ਆਧਾਰ 'ਤੇ ਦਹਿ-ਹਜ਼ਾਰ ਲੋਕਾਂ ਨੂੰ ਕਈ ਕਈ ਸਾਲ ਜੇਲ੍ਹਾਂ ਵਿਚ ਸਾੜਿਆ ਗਿਆ ਜਿਨ੍ਹਾਂ ਵਿਚ ਕਲਾਕਾਰ ਜੀਤਨ ਮਰੰਡੀ ਸ਼ਾਮਲ ਸੀ। ਇਸ ਕਲਾਕਾਰ ਨੂੰ ਝਾਰਖੰਡ ਦੇ ਤਤਕਾਲੀ ਮੁੱਖ ਮੰਤਰੀ ਦੇ ਲੜਕੇ ਦੇ ਕਤਲ ਕਾਂਡ (ਚਿਲਕਾਰੀ ਕਤਲੇਆਮ, ਅਕਤੂਬਰ 2007) ਦੇ ਮਾਮਲੇ ਵਿਚ ਫਸਾ ਕੇ ਮਹਿਜ਼ ਇਸ ਆਧਾਰ 'ਤੇ ਛੇ ਸਾਲ ਜੇਲ੍ਹ ਵਿਚ ਸਾੜਿਆ ਗਿਆ, ਕਿਉਂਕਿ ਉਸ ਦਾ ਨਾਂ ਇਕ ਮਾਓਵਾਦੀ ਕਮਾਂਡਰ ਨਾਲ ਮਿਲਦਾ-ਜੁਲਦਾ ਸੀ। ਸੈਸ਼ਨਜ਼ ਕੋਰਟ ਨੇ ਤਾਂ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਸੀ, ਬਾਅਦ ਵਿਚ ਹਾਈਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ।

ਝਾਰਖੰਡ ਸਰਕਾਰ ਦੇ ਬੁਲਾਰਿਆਂ ਵਲੋਂ 22 ਦਸੰਬਰ ਨੂੰ ਮੀਡੀਆ ਕਾਨਫਰੰਸ ਕਰ ਕੇ ਮਜ਼ਦੂਰ ਸੰਗਠਨ ਸਮਿਤੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿਤਾ ਗਿਆ ਜਿਸ ਦੀ ਅੰਦਰੋਂ ਤਿਆਰੀ ਪਹਿਲਾਂ ਹੀ ਕੀਤੀ ਜਾ ਰਹੀ ਸੀ। ਡੀ.ਜੀ.ਪੀ. ਨੇ ਇਸ ਜਥੇਬੰਦੀ ਖ਼ਿਲਾਫ਼ ਰਿਪੋਰਟ ਤਿਆਰ ਕਰ ਕੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਭੇਜੀ ਸੀ। ਰਿਪੋਰਟ ਵਿਚ ਕਿਹਾ ਗਿਆ ਸੀ ਕਿ ਸਮਿਤੀ ਮਾਓਵਾਦੀਆਂ ਦੀ ਫਰੰਟ ਜਥੇਬੰਦੀ ਹੈ ਜੋ ਪਿੰਡਾਂ ਵਿਚ ਛੋਟੇ ਛੋਟੇ ਝਗੜੇ ਨਬੇੜ ਕੇ ਅਤੇ ਆਵਾਮ ਦੇ ਹਿਤ ਵਿਚ ਦਵਾਈਆਂ-ਕੰਬਲ ਆਦਿ ਵੰਡ ਕੇ ਲੋਕਾਂ ਦੀ ਹਮਦਰਦੀ ਜਿੱਤ ਰਹੀ ਹੈ। ਇਸ ਦੇ ਕਾਡਰ ਹਥਿਆਰਬੰਦ ਦਸਤੇ ਦੀ ਆਮਦ ਤੋਂ ਪਹਿਲਾਂ ਨਕਸਲੀ ਵਿਚਾਰਧਾਰਾ ਦਾ ਪ੍ਰਚਾਰ ਨਵੇਂ ਖੇਤਰਾਂ ਵਿਚ ਕਰ ਕੇ ਮਾਹੌਲ ਤਿਆਰ ਕਰਦੇ ਹਨ। ਜੇ ਇਸ ਦੀਆਂ ਸਰਗਰਮੀਆਂ ਅਤੇ ਇਸ ਦੀਆਂ ਪ੍ਰਕਾਸ਼ਨਾਵਾਂ ਉਪਰ ਪਾਬੰਦੀ ਨਹੀਂ ਲਗਾਈ ਜਾਂਦੀ ਤਾਂ ਭਵਿਖ ਵਿਚ ਨਕਸਲੀ ਇਸ ਦੇ ਝੰਡੇ ਹੇਠ ਸੂਬੇ ਦੀ ਅੰਦਰੂਨੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣਗੇ ਅਤੇ 'ਵਿਕਾਸ' ਵਿਚ ਵੱਡੀ ਰੁਕਾਵਟ ਬਣ ਕੇ ਸਾਹਮਣੇ ਆਉਣਗੇ। ਇਉਂ ਸਮਿਤੀ ਉਪਰ ਸੀ.ਪੀ.ਆਈ. (ਮਾਓਵਾਦੀ) ਦੀ ਫਰੰਟ ਜਥੇਬੰਦੀ ਦਾ ਠੱਪਾ ਲਾ ਕੇ ਇਸ ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ। ਇਸ ਦਾ ਭਾਵ ਹੈ ਕਿ ਹੁਣ ਇਹ ਜਥੇਬੰਦੀ ਲੋਕਾਂ ਵਿਚ ਕੋਈ ਕੰਮ-ਕਾਰ ਨਹੀਂ ਕਰ ਸਕੇਗੀ। ਇਸ ਜਨਤਕ ਜਥੇਬੰਦੀ ਦੇ ਮੈਂਬਰ ਹੋਣ, ਇਸ ਦੀ ਵਿਤੀ ਜਾਂ ਹੋਰ ਕਿਸੇ ਤਰ੍ਹਾਂ ਦੀ ਮਦਦ ਕਰਨ ਅਤੇ ਇਸ ਨਾਲ ਸਬੰਧਤ ਕਿਸੇ ਵੀ ਪਰਚੇ ਜਾਂ ਰਸਾਲੇ ਨੂੰ ਛਾਪਣ-ਛਪਵਾਉਣ ਜਾਂ ਰੱਖਣ ਦੇ ਆਧਾਰ 'ਤੇ ਕਿਸੇ ਵੀ ਬੰਦੇ ਨੂੰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਅਤੇ ਇਸ ਤਰ੍ਹਾਂ ਦੇ ਹੋਰ ਕਾਲੇ ਕਾਨੂੰਨਾਂ ਤਹਿਤ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਸਾੜਿਆ ਜਾ ਸਕੇਗਾ। ਪੁਲਿਸ-ਤੰਤਰ ਨੂੰ ਇਸ ਫ਼ੈਸਲੇ ਨਾਲ ਮਨਮਾਨੀਆਂ ਕਰਨ ਦੀ ਹੋਰ ਖੁੱਲ੍ਹ ਮਿਲ ਜਾਵੇਗੀ।

ਸਮਿਤੀ ਦੇ ਮਾਓਵਾਦੀ ਪਾਰਟੀ ਦੀ ਫਰੰਟ ਜਥੇਬੰਦੀ ਹੋਣ ਦਾ ਸਬੂਤ ਇਹ ਪੇਸ਼ ਕੀਤਾ ਗਿਆ ਹੈ ਕਿ ਜਥੇਬੰਦੀ ਵਲੋਂ ਜ਼ਮੀਨਾਂ ਦੇ ਝਗੜੇ ਅਤੇ ਹੋਰ ਮਾਮਲੇ ਲੋਕ ਅਦਾਲਤ ਲਗਾ ਕੇ ਹੱਲ ਕੀਤੇ ਜਾਂਦੇ ਹਨ। ਦੂਜਾ ਇਹ ਕਿ ਇਸ ਵਲੋਂ ਤੇਲੰਗਾਨਾ ਤੋਂ ਇਨਕਲਾਬੀ ਕਵੀ ਅਤੇ ਬੁੱਧੀਜੀਵੀ ਵਰਾਵਰਾ ਰਾਓ ਨੂੰ ਨਕਸਲਬਾੜੀ ਦੀ 50ਵੀਂ ਵਰ੍ਹੇਗੰਢ ਮਨਾਉਣ ਲਈ ਕਰਵਾਏ ਸਮਾਗਮ ਵਿਚ ਸੱਦਿਆ ਗਿਆ ਸੀ ਅਤੇ ਭੋਲੇਭਾਲੇ ਆਦਿਵਾਸੀਆਂ ਅਤੇ ਪੇਂਡੂ ਲੋਕਾਂ ਨੂੰ ਲੋਕਤੰਤਰ ਖ਼ਿਲਾਫ਼ ਲਾਮਬੰਦ ਕਰਨ ਦਾ ਯਤਨ ਕਰਦੇ ਹੋਏ ਤਿੰਨ ਜ਼ਿਲ੍ਹਿਆਂ ਵਿਚ 'ਅਮਨ-ਕਾਨੂੰਨ' ਭੰਗ ਕਰਨ ਦਾ ਯਤਨ ਕੀਤਾ ਗਿਆ ਸੀ। ਤੀਜਾ ਇਹ ਕਿ ਇਸ ਦੇ ਮੁੱਖ ਆਗੂਆਂ ਬੱਚਾ ਸਿੰਘ, ਦਮੋਦਰ ਤੂਰੀ, ਅਜੀਤ ਰਾਏ ਅਤੇ ਪ੍ਰਧਾਨ ਮੁਰਮੂ ਉਪਰ ਨਕਸਲੀ ਹੋਣ ਦੇ ਇਲਜ਼ਾਮ ਹਨ। ਡੀ.ਜੀ.ਪੀ. ਦੇ ਇਹ ਦਾਅਵੇ ਬੇਬੁਨਿਆਦ ਹਨ, ਕਿਉਂਕਿ ਕਵੀ ਵਰਾਵਰਾ ਰਾਓ ਉਪਰ ਤੇਲੰਗਾਨਾ ਵਿਚ ਵੀ ਕੋਈ ਪਾਬੰਦੀ ਨਹੀਂ ਹੈ ਅਤੇ ਉਹ ਆਮ ਹੀ ਪੂਰੇ ਮੁਲਕ ਵਿਚ ਕਾਨਫਰੰਸਾਂ, ਸੈਮੀਨਾਰਾਂ ਨੂੰ ਸੰਬੋਧਨ ਕਰਦੇ ਰਹਿੰਦੇ ਹਨ। ਫਿਰ ਉਨ੍ਹਾਂ ਨੂੰ ਝਾਰਖੰਡ ਵਿਚ ਪ੍ਰੋਗਰਾਮ ਵਿਚ ਵਕਤਾ ਵਜੋਂ ਸੱਦੇ ਜਾਣ ਨਾਲ 'ਅਮਨ-ਕਾਨੂੰਨ' ਭੰਗ ਕਿਵੇਂ ਹੋ ਗਿਆ? ਦੂਜਾ, ਕਿਸੇ ਉਪਰ ਪੁਲਿਸ ਵਲੋਂ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਏ ਜਾਣ ਦਾ ਭਾਵ ਇਹ ਹਰਗਿਜ਼ ਨਹੀਂ ਕਿ ਉਹ ਕਸੂਰਵਾਰ ਸਾਬਤ ਹੋ ਗਿਆ ਹੈ। ਇਹ ਮੁਲਕ ਦਾ ਦੰਡ-ਵਿਧਾਨ ਕਹਿੰਦਾ ਹੈ। ਸਮਿਤੀ ਦੇ ਜਨਰਲ ਸਕੱਤਰ ਉਪਰ ਇਸ ਤਰ੍ਹਾਂ ਦੇ ਇਲਜ਼ਾਮ ਸਾਬਤ ਨਹੀਂ ਹੋਏ ਕਿ ਉਹ ਕਿਸੇ ਹਿੰਸਕ ਕਾਰਵਾਈ ਦਾ ਹਿੱਸਾ ਸਨ। ਨਾ ਹੀ ਹੁਣ ਕੋਈ ਐਸਾ ਇਲਜ਼ਾਮ ਹੈ। ਸੁਪਰੀਮ ਕੋਰਟ ਅਤੇ ਕਈ ਹਾਈ ਕੋਰਟਾਂ ਵਲੋਂ ਪਿਛਲੇ ਸਾਲਾਂ ਵਿਚ ਡਾ. ਬਿਨਾਇਕ ਸੇਨ ਵਰਗੇ ਬੁੱਧੀਜੀਵੀਆਂ ਅਤੇ ਹੋਰ ਜਮਹੂਰੀ ਕਾਰਕੁਨਾਂ ਦੇ ਮਾਮਲਿਆਂ ਵਿਚ ਸਪਸ਼ਟ ਮਿਸਾਲੀ ਫ਼ੈਸਲੇ ਦਿਤੇ ਗਏ ਜਿਨ੍ਹਾਂ ਨੂੰ ਮਾਓਵਾਦੀ ਪਾਰਟੀ ਨਾਲ ਸਬੰਧਤ ਹੋਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਕੇ ਕਈ ਕਈ ਸਾਲ ਜੇਲ੍ਹਾਂ ਵਿਚ ਸਾੜਿਆ ਗਿਆ। ਅਦਾਲਤਾਂ ਨੇ ਸਾਫ਼ ਕਿਹਾ ਹੈ ਕਿ ਕਿਸੇ ਗ਼ੈਰਕਾਨੂੰਨੀ ਜਥੇਬੰਦੀ ਨਾਲ ਸਬੰਧਤ ਹੋਣਾ ਆਪਣੇ ਆਪ 'ਚ ਕੋਈ ਜੁਰਮ ਨਹੀਂ, ਜਦੋਂ ਤਕ ਸਬੰਧਤ ਬੰਦਾ ਕਿਸੇ ਹਿੰਸਕ ਕਾਰਵਾਈ ਵਿਚ ਸ਼ਾਮਲ ਨਹੀਂ; ਪਰ 'ਕਾਨੂੰਨ ਦੇ ਰਾਜ' ਦੀ ਦੁਹਾਈ ਦੇਣ ਵਾਲੇ ਹੁਕਮਰਾਨਾਂ ਨੂੰ ਆਪਣੀਆਂ ਹੀ ਅਦਾਲਤਾਂ ਦੇ ਫ਼ੈਸਲਿਆਂ ਦੀ ਕੋਈ ਪ੍ਰਵਾਹ ਨਹੀਂ।

ਛੱਤੀਸਗੜ੍ਹ ਵਾਂਗ ਝਾਰਖੰਡ ਪੁਲਿਸ ਵੀ ਹੁਕਮਰਾਨਾਂ ਦੇ ਇਸ਼ਾਰੇ ਉਪਰ ਸ਼ਰੇਆਮ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੀ ਹੈ। ਇਸ ਵਲੋਂ ਆਮ ਲੋਕਾਂ ਨੂੰ ਅਗਵਾ ਕਰ ਕੇ ਉਨ੍ਹਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰਨ ਦੇ ਬੇਸ਼ੁਮਾਰ ਮਾਮਲੇ ਜੱਗ ਜ਼ਾਹਰ ਹੋ ਚੁੱਕੇ ਹਨ। ਪਿਛਲੇ ਮਹੀਨਿਆਂ ਵਿਚ ਡੋਲੀ ਮਜ਼ਦੂਰ ਮੋਤੀ ਲਾਲ ਬਾਸਕੇ ਨੂੰ ਇਸੇ ਤਰ੍ਹਾਂ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਪੁਲਿਸ ਦੇ ਸੀਨੀਅਰ ਅਫਸਰਾਂ ਵਲੋਂ ਮਾਓਵਾਦੀ ਲਹਿਰ ਦਾ ਮੁਕਾਬਲਾ ਕਰਨ ਲਈ ਬਣਾਏ ਅਤੇ ਸ਼ਿਸ਼ਕੇਰੇ ਗ਼ੈਰਕਾਨੂੰਨੀ ਕਾਤਲ ਗਰੋਹ- ਝਾਰਖੰਡ ਜਨਮੁਕਤੀ ਪ੍ਰੀਸ਼ਦ, ਤ੍ਰਿਤੀਆ ਸੰਘਰਸ਼ ਪ੍ਰਸਤੁਤੀ ਕਮੇਟੀ ਆਦਿ, ਦਿਨ-ਦਿਹਾੜੇ ਕਤਲੇਆਮ ਤੇ ਲੁੱਟ-ਮਾਰ ਕਰ ਰਹੇ ਹਨ। ਪਲਾਮੂ ਵਿਚ ਪੁਲਿਸ ਵਲੋਂ ਜਿਨ੍ਹਾਂ 12 'ਨਕਸਲੀ' ਮਾਰਨ ਦਾ ਦਾਅਵਾ ਕੀਤਾ ਗਿਆ। ਉਹ ਦਰਅਸਲ ਝਾਰਖੰਡ ਜਨਮੁਕਤੀ ਪ੍ਰੀਸ਼ਦ ਵਲੋਂ ਕੀਤਾ ਗਿਆ ਕਤਲੇਆਮ ਸੀ ਜਿਸ ਦੀ ਕਹਾਣੀ ਓੜਕ ਸਾਹਮਣੇ ਆ ਗਈ। ਮਜ਼ਦੂਰ ਸਮਿਤੀ ਵਲੋਂ ਇਨ੍ਹਾਂ ਮਾਮਲਿਆਂ ਨੂੰ ਲੈ ਕੇ ਲਗਾਤਾਰ ਆਵਾਜ਼ ਉਠਾਈ ਜਾ ਰਹੀ ਹੈ। ਕੁਝ ਸਾਬਕਾ ਮੁੱਖ ਮੰਤਰੀਆਂ ਸਮੇਤ ਵਿਰੋਧੀ ਧਿਰ ਦੀਆਂ ਤਮਾਮ ਪਾਰਟੀਆਂ ਅਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਬਾਸਕੇ ਦੇ ਕਤਲ ਦੀ ਜੁਡੀਸ਼ੀਅਲ ਜਾਂਚ ਦੀ ਮੰਗ ਕਰ ਰਹੀਆਂ ਹਨ। ਪੁਲਿਸ ਨੇ ਐਫ.ਆਈ.ਆਰ. ਵੀ ਦਰਜ ਨਹੀਂ ਕੀਤੀ, ਜਦਕਿ ਸੁਪਰੀਮ ਕੋਰਟ ਦਾ ਆਦੇਸ਼ ਹੈ ਕਿ ਮੁਕਾਬਲੇ ਵਿਚ ਹੋਈ ਹਰ ਮੌਤ ਦੀ ਤੁਰੰਤ ਐਫ.ਆਈ.ਆਰ. ਦਰਜ ਕੀਤੀ ਜਾਵੇ।



ਮਜ਼ਦੂਰ ਸੰਗਠਨ ਸਮਿਤੀ ਵੱਲੋਂ ਚਲਾਏ ਜਾ ਰਹੇ ਹਸਪਤਾਲ ਦੀ ਤਸਵੀਰ।

ਮਜ਼ਦੂਰ ਸੰਗਠਨ ਸਮਿਤੀ ਬਾਕਾਇਦਾ ਰਜਿਸਟਰਡ ਯੂਨੀਅਨ ਹੈ। ਇਹ ਕੋਲਾ ਖਾਣਾਂ, ਥਰਮਲ ਪਾਵਰ, ਫੈਕਟਰੀਆਂ, ਖੇਤ ਮਜ਼ਦੂਰਾਂ ਵਿਚ ਕੰਮ ਕਰਦੀ ਹੈ। ਪਾਰਸਨਾਥ ਦੇ ਧਾਰਮਿਕ ਨਗਰ ਵਿਚ ਵੀ ਇਹ ਡੋਲੀ ਮਜ਼ਦੂਰਾਂ ਅਤੇ ਹੋਰ ਗ਼ੈਰਜਥੇਬੰਦ ਮਜ਼ਦੂਰਾਂ ਵਿਚ ਕੰਮ ਕਰ ਰਹੀ ਹੈ। ਇਹ ਮਜ਼ਦੂਰਾਂ ਅਤੇ ਗ਼ਰੀਬਾਂ ਲਈ ਗਿਰਡੀਹ ਜ਼ਿਲ੍ਹੇ ਦੇ ਮਧੂਬਨ ਵਿਚ ਹਸਪਤਾਲ ਵੀ ਚਲਾ ਰਹੀ ਹੈ ਜਿਥੇ ਲੋੜਵੰਦਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਸਟੇਟ ਸੱਤ ਦਹਾਕਿਆਂ 'ਚ ਖ਼ੁਦ ਆਦਿਵਾਸੀ ਲੋਕਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ ਦੇ ਨਹੀਂ ਸਕਿਆ, ਪਰ ਸਮਿਤੀ 'ਤੇ ਪਾਬੰਦੀ ਲਗਾ ਕੇ ਆਦਿਵਾਸੀਆਂ ਤੇ ਗਰੀਬ ਲੋਕਾਂ ਨੂੰ ਮੁਹੱਈਆ ਕਰਵਾਈ ਇਲਾਜ ਦੀ ਸੀਮਤ ਸਹੂਲਤ ਅਤੇ ਜਥੇਬੰਦੀ ਦੀ ਜਮਹੂਰੀ ਸੁਰੱਖਿਆ ਇਕੋ ਝਟਕੇ ਨਾਲ ਖ਼ਤਮ ਕਰ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਮਾਫ਼ੀਆ ਗਰੋਹਾਂ ਅੱਗੇ ਸੁੱਟ ਦਿੱਤਾ ਗਿਆ ਹੈ।

ਫਿਰ ਸਮਿਤੀ ਉਪਰ ਪਾਬੰਦੀ ਲਗਾਏ ਜਾਣ ਦੀ ਅਸਲ ਵਜ੍ਹਾ ਕੀ ਹੈ? ਦਰਅਸਲ, ਝਾਰਖੰਡ ਵਿਚ ਭਾਜਪਾ ਸਰਕਾਰ ਵਲੋਂ ਮਾਓਵਾਦੀ ਲਹਿਰ ਦੇ ਮਜ਼ਬੂਤ ਜਨਤਕ ਆਧਾਰ ਨੂੰ ਤੋੜਨ ਲਈ ਵਿਆਪਕ ਨੀਮ-ਫ਼ੌਜੀ ਓਪਰੇਸ਼ਨ ਚਲਾਇਆ ਜਾ ਰਿਹਾ ਹੈ। 'ਮੋਮੈਂਟਮ ਝਾਰਖੰਡ' ਦੇ ਟੀਚੇ ਨੂੰ ਜਨਵਰੀ 2018 ਤਕ ਪੂਰਾ ਕੀਤਾ ਜਾਣਾ ਹੈ। ਇਸ ਤਹਿਤ ਜੰਗਲਾਂ-ਪਹਾੜਾਂ ਵਿਚ ਹੈਲੀਕਾਪਟਰਾਂ ਰਾਹੀਂ ਫ਼ੌਜ ਨੂੰ ਉਤਾਰਨ, ਹੈਲੀਪੈਡ ਬਣਾਉਣ, ਪਹਾੜ ਘੇਰਨ, ਸੈਂਕੜੇ ਪਿੰਡ ਖਾਲੀ ਕਰਾਉਣ, ਭਾਵ ਉਜਾੜਨ ਦੀਆਂ ਖ਼ਬਰਾਂ ਝਾਰਖੰਡ ਦੇ ਅਖ਼ਬਾਰਾਂ 'ਚ ਲਗਾਤਾਰ ਛਪ ਰਹੀਆਂ ਹਨ। ਇਨ੍ਹਾਂ ਖ਼ਬਰਾਂ 'ਤੇ ਮੁਲਕ ਪੱਧਰ ਦਾ ਮੀਡੀਆ ਬੇਖ਼ਬਰ ਹੈ, ਜਾਂ ਖ਼ਬਰ ਦੇਣਾ ਨਹੀਂ ਚਾਹੁੰਦਾ। ਸਮਿਤੀ ਵਿਆਪਕ ਲੋਕ ਆਧਾਰ ਵਾਲੀ ਜਥੇਬੰਦੀ ਹੈ ਜੋ ਇਨਕਲਾਬੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੀ ਹੈ ਅਤੇ ਮਜ਼ਦੂਰਾਂ ਤੇ ਆਦਿਵਾਸੀਆਂ ਨੂੰ ਉਨ੍ਹਾਂ ਉਪਰ ਸਦੀਆਂ ਤੋਂ ਥੋਪੇ ਲੁੱਟ ਦੇ ਤੰਤਰ ਬਾਰੇ ਇਨਕਲਾਬੀ ਸਿਆਸਤ ਨਾਲ ਜਾਗਰੂਕ ਕਰ ਰਹੀ ਹੈ। ਇਹ ਸਰਗਰਮੀਆਂ ਪੂਰੀ ਤਰ੍ਹਾਂ ਦੀਵਾਲੀਆ ਪਾਰਲੀਮੈਂਟਰੀ ਸਿਆਸਤ ਤੋਂ ਅੱਕੇ ਲੋਕਾਂ ਨੂੰ ਆਪਣੇ ਹਿਤਾਂ ਲਈ ਜੁੜ ਕੇ ਸੰਘਰਸ਼ ਕਰਨ ਦਾ ਠੋਸ ਮੰਚ ਮੁਹੱਈਆ ਕਰ ਰਹੀਆਂ ਹਨ। ਸਮਿਤੀ ਦੇ ਪ੍ਰੋਗਰਾਮਾਂ ਵਿਚ ਦਹਿ-ਹਜ਼ਾਰ ਮਜ਼ਦੂਰਾਂ ਅਤੇ ਆਦਿਵਾਸੀਆਂ ਦਾ ਸ਼ਾਮਲ ਹੋਣਾ ਸੰਘ ਪਰਿਵਾਰ ਦੀ ਫਾਸ਼ੀਵਾਦੀ ਸਿਆਸਤ ਲਈ ਖ਼ਤਰਾ ਹੈ ਜੋ ਨਜਾਇਜ਼ ਖਣਨ ਅਤੇ ਤਰ੍ਹਾਂ ਤਰ੍ਹਾਂ ਦੇ ਹੋਰ ਮਾਫ਼ੀਆ ਨਾਲ ਗੱਠਜੋੜ ਬਣਾ ਕੇ ਆਦਿਵਾਸੀਆਂ ਅਤੇ ਹੋਰ ਲੋਕਾਂ ਨੂੰ ਜੰਗਲਾਂ, ਪਹਾੜਾਂ ਤੋਂ ਉਜਾੜ ਕੇ ਅਮੀਰ ਕੁਦਰਤੀ ਵਸੀਲੇ ਕਾਰਪੋਰੇਟ ਸਮੂਹਾਂ ਅਤੇ ਮਾਫ਼ੀਆ ਦੇ ਹਵਾਲੇ ਕਰ ਰਹੀ ਹੈ।

ਸਪਸ਼ਟ ਹੈ ਕਿ ਤਾਨਾਸ਼ਾਹ ਹੁਕਮਰਾਨ ਕਿਸੇ ਆਮ ਜਮਹੂਰੀ ਸਰਗਰਮੀ ਨੂੰ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਾਲੀਆਂ ਲੋਕ ਜਥੇਬੰਦੀਆਂ ਉਪਰ ਝਪਟਣ ਲਈ ਬਹਾਨੇ ਭਾਲਦੇ ਹਨ।

# ਭ੍ਰਿਸ਼ਟਾਚਾਰ ਖਿਲਾਫ ਅੰਦੋਲਨ ਦੀ ਕਹਾਣੀ

ਇਕ ਵਾਰ ਫਿਰ ਭਾਰਤ ਦੀ ਸਿਆਸਤ ਭ੍ਰਿਸ਼ਟਾਚਾਰ ਦੇ ਮੁੱਦੇ ਤੋਂ ਪ੍ਰਭਾਵਿਤ ਹੋ ਰਹੀ ਹੈ, ਪਰ ਇਸ ਵਾਰ ਨਿਸ਼ਾਨਾ ਵੱਖਰਾ ਹੈ। ਪਹਿਲਾਂ ਮੀਡੀਆ ਅਤੇ ਵਿਰੋਧੀ ਧਿਰ ਮਿਲ ਕੇ ਭ੍ਰਿਸ਼ਟਾਚਾਰ ਦੇ ਸਵਾਲ 'ਤੇ ਸੱਤਾਧਾਰੀ ਪਾਰਟੀ ਨੂੰ ਨਿਸ਼ਾਨਾ ਬਣਾਉਂਦੇ ਸਨ। ਇਸ ਵਾਰ ਹੋ ਇਹ ਰਿਹਾ ਹੈ ਕਿ 25-30 ਸਾਲਾਂ ਤੋਂ ਜਿਹੜੀ ਪਾਰਟੀ ਇਨ੍ਹਾਂ ਦੋਸ਼ਾਂ ਕਾਰਨ ਨੁਕਸਾਨ ਉਠਾਉਂਦੀ ਰਹੀ ਹੈ, ਉਹ ਦੋਸ਼ ਲਗਾਉਣ ਵਾਲਿਆਂ ਨੂੰ ਪੁੱਛ ਰਹੀ ਹੈ ਕਿ ਉਸ ਉਤੇ ਲਗਾਏ ਜਾਣ ਵਾਲੇ ਇਲਜ਼ਾਮ ਝੂਠੇ ਕਿਉਂ

**ਅਭੈ ਕੁਮਾਰ ਦੂਬੇ**

ਸਾਬਤ ਹੋ ਰਹੇ ਹਨ? ਉਹ ਪੁੱਛ ਰਹੀ ਹੈ ਕਿ ਜਿਹੜੇ ਦੋਸ਼ ਲਗਾਏ ਗਏ ਸਨ, ਉਹ ਸਚਾਈ ਅਤੇ ਕਾਨੂੰਨ ਦੀ ਕਸੌਟੀ 'ਤੇ ਟਿਕ ਕਿਉਂ ਨਹੀਂ ਰਹੇ? ਇਨ੍ਹਾਂ ਦੋਸ਼ਾਂ ਨੂੰ ਪੂਰੀ ਜਾਂਚ-ਪੜਤਾਲ ਦੇ ਬਿਨਾਂ ਕਿਉਂ ਲਗਾਇਆ ਗਿਆ ਅਤੇ ਕਿਉਂ ਸਿਰਫ ਮਨਘੜਤ ਤੱਥਾਂ ਦੇ ਆਧਾਰ 'ਤੇ ਸਰਕਾਰ ਵਿਰੋਧੀ ਮਾਹੌਲ ਬਣਾਇਆ ਗਿਆ? ਕੀ ਇਸ ਨਾਲ ਦੇਸ਼, ਲੋਕਤੰਤਰ ਅਤੇ ਆਰਥਿਕ ਵਿਕਾਸ 'ਤੇ ਉਲਟ ਪ੍ਰਭਾਵ ਨਹੀਂ ਪਿਆ? ਇਨ੍ਹਾਂ ਸਵਾਲਾਂ ਵਿਚ ਜੋ ਫਰਕ ਹੈ, ਇਹ ਅੰਦਾਜ਼ਾ ਵੀ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਆਪਣੇ-ਆਪ ਵਿਚ ਕਿਸੇ ਬਹੁਤ ਵੱਡੀ ਸਾਜ਼ਿਸ਼ ਦਾ ਨਤੀਜਾ ਤਾਂ ਨਹੀਂ ਸੀ?

ਦਰਅਸਲ, ਇਕ ਤੋਂ ਬਾਅਦ ਹੋਈਆਂ ਘਟਨਾਵਾਂ ਨੇ ਭ੍ਰਿਸ਼ਟਾਚਾਰ, ਸੱਤਾ ਅਤੇ ਚੋਣ ਸਿਆਸਤ ਦੇ ਤਿਕੋਣੇ ਸਬੰਧ ਨੂੰ ਮੁਸ਼ਕਿਲ ਵਿਚ ਪਾ ਦਿੱਤਾ। ਦਸੰਬਰ ਦੇ ਮੱਧ ਵਿਚ ਮਹਾਰਾਸ਼ਟਰ ਦੇ ਸਿੰਜਾਈ ਘੁਟਾਲੇ ਦਾ ਪਰਦਾਫਾਸ਼ ਕਰਨ ਵਾਲੇ ਸੂਬੇ ਦੇ ਸਾਬਕਾ ਗ੍ਰਹਿ ਸਕੱਤਰ ਡਾ. ਅਮਿਤਾਭ ਰਾਜਨ ਨੂੰ ਜਦੋਂ ਪਤਾ ਲੱਗਾ ਕਿ ਇਸ ਘੁਟਾਲੇ ਵਿਚ ਹੁਣ ਐਫ.ਆਈ.ਆਰ. ਦਰਜ ਕਰ ਲਈ ਗਈ ਹੈ ਤਾਂ ਉਨ੍ਹਾਂ ਦਾ ਪਹਿਲਾ ਸਵਾਲ ਸੀ ਕਿ ਪੁਲਿਸ ਰਿਪੋਰਟ ਵਿਚ ਕਿਹੜੇ ਕਿਹੜੇ ਨੇਤਾਵਾਂ ਦੇ ਨਾਂ ਹਨ? ਇਹ ਉਹੀ ਘੁਟਾਲਾ ਸੀ, ਜਿਸ ਕਰਨ ਅਜੀਤ ਪਵਾਰ ਦੀ ਸਿਆਸਤ ਖ਼ਾਤਮੇ ਦੇ ਕੰਢੇ ਪਹੁੰਚ ਗਈ ਸੀ, ਪਰ ਡਾ. ਰਾਜਨ ਨੂੰ ਜਵਾਬ ਮਿਲਿਆ ਕਿ ਰਿਪੋਰਟ ਵਿਚ ਕਿਸੇ ਵੀ ਨੇਤਾ ਦਾ ਨਾਂ ਨਹੀਂ ਹੈ। ਉਦੋਂ ਭ੍ਰਿਸ਼ਟਾਚਾਰ ਵਿਰੁਧ ਲੜਨ ਵਾਲੇ ਇਮਾਨਦਾਰ ਅਫ਼ਸਰ 'ਤੇ ਜੋ ਬੀਤੀ ਹੋਵੇਗੀ, ਉਹ ਮੈਨੂੰ ਲਗਦਾ ਹੈ ਕਿ ਇਸ ਸਮੇਂ ਸਾਰੇ ਦੇਸ਼ 'ਤੇ ਬੀਤ ਰਹੀ ਹੈ। ਹੁਣ ਸਾਨੂੰ ਸਾਰਿਆਂ ਨੂੰ ਪਤਾ ਲੱਗ ਚੁੱਕਾ ਹੈ ਕਿ 1.75 ਲੱਖ ਕਰੋੜ ਦੇ 2 ਜੀ ਘੁਟਾਲੇ ਦੇ ਸਾਰੇ ਦੋਸ਼ੀਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ, ਕਿਉਂਕਿ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਭ੍ਰਿਸ਼ਟਾਚਾਰ ਦਾ ਇਕ ਵੀ ਸਬੂਤ ਪੇਸ਼ ਨਹੀਂ ਕਰ ਸਕੀ। ਅਜੇ ਅਸੀਂ ਹੈਰਾਨ ਕਰਨ ਵਾਲੀ ਇਹ ਖ਼ਬਰ ਹਜ਼ਮ ਕਰਨ ਦੀ ਕੋਸ਼ਿਸ਼ ਕਰ ਹੀ ਰਹੇ ਸਾਂ ਕਿ ਇਕ ਹੋਰ ਬੇਚੈਨੀ ਭਰੀ ਖ਼ਬਰ ਆਈ। ਅਦਾਲਤ ਨੇ ਕਹਿ ਦਿੱਤਾ ਕਿ ਆਦਰਸ਼ ਘੁਟਾਲੇ ਵਿਚ ਤਤਕਾਲੀ ਮੁੱਖ ਮੰਤਰੀ ਅਸ਼ੋਕ ਚਵਾਨ 'ਤੇ ਮੁਕੱਦਮਾ ਨਹੀਂ ਚਲਾਇਆ ਜਾਵੇਗਾ।

ਇਨ੍ਹਾਂ ਖ਼ਬਰਾਂ ਦਾ ਮਤਲਬ ਕੀ ਹੈ? ਕੀ ਇਹ ਖ਼ਬਰਾਂ ਜਾਗਰੂਕ ਨਾਗਰਿਕਾਂ ਨੂੰ ਬੋਫਰਸ ਘੁਟਾਲੇ ਦੀ ਯਾਦ ਨਹੀਂ ਦਿਵਾਉਂਦੀਆਂ? ਜਿਸ ਤਰ੍ਹਾਂ 2 ਜੀ ਘੁਟਾਲੇ ਨੇ 2014 ਦੀਆਂ ਚੋਣਾਂ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਜਿਸ ਤਰ੍ਹਾਂ ਇਸ ਘੁਟਾਲੇ ਕਾਰਨ ਤਤਕਾਲੀ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਦੀ ਸਰਕਾਰ ਦਾ ਅਕਸ ਭ੍ਰਿਸ਼ਟ ਸਰਕਾਰ ਦਾ ਬਣ ਗਿਆ ਸੀ, ਉਸੇ ਤਰ੍ਹਾਂ ਬੋਫਰਸ ਘੁਟਾਲੇ ਨੇ 1989 ਦੀ ਚੋਣ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਰਾਜੀਵ ਗਾਂਧੀ ਦੀ ਅਗਵਾਈ ਵਿਚ ਚੱਲਣ ਵਾਲੀ ਸਰਕਾਰ 'ਤੇ ਧੱਬਾ ਲੱਗ ਗਿਆ ਸੀ। ਇਸ ਤਰ੍ਹਾਂ ਦੋਵੇਂ ਵਾਰ ਕੇਂਦਰ ਤੋਂ ਕਾਂਗਰਸ ਦੀ ਸਰਕਾਰ ਨੂੰ ਹਟਾਉਣ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਭੂਮਿਕਾ ਅਹਿਮ ਰਹੀ, ਪਰ 2014 ਦੀ ਖਾਸ ਗੱਲ ਇਹ ਸੀ ਕਿ ਇਨ੍ਹਾਂ ਦੋਸ਼ਾਂ ਦੇ ਆਲੇ-ਦੁਆਲੇ ਵੱਡਾ ਲੋਕ ਅੰਦੋਲਨ ਖੜ੍ਹਾ ਕੀਤਾ ਗਿਆ, ਜਿਸ ਦੇ ਕੇਂਦਰ ਵਿਚ ਸਿਆਸੀ ਨੈਤਿਕਤਾ ਅਤੇ ਜਨਤਕ ਜੀਵਨ ਦੀ ਪਾਰਦਰਸ਼ਤਾ ਦੇ ਮੁੱਦੇ ਸਨ। 1989 ਵਿਚ ਬੋਫਰਸ ਕਾਂਡ ਦਾ ਫਾਇਦਾ ਵਿਸ਼ਵਨਾਥ ਪ੍ਰਤਾਪ ਸਿੰਘ ਤੇ ਸਾਂਝੀ ਵਿਰੋਧੀ ਧਿਰ ਨੂੰ ਮਿਲਿਆ ਸੀ, ਪਰ 2014 ਵਿਚ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਸਾਰਾ ਫਾਇਦਾ ਨਰੇਂਦਰ ਮੋਦੀ ਤੇ ਭਾਰਤੀ ਜਨਤਾ ਪਾਰਟੀ ਦੇ ਖਾਤੇ ਵਿਚ ਆਇਆ। ਅੰਦੋਲਨ ਨੇ ਨਵੀਂ ਪਾਰਟੀ- ਆਮ ਆਦਮੀ ਪਾਰਟੀ, ਨੂੰ ਵੀ ਜਨਮ ਦਿੱਤਾ ਜਿਸ ਨੇ ਦਿੱਲੀ ਸੂਬੇ ਦੀ ਰਾਜਨੀਤੀ ਨੂੰ ਹੇਠਾਂ ਤੋਂ ਉਪਰ ਤੱਕ ਬਦਲ ਦਿੱਤਾ। ਅੱਜ ਵੀ ਮੋਦੀ ਜਦੋਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦੇ ਹਨ ਤਾਂ ਇਹ ਕਹਿਣਾ ਨਹੀਂ ਭੁੱਲਦੇ ਕਿ ਉਨ੍ਹਾਂ ਦੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਵਿਚ 2 ਜੀ ਅਤੇ ਕੋਲਾ ਘੁਟਾਲੇ ਵਰਗਾ ਇਕ ਵੀ ਘੁਟਾਲਾ ਸਾਹਮਣੇ ਨਹੀਂ ਆਇਆ।

ਭ੍ਰਿਸ਼ਟਾਚਾਰ ਅਤੇ ਚੋਣ ਸਿਆਸਤ ਦੇ ਆਪਸੀ ਸਬੰਧਾਂ ਬਾਰੇ ਗਿਣਾਈਆਂ ਇਨ੍ਹਾਂ ਘਟਨਾਵਾਂ ਦੇ ਅਸਰ ਬਾਰੇ ਕੁਝ ਕਹਿਣ ਤੋਂ ਪਹਿਲਾਂ ਦੋ ਮਿਸਾਲਾਂ ਦੇਣੀਆਂ ਜ਼ਰੂਰੀ ਹਨ। ਹੁਣ ਤੱਕ ਚਾਰਾ ਘੁਟਾਲੇ ਦੇ ਦੋ ਮਾਮਲਿਆਂ ਵਿਚ ਲਾਲੂ ਪ੍ਰਸਾਦ ਯਾਦਵ ਨੂੰ ਜੇਲ੍ਹ ਹੋ ਚੁੱਕੀ ਹੈ, ਫਿਰ ਵੀ ਉਹ ਆਪਣੇ ਦਮ 'ਤੇ ਬਿਹਾਰ ਵਿਚ ਸਭ ਤੋਂ ਜ਼ਿਆਦਾ ਸੀਟਾਂ ਜਿੱਤਣ ਵਾਲੇ ਨੇਤਾ ਹਨ। ਇਸੇ ਤਰ੍ਹਾਂ ਤਾਮਿਲਨਾਡੂ ਦੀ ਆਰ.ਕੇ. ਨਗਰ ਸੀਟ 'ਤੇ ਟੀ.ਟੀ.ਕੇ. ਦਿਨਾਕਰਨ ਦੀ ਜਿੱਤ ਕਾਰਨ ਉਹ ਜੈਲਲਿਤਾ ਦੇ ਸਿਆਸੀ ਵਾਰਿਸ ਬਣਨ ਵੱਲ ਵਧ ਰਹੇ ਹਨ, ਬਾਵਜੂਦ ਇਸ ਦੇ, ਕਿ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਹਨ। ਕਹਿਣ ਦਾ ਭਾਵ ਇਹ ਹੈ ਕਿ ਕਿਤੇ ਤਾਂ ਭ੍ਰਿਸ਼ਟਾਚਾਰ ਦਾ ਮੁੱਦਾ ਸਿਆਸਤ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਕਿਤੇ ਉਸ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

ਇਸ ਵਿਰੋਧਾਭਾਸ ਵਿਚੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਭ੍ਰਿਸ਼ਟਾਚਾਰ ਦਾ ਮੁੱਦਾ ਉਸ ਸਮੇਂ ਤੱਕ ਚੋਣ ਸਿਆਸਤ ਵਿਚ ਹੇਰ-ਫੇਰ ਕਰਨ ਵਿਚ ਸਫ਼ਲ ਨਹੀਂ ਹੋ ਸਕਦਾ, ਜਦੋਂ ਤੱਕ ਉਸ ਦੇ ਆਲੇ-ਦੁਆਲੇ ਮੀਡੀਆ ਦੀ ਜ਼ਬਰਦਸਤ ਅਤੇ ਯੋਜਨਾਬਧ ਭੂਮਿਕਾ ਨਾ ਹੋਵੇ। ਬੋਫਰਸ ਘੁਟਾਲੇ ਦਾ ਸਿਆਸੀ ਪ੍ਰਭਾਵ ਤਤਕਾਲੀ ਮੀਡੀਆ ਦੀ ਮਦਦ ਤੋਂ ਬਿਨਾਂ ਨਹੀਂ ਬਣ ਸਕਦਾ ਸੀ। ਜਦੋਂ ਵਿਸ਼ਵਨਾਥ ਪ੍ਰਤਾਪ ਸਿੰਘ ਆਪਣੀਆਂ ਰੈਲੀਆਂ ਵਿਚ ਕਹਿੰਦੇ ਸਨ ਕਿ ਉਹ ਕੁਝ ਪਲਾਂ ਵਿਚ ਉਸ ਸਵਿਸ ਬੈਂਕ ਦਾ ਨਾਂ ਅਤੇ ਖਾਤਾ ਨੰਬਰ ਦੱਸ ਦੇਣਗੇ, ਜਿਸ ਵਿਚ ਬੋਫਰਸ ਸੌਦੇ ਦੀ ਦਲਾਲੀ ਦਾ ਪੈਸਾ ਜਮ੍ਹਾਂ ਕੀਤਾ ਗਿਆ ਹੈ, ਤਾਂ ਲੋਕ ਉਸ ਦਾਅਵੇ 'ਤੇ ਇਸ ਲਈ ਯਕੀਨ ਕਰਦੇ ਸਨ, ਕਿਉਂਕਿ ਮੀਡੀਆ ਉਸ ਦਾਅਵੇ ਨੂੰ ਭਵਿਖ ਵਿਚ ਸਾਹਮਣੇ ਆਉਣ ਵਾਲੇ ਵਾਲੇ ਸੱਚ ਵਾਂਗ ਪੇਸ਼ ਕਰਦਾ ਸੀ। ਇਸ ਤਰ੍ਹਾਂ 2 ਜੀ ਘੁਟਾਲੇ ਵਿਚ ਜਦੋਂ ਕਾਂਗਰਸ ਵਿਰੋਧੀ ਸਿਆਸੀ ਤਾਕਤਾਂ 'ਕੈਗ' ਦੀ ਵਿਨੋਦ ਰਾਏ ਵਲੋਂ ਤਿਆਰ ਰਿਪੋਰਟ ਦੇ ਅੰਕੜਿਆਂ ਦਾ ਇਸਤੇਮਾਲ ਕਰਦੀਆਂ ਸਨ ਤਾਂ ਆਮ ਲੋਕਾਂ ਨੂੰ ਇਹ ਗੱਲ ਇਸ ਲਈ ਸਹੀ ਲਗਦੀ ਸੀ ਕਿ ਮੀਡੀਆ ਇਨ੍ਹਾਂ ਅੰਕੜਿਆਂ ਨੂੰ ਸ਼ੱਕ ਦੇ ਦਾਇਰੇ ਵਿਚ ਨਹੀਂ ਸੀ ਰੱਖਦਾ।

ਨਾ ਉਸ ਸਮੇਂ ਮੀਡੀਆ ਨੇ ਵੀ.ਪੀ. ਸਿੰਘ ਦੀਆਂ ਉਨ੍ਹਾਂ ਦਾਅਵੇਦਾਰੀਆਂ ਦੀ ਜਾਂਚ ਕਰਨ ਦੀ ਜ਼ਹਿਮਤ ਉਠਾਈ ਅਤੇ ਨਾ ਹੀ 2 ਜੀ ਦੇ ਸਮੇਂ ਵਿਨੋਦ ਰਾਏ ਦੀ ਰਿਪੋਰਟ ਦੀ ਕੋਈ ਪੜਤਾਲ ਕੀਤੀ ਗਈ। ਬੋਫਰਸ ਅਤੇ 2ਜੀ ਦੇ ਜ਼ਮਾਨੇ ਵਿਚ ਮੀਡੀਆ ਦਾ ਇਹ ਖੁੱਲ੍ਹਾ ਸਮਰਥਨ ਮੇਰੇ ਵਰਗੇ ਲੋਕਾਂ ਨੂੰ ਪਸੰਦ ਆਉਂਦਾ ਸੀ, ਪਰ ਅੱਜ ਮਨ ਵਿਚ ਸਵਾਲ ਉਠਦਾ ਹੈ ਕਿ ਕਿਤੇ ਅਸੀਂ ਸਾਰੇ ਜਾਣੇ-ਅਨਜਾਣੇ ਭ੍ਰਿਸ਼ਟਾਚਾਰ ਦੇ ਮੁੱਦੇ ਦੇ ਹਥਿਆਰ ਬਣਾ ਕੇ ਤਤਕਾਲੀ ਸਰਕਾਰ ਅਤੇ ਉਸ ਨੂੰ ਚਲਾਉਣ ਵਾਲੀ ਪਾਰਟੀ ਦਾ ਨੁਕਸਾਨ ਤਾਂ ਨਹੀਂ ਕਰ ਰਹੇ ਸੀ? 2 ਜੀ ਦੇ ਮਾਮਲੇ ਵਿਚ ਜੋ ਹੋਇਆ, ਉਹ ਪਹਿਲੀ ਨਜ਼ਰ ਵਿਚ ਗ਼ਲਤ ਲਗਦਾ ਸੀ ਅਤੇ ਅੱਜ ਵੀ ਗ਼ਲਤ ਲਗਦਾ ਹੈ, ਪਰ ਉਦੋਂ ਅਸੀਂ ਗ਼ਲਤ ਨੀਤੀਗਤ ਫ਼ੈਸਲਾ ਕਰਨ ਤੋਂ ਹੋਏ ਨੁਕਸਾਨ ਅਤੇ ਭ੍ਰਿਸ਼ਟਾਚਾਰ ਵਿਚਕਾਰ ਫ਼ਰਕ ਕਰਨਾ ਭੁੱਲ ਗਏ।

# ਜ਼ਰਾਇਮ 'ਚ ਪੰਜਾਬ ਦੇ ਕਬੀਲਿਆਂ ਦਾ ਕਿਰਦਾਰ

**ਇਤਿਹਾਸ ਦੇ ਪੰਨੇ**

***ਅੰਗਰੇਜ਼ਾਂ ਤੋਂ ਪਹਿਲਾਂ ਅਣਵੰਡੇ ਹਿੰਦੁਸਤਾਨ ਦੇ ਦੂਰ ਦੁਰੇਡੇ ਇਲਾਕਿਆਂ ਵਿਚ ਰਾਜ ਪ੍ਰਬੰਧ ਦੀ ਪਕੜ ਮਜ਼ਬੂਤ ਨਾ ਹੋਣ ਕਾਰਨ ਕਈ ਲੋਕ ਅਤੇ ਕਬੀਲੇ ਚੋਰੀ, ਠੱਗੀ ਤੇ ਲੁੱਟ-ਖੋਹ ਨੂੰ ਹੀ ਆਪਣਾ ਪੇਸ਼ਾ ਬਣਾਈ ਬੈਠੇ ਸਨ। ਐਸੇ ਲੋਕਾਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਉਣ ਲਈ ਅੰਗਰੇਜ਼ਾਂ ਨੇ 'ਕ੍ਰਿਮੀਨਲ ਟਰਾਈਬਜ਼ ਐਕਟ' ਲਾਗੂ ਕਰਕੇ ਬਹੁਤ ਸਾਰੇ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਕੇ ਉਨ੍ਹਾਂ 'ਤੇ ਕਈ ਸਖਤ ਪਾਬੰਦੀਆਂ ਲਾਈਆਂ। ਇਸ ਐਕਟ ਅਧੀਨ ਜ਼ਰਾਇਮ ਪੇਸ਼ਾ ਕਰਾਰ ਦੇਣ ਲਈ ਜੋ ਵਿਧੀ ਅਪਨਾਈ ਜਾਂਦੀ ਸੀ ਅਤੇ ਜਿਨ੍ਹਾਂ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਐਲਾਨਿਆ ਗਿਆ, ਉਸ ਬਾਰੇ ਇੰਗਲੈਂਡ ਰਹਿੰਦੇ ਪਾਕਿਸਤਾਨੀ ਲੇਖਕ ਗੁਲਾਮ ਮੁਸਤਫਾ ਡੋਗਰ ਨੇ ਇੱਕ ਖੋਜ ਭਰਪੂਰ ਲੰਮਾ ਲੇਖ ਲਿਖਿਆ ਹੈ। ਸ਼ਾਹਮੁਖੀ ਵਿਚ ਲਿਖੀ ਇਸ ਲਿਖਤ ਦਾ ਲਿਪੀਅੰਤਰ ਰਾਜਵਿੰਦਰ ਸਿੰਘ ਸਿੱਧੂ ਅਤੇ ਸਰਬਜੀਤ ਸਿੰਘ ਸੰਧੂ ਨੇ ਕੀਤਾ ਹੈ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਪੇਸ਼ ਹੈ, ਇਸ ਰੋਚਕ ਇਤਿਹਾਸ ਦੀ ਜਾਣਕਾਰੀ ਭਰਪੂਰ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅੰਗਰੇਜ਼ਾਂ ਨੇ ਪੰਜਾਬ ਦੇ ਸਮਾਜੀ ਹਾਲਾਤ ਦੇ ਮੱਦੇਨਜ਼ਰ ਚੋਰੀ ਦੇ ਹਵਾਲੇ ਨਾਲ ਵੱਖ ਵੱਖ ਕਬੀਲਿਆਂ ਤੇ ਕੌਮਾਂ ਦੇ ਵੇਰਵੇ ਦਰਜ ਕੀਤੇ ਸਨ ਕਿ ਕਿਹੜੇ-ਕਿਹੜੇ ਕਬੀਲੇ ਕਿਸ-ਕਿਸ ਜੁਰਮ 'ਚ ਤੇ ਕਿਹੜੇ-ਕਿਹੜੇ ਖੇਤਰ 'ਚ ਸਰਗਰਮ ਸਨ।

ਗੁੱਜਰ: ਫਿਰੋਜ਼ਪੁਰ ਵਿਚ ਗੁੱਜਰ ਵੀ ਵੱਡੀ ਤਾਦਾਦ ਵਿਚ ਵਸਦੇ ਸਨ। ਇਨ੍ਹਾਂ ਬਾਰੇ ਮਿਸਟਰ ਬਰਾਂਡਰਥ ਬੜੀ ਤਫਸੀਲ ਨਾਲ ਲਿਖਦੇ ਨੇ:

"In Ferozpur the Gujars were the first settlers in the Bet. They state that they were originally Punwar Rajputs and came from Dhara Nagri in the south of India. They are divided into two clanes. the Char and the Kathawa; originally they are, rather a pastoral than an agricultural race. The Gujars are unwilling cultivators, and much adicted to theft, especially of catties."

ਅਰਥਾਤ ਫਿਰੋਜ਼ਪੁਰ ਦੇ ਇਲਾਕੇ ਬੇਟ ਵਿਚ ਸਭ ਤੋਂ ਪਹਿਲਾਂ ਗੁੱਜਰ ਆਬਾਦ ਹੋਏ। ਇਨ੍ਹਾਂ ਦੇ ਬਕੌਲ ਉਹ ਪਨਵਾਰ ਰਾਜਪੂਤ ਸਨ ਤੇ ਦੱਖਣੀ ਹਿੰਦੁਸਤਾਨ ਦੇ ਧਾਰਾ ਨਗਰੀ ਇਲਾਕੇ ਤੋਂ ਆਏ ਸਨ। ਇਨ੍ਹਾਂ ਨੂੰ ਦੋ ਕਬੀਲਿਆਂ ਵਿਚ ਤਕਸੀਮ ਕੀਤਾ ਜਾ ਸਕਦਾ ਹੈ-ਛਾਰ ਤੇ ਕਾਠਵਾ। ਇਹ ਜ਼ਿਆਦਾਤਰ ਪਸ਼ੂ ਪਾਲਣ ਵਾਲੀ ਕੌਮ ਏ। ਗੁੱਜਰ ਕਾਸ਼ਤਕਾਰੀ ਬਿਲਕੁਲ ਪਸੰਦ ਨਹੀਂ ਕਰਦੇ ਤੇ ਆਦੀ ਚੋਰ ਹਨ, ਖਾਸ ਤੌਰ 'ਤੇ ਪਸ਼ੂਆਂ ਦੇ।




**ਗੁਲਾਮ ਮੁਸਤਫਾ ਡੋਗਰ ਯੂ. ਕੇ.**
ਫੋਨ: +44 78781-32209
E-mail: kotroy@hotmail.co.uk

ਲਿਪੀਅੰਤਰ:ਰਾਜਵਿੰਦਰ ਸਿੰਘ ਸਿੱਧੂ
ਫੋਨ: 91-98555-03224
ਸਰਬਜੀਤ ਸਿੰਘ ਸੰਧੂ
ਫੋਨ: 91-95010-11799


ਗੁੱਜਰਾਂ ਬਾਰੇ ਕਿਹਾ ਗਿਆ ਹੈ ਕਿ ਇਹ ਜੱਟਾਂ ਵਰਗੇ ਹੀ ਸਨ, ਬਹੁਤ ਜੰਗਜੂ ਤੇ ਬਹਾਦਰ। ਗੁੱਜਰ ਪਸ਼ੂ ਚੋਰੀ ਦਾ ਕੰਮ ਵੱਡੀ ਪੱਧਰ 'ਤੇ ਕਰਦੇ ਸਨ ਤੇ ਇਨ੍ਹਾਂ ਬਾਰੇ ਇਹ ਮਸ਼ਹੂਰ ਸੀ ਕਿ ਇਹ ਚੋਰੀ ਹੋਏ ਪਸ਼ੂ ਨੂੰ ਵਾਪਸ ਦਿਵਾਉਣ ਲਈ ਭੂੰਗਾ ਰਕਮ ਲੈ ਕੇ ਵੀ ਪਸ਼ੂ ਵਾਪਸ ਨਹੀਂ ਸਨ ਕਰਦੇ। ਗੁੱਜਰ ਭਾਵੇਂ ਕਾਸ਼ਤਕਾਰੀ ਵੀ ਕਰ ਲੈਂਦੇ ਸਨ ਪਰ ਇਹ ਆਪਣੇ ਬਜ਼ੁਰਗਾਂ ਵਾਲੀਆਂ ਚੋਰੀ ਦੀਆਂ ਆਦਤਾਂ ਨਹੀਂ ਸਨ ਛੱਡਦੇ। ਜਿਸ ਵੇਲੇ ਅਕਬਰ ਬਾਦਸ਼ਾਹ ਕਸ਼ਮੀਰ ਦੌਰੇ 'ਤੇ ਸੀ, ਉਸ ਵਕਤ ਉਥੇ ਮੁਸਲਮਾਨ ਗੁੱਜਰਾਂ ਨੇ ਬਹੁਤ ਲੁੱਟਮਾਰ ਕੀਤੀ। ਅਕਬਰ ਨੇ ਉਥੇ ਕਿਲ੍ਹੇ ਦੀ ਉਸਾਰੀ ਕਰਵਾਈ ਤਾਂ ਕਿ ਗੁੱਜਰਾਂ ਦੀਆਂ ਕਾਰਵਾਈਆਂ 'ਤੇ ਕਾਬੂ ਪਾਇਆ ਜਾ ਸਕੇ। ਇਸ ਜਗ੍ਹਾ ਦੇ ਆਸ-ਪਾਸ ਹੀ ਗੁੱਜਰ ਤੇ ਵੜੈਚ ਜੱਟ ਵੱਸਦੇ ਸਨ, ਜੋ ਆਪਸ 'ਚ ਲੜਦੇ-ਭਿੜਦੇ ਰਹਿੰਦੇ ਸਨ। ਇੱਥੇ ਜਦੋਂ ਸ਼ਹਿਰ ਆਬਾਦ ਹੋਇਆ ਤਾਂ ਇਸ ਦਾ ਨਾਂ ਗੁੱਜਰਾਂ ਤੇ ਜੱਟਾਂ ਦੇ ਸੁਮੇਲ ਤੋਂ ਗੁਜਰਾਤ ਰੱਖਿਆ ਗਿਆ। ਹੁਣ ਵੀ ਇਸ ਏਰੀਏ ਦੇ ਗੁੱਜਰ ਅਤੇ ਵੜੈਚ ਜੱਟ ਸਿਆਸੀ ਪੱਖੋਂ ਇੱਕ ਦੂਜੇ ਦਾ ਮੁਕਾਬਲਾ ਕਰਦੇ ਹਨ। ਇਸੇ ਵਜ੍ਹਾ ਕਰਕੇ ਭੁੱਟੋ ਦੌਰ 'ਚ ਗੁੱਜਰਾਂ ਦਾ ਇੱਕ ਲੀਡਰ ਪਾਕਿਸਤਾਨ ਦਾ ਰਾਸ਼ਟਰਪਤੀ ਬਣਿਆ ਜਿਸ ਦਾ ਨਾਂ ਸੀ, ਫਜ਼ਲ ਇਲਾਹੀ ਚੌਧਰੀ। ਮੁਸ਼ੱਰਫ ਦੌਰ 'ਚ ਵੜੈਚ ਜੱਟਾਂ ਦਾ ਲੀਡਰ ਅੱਗੇ ਆਇਆ, ਉਹ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ, ਜਿਸ ਦਾ ਨਾਂ ਚੌਧਰੀ ਪਰਵੇਜ਼ ਇਲਾਹੀ ਸੀ।

**ਨਿਪਾਲ ਭੱਟੀ:** ਜ਼ਿਲ੍ਹਾ ਫਿਰੋਜ਼ਪੁਰ ਵਿਚ ਨਿਪਾਲ ਭੱਟੀ ਵਸਦੇ ਸਨ। ਇਹ ਸਾਰੇ ਮੁਸਲਮਾਨ ਸਨ। ਇਹ ਡੋਗਰਾਂ ਦੇ ਨਾਲ ਈ ਰਹਿੰਦੇ ਸਨ। ਇਨ੍ਹਾਂ ਬਾਰੇ ਮਿਸਟਰ ਬਰਾਂਡਰਥ ਲਿਖਦੇ ਨੇ:

"The Naipals are a sub cast of Bhatties. They state that they migrated from Sirsa to Pakpatan, then Kasoor and after that to Ferozepur. They are poor cultivators and notorious thieves."

ਅਰਥਾਤ ਨਿਪਾਲ ਭੱਟੀਆਂ ਦੀ ਹੀ ਇਕ ਸਾਖ ਏ। ਇਹ ਦਸਦੇ ਨੇ ਕਿ ਇਹ ਸਰਸਾ ਤੋਂ ਪਾਕਪਟਨ ਆਏ ਤੇ ਫੇਰ ਕਸੂਰ ਆ ਗਏ। ਕਸੂਰ ਤੋਂ ਬਾਅਦ ਇਹ ਫਿਰੋਜ਼ਪੁਰ ਚਲੇ ਗਏ। ਇਹ ਗਰੀਬ ਕਾਸ਼ਤਕਾਰ ਨੇ ਪਰ ਬੜੇ ਹੀ ਬਦਨਾਮ ਚੋਰ ਨੇ।

**ਬਰਾੜ-ਸਿੱਧੂ:** ਬਰਾੜ-ਸਿੱਧੂ ਵੀ ਇਨ੍ਹਾਂ ਇਲਾਕਿਆਂ ਵਿਚ ਈ ਆਬਾਦ ਸਨ। ਇਨ੍ਹਾਂ ਬਾਰੇ ਵੀ ਮਿਸਟਰ ਬਰਾਂਡਰਥ ਦੀ ਰਾਏ ਸੁਣ ਲਵੋ:

"The Barars are an admitted branch of great Bhatti family of Sirsa (Bhatiana). They trace their descent to one Sidhu. The Barars are inferior as cultivators to the other Jat tribes. In days gone by, they were the most desprate dacoits of the country."

ਅਰਥਾਤ ਇਸ ਗੱਲ ਨੂੰ ਤਸਲੀਮ ਕੀਤਾ ਜਾਂਦਾ ਏ ਕਿ ਬਰਾੜ ਸਰਸਾ, ਭਟਿਆਣਾ ਦੇ ਭੱਟੀ ਕਬੀਲੇ ਦੀ ਈ ਇਕ ਸ਼ਾਖ ਨੇ। ਇਹ ਲੋਕ ਅਪਣੇ ਵਡੇਰਿਆਂ ਨੂੰ ਸਿੱਧੂ ਨਾਲ ਮਿਲਾਉਂਦੇ ਨੇ। ਬਰਾੜ ਦੂਜੇ ਜੱਟ ਕਬੀਲਿਆਂ ਵਾਂਗੂੰ ਚੰਗੇ ਕਾਸ਼ਤਕਾਰ ਨਹੀਂ। ਪਿਛਲਿਆਂ ਵਕਤਾਂ ਵਿਚ ਇਹ ਬਹੁਤ ਖਤਰਨਾਕ ਤੇ ਬੇਖੌਫ ਡਾਕੂ ਹੁੰਦੇ ਸਨ।

ਬਾਉਰੀਆ: ਬਾਉਰੀਆ ਕਬੀਲੇ ਬਾਰੇ ਮਿਸਟਰ ਬਰਾਂਡਰਥ ਲਿਖਦੇ ਨੇ:

"The only tribe in this district (Ferozepur) with a distinguished criminal character is that of the Bauria. One or more families of this tribe are residing, more or less in every village, where they are entertained principally for their excellance as tracker. Their character and morality is very low, but their theft are generally petty. It is a dangerous criminal tribe."

ਜ਼ਿਲ੍ਹਾ ਫਿਰੋਜ਼ਪੁਰ ਵਿਚ ਜੋ ਹੋਰ ਕਬੀਲੇ ਆਬਾਦ ਸਨ, ਉਨ੍ਹਾਂ ਦੀ ਸ਼ੁਹਰਤ ਜ਼ਰਾਇਮ ਪੇਸ਼ਾ ਵਜੋਂ ਸੀ, ਇਨ੍ਹਾਂ ਵਿਚੋਂ ਇਕ ਕਬੀਲਾ ਬਾਉਰੀਆ ਸੀ। ਇਸ ਕਬੀਲੇ ਨੂੰ ਅੰਗਰੇਜ਼ਾਂ ਨੇ ਪੂਰੇ ਪੰਜਾਬ ਵਾਸਤੇ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਹੋਇਆ ਸੀ। ਇਸ ਕਬੀਲੇ ਦੇ ਲੋਕਾਂ ਨੂੰ ਦੂਜੇ ਜ਼ਰਾਇਮ ਪੇਸ਼ਾ ਕਬੀਲਿਆਂ ਦੀ ਤਰ੍ਹਾਂ ਸੁਧਾਰਣ ਦੀ ਬਹੁਤ ਕੋਸ਼ਿਸ਼ ਕੀਤੀ ਗਈ। ਇਥੋਂ ਤੱਕ ਕਿ ਇਨ੍ਹਾਂ ਨੂੰ ਕਾਸ਼ਤਕਾਰੀ ਵਾਸਤੇ ਜ਼ਮੀਨਾਂ ਦਿੱਤੀਆਂ ਗਈਆਂ ਤੇ ਇਨ੍ਹਾਂ ਦੀ ਮੁਸਲਸਲ ਨਿਗਰਾਨੀ ਹੁੰਦੀ ਰਹੀ।

**ਮਿਉ:** ਮਿਉ ਕਬੀਲੇ ਦੇ ਲੋਕ ਮੇਵਾਤ, ਅਲਵਰ ਗੁੜਗਾਓਂ ਤੇ ਭਰਤਪੁਰ ਇਲਾਕੇ 'ਚ ਰਹਿੰਦੇ ਸਨ। ਮੁਗਲ ਹਕੂਮਤ ਸਮੇਂ ਇਹ ਸੋਰਸ ਪਸੰਦੀ ਗਾਰਤਗਾਰੀ ਤੇ ਚੋਰੀ ਲਈ ਬਦਨਾਮ ਸਨ। ਮਿਉ ਕਬੀਲੇ ਦੇ ਲੋਕਾਂ ਨੇ 1857 ਈਸਵੀ 'ਚ ਦਿੱਲੀ ਸ਼ਹਿਰ ਦੀ ਲੁੱਟਮਾਰ ਕੀਤੀ। ਉਸ ਪਿਛੋਂ ਫਿਰੋਜ਼ਪੁਰ ਸ਼ਹਿਰ ਵੀ ਮਿਉਆਂ ਦੀ ਲੁੱਟਮਾਰ ਦਾ ਸ਼ਿਕਾਰ ਹੋਇਆ। ਇਨ੍ਹਾਂ 'ਤੇ ਕਾਬੂ ਪਾਉਣ ਲਈ ਅੰਗਰੇਜ਼ਾਂ ਨੇ ਬਹੁਤ ਸਾਰੇ ਮਿਉ ਲੋਕਾਂ ਨੂੰ ਫੜ੍ਹ ਕੇ ਫਾਂਸੀ ਦੀ ਸਜ਼ਾ ਦਿੱਤੀ। ਮਿਉ ਲੋਕ ਮੁਸਲਮਾਨ ਸਨ ਪਰ ਇਨ੍ਹਾਂ ਨੂੰ ਇਸਲਾਮ ਦਾ ਅਲਫ ਬੇ ਵੀ ਪਤਾ ਨਹੀਂ ਸੀ। ਬਹੁਤਾ ਕਰਕੇ ਇਹ ਹਿੰਦੂ ਦੇਵੀ-ਦੇਵਤਿਆਂ ਦੀ ਹੀ ਪੂਜਾ ਕਰਦੇ ਸਨ। ਇਹ ਏਨੇ ਪੱਕੇ ਚੋਰ ਸਨ ਕਿ ਹਿੰਦੂਆਂ ਦੇ ਧਾਰਮਿਕ ਸਥਾਨਾਂ ਨੂੰ ਵੀ ਲੁੱਟਣ ਤੋਂ ਗੁਰੇਜ਼ ਨਹੀਂ ਸਨ ਕਰਦੇ। ਜੇ ਕੋਈ ਹਿੰਦੂ ਖੁਦਾ ਦਾ ਵਾਸਤਾ ਪਾ ਕੇ ਕਹਿੰਦਾ ਕਿ ਖੁਦਾ ਦੇ ਘਰ ਨੂੰ ਤਾਂ ਬਖਸ਼ੋ ਕਿਉਂਕਿ ਇਹ ਦਿਉ ਭਾਵ ਦੇਵਤੇ ਦਾ ਘਰ ਹੈ ਤਾਂ ਇਨ੍ਹਾਂ ਦਾ ਅੱਗੋਂ ਜਵਾਬ ਹੁੰਦਾ, ਜੇ ਇਹ ਦਿਉ ਹੈ ਤਾਂ ਅਸੀਂ ਮਿਉ। ਇਸ ਤਰ੍ਹਾਂ ਇਹ ਚੋਰੀ ਕਰਨੋਂ ਨਹੀਂ ਸਨ ਟਲਦੇ।

**ਖਰਲ:** ਖਰਲ ਕਬੀਲਾ ਵੀ ਜ਼ਰਾਇਮ ਲਈ ਬਹੁਤ ਬਦਨਾਮ ਸੀ। ਮਿਰਜ਼ਾ ਜੱਟ ਵੀ ਇਸੇ ਖਰਲ ਕਬੀਲੇ 'ਚੋਂ ਹੋਇਆ ਹੈ। ਅੰਗਰੇਜ਼ ਅਧਿਕਾਰੀ ਮਿਸਟਰ ਪਰਸਰ ਇਨ੍ਹਾਂ ਬਾਰੇ ਲਿਖਦਾ ਹੈ ਕਿ ਖਰਲ ਕਬੀਲੇ 'ਚ ਜੇ ਕਿਸੇ ਸਰਦਾਰ ਨੇ ਪਸ਼ੂ ਚੋਰੀ ਕਰਨ ਲਈ ਬੰਦੇ ਨਹੀਂ ਸਨ ਰੱਖੇ ਹੁੰਦੇ ਤਾਂ ਉਸ ਬਾਰੇ ਕਿਹਾ ਜਾਂਦਾ ਕਿ ਇਹ ਤਾਂ ਯਤੀਮ ਹੈ। ਖਰਲ ਕਬੀਲੇ 'ਚ ਕੋਈ ਵੀ ਨੌਜਵਾਨ ਉਸ ਸਮੇਂ ਤੱਕ ਆਪਣੇ ਸਿਰ 'ਤੇ ਪੱਗ ਨਹੀਂ ਸੀ ਬੰਨ੍ਹ ਸਕਦਾ ਤੇ ਨਾ ਹੀ ਵਿਆਹ ਕਰਵਾਉਂਦਾ ਸੀ, ਜਿੰਨਾ ਚਿਰ ਡੰਗਰ ਚੋਰੀ ਕਰਨ 'ਚ ਕੋਈ ਮਾਅਰਕਾ ਨਹੀਂ ਸੀ ਮਾਰ ਲੈਂਦਾ। ਇਸ ਕਬੀਲੇ ਦੇ ਲੋਕਾਂ ਦਾ ਮੁਢਲਾ ਕੰਮ ਹਿੰਦੂਆਂ ਤੇ ਖੱਤਰੀਆਂ ਨੂੰ ਲੁੱਟਣਾ ਤੇ ਮਾਰਨਾ ਸੀ। ਇਨ੍ਹਾਂ ਬਾਰੇ ਫਾਰਸੀ ਦਾ ਇੱਕ ਮੁਹਾਵਰਾ ਪ੍ਰਸਿੱਧ ਸੀ ਜਿਸ ਦਾ ਭਾਵ ਸੀ, ਵੱਟੂ, ਭੱਟੀ, ਖਰਲ ਤੇ ਡੋਗਰ ਹਮੇਸ਼ਾ ਹੀ ਬਾਗੀ ਰਹੇ ਹਨ, ਇਸ ਲਈ ਇਨ੍ਹਾਂ ਨੂੰ ਕਤਲ ਕਰ ਦੇਣਾ ਚਾਹੀਦਾ ਹੈ।

ਸਰ ਐਪਲ ਗ੍ਰਿਫਨ ਨੇ ਇਨ੍ਹਾਂ ਬਾਰੇ ਲਿਖਿਆ ਹੈ ਕਿ ਖਰਲ ਕਬੀਲੇ ਦੇ ਲੋਕ ਹਮੇਸ਼ਾ ਹੀ ਫਸਾਦੀ, ਵਹਿਮੀ ਤੇ ਡੰਗਰ ਚੋਰ ਗਿਣੇ ਜਾਂਦੇ ਰਹੇ ਹਨ। ਇਹ ਕਿਸੇ ਦੀ ਹਕੂਮਤ ਨੂੰ ਬਰਦਾਸ਼ਤ ਨਹੀਂ ਕਰਦੇ ਤੇ ਲੁੱਟਮਾਰ ਕਰਨ 'ਚ ਖੁਸ਼ ਰਹਿੰਦੇ ਹਨ। ਗੁੱਜਰਾਂਵਾਲਾ ਜ਼ਿਲ੍ਹੇ 'ਚ ਇਹ ਬਦਨਾਮ ਚੋਰ ਹਨ। ਉਂਜ ਖਰਲ ਬਹੁਤ ਹੀ ਜੰਗਜੂ ਤੇ ਮਹਿਮਾਨ ਨਿਵਾਜ ਵੀ ਮੰਨੇ ਜਾਂਦੇ ਸਨ।

**ਕਾਠੀਆ:** ਅੰਗਰੇਜ਼ ਅਧਿਕਾਰੀ ਕੈਪਟਨ ਐਲਫਸਟੋਨ ਨੇ ਸਾਹੀਵਾਲ ਤੇ ਮਿੰਟਗੁਮਰੀ ਏਰੀਏ ਬਾਰੇ ਲਿਖਿਆ ਹੈ ਕਿ ਰਾਵੀ ਦਰਿਆ ਦੇ ਆਸ-ਪਾਸ ਰਹਿਣ ਵਾਲੇ ਜ਼ਿਆਦਾਤਰ ਲੋਕ ਪਸ਼ੂ ਚੋਰ ਹਨ ਜੋ ਕਾਠੀਆ ਕਬੀਲੇ ਤੋਂ ਸਨ। ਇਹ ਕਾਠੀਏ ਜੱਟਾਂ ਤੋਂ ਥੋੜ੍ਹੇ ਵੱਖਰੇ ਸਨ। ਜਿਸ ਵੇਲੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਹੋਈ, ਉਸ ਸਮੇਂ ਕਾਠੀਆ ਕਬੀਲੇ ਦਾ ਮੱਝਾਂ ਚੋਰੀ ਕਰਨ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਇਨ੍ਹਾਂ ਦਾ ਨਿਰਬਾਹ-ਏ-ਜ਼ਿੰਦਗੀ ਸਿਰਫ ਤੇ ਸਿਰਫ ਲੁੱਟਮਾਰ ਸੀ।

**ਗੱਖੜ:** ਗੱਖੜ ਕੌਮ ਦਰਿਆ ਜੇਹਲਮ ਦੇ ਆਸ-ਪਾਸ ਦੇ ਇਲਾਕੇ 'ਚ ਰਹਿੰਦੀ ਸੀ। ਇਹ ਲੋਕ ਬਹੁਤ ਹੀ ਵਹਿਮੀ, ਜ਼ਾਲਮ ਤੇ ਪਸ਼ੂ ਚੋਰ ਸਨ। ਇਨ੍ਹਾਂ ਦੇ ਵਹਿਸ਼ੀਪੁਣੇ ਕਾਰਨ ਹੀ ਸ਼ੇਰ ਸ਼ਾਹ ਸੂਰੀ ਨੇ ਜ਼ਿਲ੍ਹਾ ਜੇਹਲਮ 'ਚ ਰੋਹਤਾਸ ਕਿਲ੍ਹੇ ਦੀ ਉਸਾਰੀ ਕਰਵਾਈ। ਮਹਿਮੂਦ ਗੌਰੀ ਨੂੰ ਇਨ੍ਹਾਂ ਨੇ ਹੀ ਉਦੋਂ ਕਤਲ ਕੀਤਾ ਸੀ, ਜਦੋਂ ਉਸ ਨੇ ਆਪਣੇ ਦੇਸ਼ ਮੁੜਨ ਸਮੇਂ ਜੇਹਲਮ ਵਿਖੇ ਕੈਂਪ ਲਾਇਆ ਹੋਇਆ ਸੀ।

**ਅਵਾਨ:** ਅਵਾਨ ਲਹਿੰਦੇ ਪੰਜਾਬ ਦੀ ਇੱਕ ਬਹੁਤ ਵੱਡੀ ਨਸਲ ਹੈ। ਇਹ ਚੜ੍ਹਦੇ ਪੰਜਾਬ 'ਚ ਵੀ ਹੁੰਦੇ ਸਨ ਪਰ 1947 ਦੀ ਵੰਡ ਪਿਛੋਂ ਹਿਜਰਤ ਕਰਕੇ ਲਹਿੰਦੇ ਪੰਜਾਬ 'ਚ ਆ ਵੱਸੇ। ਇਨ੍ਹਾਂ ਦਾ ਇਲਾਕਾ ਜੇਹਲਮ ਦੇ ਨੇੜੇ ਕੋਹ ਸਥਾਨ ਹੈ ਜੋ ਪਾਕਿਸਤਾਨੀ ਨਮਕ ਲਈ ਪ੍ਰਸਿੱਧ ਹੈ। ਅਵਾਨ ਲੋਕ ਦਰਿਆ ਸਿੰਧ ਦੇ ਨਾਲ-ਨਾਲ ਫੈਲੇ ਹੋਏ ਹਨ। ਅਵਾਨਾਂ ਦੀ ਬਹੁਤ ਵੱਡੀ ਤਾਦਾਦ ਆਪਣੇ ਆਪ ਨੂੰ ਜੱਟ ਅਖਵਾਉਂਦੀ ਹੈ। ਕਰਨਲ ਡਿਊਸ ਲਿਖਦਾ ਹੈ ਕਿ ਅਵਾਨ ਦੁਸ਼ਮਣੀ ਨਿਭਾਉਣ ਵਾਲੇ ਸਨ, ਇਹ ਪੁਰਾਣਾ ਵੈਰ ਨਹੀਂ ਸਨ ਛੱਡਦੇ ਤੇ ਇਕ ਦੂਜੇ ਦੀ ਕਤਲੋ-ਗਾਰਤ ਕਾਰਨ ਇਹ ਹਮੇਸ਼ਾ ਮੁਸੀਬਤ 'ਚ ਹੀ ਰਹਿੰਦੇ ਸਨ। ਇਨ੍ਹਾਂ 'ਚੋਂ ਹੀ ਇੱਕ ਕਬੀਲਾ ਖੋਟੜ ਅਵਾਨਾਂ ਦਾ ਹੈ ਜਿਨ੍ਹਾਂ ਬਾਰੇ ਕਰਨਲ ਕਰੈਕ ਫੋਰਡ ਨੇ ਲਿਖਿਆ ਹੈ ਕਿ ਉਹ ਰਾਜਪੂਤ ਸਨ। ਜ਼ਰਾਇਮ ਦੇ ਮਾਮਲਿਆਂ 'ਚ ਇਹ ਆਪਣੀ ਮਿਸਾਲ ਆਪ ਸਨ, ਇਨ੍ਹਾਂ ਨੇ ਆਪਣੇ ਇਲਾਕੇ 'ਚ ਵੱਡੇ-ਵੱਡੇ ਜ਼ਰਾਇਮ ਫਲਦੇ ਫੁਲਦੇ ਰੱਖੇ ਹੋਏ ਸਨ।

**ਧਨੀਆਲ:** ਧਨੀਆਲ ਪੰਜਾਬ 'ਚ ਇੱਕ ਖਾਸ ਇਲਾਕੇ ਦਾ ਨਾਂ ਹੈ। ਕਿਸੇ ਵਕਤ ਧਨੀ ਦੇ ਢੱਗੇ ਸਾਰੇ ਪੰਜਾਬ 'ਚ ਮਸ਼ਹੂਰ ਸਨ। ਧਨੀਆਲ ਦਾ ਇਲਾਕਾ ਵੀ ਜੇਹਲਮ ਦੇ ਕੋਲ ਹੈ। ਧਨੀਆਲਾਂ ਬਾਰੇ ਮਸ਼ਹੂਰ ਸੀ ਕਿ ਉਹ ਹੰਗਾਮਾ ਕਰਨ ਵਾਲੇ ਲੋਕ ਹਨ, ਜਿਸ ਕਰਕੇ ਮੁਸੀਬਤ ਸਹੇੜੀ ਰੱਖਦੇ ਸਨ। ਇਸ ਇਲਾਕੇ 'ਚ ਹੋਣ ਵਾਲੇ ਸੰਗੀਨ ਜ਼ਰਾਇਮ ਦੀ ਵਜ੍ਹਾ ਇਹ ਲੋਕ ਖੁਦ ਹੀ ਹੁੰਦੇ ਸਨ।

**ਖੋਖਰ:** ਪੰਜਾਬ 'ਚ ਖੋਖਰਾਂ ਨੂੰ ਰਾਜਪੂਤ ਮੰਨਿਆ ਜਾਂਦਾ ਹੈ। ਖੋਖਰ ਪੰਜਾਬ ਦੇ ਪੱਛਮੀ ਹਿੱਸਿਆਂ 'ਚ ਪਾਏ ਜਾਂਦੇ ਸਨ। ਇਸ ਇਲਾਕੇ ਦੇ ਜ਼ਿਆਦਾਤਰ ਖੋਖਰ ਆਪਣੇ ਆਪ ਨੂੰ ਜੱਟ ਦੱਸਦੇ ਹਨ। ਰਾਇ ਭੋਇੰ ਦੀ ਤਲਵੰਡੀ, ਜੋ ਹੁਣ ਨਨਕਾਣਾ ਸਾਹਿਬ ਹੈ, ਦੇ ਸਰਵੇ-ਸਰਵਾ ਰਾਇ ਬੁਲਾਰ, ਜਿਸ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਅਜ਼ੀਮ ਸ਼ਖਸੀਅਤ ਨੂੰ ਪਛਾਣਿਆ ਸੀ, ਦੀ ਪਤਨੀ ਵੀ ਇਸੇ ਕਬੀਲੇ 'ਚੋਂ ਸੀ। ਸ਼ਾਹਪੁਰ ਇਲਾਕੇ 'ਚ ਰਹਿੰਦੇ ਖੋਖਰਾਂ ਦਾ ਨਸਵਾਨ ਕਬੀਲਾ ਚੋਰੀ ਖਾਸ ਕਰ ਪਸ਼ੂ ਚੋਰੀ ਲਈ ਬਹੁਤ ਬਦਨਾਮ ਸੀ।

**ਗੋਂਦਲ:** ਲਹਿੰਦੇ ਪੰਜਾਬ ਦੇ ਮੰਡੀ ਬਹਾਉਦੀਨ ਤੇ ਸ਼ਾਹਪੁਰ ਦੇ ਖੇਤਰ 'ਚ ਗੋਂਦਲ ਲੋਕ ਬਹੁਤ ਜ਼ਿਆਦਾ ਹਨ। ਗੋਂਦਲਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਚੌਹਾਨ ਰਾਜਪੂਤ ਹਨ। ਜਿੰਨੀ ਕੁ ਪਸ਼ੂ ਚੋਰੀ ਮੈਦਾਨੀ ਇਲਾਕਿਆਂ 'ਚ ਜੱਟ ਤੇ ਰਾਜਪੂਤ ਕਰਦੇ ਸਨ, ਇੰਨੀ ਕੁ ਪਸ਼ੂ ਚੋਰੀ 'ਚ ਗੋਂਦਲ ਲੋਕ ਇਕੱਲੇ ਹੀ ਸ਼ਾਮਿਲ ਸਨ। ਇਨ੍ਹਾਂ ਦੀ ਹਰ ਵਕਤ ਖਵਾਇਸ਼ ਰਹਿੰਦੀ ਕਿ ਦੂਸਰਿਆਂ ਦੇ ਪਸ਼ੂਆਂ 'ਤੇ ਕਬਜ਼ਾ ਕਰ ਲੈਣ। ਗੋਂਦਲ ਪਸ਼ੂ ਚੋਰੀ ਨੂੰ ਕੋਈ ਬੁਰਾਈ ਨਹੀਂ ਸਨ ਸਮਝਦੇ।

**ਵੱਟੂ:** ਵੱਟੂ ਕਬੀਲੇ ਦਾ ਤਾਅਲੁਕ ਭੱਟੀ ਰਾਜਪੂਤਾਂ ਨਾਲ ਜੁੜਦਾ ਹੈ। ਇਨ੍ਹਾਂ ਦੀ ਵਧੇਰੇ ਵਸੋਂ ਫਿਰੋਜ਼ਪੁਰ ਜ਼ਿਲ੍ਹੇ 'ਚ ਸੀ। ਇਹ ਲਾਹੌਰ ਮੁਲਤਾਨ ਤੇ ਥਾਣੇਵਾਲ ਇਲਾਕੇ 'ਚ ਵੀ ਰਹਿੰਦੇ ਸਨ। ਵੱਟੂ ਕਬੀਲੇ ਬਾਰੇ ਲਿਖਿਆ ਮਿਲਦਾ ਹੈ ਕਿ ਇਨ੍ਹਾਂ ਦਾ ਮੁੱਖ ਕਿੱਤਾ ਪਸ਼ੂ ਪਾਲਣਾ ਸੀ। ਇਹ ਆਪਣੇ ਆਂਢ-ਗੁਆਂਢ ਦੇ ਲੋਕਾਂ ਦੇ ਵੀ ਪਸ਼ੂ ਚੋਰੀ ਕਰ ਲੈਂਦੇ ਸਨ। ਵੱਟੂ ਕਬੀਲਾ ਬੜਾ ਹੀ ਸੋਰਸ ਪਸੰਦ ਤੇ ਗਾਰਤਗਾਰ ਸੀ, ਯਾਨਿ ਲੁੱਟ ਮਾਰ ਕਰਨ ਵਾਲਾ। ਮਿਸਟਰ ਪਰਸਰ ਲਿਖਦਾ ਹੈ ਕਿ ਇਹ ਲੋਕ ਪਸ਼ੂਆਂ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ ਪਰ ਨਾਲ ਹੀ ਕਾਠੀਆ, ਖਰਲ ਤੇ ਸਿਆਲਾਂ ਵਾਂਗ ਹੀ ਡਾਕੂ ਤੇ ਉਨ੍ਹਾਂ ਵਾਂਗ ਹੀ ਪਸ਼ੂ ਚੋਰੀ ਕਰਨ ਦੇ ਆਦੀ ਸਨ।

**ਜੋਈਆ:** ਜੋਈਆ ਕਬੀਲੇ ਦੇ ਲੋਕ ਵੀ ਰਾਜਪੂਤ ਪਿਛੋਕੜ ਵਾਲੇ ਹਨ। ਰਾਜਪੂਤਾਂ ਦੇ 36 ਵੱਡੇ ਖਾਨਦਾਨਾਂ 'ਚ ਇਨ੍ਹਾਂ ਦਾ ਸ਼ੁਮਾਰ ਹੁੰਦਾ ਹੈ। ਕੈਪਟਨ ਐਲਫਿਸਟੋਨ ਲਿਖਦੇ ਹਨ ਕਿ ਇਹ ਲੋਕ ਆਪਣੀ ਬਹਾਦਰੀ ਤੇ ਪਸ਼ੂ ਚੋਰੀ ਕਰਨ ਦੀ ਸਮਰੱਥਾ 'ਤੇ ਬਹੁਤ ਫਖਰ ਕਰਦੇ ਸਨ। ਇਹ ਬਹੁਤਾ ਪਸ਼ੂ ਪਾਲਦੇ ਪਰ ਕਾਸ਼ਤਕਾਰ ਚੰਗੇ ਨਹੀਂ ਸਨ। ਇਸ ਕਬੀਲੇ 'ਚ ਇੱਕ ਬੰਦਾ ਭਾਈ ਮਾਹਿਰ ਹੋਇਆ। ਭਾਈ ਮਾਹਿਰ ਦੇ ਨਾਂ 'ਤੇ ਇੱਕ ਕਬੀਲਾ ਵੀ ਨਿਕਲ ਆਇਆ ਜਿਸ ਨੂੰ ਭਾਈ ਮਾਹਿਰ ਦਾ ਟੱਬਰ ਆਖਿਆ ਜਾਣ ਲੱਗਾ। ਜੋਈਆ ਕਬੀਲੇ ਦੇ ਲੋਕ ਝਗੜਾਲੂ, ਪਸ਼ੂ ਪਾਲਣ ਦੇ ਸ਼ੌਕੀਨ ਤੇ ਕਾਸ਼ਤਕਾਰੀ ਪ੍ਰਤੀ ਲਾਪਰਵਾਹ ਸਨ। ਇਹ ਲੋਕ ਫਿਰੋਜ਼ਪੁਰ, ਲਾਹੌਰ ਤੇ ਕਸੂਰ ਦੇ ਵਸਨੀਕ ਸਨ।

**ਭੱਟੀ:** ਭੱਟੀ ਸ਼ਬਦ ਰਾਜਪੂਤਾਨਾ ਦੇ ਭਾਟੀ ਸ਼ਬਦ ਤੋਂ ਵਿਗੜ ਕੇ ਬਣਿਆ। ਇਹ ਲੋਕ ਘੋੜਿਆਂ ਦੇ ਸ਼ੌਕੀਨ ਸਨ ਤੇ ਵਧੀਆ ਨਸਲ ਦੇ ਘੋੜੇ ਪਾਲਦੇ ਸਨ। ਭੱਟੀ ਕਬੀਲੇ ਦੇ ਲੋਕ ਚੋਰੀ ਘੱਟ ਕਰਦੇ ਪਰ ਕਰਦੇ ਜ਼ਰੂਰ ਸਨ। ਇੱਕ ਦੂਜੇ ਨੂੰ ਕਤਲ ਕਰ ਦੇਣਾ ਭੱਟੀਆਂ ਲਈ ਮਾਮੂਲੀ ਗੱਲ ਸੀ। ਪੰਜਾਬ 'ਚ ਸਿੱਧੂ ਤੇ ਬਰਾੜ ਗੋਤਰ ਇਨ੍ਹਾਂ ਭੱਟੀਆਂ 'ਚੋਂ ਹੀ ਨਿਕਲਿਆ ਹੈ।

**ਰਾਂਘੜ:** 1947 ਈਸਵੀ ਦੀ ਤਕਸੀਮ ਤੋਂ ਪਹਿਲਾਂ ਰਾਂਘੜ ਚੜ੍ਹਦੇ ਪੰਜਾਬ 'ਚ ਮੁਸਲਮਾਨ ਰਾਜਪੂਤ ਸਨ। ਇਹ ਕੌਮ ਵੀ ਬੜੀ ਸ਼ੋਰ ਸ਼ਰਾਬਾ ਕਰਨ ਵਾਲੀ ਸੀ। ਰਾਂਘੜ ਬੜੇ ਪੱਕੇ ਪਸ਼ੂ ਚੋਰ ਸਨ। ਮੱਸਾ ਰੰਘੜ ਵੀ ਇਸੇ ਕਬੀਲੇ 'ਚੋਂ ਸੀ, ਜਿਸ ਨੂੰ ਦੋ ਸਿੱਖ ਵੀਰਾਂ-ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਉਸ ਦੇ ਕੀਤੇ ਕੁਕਰਮਾਂ ਦੀ ਸਜ਼ਾ ਦਿੱਤੀ ਸੀ। ਗਿਆਨ ਸਿੰਘ ਨਾਂ ਦਾ ਇੱਕ ਲੇਖਕ ਆਪਣੀ ਕਿਤਾਬ 'ਸਮਸ਼ੇਰ ਖਾਲਸਾ' 'ਚ ਲਿਖਦਾ ਹੈ ਕਿ ਪੰਜਾਬ 'ਚ ਵੱਟੂ, ਡੋਗਰ, ਰੰਘੜ, ਗੁੱਜਰ ਤੇ ਜੱਟ ਕਬੀਲੇ ਹੀ ਸਾਰੀ ਮੁਸੀਬਤ ਦੀ ਜੜ੍ਹ ਸਨ।

**ਖਾਨਜ਼ਾਦੇ:** ਅੰਗਰੇਜ਼ ਕੈਪਟਨ ਵੈਲਟ ਖਾਨਜ਼ਾਦਿਆਂ ਬਾਰੇ ਲਿਖਦਾ ਹੈ ਕਿ ਇਹ ਮੇਵਾਤ ਇਲਾਕੇ 'ਚ ਰਹਿੰਦੇ ਸਨ। ਫਾਰਸੀ ਇਤਿਹਾਸਕਾਰਾਂ ਨੇ ਇਨ੍ਹਾਂ ਸਰਦਾਰਾਂ ਨੂੰ ਖਾਨਜ਼ਾਦੇ ਕਿਹਾ ਹੈ ਜੋ ਮੁਸਲਮਾਨ ਸਨ ਤੇ ਬਦਤਰ ਚੋਰ ਸਨ। ਛਾਪਾਮਾਰੀ ਦੌਰਾਨ ਇਹ ਖੂਬ ਲੁੱਟ-ਮਾਰ ਕਰਦੇ ਸਨ।

**ਰਾਜਪੂਤ:** ਕਿਹਾ ਜਾਂਦਾ ਹੈ ਕਿ ਪੰਜਾਬ ਦਾ ਰਾਜਪੂਤ ਕਬੀਲਾ ਬਹੁਤ ਹੀ ਅੰਭੜਾ ਸੀ। ਇਸ ਕਬੀਲੇ ਦੇ ਲੋਕ ਬਹੁਤ ਹੀ ਸੋਹਣੇ ਸੁਨੱਖੇ ਤੇ ਜਵਾਨ ਸਨ ਪਰ ਉਹ ਆਪਣੀ ਸੁਸਤੀ ਕਰਕੇ ਗਰੀਬ ਸਨ। ਕਾਸ਼ਤਕਾਰੀ ਵਿਚ ਇਹ ਲੋਕ ਅਨਾੜੀ ਸਨ ਅਤੇ ਮੱਝਾਂ ਪਾਲਣ ਨੂੰ ਤਰਜੀਹ ਦਿੰਦੇ। ਇਨ੍ਹਾਂ ਦਾ ਵੱਡਾ ਪੇਸ਼ਾ ਪਸ਼ੂ ਚੋਰੀ ਕਰਨਾ ਸੀ। ਪਰ ਇਹ ਕੰਮ ਵੀ ਬੜੇ ਇੱਜਤਦਾਰ ਤਰੀਕੇ ਨਾਲ ਕਰਦੇ ਸਨ। ਰਾਜਪੂਤ ਕਿਸੇ ਦੇ ਪਸ਼ੂ ਚੋਰੀ ਕਰਕੇ ਉਸ ਘਰ ਵਿਚੋਲੇ ਰਾਹੀਂ ਸੁਨੇਹਾ ਭੇਜ ਦਿੰਦੇ ਕਿ ਜੇ ਸਾਨੂੰ 20 ਰੁਪਏ ਦੇ ਦੇਵੋ ਤਾਂ ਅਸੀਂ ਤੁਹਾਡੇ ਪਸ਼ੂ ਵਾਪਸ ਦਿਵਾ ਸਕਦੇ ਹਾਂ। ਸਾਨੂੰ ਪਤਾ ਹੈ, ਤੁਹਾਡੇ ਪਸ਼ੂ ਕਿੱਥੇ ਹਨ। ਉਹ ਭੂੰਗਾ ਰਕਮ ਲੈ ਕੇ ਪਸ਼ੂ ਵਾਪਸ ਕਰਵਾ ਦਿੰਦੇ। ਪਰ ਗੁੱਜਰ ਪੈਸੇ ਵੀ ਲੈ ਲੈਂਦੇ ਤੇ ਡੰਗਰ ਵੀ ਵਾਪਸ ਨਾ ਕਰਦੇ। ਇਸੇ ਲਈ ਲੋਕ ਰਾਜਪੂਤਾਂ ਨੂੰ ਇੱਜਤਦਾਰ ਚੋਰਾਂ ਵਜੋਂ ਜਾਣਦੇ ਸਨ।

**ਬਹਿਨੀਵਾਲ:** ਹਿੰਦ-ਪਾਕਿ ਵੰਡ ਤੋਂ ਪਹਿਲਾਂ ਬਹਿਨੀਵਾਲ ਕਬੀਲੇ ਦੇ ਲੋਕ ਹਿਸਾਰ ਤੇ ਪਟਿਆਲਾ ਏਰੀਏ 'ਚ ਰਹਿੰਦੇ ਸਨ। ਇਸ ਕਬੀਲੇ ਦੇ ਲੋਕ ਆਪਣੇ ਆਪ ਨੂੰ ਭੱਟੀ ਰਾਜਪੂਤ ਅਖਵਾਉਂਦੇ ਸਨ। ਮਿਸਟਰ ਪਰਸਰ ਲਿਖਦਾ ਹੈ ਕਿ ਇਹ ਲੋਕ ਗਿਣਤੀ 'ਚ ਤਾਂ ਘੱਟ ਸਨ ਪਰ ਚੋਰੀ ਤੇ ਡਾਕਾਜ਼ਨੀ 'ਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਸੀ।

**ਚੰਧੜ:** ਇਹ ਉਹੀ ਕਬੀਲਾ ਹੈ ਜਿਸ ਨਾਲ ਮਿਰਜ਼ੇ ਦੀ ਸਾਹਿਬਾਂ ਦਾ ਤਾਅਲੁਕ ਸੀ। ਚੰਧੜਾਂ ਬਾਰੇ ਮਿਸਟਰ ਸਟੈਡਮੈਨ ਨੇ ਲਿਖਿਆ ਹੈ ਕਿ ਇਹ ਲੋਕ ਦਰਿਆ ਰਾਵੀ ਤੇ ਚਨਾਬ ਦੇ ਇਲਾਕਿਆਂ 'ਚ ਪਾਏ ਜਾਂਦੇ ਸਨ ਜਿਸ ਨੂੰ ਅਸੀਂ ਰਚਨਾ ਦੁਆਬ ਵੀ ਆਖਦੇ ਹਾਂ। ਇਹ ਸਫਲ ਕਾਸ਼ਤਕਾਰ ਸਨ ਪਰ ਫਿਰ ਵੀ ਇਨ੍ਹਾਂ 'ਚ ਚੋਰੀ ਕਰਨ ਦੀ ਆਦਤ ਘੱਟ ਨਹੀਂ ਸੀ।

**ਕੁੰਡੀ ਕਬੀਲਾ:** ਇਸ ਕਬੀਲੇ ਦੇ ਲੋਕ ਦੱਖਣੀ ਪੰਜਾਬ ਦੇ ਡੇਰਾ ਗਾਜ਼ੀ ਖਾਂ ਵੱਲ ਰਹਿੰਦੇ ਸਨ। ਇਹ ਵੱਡੇ ਡਾਕੂ ਸਨ ਤੇ ਵੱਡੇ-ਵੱਡੇ ਜਥਿਆਂ 'ਚ ਰਹਿ ਕੇ ਡਾਕਾਜ਼ਨੀ ਕਰਦੇ।

**ਭਾਗੜੀ ਤੇ ਮੋਗੀ ਕਬੀਲਾ:** ਵਸਤੀ ਹਿੰਦ 'ਚ ਜੋ ਕਬੀਲੇ ਚੋਰ-ਡਾਕੂ ਸਨ, ਉਨ੍ਹਾਂ 'ਚ ਭਾਗੜੀ ਤੇ ਮੋਗੀ ਕਬੀਲਾ ਵੀ ਸ਼ਾਮਿਲ ਸੀ। ਭਾਗੜੀ ਕਬੀਲੇ ਦੇ ਲੋਕ ਇੱਕ ਦਲੇਰ ਨਸਲ 'ਚੋਂ ਸਨ। ਕਦੇ-ਕਦਾਈਂ ਇਹ ਲੋਕ ਕਾਸ਼ਤਕਾਰੀ ਵੀ ਕਰ ਲੈਂਦੇ ਪਰ ਮੁੱਖ ਕੰਮ ਲੁੱਟਮਾਰ ਕਰਨਾ ਹੀ ਸੀ।

**ਬਲੋਚ:** ਆਖਰ 'ਚ ਬਲੋਚ ਕਬੀਲੇ ਬਾਰੇ ਗੱਲ ਕਰਦੇ ਹਾਂ। ਇਨ੍ਹਾਂ ਬਾਰੇ ਮਸ਼ਹੂਰ ਸੀ ਕਿ ਇਹ ਸਿਰੇ ਦੇ ਘੋੜ ਸਵਾਰ ਸਨ। ਇਨ੍ਹਾਂ ਦੀ ਮਹਿਮਾਨਨਿਵਾਜ਼ੀ ਦੀਆਂ ਸਿਫਤਾਂ ਦੂਰ-ਦੂਰ ਤੱਕ ਫੈਲੀਆਂ ਹੋਈਆਂ ਸਨ। ਇਸ ਕਬੀਲੇ ਦੇ ਲੋਕਾਂ ਦਾ ਸ਼ੁਮਾਰ ਵੀ ਵੱਡੇ ਡਾਕੂਆਂ 'ਚ ਹੁੰਦਾ ਰਿਹਾ ਤੇ ਉਹ ਇਹ ਕੰਮ ਗਰੋਹ ਬਣਾ ਕੇ ਕਰਦੇ ਸਨ। ਜੇ ਇਨ੍ਹਾਂ ਦੇ ਕਿਸੇ ਬੰਦੇ ਦਾ ਕਤਲ ਹੋ ਜਾਂਦਾ ਤਾਂ ਇਹ ਖੂਨ ਦਾ ਬਦਲਾ ਖੂਨ ਨਾਲ ਲੈਂਦੇ। ਇਹ ਇਨ੍ਹਾਂ ਦੀ ਫਿਤਰਤ 'ਚ ਹੀ ਸੀ। ਬਲੋਚਾਂ 'ਚ ਮਸ਼ਹੂਰ ਸੀ ਕਿ ਜੋ ਬੰਦਾ ਚੋਰੀ ਜਾਂ ਲੁੱਟਮਾਰ ਨਹੀਂ ਕਰਦਾ, ਉਸ 'ਤੇ ਰੱਬ ਦੀ ਨਜ਼ਰ ਸਵੱਲੀ ਨਹੀਂ ਹੁੰਦੀ ਤੇ ਜੋ ਬਲੋਚ ਚੋਰੀ ਤੇ ਲੁੱਟਮਾਰ ਕਰਦਾ ਹੈ, ਉਹ ਆਪਣੀਆਂ ਆਉਣ ਵਾਲੀਆਂ ਸੱਤ ਪੁਸ਼ਤਾਂ ਲਈ ਜੰਨਤ ਖਰੀਦ ਲੈਂਦਾ ਹੈ।

(ਚਲਦਾ)

# ਬਰਤਾਨੀਆ ਵਿਚ ਪੜ੍ਹਨ ਜਾਣ ਵਾਲਿਆਂ ਨੂੰ ਮਿਲੀ ਰਾਹਤ

**ਲੰਡਨ:** ਬਰਤਾਨੀਆ ਵਿਚ ਵਿਦਿਆਰਥੀ ਵੀਜ਼ੇ ਉਤੇ ਪੜ੍ਹਾਈ ਕਰਨ ਵਾਲਿਆਂ ਲਈ ਰਾਹਤ ਵਾਲੀ ਖਬਰ ਹੈ। ਹੁਣ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਹੋਣ ਉਤੇ ਵਰਕ ਵੀਜ਼ੇ ਲਈ ਲੰਮਾ ਇੰਤਜ਼ਾਰ ਨਹੀਂ ਕਰਨ ਪਵੇਗਾ। ਯੂ.ਕੇ. ਨੇ ਨਵੇਂ ਨਿਯਮ ਬਣਾਏ ਹਨ ਜਿਨ੍ਹਾਂ ਤਹਿਤ ਕੰਮ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਲਾਭ ਹੋਵੇਗਾ। ਵਿਦਿਆਰਥੀ ਵੀਜ਼ਾ ਨੂੰ ਵਰਕ ਵੀਜ਼ੇ ਵਿਚ ਬਦਲਣ ਦੀ ਸੁਵਿਧਾ 11 ਜਨਵਰੀ ਤੋਂ ਸ਼ੁਰੂ ਹੋਵੇਗੀ। ਯੂ.ਕੇ. ਵਿਚ ਟਾਇਰ-4 ਵੀਜ਼ਾ ਲੈ ਕੇ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਡਿਗਰੀ ਪੂਰੀ ਹੋਣ ਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਉਹ ਟਾਇਰ-2 ਵੀਜ਼ਾ ਲਈ ਅਰਜ਼ੀ ਦੇ ਕੇ 'ਮਾਹਿਰ ਕੰਮ ਕਾਜ ਵੀਜ਼ਾ' ਵਿਚ ਤਬਦੀਲ ਕਰਨਗੇ।

ਇਸੇ ਤਰ੍ਹਾਂ ਟਾਇਰ-4 ਵੀਜ਼ਾ 12 ਮਹੀਨਿਆਂ ਤੋਂ ਜ਼ਿਆਦਾ ਸਮਾਂ ਵਾਲੇ ਕੋਰਸਾਂ ਉਤੇ ਲਾਗੂ ਹੁੰਦਾ ਹੈ। ਕੋਰਸ ਮੁਕੰਮਲ ਹੋਣ ਬਾਅਦ 4 ਮਹੀਨੇ ਦਾ ਵਾਧੂ ਸਮਾਂ ਮਿਲਦਾ ਹੈ, ਜਿਸ ਨਾਲ ਵਿਦਿਆਰਥੀ ਆਪਣੇ ਲਈ ਨੌਕਰੀ ਲੱਭ ਸਕਦਾ ਹੈ। ਮਿਆਦ ਖਤਮ ਹੋਣ ਤੋਂ ਪਹਿਲਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਦੇਸ਼ ਵਾਪਸ ਮੁੜਨਾ ਜ਼ਰੂਰੀ ਹੁੰਦਾ ਹੈ।

## ਬਜ਼ੁਰਗ ਨੇ 98 ਸਾਲ ਦੀ ਉਮਰੇ ਕੀਤੀ ਐਮ.ਏ.

**ਪਟਨਾ:** ਬਿਹਾਰ ਦੇ ਇਕ 98 ਸਾਲਾ ਬਜ਼ੁਰਗ ਨੇ ਨਾਲੰਦਾ ਯੂਨੀਵਰਸਿਟੀ ਤੋਂ ਐਮ. ਏ. ਦੀ ਡਿਗਰੀ ਹਾਸਲ ਕੀਤੀ। ਇਸ ਸ਼ਖਸ ਦਾ ਨਾਂ ਰਾਜ ਕੁਮਾਰ ਵੈਸ਼ ਹੈ। ਉਸ ਨੇ ਸਾਲ 2015 'ਚ ਐਮ. ਏ. ਸ਼ੁਰੂ ਕੀਤੀ ਸੀ, ਜਦਕਿ 1938 'ਚ ਉਸ ਨੇ ਆਗਰਾ ਯੂਨੀਵਰਸਿਟੀ ਤੋਂ ਸਨਾਤਕ ਤੇ 1940 'ਚ ਐਲ.ਐਲ. ਬੀ. ਦੀ ਡਿਗਰੀ ਹਾਸਲ ਕੀਤੀ ਸੀ, ਪਰ ਨੌਕਰੀ ਤੋਂ ਬਾਅਦ ਉਹ ਐਮ.ਏ. ਨਹੀਂ ਕਰ ਸਕਿਆ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

ਤੁਹਾਡੀ ਆਪਣੀ
MJSB Transportation
ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ
Wanted Owner Operators and Experienced Drivers.
Long and Local Routes, all 50 states. Drivers: 42 cents to 50 cents per mile.


Owner Operators: With own Truck/Trailer get 92% of gross (6% Dispatch+ Insurance). Using company trailer get 80% of gross.
Direct deposit available. Money goes next day after load in your account.
■ਜੇ ਤੁਹਾਨੂੰ ਟਰੱਕ ਦੇ ਲੋਡ ਬੁਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ
(ਤੁਸੀਂ 6000 ਤੋਂ 8000 ਡਾਲਰ ਪ੍ਰਤੀ ਹਫਤੇ ਕਮਾ ਸਕਦੇ ਹੋ, ਗਾਰੰਟੀ)
■ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ
(ਨਵੇਂ ਲਾਈਸੈਂਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)
■ਜੇ ਤੁਹਾਨੂੰ ਟਰੱਕ ਜਾਂ ਟਰੇਲਰ ਫਾਇਨਾਂਸ ਕਰਵਾਉਣਾ ਹੋਵੇ
ਸੰਪਰਕ ਕਰੋ:
ਗਗਨ ਸਿੰਘ 917-518-5125
ਸਿਮਰਨ ਸਿੰਘ 469-235-3077
51-2

# ਨਵੀਂ ਸਰਕਾਰ ਵੀ ਸਿਹਤ ਸੇਵਾਵਾਂ ਨੂੰ ਲੀਹੇ ਪਾਉਣ ਵਿਚ ਨਾਕਾਮ

**ਚੰਡੀਗੜ੍ਹ:** ਪੰਜਾਬ ਵਿਚ ਦਸ ਸਾਲਾਂ ਬਾਅਦ ਸਰਕਾਰ ਬਦਲਣ ਉਤੇ ਵੀ ਸਿਹਤ ਸੇਵਾਵਾਂ ਵਿਚ ਸੁਧਾਰ ਹੁੰਦਾ ਨਜ਼ਰ ਨਹੀਂ ਆ ਰਿਹਾ, ਹਾਲਾਂਕਿ ਨਵੀਂ ਸਰਕਾਰ ਨੇ ਪਿਛਲੇ ਵਿੱਤੀ ਸਾਲ ਨਾਲੋਂ ਤਿੰਨ ਸੌ ਕਰੋੜ ਰੁਪਏ ਵੱਧ ਬਜਟ ਰੱਖਿਆ ਹੈ। ਚਾਲੂ ਸਾਲ ਦਾ ਸਿਹਤ ਬਜਟ 3568 ਕਰੋੜ ਦੋ ਲੱਖ 28 ਹਜ਼ਾਰ ਰੱਖਿਆ ਗਿਆ ਹੈ। ਸਾਲ 2016-17 ਦਾ ਬਜਟ 3289 ਕਰੋੜ 16 ਲੱਖ 37 ਹਜ਼ਾਰ ਸੀ। ਇਕ ਸਾਲ ਪਹਿਲਾਂ ਦਾ ਬਜਟ 3132 ਕਰੋੜ 96 ਲੱਖ 31 ਹਜ਼ਾਰ ਮਨਜ਼ੂਰ ਹੋਇਆ ਸੀ।

ਪੰਜਾਬ ਦੀ ਸਾਬਕਾ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਵੱਡੀਆਂ ਵੱਡੀਆਂ ਇਮਾਰਤਾਂ ਤਾਂ ਖੜ੍ਹੀਆਂ ਕਰ ਦਿੱਤੀਆਂ, ਪਰ ਇਨ੍ਹਾਂ ਵਿਚ ਕੰਮ ਕਰਨ ਲਈ ਡਾਕਟਰ ਤਾਇਨਾਤ ਨਹੀਂ ਕੀਤੇ। ਦਸ ਸਾਲਾਂ ਦੇ ਅਰਸੇ ਬਾਅਦ ਜੱਚਾ-ਬੱਚਾ ਸਿਹਤ ਸੰਭਾਲ ਅਤੇ ਮੁੜ ਵਸੇਬਾ ਸੈਂਟਰਾਂ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਇਨ੍ਹਾਂ ਇਮਾਰਤਾਂ ਦੀਆਂ ਇੱਟਾਂ ਝੜਨ ਲੱਗ ਪਈਆਂ। ਦਸ ਸਾਲਾਂ ਦੇ ਸਮੇਂ ਵਿਚ ਡਾਕਟਰਾਂ ਦੀ ਭਰਤੀ ਵਿਚਾਲੇ ਹੀ ਲਟਕਦੀ ਰਹੀ, ਸਗੋਂ ਬੇਸਿਕ ਪੇਅ ਉਤੇ ਡਾਕਟਰ ਭਰਤੀ ਕਰਨ ਦੇ ਕਾਨੂੰਨ ਨੇ ਰਹਿੰਦੇ-ਖੂੰਹਦੇ ਹਸਪਤਾਲ ਵੀ ਖਾਲੀ ਕਰ ਦਿੱਤੇ ਹਨ। ਮੁੱਖ ਮੰਤਰੀ ਰਾਹਤ ਕੋਸ਼ ਫੰਡ ਬਾਦਲ ਸਰਕਾਰ ਦੀ ਸਿਹਤ ਦੇ ਖੇਤਰ ਦੀ ਅਹਿਮ ਪ੍ਰਾਪਤੀ ਵਜੋਂ ਜਾਣਿਆਂ ਜਾਂਦਾ ਰਹੇਗਾ। ਇਸ ਸਾਲ ਦੇ ਦੂਜੇ ਮਹੀਨੇ ਨਵੀਂ ਵਿਧਾਨ ਸਭਾ ਲਈ ਵੋਟਾਂ ਪੈਣ ਤੋਂ ਬਾਅਦ ਮਾਰਚ ਵਿਚ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣ ਗਈ ਸੀ।

ਕਾਂਗਰਸ ਨੇ ਵੋਟਾਂ ਤੋਂ ਪਹਿਲਾਂ ਆਪਣੇ ਮੈਨੀਫੈਸਟੋ ਅਤੇ ਚੋਣ ਭਾਸ਼ਣਾਂ ਵਿਚ ਸਿਹਤ ਸੇਵਾਵਾਂ ਨੂੰ ਪਹਿਲੇ ਨੰਬਰ ਉਤੇ ਰੱਖਣ ਦੇ ਵਾਅਦੇ ਕੀਤੇ, ਪਰ ਇਹ ਖੇਤਰ ਪਹਿਲਾਂ ਦੀ ਤਰ੍ਹਾਂ ਅਣਗੌਲਿਆ ਚੱਲ ਰਿਹਾ ਹੈ। ਪੰਜਾਬ ਦੇ ਹਸਪਤਾਲਾਂ ਵਿਚ ਅਜੇ ਵੀ ਮਾਹਿਰ ਡਾਕਟਰਾਂ ਦੀਆਂ 414 ਅਸਾਮੀਆਂ ਖਾਲੀ ਹਨ, ਬਾਵਜੂਦ ਇਸ ਦੇ ਕਿ ਕਾਂਗਰਸ ਸਰਕਾਰ ਦਸ ਮਹੀਨਿਆਂ ਤੋਂ ਭਰਤੀ ਕਰਨ ਦੇ ਦਾਅਵੇ ਕਰਦੇ ਆ ਰਹੀ ਹੈ। ਮਾਰਚ 2017 ਤੋਂ ਹੀ ਐਮ.ਬੀ.ਬੀ.ਐਸ. ਦੀਆਂ ਉਨੀਆਂ ਅਸਾਮੀਆਂ ਖਾਲੀ ਹਨ।

ਅੰਕੜੇ ਦੱਸਦੇ ਹਨ ਕਿ ਸਿਹਤ ਵਿਭਾਗ ਵਿਚ ਡਾਕਟਰਾਂ ਦੀਆਂ 4400 ਅਸਾਮੀਆਂ ਵਿਚੋਂ 1950 ਦੇ ਕਰੀਬ ਭਰਨ ਖੁਣੋਂ ਪਈਆਂ ਹਨ। ਰੂਰਲ ਮੈਡੀਕਲ ਅਫਸਰਾਂ ਦੇ ਸਿਹਤ ਵਿਭਾਗ ਵਿਚ ਰਲੇਵੇਂ ਦਾ ਮਸਲਾ ਨਵੀਂ ਸਰਕਾਰ ਨੇ ਆਉਂਦਿਆਂ ਹੀ ਸਹੇੜ ਲਿਆ ਸੀ, ਜਿਸ ਨੂੰ ਸੁਲਝਾਉਣਾ ਮੁਸ਼ਕਲ ਹੋਇਆ ਪਿਆ ਹੈ। ਮੁੱਖ ਮੰਤਰੀ ਕੈਂਸਰ ਰਾਹਤ ਫੰਡ 'ਚੋਂ ਕੈਂਸਰ ਦੇ ਮਰੀਜ਼ਾਂ ਨੂੰ ਸਕੀਮ ਦੇ ਸ਼ੁਰੂ ਹੋਣ ਤੋਂ ਲੈ ਕੇ ਅਗਸਤ ਤੱਕ 77 ਕਰੋੜ ਰੁਪਏ ਵੰਡੇ ਜਾ ਚੁੱਕੇ ਸਨ। ਉਸ ਪਿਛੋਂ ਸਰਕਾਰ ਨੇ ਪੈਸੇ ਦਾ ਹਿਸਾਬ-ਕਿਤਾਬ ਵੈੱਬਸਾਈਟ 'ਤੇ ਪਾਉਣਾ ਬੰਦ ਕਰ ਦਿੱਤਾ ਹੈ।

ਸੀਨੀਅਰ ਸਕੂਲ ਵਿਚ ਪੜ੍ਹਦੀਆਂ ਬੱਚੀਆਂ ਨੂੰ ਬੱਚੇਦਾਨੀ ਦੇ ਕੈਂਸਰ ਤੋਂ ਬਚਾਅ ਦਾ ਟੀਕਾ ਲਾਉਣ ਦਾ ਪ੍ਰੋਜੈਕਟ ਸ਼ੁਰੂ ਵਿਚ ਹੀ ਵਿਵਾਦਾਂ ਵਿਚ ਘਿਰ ਗਿਆ ਸੀ, ਜਿਸ ਕਾਰਨ ਸਰਕਾਰ ਨੂੰ ਨਮੋਸ਼ੀ ਝੱਲਣਾ ਪਈ, ਪਰ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਇਸ ਉਤੇ ਮੁੜ ਤੋਂ ਵਿਚਾਰ ਕਰ ਕੇ ਸੁਧਾਰ ਕਰਨ ਦਾ ਵਾਅਦਾ ਕਰ ਕੇ ਸਰਕਾਰ ਦੀ ਸਾਖ ਬਚਾ ਲਈ ਹੈ। ਸਿਹਤ ਵਿਭਾਗ ਦਾ ਪੰਜਾਬ ਵਿਚ ਡੇਂਗੂ ਦੇ ਹਮਲੇ ਕਰ ਕੇ ਸਾਹ ਫੁੱਲਿਆ ਰਿਹਾ ਹੈ। ਇਸ ਵਾਰ ਡੇਂਗੂ ਦੇ ਮਰੀਜ਼ ਪਿਛਲੇ ਸਾਲਾਂ ਨਾਲੋਂ ਵੱਧ ਆਏ ਹਨ। ਗੌਰਮਿੰਟ ਮੈਡੀਕਲ ਕਾਲਜਾਂ ਅਤੇ ਆਯੁਰਵੈਦਿਕ ਕਾਲਜਾਂ ਦੀ ਹਾਲਤ ਸੁਧਾਰਨ ਵਾਸਤੇ ਸਰਕਾਰ ਨੂੰ ਅਜੇ ਵਿਹਲ ਨਹੀਂ ਮਿਲੀ ਲੱਗਦੀ ਹੈ। ਨਵੀਂ ਸਰਕਾਰ ਦੇ ਪਲੇਠੇ ਸਾਲ ਵਿਚ ਹੀ ਐਮ.ਬੀ.ਬੀ.ਐਸ. ਦਾ ਦਾਖਲਾ ਵਿਵਾਦਾਂ ਵਿਚ ਘਿਰਿਆ ਰਿਹਾ, ਜਿਸ ਨਾਲ ਮੈਡੀਕਲ ਖੋਜ ਅਤੇ ਸਿੱਖਿਆ ਵਿਭਾਗ ਦੇ ਵੱਕਾਰ ਨੂੰ ਸੱਟ ਵੱਜੀ ਹੈ।

### ਪੇਂਡੂ ਡਾਕਟਰਾਂ ਦੇ ਰਲੇਵੇਂ ਦੀ ਤਾਣੀ ਨਾ ਸੁਲਝੀ

**ਚੰਡੀਗੜ੍ਹ:** ਪੰਚਾਇਤ ਵਿਭਾਗ ਦੀਆਂ ਪੇਂਡੂ ਡਿਸਪੈਂਸਰੀਆਂ ਵਿਚ ਕੰਮ ਕਰਦੇ ਡਾਕਟਰਾਂ ਦੇ ਸਿਹਤ ਵਿਭਾਗ ਵਿਚ ਰਲੇਵੇਂ ਦੀ ਤਾਣੀ ਸੁਲਝਦੀ ਨਜ਼ਰ ਨਹੀਂ ਆ ਰਹੀ ਹੈ। ਰੂਰਲ ਮੈਡੀਕਲ ਅਫ਼ਸਰ ਸਿਹਤ ਵਿਭਾਗ ਵਿਚ ਰਲੇਵੇਂ ਲਈ ਆਪਣੀ ਸੀਨੀਆਰਤਾ ਬਰਕਰਾਰ ਰੱਖਣ ਦੀ ਸ਼ਰਤ 'ਤੇ ਅੜੇ ਹੋਏ ਹਨ, ਜਦੋਂਕਿ ਸਿਹਤ ਵਿਭਾਗ ਇਨ੍ਹਾਂ ਦੀ ਨੌਕਰੀ ਨਵੇਂ ਸਿਰੇ ਤੋਂ ਗਿਣਨ ਲਈ ਬਜ਼ਿੱਦ ਹੈ। ਰੂਰਲ ਮੈਡੀਕਲ ਅਫਸਰਾਂ ਦੀ ਠੇਕੇ 'ਤੇ ਭਰਤੀ 2006 ਵਿੱਚ ਹੋਈ ਸੀ ਤੇ ਇਨ੍ਹਾਂ ਨੂੰ 2011 ਵਿਚ ਰੈਗੂਲਰ ਕਰ ਦਿੱਤਾ ਗਿਆ ਸੀ। ਇਨ੍ਹਾਂ ਡਾਕਟਰਾਂ ਦਾ ਸਿਹਤ ਵਿਭਾਗ ਵਿਚ ਸੀਨੀਆਰਤਾ ਸਮੇਤ ਰਲੇਵਾਂ ਕਰਨ ਨਾਲ ਸਰਕਾਰ ਪੀ.ਸੀ.ਐਮ.ਐਸ. ਡਾਕਟਰਾਂ ਵਿਚ ਬੇਚੈਨੀ ਫੈਲਣ ਤੋਂ ਡਰ ਰਹੀ ਹੈ।

# ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਅੱਖ ਹੁਣ ਖੇਤੀ ਬਜਟ ਉਤੇ

**ਬਠਿੰਡਾ:** ਕੈਪਟਨ ਹਕੂਮਤ ਵੱਲੋਂ ਖੇਤੀ ਬਜਟ ਨੂੰ ਕੱਟ ਲਾਉਣ ਦੀ ਤਿਆਰੀ ਵਿੱਢੀ ਗਈ ਹੈ। ਵਿੱਤ ਵਿਭਾਗ ਪੰਜਾਬ ਵੱਲੋਂ ਲਿਖੇ ਪੱਤਰ ਤੋਂ ਇਹੋ ਇਸ਼ਾਰਾ ਮਿਲਦਾ ਹੈ। ਹਾਲਾਂਕਿ ਪੰਜਾਬ ਦੀ ਕਿਸਾਨੀ ਦਾ ਸੰਕਟ ਗਹਿਰਾ ਰਿਹਾ ਹੈ ਤੇ ਖੇਤੀ ਨੂੰ ਵੱਡੇ ਸਹਾਰੇ ਦੀ ਫੌਰੀ ਲੋੜ ਹੈ, ਪਰ ਇਸ ਦੇ ਉਲਟ ਪੰਜਾਬ ਸਰਕਾਰ ਖੇਤੀ ਬਜਟ 2017-18 ਵਿਚ ਤਕਰੀਬਨ 20 ਫੀਸਦੀ ਦਾ ਕੱਟ ਲਾਉਣ ਦੇ ਰਾਹ ਪੈ ਗਈ ਹੈ।

ਖੇਤੀ ਮਹਿਕਮੇ ਨੇ ਭਾਵੇਂ ਇਸ ਬਾਰੇ ਕੋਈ ਹਾਮੀ ਨਹੀਂ ਭਰੀ ਪਰ ਸਰਕਾਰੀ ਨੀਅਤ ਭਵਿੱਖ ਦੀ ਵਿਉਂਤ ਦੱਸਣ ਲਈ ਕਾਫੀ ਹੈ। ਕੇਂਦਰ ਸਰਕਾਰ ਦੀਆਂ ਕਰੀਬ ਦਰਜਨ ਭਰ ਸਕੀਮਾਂ ਹਨ ਜਿਨ੍ਹਾਂ ਵਿਚ ਪੰਜਾਬ ਸਰਕਾਰ ਵੱਲੋਂ 40 ਫੀਸਦੀ ਹਿੱਸੇਦਾਰੀ ਪਾਈ ਜਾਂਦੀ ਹੈ।



ਮਿਲੀ ਜਾਣਕਾਰੀ ਅਨੁਸਾਰ ਖੇਤੀ ਟਿਊਬਵੈੱਲਾਂ ਲਈ ਜੋ ਛੇ ਹਜ਼ਾਰ ਕਰੋੜ ਦੀ ਸਬਸਿਡੀ ਦਿੱਤੀ ਜਾਂਦੀ ਹੈ, ਉਹੀ ਰਾਜ ਸਰਕਾਰ ਦੀ ਵੱਡੀ ਸਕੀਮ ਹੈ। ਵਿੱਤ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਨੇ ਬਜਟ 2017-18 ਵਿਚ 10273 ਕਰੋੜ ਦੇ ਵਸੀਲਿਆਂ ਦੇ ਪਾੜੇ ਦਾ ਹਵਾਲਾ ਦੇ ਕੇ ਖੇਤੀ ਮਹਿਕਮੇ ਨੂੰ ਜੂਨ ਮਹੀਨੇ ਵਿਚ ਪੇਸ਼ ਹੋਏ ਖੇਤੀ ਬਜਟ ਵਿਚ 20 ਫੀਸਦੀ ਬਚਤ ਕਰਨ ਦੀ ਹਦਾਇਤ ਕੀਤੀ ਹੈ ਜਿਸ ਦਾ ਮਤਲਬ ਹੈ ਕਿ ਖੇਤੀ ਬਜਟ 'ਚ 20 ਫੀਸਦੀ ਖਰਚੇ ਘਟਾਏ ਜਾਣ।

ਚਾਲੂ ਮਾਲੀ ਵਰ੍ਹੇ ਦਾ ਖੇਤੀ ਬਜਟ ਤਕਰੀਬਨ 10410 ਕਰੋੜ ਹੈ ਜਿਸ ਵਿਚ ਬਿਜਲੀ ਸਬਸਿਡੀ ਵੀ ਸ਼ਾਮਲ ਹੈ। ਪ੍ਰਮੁੱਖ ਸਕੱਤਰ ਨੇ ਲਿਖਿਆ ਹੈ ਕਿ ਆਮਦਨ ਦੇ ਵਾਧੂ ਵਸੀਲੇ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਖਰਚੇ ਵੀ ਕੰਟਰੋਲ ਕੀਤੇ ਜਾ ਰਹੇ ਹਨ।

ਖੇਤੀ ਮਹਿਕਮੇ ਨੂੰ ਹਦਾਇਤ ਕੀਤੀ ਹੈ ਕਿ ਉਹ ਬਾਕੀ ਵਰ੍ਹੇ ਦੇ ਖੇਤੀ ਬਜਟ ਵਿਚ 20 ਫੀਸਦੀ ਦੀ ਕਟੌਤੀ ਕਰ ਕੇ ਨਵੀਂ ਯੋਜਨਾ ਦੇਵੇ। ਸੂਤਰ ਦੱਸਦੇ ਹਨ ਕਿ ਕੇਂਦਰੀ ਤੇ ਰਾਜ ਸਕੀਮਾਂ ਦੇ ਤਕਰੀਬਨ 70 ਕਰੋੜ ਰੁਪਏ ਤਾਂ ਥੋੜ੍ਹਾ ਸਮਾਂ ਪਹਿਲਾਂ ਦੋ ਕਿਸ਼ਤਾਂ ਵਿਚ ਜਾਰੀ ਕੀਤੇ ਗਏ ਹਨ। ਕੇਂਦਰੀ ਸਕੀਮਾਂ ਵਿਚ ਵੀ ਰਾਜ ਸਰਕਾਰ ਆਪਣੀ 40 ਫੀਸਦੀ ਹਿੱਸੇਦਾਰੀ ਪਾਉਣ ਤੋਂ ਖੁੰਝ ਜਾਂਦੀ ਹੈ, ਜਿਸ ਕਰ ਕੇ ਕੇਂਦਰੀ ਸਕੀਮਾਂ ਦਾ ਪੈਸਾ ਵੀ ਪੱਛੜ ਜਾਂਦਾ ਹੈ। ਵਿੱਤ ਵਿਭਾਗ ਨੇ ਹੋਰਨਾਂ ਕਈ ਵਿਭਾਗਾਂ ਨੂੰ ਵੀ ਕਿਫਾਇਤ ਵਰਤਣ ਵਾਸਤੇ ਆਖਿਆ ਹੈ। ਮੁੱਖ ਮੰਤਰੀ ਵੱਲੋਂ ਇਸ ਮਾਮਲੇ ਉਤੇ ਖੁਦ ਰੀਵਿਊ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਖੇਤੀ ਮਹਿਕਮਾ ਇਸ ਗੱਲੋਂ ਪਰੇਸ਼ਾਨ ਹੈ ਕਿ ਕਿਸਾਨਾਂ ਨੂੰ ਕਣਕ ਉਤੇ ਜੋ ਸਬਸਿਡੀ ਹੁਣ ਦੇਣੀ ਸੀ, ਉਹ ਰਕਮ ਵੀ ਅਜੇ ਖਜ਼ਾਨੇ ਵਿਚ ਫਸੀ ਪਈ ਹੈ।

### ਕਿਸਾਨ ਜਥੇਬੰਦੀਆਂ ਵੱਲੋਂ ਇਤਰਾਜ਼

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਕਿਹਾ ਕਿ ਸਰਕਾਰ ਖੇਤੀ ਬਜਟ 'ਚ ਕੱਟ ਲਾਉਣ ਦੀ ਥਾਂ ਆਪਣੀ ਸਿਆਸੀ ਫੌਜ ਦੇ ਖਰਚਿਆਂ ਵਿਚ ਕਟੌਤੀ ਕਰੇ। ਡਕੌਂਦਾ ਗਰੁੱਪ ਦਾ ਕਹਿਣਾ ਸੀ ਕਿ ਖੇਤੀ ਬਜਟ 'ਤੇ ਕੱਟ ਕਿਸਾਨੀ ਦੇ ਗਲ ਫਾਹੀ ਪਾਉਣ ਬਰਾਬਰ ਹੈ ਅਤੇ ਸਰਕਾਰ ਨੂੰ ਖੇਤੀ ਬਜਟ ਵਿਚ ਵਾਧਾ ਕਰਨਾ ਚਾਹੀਦਾ ਹੈ।


ੴ ਸਤਿਗੁਰ ਪ੍ਰਸਾਦਿ॥

ਕਾਦਿਰਿ ਹਰ ਕਾਰ ਗੁਰੂ ਗੋਬਿੰਦ ਸਿੰਘ॥ ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ॥

ਦਸ਼ਮੇਸ਼ ਪਿਤਾ ਜੀ ਦੇ ਪ੍ਰਕਾਸ਼ ਪੁਰਬ ਦੀਆਂ
ਕੋਟਾਨਿ ਕੋਟਿ ਵਧਾਈਆਂ

ਗੁਰੂ ਗੋਬਿੰਦ ਸਿੰਘ ਹਰ ਕਾਰਜ ਦੇ ਸਮਰੱਥ ਹਨ। ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਨਿਆਸਰਿਆਂ ਦੇ ਆਸਰੇ ਹਨ। ਅਰਦਾਸ ਹੈ, ਗੁਰੂ ਕਲਗੀਧਰ ਪਿਤਾ ਆਪਣੀ ਕਲਾ ਵਰਤਾਉਣ। ਪੰਥ ਵਿਚ ਪਈ ਹੋਈ ਦੁਬਿਧਾ ਅਤੇ ਵਖਰੇਵੇਂ ਦੂਰ ਹੋਣ। ਗੁਰੂ ਪਾਤਸ਼ਾਹ ਜੀ ਦਾ ਸਾਜਿਆ ਪੰਥ ਖਾਲਸਾ ਪਰਿਵਾਰ ਆਪਣੇ ਉਚੇ-ਸੁਚੇ ਵਿਰਸੇ ਦਾ ਅਹਿਸਾਸ ਕਰੇ ਅਤੇ ਗੁਰੂ ਸਾਹਿਬ ਜੀ ਦੇ ਪਵਿੱਤਰ ਵਾਕ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥" ਅਨੁਸਾਰ ਪੰਥ ਦੀ ਚੜ੍ਹਦੀ ਕਲਾ ਲਈ ਇਕ ਝੰਡੇ ਥੱਲੇ ਇਕੱਤਰ ਹੋਵੇ।



ਗੁਰੂ ਪੰਥ ਦਾ ਦਾਸ: ਭਾਈ ਮੋਹਿੰਦਰ ਸਿੰਘ
(ਹੈਡ ਗ੍ਰੰਥੀ, ਗੁਰਦੁਆਰਾ ਸਾਹਿਬ ਵ੍ਹੀਟਨ, ਇਲੀਨਾਏ)
ਫੋਨ: 847-293-3122

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਿਨ॥

## ਹਲਤ ਪਲਤ ਕੇ ਰਾਖੇ, ਸਰਬੰਸਦਾਨੀ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਜਗਤ ਨੂੰ

# ਕੋਟਾਨਿ ਕੋਟਿ ਵਧਾਈ

## ਸਭਨਾਂ ਨੂੰ ਨਵਾਂ ਸਾਲ 2018 ਮੁਬਾਰਕ




## Amar Carpets Inc.

(ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ)
2423 W Devon Ave. Chicago IL 60659

Ph: 773-508-5253, 773-507-8043
Fax: 773-508-5249

ਅਮਰੀਕ ਸਿੰਘ ਸ਼ਿਕਾਗੋ
ਅਤੇ ਪਰਿਵਾਰ

# ਹਿੰਦੂਤਵ ਦੀ ਚੜ੍ਹਤ...





ਕਲਾ ਪਰਿਕਰਮਾ

## ਮੰਜਰੀ ਕਾਟਜੂ

ਮਸ਼ਹੂਰ ਲਿਖਾਰੀ ਅਚਿਨ ਵਿਨਾਇਕ ਦੀ ਨਵੀਂ ਕਿਤਾਬ 'ਹਿੰਦੂਤਵਾ ਰਾਈਜ਼ਿੰਗ: ਸੈਕੂਲਰ ਕਲੇਮਜ਼, ਕਮਿਊਨਲ ਰਿਐਲਿਟੀਜ਼' ਉਸ ਦੀ ਪਹਿਲਾਂ ਛਪੀ ਕਿਤਾਬ 'ਦਿ ਰਾਈਜ਼ ਆਫ ਅਥੌਰੀਟੇਰੀਆਨਿਜ਼ਮ: ਸੈਕੂਲਰ ਕਲੇਮਜ਼, ਕਮਿਊਨਲ ਰਿਐਲਿਟੀਜ਼' ਦਾ ਹੀ ਅਗਲਾ ਵਿਸਥਾਰ ਹੈ। ਇਸ ਤੋਂ ਇਲਾਵਾ ਉਸ ਨੇ ਆਪਣੀਆਂ ਹੋਰ ਲਿਖਤਾਂ ਵਿਚ ਵੀ ਇਸ ਵਿਸ਼ੇ ਬਾਬਤ ਆਪਣੀ ਬਾਤ ਪਾਈ ਹੈ। ਇਨ੍ਹਾਂ ਲਿਖਤਾਂ ਵਿਚ 'ਦਿ ਪੇਨਫੁਲ ਟ੍ਰਾਂਜ਼ੀਸ਼ਨ: ਬੁਰਜੁਆਜ਼ੀ ਡੈਮੋਕਰੇਸੀ ਇਨ ਇੰਡੀਆ' (1997) ਅਤੇ 'ਦਿ ਫਿਊਰੀਜ਼ ਆਫ ਇੰਡੀਅਨ ਕਮਿਊਨਾਲਿਜ਼ਮ: ਰਿਲੀਜ਼ਨ, ਮੌਡਰੈਨਿਟੀ ਐਂਡ ਸੈਕੂਲਰਾਈਜ਼ੇਸ਼ਨ' ਸ਼ਾਮਲ ਹਨ। ਆਪਣੀਆਂ ਇਨ੍ਹਾਂ ਲਿਖਤਾਂ ਰਾਹੀਂ ਉਹ ਫਿਰਕਾਪ੍ਰਸਤੀ ਦੇ ਫਿਕਰਾਂ ਬਾਰੇ ਆਪਣਾ ਫਿਕਰ ਜ਼ਾਹਿਰ ਕਰਦਾ ਰਿਹਾ ਹੈ।

'ਹਿੰਦੂਤਵਾ ਰਾਈਜ਼ਿੰਗ' ਵਿਚ ਉਸ ਨੇ ਭਾਰਤੀ ਜਨਤਾ ਪਾਰਟੀ ਦੀ 2014 ਵਿਚ ਹੋਈ ਚੁਣਾਵੀ ਜਿੱਤ ਦੇ ਪਿਛੋਕੜ ਬਾਰੇ ਪੁਣ-ਛਾਣ ਕੀਤੀ ਹੈ। ਇਸ ਕਿਤਾਬ ਦੀਆਂ ਤਕਰੀਬਨ ਸਾਰੀਆਂ ਦਲੀਲਾਂ ਭਾਵੇਂ 'ਦਿ ਫਿਊਰੀਜ਼ ਆਫ ਇੰਡੀਅਨ ਕਮਿਊਨਾਲਿਜ਼ਮ' ਵਾਲੀਆਂ ਹੀ ਹਨ, ਪਰ ਇਸ ਕਿਤਾਬ ਵਿਚ ਉਸ ਨੇ ਜਿਸ ਢੰਗ ਨਾਲ ਭਾਰਤੀ ਸਿਆਸਤ ਦੀ ਫਿਰਕਾਪ੍ਰਸਤੀ, ਧਰਮ ਤੇ ਹਿੰਦੂਤਵ ਅਤੇ ਨਵੇਂ ਮੋਦੀ-ਰਾਜ ਦੀ ਵਿਆਖਿਆ ਕੀਤੀ ਹੈ, ਉਸ ਨਾਲ ਇਸ ਪੋਥੀ ਦੀ ਅਹਿਮੀਅਤ ਹੋਰ ਵਧ ਜਾਂਦੀ ਹੈ। ਹਿੰਦੂਤਵ ਦੀ ਇਸ ਚੜ੍ਹਤ ਨੂੰ ਡੱਕਣ ਲਈ ਉਹ ਦੋ ਨੁਕਤੇ ਉਭਾਰਨ ਉਤੇ ਵੱਧ ਜ਼ੋਰ ਦਿੰਦਾ ਹੈ। ਇਹ ਨੁਕਤੇ ਸਿਵਲ ਸੁਸਾਇਟੀ ਅਤੇ ਧਰਮ-ਨਿਰਪੱਖਤਾ ਨਾਲ ਜੁੜੇ ਹੋਏ ਹਨ। ਉਸ ਦੀ ਦਲੀਲ ਹੈ ਕਿ ਫਿਰਕਾਪ੍ਰਸਤਾਂ ਅਤੇ ਬੁਨਿਆਦਪ੍ਰਸਤਾਂ ਨੂੰ ਹਰਾਉਣ ਲਈ ਲੰਮੇ ਸਮੇਂ ਵਾਲੀ ਯੋਜਨਾ ਉਲੀਕੀ ਜਾਣੀ ਚਾਹੀਦੀ ਹੈ ਜਿਸ ਦਾ ਸਮੁੱਚਾ ਦਾਰੋਮਦਾਰ ਸਿਵਲ ਸੁਸਾਇਟੀ ਉਤੇ ਹੋਵੇ। ਇਹ ਸਿਵਲ ਸੁਸਾਇਟੀ ਹਕੀਕੀ, ਜਮਹੂਰੀ ਅਮਲ ਬਹਾਲ ਕਰਵਾਏ ਅਤੇ ਧਰਮ-ਨਿਰਪੱਖਵਾਦ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ ਜਾਣ। ਉਸ ਮੁਤਾਬਕ, ਧਰਮ-ਨਿਰਪੱਖ ਤਾਣੇ-ਬਾਣੇ ਤੋਂ ਬਗੈਰ ਫਿਰਕਾਪ੍ਰਸਤੀ ਖਿਲਾਫ ਲੜਾਈ ਲੜੀ ਨਹੀਂ ਜਾ ਸਕਦੀ। ਭਾਰਤ ਵਰਗੇ ਵੰਨ-ਸੁਵੰਨੇ ਸਮਾਜ ਅੰਦਰ ਅਜਿਹੀ ਲੜਾਈ ਲਈ ਪਿੜ ਬੰਨ੍ਹ ਸਕਣਾ ਥੋੜ੍ਹਾ ਮੁਸ਼ਕਿਲ ਤਾਂ ਹੈ, ਪਰ ਅਸੰਭਵ ਨਹੀਂ। ਇਸ ਲੜਾਈ ਵਿਚ ਇਕ ਵੱਡਾ ਅੜਿੱਕਾ ਵਿਕਾਸ ਦਾ ਪੂੰਜੀਵਾਦੀ ਮਾਡਲ ਹੈ। ਜ਼ਾਹਿਰ ਹੈ ਕਿ ਚੋਣ ਸਿਆਸਤ, ਹਿੰਦੂਤਵ ਅਤੇ ਵਿਕਾਸ ਦੇ ਇਸ ਮਾਡਲ ਦੀ ਤਿੱਕੜੀ ਭਿਅੰਕਰ ਰੂਪ ਅਖਤਿਆਰ ਕਰ ਕੇ ਅਵਾਮ ਅੱਗੇ ਆਣ ਖੜ੍ਹੀ ਹੋਈ ਹੈ। ਇਸ ਲਈ ਇਸ ਤਿੱਕੜੀ ਖਿਲਾਫ ਸਾਂਝੀ ਲੜਾਈ ਲਈ ਹੀ ਕੋਈ ਬੰਨ੍ਹ-ਸੁਬ ਬਣਨਾ ਚਾਹੀਦਾ ਹੈ।




*ਅਚਿਨ ਵਿਨਾਇਕ ਦੀ ਹਿੰਦੂਤਵ ਬਾਰੇ ਕਿਤਾਬ ਦਾ (ਉਪਰ) ਨਵਾਂ ਅਤੇ (ਹੇਠਾਂ) ਪੁਰਾਣਾ ਅਡੀਸ਼ਨ।*

ਸੋ, ਅਚਿਨ ਵਿਨਾਇਕ ਦੀ ਇਸ ਕਿਤਾਬ ਦੀਆਂ ਲੜੀਆਂ ਜੋੜਨ ਵਾਲਾ ਸਾਂਝਾ ਨੁਕਤਾ ਸਿਵਲ ਸੁਸਾਇਟੀ ਦੀ ਧਰਮ-ਨਿਰਪੱਖਤਾ ਵਾਲਾ ਹੈ। ਲਿਖਾਰੀ ਸਮੁੱਚੀ ਬਹਿਸ ਦੀਆਂ ਜੜ੍ਹਾਂ 1990ਵਿਆਂ ਵਿਚੋਂ ਤਲਾਸ਼ਦਾ ਹੈ ਅਤੇ ਇਸੇ ਸਿਲਸਿਲੇ ਵਿਚ ਧਰਮ-ਨਿਰਪੱਖਤਾ ਵਿਰੋਧੀਆਂ, ਆਧੁਨਿਕਤਾ ਵਿਰੋਧੀਆਂ ਅਤੇ ਉਤਰ-ਆਧੁਨਿਕ ਪੈਂਤੜਿਆਂ ਦੀ ਚਰਚਾ ਛੇੜਦਾ ਹੈ। ਉਸ ਦਾ ਮੰਨਣਾ ਹੈ ਕਿ ਭਾਵੇਂ ਆਧੁਨਿਕਤਾ ਨੇ ਹੀ ਫਿਰਕਾਪ੍ਰਸਤੀ ਲਈ ਰਾਹ ਖੋਲ੍ਹਿਆ ਹੈ, ਪਰ ਇਹ ਇਸ ਨੂੰ ਥਾਂ ਸਿਰ ਰੱਖਣ ਦਾ ਜ਼ਰੀਆ ਵੀ ਹੈ। ਇਸ ਬਹਿਸ ਦੌਰਾਨ ਉਹ ਧਰਮ ਦੀਆਂ ਕਮਜ਼ੋਰੀਆਂ ਦੇ ਨਾਲ ਨਾਲ ਇਸ ਦੀ ਤਾਕਤ ਬਾਰੇ ਵੀ ਗੱਲ ਕਰਦਾ ਹੈ; ਪਰ ਉਹ ਧਰਮ ਨੂੰ ਸਭਿਆਚਾਰ ਅਤੇ ਸਮਾਜ ਨਾਲ ਰਲਗੱਡ ਕਰਨ ਬਾਬਤ ਸੁਚੇਤ ਵੀ ਕਰਦਾ ਹੈ। ਉਸ ਦਾ ਨੁਕਤਾ ਹੀ ਇਹ ਹੈ ਕਿ ਫਿਰਕਾਪ੍ਰਸਤੀ ਦੀ ਚੜ੍ਹਤ ਨੂੰ ਸਮਝਣ-ਸਮਝਾਉਣ ਲਈ ਧਰਮ, ਸਭਿਆਚਾਰ ਅਤੇ ਸਮਾਜ ਦੇ ਆਪਸੀ ਸਬੰਧਾਂ ਦੀ ਡੂੰਘੀ ਪੁਣ-ਛਾਣ ਕਰਨੀ ਪਵੇਗੀ।

ਅਚਿਨ ਵਿਨਾਇਕ ਲਈ ਹਿੰਦੂਤਵ ਦੀ ਚੜ੍ਹਤ ਦਾ ਤੋੜ ਧਰਮ-ਨਿਰਪੱਖਤਾ ਹੈ। ਇਸ ਦੇ ਨਾਲ ਹੀ ਉਹ ਭਾਰਤ, ਇੰਗਲੈਂਡ ਤੇ ਅਮਰੀਕਾ ਦੀ ਧਰਮ-ਨਿਰਪੱਖਤਾ ਦੀ ਤੁਲਨਾ ਕਰਦਾ ਹੈ ਅਤੇ ਨੁਕਤਾ ਉਭਾਰਦਾ ਹੈ ਕਿ ਘੱਟ ਧਰਮ-ਨਿਰਪੱਖ ਸਮਾਜ ਵਿਚ ਧਾਰਮਿਕ ਕੱਟੜਤਾ ਵੱਲ ਰੁੜ੍ਹ ਜਾਣ ਦੀ ਸੰਭਾਵਨਾ ਕਿਤੇ ਵਧੇਰੇ ਹੁੰਦੀ ਹੈ। ਉਸ ਦਾ ਤਰਕ ਹੈ ਕਿ ਹਿੰਦੂਤਵ ਨੂੰ ਡੱਕਣ ਲਈ ਨਵ-ਉਦਾਰਵਾਦ ਨਾਲ ਟੱਕਰ ਲੈਣੀ ਪੈਣੀ ਹੈ। ਇਸ ਬਾਰੇ ਉਸ ਦਾ ਸੁਝਾਅ ਸਿਵਲ ਸੁਸਾਇਟੀ ਅੰਦਰ ਬਰਾਬਰ ਦੀਆਂ ਧਰਮ-ਨਿਰਪੱਖ ਸੰਸਥਾਵਾਂ ਉਸਾਰਨ ਦਾ ਹੈ। ਨਾਲ ਹੀ ਉਹ ਮੁਕਾਮੀ ਪੱਧਰ ਦੀਆਂ ਵੱਧ ਤੋਂ ਵੱਧ ਲੜਾਈਆਂ ਵਿੱਢਣ ਲਈ ਆਖਦਾ ਹੈ ਤਾਂ ਕਿ ਪਾਪੂਲਰ ਧਰਮ-ਨਿਰਪੱਖ ਸਭਿਆਚਾਰ ਦੀਆਂ ਕਰੂੰਬਲਾਂ ਫੁੱਟ ਸਕਣ।

ਹਿੰਦੂਤਵ ਖਿਲਾਫ ਤੁਰੰਤ ਮੁਹਾਜ਼ ਲਈ ਉਹਦਾ ਸੁਝਾਅ ਹੈ ਕਿ ਸਿਆਸੀ ਫਰੰਟ ਨੂੰ ਖਾਲੀ ਨਾ ਛੱਡਿਆ ਜਾਵੇ। ਹੁਣ ਧਰਮ-ਨਿਰਪੱਖਵਾਦੀ ਉਨ੍ਹਾਂ ਦੇ ਇਸ ਸੁਝਾਅ ਨੂੰ ਕਿਸ ਢੰਗ ਨਾਲ ਸਮਝਦੇ-ਵਿਚਾਰਦੇ ਹਨ, ਇਹ ਆਉਣ ਵਾਲਾ ਵਕਤ ਹੀ ਬਤਾਏਗਾ; ਪਰ ਇਹ ਜ਼ਰੂਰ ਹੈ ਕਿ ਹਿੰਦੂਤਵ ਦੇ ਅਸਰ ਭਾਰਤੀ ਸਮਾਜ ਉਤੇ ਲੰਮੇ ਸਮੇਂ ਲਈ ਅਸਰ ਪਾਉਣਗੇ ਅਤੇ ਸੋਚਣ ਵਾਲਾ ਮਸਲਾ ਇਹ ਹੈ ਕਿ ਇਹ ਅਸਰ ਹਾਂ-ਪੱਖੀ ਨਹੀਂ ਹਨ!

## ਅਚਿਨ ਵਿਨਾਇਕ ਦਾ ਸਫਰ

*ਅਚਿਨ ਵਿਨਾਇਕ ਆਪਣੀ ਮਾਰਕਸਵਾਦੀ ਪਹੁੰਚ ਕਰ ਕੇ ਜਾਣਿਆ ਜਾਂਦਾ ਇਤਿਹਾਸਕਾਰ/ਲਿਖਾਰੀ ਹੈ। ਹਿੰਦੂਤਵ ਦੀ ਚੜ੍ਹਤ ਅਤੇ ਇਸ ਦੇ ਅਸਰਾਂ ਬਾਰੇ ਉਹ ਅਕਸਰ ਆਪਣੀਆਂ ਲਿਖਤਾਂ ਵਿਚ ਚਰਚਾ ਕਰਦਾ ਰਹਿੰਦਾ ਹੈ। ਉਸ ਦੀ ਮੁੱਖ ਦਲੀਲ ਇਹੀ ਹੈ ਕਿ ਹਿੰਦੂਤਵੀ ਚੜ੍ਹਤ ਸਮਾਜ ਨੂੰ ਧਰਮ-ਨਿਰਪੱਖ ਬਣਾ ਕੇ ਹੀ ਡੱਕੀ ਜਾ ਸਕਦੀ ਹੈ। ਇਸ ਕਾਰਜ ਨੈ ਸਿਰੇ ਲਾਉਣ ਲਈ ਲੰਮੀ ਲੜਾਈ ਦਰਕਾਰ ਹੈ। ਆਪਣੀਆਂ ਕਿਤਾਬਾਂ ਵਿਚ ਵੀ ਉਸ ਨੇ ਇਸੇ ਨੁਕਤੇ ਤੋਂ ਫਿਰਕਾਪ੍ਰਸਤੀ ਬਾਰੇ ਡੂੰਘੀ ਪੁਣ-ਛਾਣ ਕੀਤੀ ਹੈ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਜਨਵਰੀ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-307



*ਲੋਕਲ ਸਵਾਰੀਆਂ ਲਈ ਰੱਖਿਆ ਏ ਰੋਡਵੇਜ਼*
*ਕਮਾਈ ਵਾਲੇ ਰੂਟਾਂ ਉਤੇ, ਜਾਂਦੇ ਪ੍ਰਾਈਵੇਟ ਨੇ।*
*'ਨੀਲੇ' ਹੋਣ, 'ਚਿੱਟੇ' ਹੋਣ ਵਾਰੋ ਵਾਰੀ ਲੁੱਟੀ ਜਾਂਦੇ*
*ਲੋਟੂਆਂ ਨੂੰ ਚੁਣੀ ਜਾਣ, ਲੋਕ ਇਹ 'ਗਰੇਟ' ਨੇ।*

## ਕੈਪਸ਼ਨ ਮੁਕਾਬਲਾ-305



ਮੋੜ੍ਹੀ ਦੇ ਨਾਲ ਗੁੱਲ ਲਗਾ ਕੇ
ਲਟ ਲਟ ਚੁੱਲ੍ਹੇ ਅੱਗ ਜਲਾਈ।
ਮਿੱਸੇ ਆਟੇ 'ਚ ਪਾ ਮੂਲੀਆਂ
ਰੋਟੀ ਥੱਪ ਤਵੇ 'ਤੇ ਪਾਈ।
ਖਾਊਗਾ ਕੋਈ ਕਰਮਾਂ ਵਾਲਾ
ਰਾੜ੍ਹ ਕੇ ਚੁੱਲ੍ਹੇ ਥਹੀ ਲਗਾਈ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੇਥਿਆਂ ਵਾਲੀ, ਕਦੇ ਮੂਲੀਆਂ ਵਾਲੀ
ਬੇਬੇ ਰੋਟੀਆਂ ਪਕਾਈ ਜਾਵੇ।
'ਕੱਲੀ 'ਕੱਲੀ ਚੁੱਲੇ 'ਚ ਰਾੜ੍ਹੇ
ਛਾਬੇ ਵਿਚ ਟਿਕਾਈ ਜਾਵੇ।
ਗਰਮੀ-ਸਰਦੀ, ਸਵੇਰੇ-ਸ਼ਾਮ,
ਜੀਓ ਜੀਅ ਰਜਾਈ ਜਾਵੇ।
***-ਦਵਿੰਦਰ ਕੌਰ***

---

ਚੂੜੇ ਵਾਲੀ ਵਿਚ ਚੌਂਕੇ ਬੈਠੀ
ਜਦੋਂ ਮੱਕੀ ਦੇ ਮੰਨ ਪਕਾਂਦੀ।
ਹਰੀਆਂ ਮਿਰਚਾਂ, ਲੂਣ, ਮਸਾਲਾ
ਫਿਰ ਮੂਲੀਆਂ 'ਚ ਹਲਦੀ ਪਾਂਦੀ।
ਸੈਂਡਵਿਚ ਵਾਂਗੂੰ ਭਰ ਕੇ ਰੋਟੀਆਂ
ਲਾ ਕੇ ਘਿਓ ਤਵੇ 'ਤੇ ਪਾਵੇ।
ਫੁੱਲ ਫੁੱਲ ਫਿਰ ਲਹਿੰਦੀਆਂ ਤੱਕ ਕੇ
ਮਾਹੀ ਬਿਨਾ ਗਿਣੇ ਤੋਂ ਖਾਵੇ।
ਦਹੀਂ, ਲੱਸੀ, ਮੱਖਣ ਦਾ ਪੇੜਾ
ਸਭ ਹੋਰ ਵੀ ਸਵਾਦ ਵਧਾਵੇ।
ਮੂੰਹ ਵਿਚ ਫੁੱਲਦੇ ਪੀਜ਼ੇ-ਬਰਗਰ
ਜਦੋਂ ਯਾਦ ਵਤਨ ਦੀ ਆਵੇ।
***-ਸੇਵਾ ਸਿੰਘ ਨੂਰਪੁਰੀ, ਬੰਗਾ***
***ਫੋਨ: 91-98786-91079***

---

ਮਿੱਟੀ ਦਾ ਚੁੱਲ੍ਹਾ ਬਣਿਆ
ਲੱਕੜਾਂ ਬਾਲ ਕੇ ਬਹਿ ਜਾਂਦੇ ਸੀ।
ਸਾਰਾ ਟੱਬਰ ਇਕੱਠਾ ਬੈਠ ਕੇ
ਮੱਕੀ ਦੀ ਰੋਟੀ ਸਾਗ ਨਾਲ ਖਾਂਦੇ ਸੀ।
ਖੁਸ਼ੀ ਖੁਸ਼ੀ ਬੇਬੇ ਬਣਾਉਂਦੀ ਰੋਟੀਆਂ
ਦਿਨ ਬੜੇ ਚਾਅਵਾਂ ਨਾਲ ਲੰਘਾਂਦੇ ਸੀ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਪੋਹ-ਮਾਘ ਦੀ ਸਰਦੀ ਦਾ ਮੌਸਮ
ਚੁੱਲ੍ਹੇ ਦੀ ਮੱਕੀ ਦੀ ਰੋਟੀ
ਨਾਲ ਮੱਖਣ ਤੇ ਹੋਵੇ ਸਾਗ।
ਘਰਵਾਲੀ ਦਾ ਮੂਡ ਠੀਕ ਹੋਵੇ
ਮੂਲੀਆਂ ਤੇ ਮੇਥੀ ਦਾ ਮਿਸ਼ਰਣ
ਤਾਂ ਹੀ ਬਣੇ ਸਵਾਦ।
ਹਜ਼ਮ ਕਰਨੀਆਂ ਬਹੁਤ ਔਖੀਆਂ।
ਘੋੜੇ ਵਾਂਗੂ ਭੱਜੇ-ਨੱਠੇ
ਤਾਂ ਹੀ ਬੰਦਾ ਹੋਵੇ ਸਿਹਤਯਾਬ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਅਸਲੀ ਮਜ਼ਾ ਤਾਂ ਲੈ ਗਈ ਓਹੀਓ
ਜਿਸ ਕਰ ਮੂਲੀ-ਕਸ,
ਗੁੰਨ ਆਟਾ ਰਲਾ ਮਸਾਲੇ
ਪਾਈ ਤਵੇ 'ਤੇ ਜਦ ਰੋਟੀ
ਥੱਲ ਥੱਲ, ਪਾਸੇ ਮੋੜ ਮੋੜ
ਲਾਇਆ ਘਿਓ ਜਦ
ਸੁੰਘ ਸੁੰਘ ਲੋਕੀਂ ਨੱਠੇ ਆਉਂਦੇ
ਕਿਧਰੋਂ ਹੈ ਇਹ ਖੁਸ਼ਬੀ ਆ ਰਹੀ।
ਥੱਬਾ ਰੋਟੀਆਂ ਦਾ ਛਾਬੇ 'ਚ ਪਿਆ
ਪਾਣੀ ਮੂੰਹ 'ਚ ਹਰ ਇਕ ਦੇ ਆ ਰਿਹਾ
ਪੱਟਿਆ ਗਿਆ ਸਾਰਾ ਵਿਹੜਾ
ਜਿਥੇ ਜਿਥੇ ਮਹਿਕ ਦੀ ਖੋਹ ਪਈ ਢਿੱਡੀਂ
ਸੁਆਦ ਸੁਆਦ 'ਚ ਖਾ ਜਾਂਦੇ ਤੌਣ ਸਾਰੀ
ਕਹਿੰਦੇ ਫਿਰ ਵੀ ਇਕ ਹੋਰ ਆ ਜਾਵੇ।
***-ਦਰਸ਼ਨਪਾਲ ਦੋਸਾਂਝ***

---

ਵੇਖ ਮੂਲੀਆਂ ਵਾਲੀ ਮੱਕੀ ਦੀ ਰੋਟੀ
ਹੋ ਗਈ ਮੇਰੀ ਨੀਅਤ ਖੋਟੀ।
ਨਾਲ ਹੋਵੇ ਲੱਸੀ ਤੇ ਮੱਖਣ ਤਾਜ਼ਾ
ਰੋਟੀ ਖਾਵਾਂ ਬਣ ਕੇ ਰਾਜਾ।
ਮਹੀਨਾ ਦਸੰਬਰ, ਜਨਵਰੀ, ਫਰਵਰੀ
ਸਰੋਂ ਦੇ ਸਾਗ ਤੇ ਮੱਕੀ ਵਾਲਾ।
ਵਿਦੇਸ਼ੋਂ ਪੰਜਾਬ ਪਹੁੰਚ ਕੇ
ਖਾਂਦਾ ਕੋਈ ਕਰਮਾਂ ਵਾਲਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਜੀ.ਐਸ.ਟੀ. ਉਗਰਾਹੀ ਕਰਨ ਵਿਚ ਪੰਜਾਬ ਬੇਹਦ ਪਛੜਿਆ

**ਜਲੰਧਰ:** ਪੰਜਾਬ ਦੇ ਸਨਅਤੀ ਤੇ ਵਪਾਰਕ ਦਾਇਰੇ ਦੇ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਲਗਾਤਾਰ ਸੁੰਗੜਦੇ ਜਾਣ ਦਾ ਨਤੀਜਾ ਇਹ ਹੈ ਕਿ ਸੂਬਾ ਕੁੱਲ ਜੀ.ਐਸ.ਟੀ. ਇਕੱਤਰ ਕਰਨ ਵਿਚ ਬੇਹੱਦ ਪਛੜ ਗਿਆ ਹੈ। ਪਿਛਲੇ ਪੰਜ ਮਹੀਨਿਆਂ ਦੇ ਜੀ.ਐਸ.ਟੀ. ਪ੍ਰਬੰਧ ਦੇ ਅੰਕੜਿਆਂ ਉਪਰ ਝਾਤ ਮਾਰਿਆਂ ਪੰਜਾਬ ਦੀ ਮੰਦੀ ਆਰਥਿਕ ਹਾਲਤ ਦੀ ਮੂੰਹ ਬੋਲਦੀ ਤਸਵੀਰ ਸਾਹਮਣੇ ਆ ਜਾਂਦੀ ਹੈ। ਪਿਛਲੇ ਪੰਜ ਮਹੀਨਿਆਂ ਦੌਰਾਨ ਪੰਜਾਬ ਵਿਚੋਂ 5296 ਕਰੋੜ ਰੁਪਏ ਕੁੱਲ ਜੀ.ਐਸ.ਟੀ. ਇਕੱਤਰ ਕੀਤਾ ਗਿਆ, ਜਦਕਿ ਇਸ ਸਮੇਂ ਦੌਰਾਨ ਹਰਿਆਣਾ ਵਿਚੋਂ ਚਾਰ ਗੁਣਾਂ ਵੱਧ 19894 ਕਰੋੜ ਰੁਪਏ ਕੁਲ ਜੀ.ਐਸ.ਟੀ. ਇਕੱਤਰ ਹੋਈ ਹੈ।




ਪੰਜਾਬ ਵਿਚੋਂ ਇਕੱਤਰ ਪੰਜ ਮਹੀਨਿਆਂ ਦੀ ਕੇਂਦਰੀ ਜੀ.ਐਸ.ਟੀ. 1100 ਕਰੋੜ ਰੁਪਏ, ਸੰਗਠਿਤ ਜੀ.ਐਸ.ਟੀ. 2155 ਕਰੋੜ ਰੁਪਏ, ਸਟੇਟ ਜੀ.ਐਸ.ਟੀ. 1990 ਕਰੋੜ ਰੁਪਏ, ਜਦਕਿ ਵੱਖ-ਵੱਖ ਵਸਤਾਂ ਉਪਰ ਲਗਾਏ ਸੈਸ ਤੋਂ 51 ਕਰੋੜ ਰੁਪਏ ਉਗਰਾਹੇ ਗਏ ਹਨ। ਸਰਕਾਰੀ ਅੰਕੜਿਆਂ ਮੁਤਾਬਕ ਹਰਿਆਣਾ 'ਚ ਸਨਅਤ ਤੇ ਵਪਾਰ ਦਾ ਆਧਾਰ ਮਜ਼ਬੂਤ ਹੋਣ ਕਾਰਨ ਉਥੇ ਕੇਂਦਰੀ ਜੀ.ਐਸ.ਟੀ. 2890 ਕਰੋੜ ਰੁਪਏ, ਸੰਗਠਿਤ ਜੀ.ਐਸ.ਟੀ. 10878 ਕਰੋੜ ਰੁਪਏ, ਸਟੇਟ ਜੀ.ਐਸ ਟੀ. 2627 ਕਰੋੜ ਰੁਪਏ ਤੇ ਸੈਸ ਤੋਂ ਆਮਦਨ ਪੰਜਾਬ ਨਾਲੋਂ ਲਗਭਗ 30 ਗੁਣਾਂ ਵੱਧ 1499 ਕਰੋੜ ਰੁਪਏ ਹੋਈ ਹੈ। ਰਾਜਾਂ 'ਚ ਬਣੀਆਂ ਵਸਤਾਂ ਦੇ ਹੋਰ ਰਾਜਾਂ ਨੂੰ ਭੇਜੇ ਜਾਣ ਉਪਰ ਇਕੱਤਰ ਸੰਗਠਿਤ ਜੀ.ਐਸ.ਟੀ. ਪੰਜਾਂ ਮਹੀਨਿਆਂ ਵਿਚ ਪੰਜਾਬ ਵਿਚੋਂ 2155 ਕਰੋੜ ਰੁਪਏ ਹਨ, ਜਦਕਿ ਹਰਿਆਣਾ 'ਚ ਬਣੀਆਂ ਤੇ ਹੋਰ ਰਾਜਾਂ ਵਿਚ ਭੇਜੀਆਂ ਵਸਤਾਂ ਦਾ ਸੰਗਠਿਤ ਜੀ.ਐਸ.ਟੀ. ਪੰਜਾਬ ਨਾਲੋਂ ਪੰਜ ਗੁਣਾਂ ਵੱਧ 10878 ਕਰੋੜ ਰੁਪਏ ਹੈ।

ਹਰਿਆਣਾ ਆਪਣੇ ਸੂਬੇ ਦੀਆਂ ਵਸਤਾਂ ਤੋਂ ਜੀ.ਐਸ.ਟੀ. ਇਕੱਤਰ ਕਰਨ ਵਾਲਾ ਦੇਸ਼ ਦਾ ਦੂਜਾ ਸਭ ਤੋਂ ਵੱਡਾ ਸੂਬਾ ਹੈ। ਪਹਿਲੇ ਨੰਬਰ ਉਤੇ ਮਹਾਰਾਸ਼ਟਰ ਦਾ ਨਾਂ ਹੈ। ਹੁਣ ਤੱਕ ਦੇ ਅੰਕੜਿਆਂ ਮੁਤਾਬਕ ਭਾਰਤ ਦਾ ਕੋਈ ਵੀ ਰਾਜ ਨਵੀਂ ਟੈਕਸ ਪ੍ਰਣਾਲੀ ਅਧੀਨ ਸਟੇਟ ਜੀ.ਐਸ.ਟੀ. ਦਾ ਟੀਚਾ ਪੂਰਾ ਨਹੀਂ ਕਰ ਸਕਿਆ। ਇਥੋਂ ਤੱਕ ਕਿ ਕੇਂਦਰੀ ਜੀ.ਐਸ.ਟੀ. ਦੀ ਉਗਰਾਹੀ ਵੀ ਮਿਥੇ ਟੀਚੇ ਮੁਤਾਬਕ ਨਹੀਂ ਹੋ ਰਹੀ, ਸਗੋਂ ਦੱਸਿਆ ਜਾਂਦਾ ਹੈ ਕਿ ਹਰ ਮਹੀਨੇ 43 ਹਜ਼ਾਰ ਕਰੋੜ ਰੁਪਏ ਦੇ ਕਰੀਬ ਘਟਦੀ ਜਾ ਰਹੀ ਹੈ।

### *9 ਮਹੀਨਿਆਂ ਵਿਚ ਧੇਲਾ ਵੀ ਪੂੰਜੀ ਨਿਵੇਸ਼ ਨਹੀਂ*

ਪੰਜਾਬ ਵਿਚ ਨਵੀਂ ਸਰਕਾਰ ਨੇ ਸੂਬੇ 'ਚ ਸਨਅਤ ਤੇ ਵਪਾਰ ਨੂੰ ਹੁਲਾਰਾ ਦੇਣ ਲਈ ਪੂੰਜੀ ਨਿਵੇਸ਼ ਲਈ ਮੁਢਲੇ ਚਾਰ ਮਹੀਨਿਆਂ 'ਚ ਬੜੇ ਯਤਨ ਕੀਤੇ। ਅਕਾਲੀ-ਭਾਜਪਾ ਸਰਕਾਰ ਵਾਂਗ ਅੰਬਾਨੀ, ਅਡਾਨੀ ਤੇ ਹੋਰ ਵੱਡੇ ਕਾਰੋਬਾਰੀ ਸੱਦ ਕੇ ਚੰਡੀਗੜ੍ਹ ਮੀਟਿੰਗਾਂ ਕੀਤੀਆਂ। ਮੁੰਬਈ ਵਿਚ ਵੀ ਕਈ ਵੱਡੇ ਨਿਵੇਸ਼ਕਾਰਾਂ ਨੂੰ ਮਿਲਣ ਮੁੱਖ ਮੰਤਰੀ ਗਏ। ਜਾਪਾਨ ਸਮੇਤ ਹੋਰ ਕਈ ਮੁਲਕਾਂ ਦੇ ਨੁਮਾਇੰਦਿਆਂ ਨਾਲ ਮੁੱਖ ਮੰਤਰੀ ਮੀਟਿੰਗਾਂ ਕਰਦੇ ਰਹੇ। ਪੰਜਾਬ ਸਰਕਾਰ ਨੇ ਪੂੰਜੀ ਨਿਵੇਸ਼ ਕਰਨ ਲਈ ਇਕ ਵੱਖਰਾ ਸੈੱਲ ਵੀ ਸਥਾਪਤ ਕੀਤਾ ਹੈ, ਪਰ ਸਰਕਾਰੀ ਹਵਾਲਿਆਂ ਮੁਤਾਬਕ ਸਿਵਾਏ ਭਰੋਸਿਆਂ ਦੇ ਹਾਲੇ ਤੱਕ ਕੋਈ ਵੀ ਵੱਡਾ ਅਦਾਰਾ ਪੰਜਾਬ 'ਚ ਕੰਮ ਕਰਨ ਲਈ ਸਾਹਮਣੇ ਨਹੀਂ ਆਇਆ। ਕੈਨੇਡਾ ਦੇ ਸਨਅਤ ਤੇ ਵਣਜ ਮੰਤਰੀ ਨਵਦੀਪ ਸਿੰਘ ਬੈਂਸ ਦੀ ਅਗਵਾਈ 'ਚ ਸਨਅਤਕਾਰਾਂ ਤੇ ਕਾਰੋਬਾਰੀਆਂ ਦਾ ਆਇਆ ਇਕ ਵੱਡਾ ਵਫਦ ਚੇਨਈ, ਹੈਦਰਾਬਾਦ ਤੇ ਹੋਰ ਥਾਵਾਂ ਦੇ ਦੌਰੇ ਮਗਰੋਂ ਵਾਪਸ ਚਲਾ ਗਿਆ।

# ਰਗਬੀ ਦੇ ਬਹਾਨੇ ਫਰਾਂਸ 'ਚ 22 ਭਾਰਤੀ ਬੱਚੇ ਲਾਪਤਾ

## *ਸੀ.ਬੀ.ਆਈ. ਵੱਲੋਂ ਤਿੰਨ ਟਰੈਵਲ ਏਜੰਟਾਂ ਖਿਲਾਫ ਕੇਸ ਦਰਜ*

**ਨਵੀਂ ਦਿੱਲੀ:** ਪੰਜਾਬ, ਹਰਿਆਣਾ ਅਤੇ ਦਿੱਲੀ ਦੇ 22 ਨਾਬਾਲਗਾਂ ਨੂੰ ਰਗਬੀ ਦੀ ਸਿਖਲਾਈ ਦੇਣ ਬਹਾਨੇ ਤਿੰਨ ਟਰੈਵਲ ਏਜੰਟਾਂ ਵੱਲੋਂ ਨਾਜਾਇਜ਼ ਢੰਗ ਨਾਲ ਫਰਾਂਸ ਭੇਜ ਦਿੱਤਾ ਗਿਆ ਜਿਥੇ ਉਹ ਗਾਇਬ ਹੋ ਗਏ। ਸੀ.ਬੀ.ਆਈ. ਨੇ ਇਸ ਸਬੰਧੀ ਐਫ.ਆਈ.ਆਰ. ਦਰਜ ਕਰ ਲਈ ਹੈ। ਜਾਂਚ ਏਜੰਸੀ ਨੇ ਤਿੰਨ ਟਰੈਵਲ ਏਜੰਟਾਂ ਫਰੀਦਾਬਾਦ ਦੇ ਲਲਿਤ ਡੇਵਿਡ ਡੀਨ ਅਤੇ ਦਿੱਲੀ ਦੇ ਸੰਜੇ ਰਾਏ ਤੇ ਵਰੁਣ ਚੌਧਰੀ ਦੇ ਦਫਤਰਾਂ ਦੀ ਤਲਾਸ਼ੀ ਲਈ ਅਤੇ ਦਸਤਾਵੇਜ਼ ਬਰਾਮਦ ਕੀਤੇ।




ਅਧਿਕਾਰੀਆਂ ਨੇ ਦੋਸ਼ ਲਾਇਆ ਕਿ ਏਜੰਟਾਂ ਨੇ ਇਨ੍ਹਾਂ ਨਾਬਾਲਗਾਂ ਨੂੰ ਵਿਦੇਸ਼ ਭੇਜਣ ਲਈ ਹਰ ਬੱਚੇ ਦੇ ਪਰਿਵਾਰ ਕੋਲੋਂ 25-30 ਲੱਖ ਰੁਪਏ ਲਏ ਸਨ। ਵੀਜ਼ੇ ਪ੍ਰਾਪਤ ਕਰਨ ਲਈ ਏਜੰਟਾਂ ਨੇ ਕਾਗਜ਼ਾਂ 'ਚ ਦਿਖਾਇਆ ਸੀ ਕਿ 13-18 ਸਾਲ ਉਮਰ ਵਰਗ ਦੇ 25 ਬੱਚੇ ਪੈਰਿਸ ਵਿਚ ਰਗਬੀ ਦੇ ਸਿਖਲਾਈ ਕੈਂਪ 'ਚ ਹਿੱਸਾ ਲੈਣ ਜਾ ਰਹੇ ਹਨ। ਕਪੂਰਥਲਾ ਦੇ ਦੋ ਸਕੂਲਾਂ ਦੇ ਵਿਦਿਆਰਥੀ ਦਰਸਾਏ 25 ਵਿਦਿਆਰਥੀਆਂ ਦਾ ਇਕ ਸਮੂਹ ਪੈਰਿਸ ਦੀ ਫਰੈਂਚ ਫੈਡਰੇਸ਼ਨ ਦੇ ਸੱਦੇ ਉਤੇ ਰਗਬੀ ਦੇ ਸਿਖਲਾਈ ਕੈਂਪ 'ਚ ਹਿੱਸਾ ਲੈਣ ਲਈ ਪੈਰਿਸ ਲਈ ਨਿੱਜੀ ਵਿਅਕਤੀਆਂ ਦੇ ਨਾਲ ਦਿੱਲੀ ਹਵਾਈ ਅੱਡੇ ਤੋਂ ਰਵਾਨਾ ਹੋਇਆ ਸੀ। 25 ਵਿਦਿਆਰਥੀਆਂ ਨੇ ਇਕ ਹਫਤੇ ਤੱਕ ਕੈਂਪ 'ਚ ਹਿੱਸਾ ਵੀ ਲਿਆ ਪਰ ਇਸ ਦੌਰਾਨ ਟਰੈਵਲ ਏਜੰਟਾਂ ਨੇ ਉਨ੍ਹਾਂ ਦੀ ਵਾਪਸੀ ਦੀ ਟਿਕਟ ਰੱਦ ਕਰ ਦਿੱਤੀ ਅਤੇ ਗੜਬੜ ਦੇ ਸ਼ੱਕ ਪਿੱਛੋਂ ਦੋ ਬੱਚੇ ਭਾਰਤ ਵਾਪਸ ਆ ਗਏ। ਸੀ.ਬੀ.ਆਈ. ਮੁਤਾਬਕ ਜੋ ਨਾਬਾਲਗ ਫਰਾਂਸ ਰਹਿ ਗਏ, ਉਨ੍ਹਾਂ ਨੂੰ ਇਕ ਸਥਾਨਕ ਗੁਰਦੁਆਰੇ 'ਚ ਰੱਖਿਆ ਗਿਆ ਅਤੇ ਉਹ ਬੱਚੇ ਉਥੋਂ ਗਾਇਬ ਹੋ ਗਏ। ਉਨ੍ਹਾਂ 'ਚੋਂ ਇਕ ਬੱਚਾ ਫਰਾਂਸ ਪੁਲਿਸ ਦੇ ਕਾਬੂ ਆ ਗਿਆ, ਜਿਸ ਨੇ ਇਸ ਦੀ ਸੂਚਨਾ ਇੰਟਰਪੋਲ ਨੂੰ ਦਿੱਤੀ ਅਤੇ ਇੰਟਰਪੋਲ ਨੇ ਸੀ.ਬੀ.ਆਈ. ਨੂੰ ਇਸ ਦੀ ਖਬਰ ਦਿੱਤੀ।

# ਰਣਜੀਤ ਧੀਰ ਦਾ ਮਹਾਰਾਣੀ ਐਲਿਜ਼ਾਬੈਥ ਵੱਲੋਂ ਸਨਮਾਨ

**ਲੰਡਨ:** ਉਘੇ ਲਿਖਾਰੀ ਅਤੇ ਭਾਰਤੀ ਮੂਲ ਦੇ ਮੈਜਿਸਟਰੇਟ ਕੌਂਸਲਰ ਰਣਜੀਤ ਧੀਰ ਨੂੰ ਯੂ.ਕੇ. ਸਰਕਾਰ ਪ੍ਰਤੀ ਸ਼ਾਨਾਮੱਤੀਆਂ ਸੇਵਾਵਾਂ ਲਈ ਮਹਾਰਾਣੀ ਐਲਿਜ਼ਾਬੈਥ ਵੱਲੋਂ ਸਨਮਾਨਤ ਕੀਤਾ ਗਿਆ ਹੈ। 'ਲੰਡਨ ਗਜ਼ਟ' ਮੁਤਾਬਕ ਸ੍ਰੀ ਧੀਰ 1982 ਵਿਚ ਪਹਿਲੀ ਵਾਰ ਈਲਿੰਗ ਤੋਂ ਕੌਂਸਲਰ ਚੁਣੇ ਗਏ ਸਨ ਅਤੇ ਪਿਛਲੇ 35 ਵਰ੍ਹਿਆਂ ਦੌਰਾਨ ਉਨ੍ਹਾਂ ਨੇ ਅੱਠ ਸਥਾਨਕ ਚੋਣਾਂ ਜਿੱਤੀਆਂ ਹਨ। ਸਥਾਨਕ ਸਰਕਾਰ ਵਿਚ ਸੇਵਾਵਾਂ ਲਈ ਸ੍ਰੀ ਧੀਰ (75) ਦਾ 'ਨਿਊ ਯੀਅਰ ਆਨਰਜ਼ ਲਿਸਟ 2018' ਵਿਚ ਨਾਂ ਸ਼ਾਮਲ ਹੈ। ਉਨ੍ਹਾਂ ਵੱਲੋਂ ਕਈਆਂ ਕਮੇਟੀਆਂ, ਸਕੂਲ ਬੋਰਡਾਂ ਅਤੇ ਜਨਤਕ ਅਦਾਰਿਆਂ ਦੇ ਚੇਅਰਮੈਨ ਤੋਂ ਇਲਾਵਾ ਡਿਪਟੀ ਮੇਅਰ ਤੇ ਮੇਅਰ ਵਜੋਂ ਸੇਵਾਵਾਂ ਨਿਭਾਈਆਂ ਗਈਆਂ ਹਨ। ਯੂ.ਕੇ. ਵਿਚ ਕੌਂਸਲ ਦੇ ਡਿਪਟੀ ਲੀਡਰ ਵਜੋਂ ਉਨ੍ਹਾਂ ਨੇ ਸਭ ਤੋਂ ਲੰਬਾ ਸਮਾਂ ਸੇਵਾਵਾਂ ਦਿੱਤੀਆਂ ਹਨ। ਇਸ ਅਹੁਦੇ ਉਤੇ ਉਹ 2005 ਵਿਚ ਚੁਣੇ ਗਏ ਸਨ। ਮੌਜੂਦਾ ਸਮੇਂ ਉਨ੍ਹਾਂ ਕੋਲ ਈਲਿੰਗ ਕੈਬਨਿਟ ਵਿਚ ਭਾਈਚਾਰਕ ਸੇਵਾਵਾਂ ਅਤੇ ਸੁਰੱਖਿਆ ਦਾ ਅਹੁਦਾ ਹੈ। ਉਨ੍ਹਾਂ ਨੇ ਜਸਟਿਸ ਆਫ ਪੀਸ (ਮੈਜਿਸਟਰੇਟ) ਵਜੋਂ ਸੇਵਾਵਾਂ ਨਿਭਾਉਣ ਤੋਂ ਇਲਾਵਾ ਐਂਪਲਾਇਮੈਂਟ ਟ੍ਰਿਬਿਊਨਲਜ਼ ਦੇ ਮੈਂਬਰ ਜੱਜ ਵੀ ਰਹੇ।



# ਨਸਲੀ ਹਮਲੇ ਰੋਕਣ ਲਈ ਸ਼੍ਰੋਮਣੀ ਕਮੇਟੀ ਨੇ ਬਣਾਈ ਰਣਨੀਤੀ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਵਿਦੇਸ਼ਾਂ ਵਿਚ ਵੀ ਆਪਣੇ ਉਪ-ਦਫਤਰ ਖੋਲ੍ਹਣ ਬਾਰੇ ਵਿਚਾਰ ਕਰੇਗੀ ਤਾਂ ਜੋ ਵਿਦੇਸ਼ਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨ ਤੇਜ਼ ਕੀਤੇ ਜਾ ਸਕਣ। ਉਨ੍ਹਾਂ ਇਹ ਪ੍ਰਗਟਾਵਾ ਗਲੋਬਲ ਸਪਰਿਚੁਅਲ ਆਰਗੇਨਾਈਜੇਸ਼ਨ ਅਮਰੀਕਾ ਦੇ ਸੰਸਥਾਪਕ ਬਾਬਾ ਦਲਜੀਤ ਸਿੰਘ ਸ਼ਿਕਾਗੋ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਚਰਨ ਸਿੰਘ ਆਲਮਗੀਰ ਦੇ ਗ੍ਰਹਿ ਹੋਈ ਮੀਟਿੰਗ ਦੌਰਾਨ ਕੀਤਾ। ਇਥੇ ਬਾਬਾ ਸ਼ਿਕਾਗੋ ਨੇ ਪੇਸ਼ਕਸ਼ ਕੀਤੀ ਕਿ ਜੇਕਰ ਸ਼੍ਰੋਮਣੀ ਕਮੇਟੀ ਅਮਰੀਕਾ ਵਿਚ ਕਿਸੇ ਥਾਂ ਆਪਣਾ ਦਫਤਰ ਖੋਲ੍ਹਣਾ ਚਾਹੁੰਦੀ ਹੈ ਤਾਂ ਸੰਸਥਾ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਖਿਲਾਫ਼ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਲਈ ਵੀ ਵੱਡੇ ਪੱਧਰ ਉਤੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਕਿਉਂਕਿ ਅਮਰੀਕਾ ਵੱਸਦੀ ਨੌਜਵਾਨ ਪੀੜ੍ਹੀ ਸਿੱਖਾਂ ਅਤੇ ਮੁਸਲਮਾਨਾਂ ਵਿਚ ਅੰਤਰ ਨਹੀਂ ਜਾਣਦੀ ਅਤੇ ਕਈ ਵਾਰੀ ਸਿੱਖ ਇਸੇ ਭੁਲੇਖੇ ਵਿਚ ਹੀ ਹਿੰਸਾ ਦਾ ਸ਼ਿਕਾਰ ਹੋ ਕੇ ਆਪਣੀਆਂ ਜਾਨਾਂ ਗੁਆ ਬੈਠਦੇ ਹਨ। ਬਾਬਾ ਸ਼ਿਕਾਗੋ ਨੇ ਦੱਸਿਆ ਕਿ ਇਸ ਸਬੰਧੀ ਗਲੋਬਲ ਸਿੱਖ ਕੈਂਪੇਨ ਫਾਰ ਆਈਡੈਂਟਿਟੀ ਨਾਂ ਦੀ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਨੌਜਵਾਨ ਪੀੜ੍ਹੀ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਦੱਸਣ ਲਈ ਸੈਮੀਨਾਰ ਤੇ ਵਰਕਸ਼ਾਪਾਂ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਭਾਸ਼ਾਵਾਂ ਵਿਚ ਸਾਹਿਤ ਵੀ ਛਾਪ ਕੇ ਵੰਡਿਆ ਜਾ ਰਿਹਾ ਹੈ।



## ਪਤਨੀ ਨੂੰ ਨਹਿਰ 'ਚ ਧੱਕਾ ਦੇਣ ਲੱਗਾ ਪਤੀ ਡੁੱਬਿਆ

**ਮੱਲਾਂਵਾਲਾ:** ਪਤਨੀ ਨੂੰ ਨਹਿਰ ਵਿਚ ਧੱਕਾ ਦੇਣ ਦੀ ਕੋਸ਼ਿਸ਼ ਕਰਦਾ ਪਤੀ ਆਪ ਵੀ ਨਹਿਰ ਵਿਚ ਡਿੱਗ ਗਿਆ। ਕੋਮਲ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਸੱਤ ਸਾਲ ਪਹਿਲਾਂ ਅਨਵਰ ਮਸੀਹ ਵਾਸੀ ਮੱਲਾਂਵਾਲਾ ਨਾਲ ਹੋਇਆ ਸੀ ਅਤੇ ਉਨ੍ਹਾਂ ਦੇ ਦੋ ਬੱਚੇ ਹਨ। ਉਸ ਦੇ ਪਤੀ ਨੇ ਆਪਣੇ ਭਰਾ ਨਛੱਤਰ ਸਿੰਘ ਨੂੰ ਫੋਨ ਕਰ ਕੇ ਫਿਰੋਜ਼ਪੁਰ ਬੁਲਾਇਆ ਸੀ, ਜਦੋਂ ਉਹ ਮੋਟਰਸਾਈਕਲ ਉਤੇ ਬਾਬੇ ਪੀਰ ਨਿਗਾਹੇ ਜਾਣ ਲਈ ਚੱਲ ਪਏ ਤਾਂ ਰਾਜਸਥਾਨ ਨਹਿਰ ਦੀ ਪਟੜੀ ਨਜ਼ਦੀਕ ਉਸ ਦੇ ਦਿਉਰ ਨੇ ਨਹਿਰ ਵਿਚ ਧੱਕਾ ਦੇ ਦਿੱਤਾ। ਉਹ ਨਹਿਰ ਦੇ ਕੰਢੇ ਨਾਲ ਜਾ ਲੱਗੀ ਤਾਂ ਉਸ ਦਾ ਪਤੀ ਉਸ ਨੂੰ ਨਹਿਰ ਵਿਚ ਅੱਗੇ ਕਰਨ ਲਈ ਥੱਲੇ ਹੋ ਕੇ ਲੱਤਾਂ ਨਾਲ ਧੱਕਣ ਲੱਗਾ ਤਾਂ ਉਹ ਵੀ ਡੁੱਬ ਗਿਆ।

# ਛੁੱਟੀਆਂ ਖਤਮ ਕਰਨ 'ਤੇ ਝੁਕੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰ ਪੁਰਬ ਦੀ ਛੁੱਟੀ ਨਾ ਕਰਨ ਤੇ 14 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੇ ਸਿਰਜਨਾ ਦਿਵਸ ਦੀ ਇਤਿਹਾਸਕ ਛੁੱਟੀ ਖਤਮ ਕਰਨ ਦਾ ਫੈਸਲਾ ਕੀਤਾ ਸੀ, ਪਰ ਹੁਣ ਜਨਤਕ ਦਬਾਅ ਅੱਗੇ ਸਰਕਾਰ ਨੂੰ ਝੁਕਣਾ ਪਿਆ ਹੈ ਕਿਉਂਕਿ ਕੈਪਟਨ ਸਰਕਾਰ ਦੇ ਇਸ ਫੈਸਲੇ ਦਾ ਸਿੱਖ ਜਗਤ ਵਿਚ ਵਿਆਪਕ ਵਿਰੋਧ ਹੋਇਆ ਸੀ।

ਦਿਲਚਸਪ ਗੱਲ ਇਹ ਹੈ ਕਿ ਹਰਿਆਣਾ ਸਰਕਾਰ ਨੇ ਨਵੇਂ ਸਾਲ ਦੀਆਂ ਛੁੱਟੀਆਂ ਬਾਰੇ ਜੋ ਸੂਚੀ ਜਾਰੀ ਕੀਤੀ ਹੈ, ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀ ਛੁੱਟੀ 5 ਜਨਵਰੀ ਨੂੰ ਕਰਨਾ ਸ਼ਾਮਲ ਸੀ।

# ਸਨਅਤੀ ਇਕਾਈਆਂ ਖਿਲਾਫ ਸ਼ਿਕੰਜਾ ਕੱਸਿਆ

**ਜਲੰਧਰ:** ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਪੰਜਾਬ ਵਿਚ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੀਆਂ ਉਦਯੋਗਿਕ ਇਕਾਈਆਂ ਖਿਲਾਫ ਸ਼ਿਕੰਜਾ ਕੱਸ ਦਿੱਤਾ ਹੈ। ਐਨ.ਜੀ.ਟੀ. ਨੇ ਜਲੰਧਰ ਦੀਆਂ 19 ਚਮੜਾ ਸਨਅਤੀ ਇਕਾਈਆਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ। ਟ੍ਰਿਬਿਊਨਲ ਨੇ ਇਨ੍ਹਾਂ ਸਨਅਤੀ ਇਕਾਈਆਂ ਵੱਲੋਂ ਛੱਡੇ ਜਾਂਦੇ ਪਾਣੀ 'ਚ ਭਾਰੀ ਧਾਤੂਆਂ ਪਾਈਆਂ ਸਨ, ਜੋ ਜਲੰਧਰ ਜ਼ਿਲ੍ਹੇ ਦੀਆਂ ਡਰੇਨਾਂ ਰਾਹੀਂ ਪੰਜਾਬ ਦੇ ਵਾਤਾਵਰਨ ਨੂੰ ਦੂਸ਼ਿਤ ਕਰ ਰਹੀਆਂ ਹਨ। ਐਨ.ਜੀ.ਟੀ. ਦੇ ਸਾਬਕਾ ਚੇਅਰਪਰਸਨ ਜਸਟਿਸ ਸਵਤੰਤਰ ਕੁਮਾਰ ਵੱਲੋਂ 61 ਚਮੜਾ ਸਨਅਤੀ ਇਕਾਈਆਂ ਦੀ ਜਾਂਚ ਲਈ ਗਠਿਤ ਉਚ-ਪੱਧਰੀ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਇਨ੍ਹਾਂ ਇਕਾਈਆਂ 'ਤੇ ਪੂਰੀ ਤੇ ਸੰਗਠਿਤ ਰਿਪੋਰਟ ਬਣਾਉਣ ਦੇ ਆਦੇਸ਼ ਦਿੱਤੇ ਸਨ।

ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵੀ ਚਮੜਾ ਇਕਾਈਆਂ ਦੇ ਦੂਸ਼ਿਤ ਪਾਣੀ ਨੂੰ ਕਾਲਾ ਸੰਘਿਆਂ ਨਾਲੇ 'ਚ ਜਾਣ ਤੋਂ ਰੋਕਣ ਲਈ ਬੰਨ੍ਹ ਮਾਰਿਆ ਸੀ। ਉਚ-ਪੱਧਰੀ ਕਮੇਟੀ ਵੱਲੋਂ ਐਨ.ਜੀ.ਟੀ. ਵਿਚ ਦਾਖਲ ਕੀਤੀ ਰਿਪੋਰਟ 'ਚ ਇਨ੍ਹਾਂ ਸਨਅਤੀ ਯੂਨਿਟਾਂ ਵਿਚ ਪਾਣੀ ਦੀ ਵਰਤੋਂ ਬਾਰੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਲਾਗੂ ਕੀਤੇ ਗਏ ਨਿਯਮਾਂ ਤੇ ਕੇਂਦਰੀ ਭੂਮੀਗਤ ਪਾਣੀ ਅਥਾਰਟੀ ਦੀਆਂ ਮਨਜ਼ੂਰੀਆਂ ਦੇ ਮਾਮਲੇ 'ਚ ਨਿਯਮਾਂ ਦੀ ਸਹੀ ਤਰੀਕੇ ਨਾਲ ਪਾਲਣਾ ਕਰਨ ਵਿਚ ਖਾਮੀਆਂ ਦੀ ਜਾਣਕਾਰੀ ਦਿੱਤੀ ਸੀ। ਬੈਂਚ ਨੇ ਕਿਹਾ ਹੈ ਕਿ ਉਕਤ ਚਮੜਾ ਇਕਾਈਆਂ ਨੂੰ ਉਦੋਂ ਤੱਕ ਚਲਾਉਣ ਦੀ ਮਨਜ਼ੂਰੀ ਨਹੀਂ ਮਿਲ ਸਕਦੀ ਜਦੋਂ ਤੱਕ ਉਹ ਸਾਰੇ ਨਿਯਮਾਂ ਦੀ ਪਾਲਣਾ ਕਰਨ ਬਾਰੇ ਬੋਰਡ ਨੂੰ ਅਰਜ਼ੀ ਨਹੀਂ ਦਿੰਦੇ। ਐਨ.ਜੀ.ਟੀ. ਨੇ ਇਹ ਆਦੇਸ਼ ਇਲਾਕੇ ਦੇ ਚਮਿਆਰਾ ਪਿੰਡ ਦੇ ਵਸਨੀਕ ਦਰਸ਼ਨ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤਾ ਹੈ, ਜਿਨ੍ਹਾਂ ਦੋਸ਼ ਲਗਾਇਆ ਸੀ ਕਿ ਇਨ੍ਹਾਂ ਇਕਾਈਆਂ 'ਚੋਂ ਨਿਕਲਦੇ ਦੂਸ਼ਿਤ ਪਾਣੀ ਵਾਲੀਆਂ ਡਰੇਨਾਂ ਨਾਲ ਸਤਲੁਜ ਦਰਿਆ ਦਾ ਪਾਣੀ ਦੂਸ਼ਿਤ ਹੋ ਰਿਹਾ ਹੈ। ਪਟੀਸ਼ਨ 'ਚ ਇਹ ਵੀ ਕਿਹਾ ਗਿਆ ਸੀ ਕਿ ਇਸ ਮਾਮਲੇ 'ਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕਈ ਵਾਰ ਸ਼ਿਕਾਇਤ ਦਿੱਤੀ ਗਈ ਹੈ, ਪਰ ਕੋਈ ਕਾਰਵਾਈ ਨਹੀਂ ਹੋਈ।



# 2 ਜੀ ਘੁਟਾਲਾ, ਅਦਾਲਤਾਂ ਅਤੇ ਸਿਆਸਤ

ਕੀ 2-ਜੀ ਘੁਟਾਲੇ ਵਿਚ ਸਾਰੇ ਦੋਸ਼ੀਆਂ ਨੂੰ ਰਿਹਾਅ ਕਰਨ ਦਾ ਮਤਲਬ ਹੈ ਕਿ ਦੂਰਸੰਚਾਰ ਦਾ ਕੋਈ ਘੁਟਾਲਾ ਹੋਇਆ ਹੀ ਨਹੀਂ? ਨਹੀਂ ਬਿਲਕੁਲ ਨਹੀਂ। ਦੂਰਸੰਚਾਰ ਘੁਟਾਲਾ ਹੋਇਆ ਸੀ, ਖੁੱਲ੍ਹਮ-ਖੁੱਲ੍ਹਾ ਅਤੇ ਬਹੁਤ ਵੱਡਾ ਹੋਇਆ ਸੀ। ਗੱਲ ਸਿਰਫ਼ ਏਨੀ ਹੈ ਕਿ ਮੁੱਦੇ ਦੇ ਸਿਆਸੀਕਰਨ ਕਾਰਨ ਕਿਸੇ ਨੇ ਜੱਜ ਦੇ ਸਾਹਮਣੇ ਮਜ਼ਬੂਤ ਕੇਸ ਪੇਸ਼ ਕਰਨ ਦੀ ਮਿਹਨਤ ਹੀ ਨਹੀਂ ਕੀਤੀ ਗਈ। ਕਿਸੇ ਵੀ ਦੋਸ਼ੀ ਪੱਖ ਖਾਸ ਤੌਰ 'ਤੇ ਸਿਆਸੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਇਸ ਦੀ

**ਸ਼ੇਖਰ ਗੁਪਤਾ**

ਕੁੰਜੀ ਹੁੰਦੀ ਹੈ ਫੋਕਸ। ਤੁਸੀਂ ਬਹੁਤ ਛੇਤੀ ਇਹ ਫ਼ੈਸਲਾ ਕਰਨਾ ਹੁੰਦਾ ਹੈ ਕਿ ਤੁਹਾਡਾ ਉਦੇਸ਼ ਕੀ ਹੈ? ਕੀ ਉਦੇਸ਼ ਸੁਰਖੀਆਂ, ਸ਼ੋਰ, ਲੋਕਾਂ ਦਾ ਰੋਸ ਹੈ ਤਾਂ ਕਿ ਤੁਸੀਂ ਉਨ੍ਹਾਂ 'ਤੇ ਸਵਾਰ ਹੋ ਕੇ ਚੋਣਾਂ ਵਿਚ ਜਿੱਤ ਹਾਸਲ ਕਰ ਸਕੋ? ਜਾਂ ਦੋਸ਼ੀ ਨੂੰ ਕਟਹਿਰੇ ਵਿਚ ਲਿਆ ਕੇ ਵਾਜਬ ਸਜ਼ਾ ਦਿਵਾਉਣਾ।

ਭਾਰਤ ਦਾ ਸਿਆਸੀ ਵਰਗ ਵਾਰ ਵਾਰ ਦੂਜੇ ਦੀ ਬਜਾਏ ਪਹਿਲੇ ਨੂੰ ਤਰਜੀਹ ਦਿੰਦਾ ਹੈ। ਅਦਾਲਤ ਨੂੰ ਭਾਸ਼ਣ, ਲੀਕ ਅਤੇ ਟਵੀਟ ਨਹੀਂ, ਸਗੋਂ ਠੋਸ ਸਬੂਤ ਚਾਹੀਦੇ ਹੁੰਦੇ ਹਨ। ਕਿਸੇ ਖੇਤਰੀ ਪਾਰਟੀ ਦੇ ਕੁਝ ਸਿਆਸੀ ਕਿਰਦਾਰਾਂ ਨੇ ਸਪੈਕਟਰਮ ਵੰਡ ਵਿਚ ਸ਼ਾਇਦ ਕਰੋੜਾਂ ਰੁਪਏ ਕਮਾਏ ਹੋਣ, ਅਜਿਹਾ ਕਹਿਣ ਨਾਲ ਉਹ ਗੱਲ ਨਹੀਂ ਹੁੰਦੀ ਜੋ 1.76 ਲੱਖ ਕਰੋੜ ਰੁਪਏ ਦਾ ਘੁਟਾਲਾ ਕਹਿਣ ਨਾਲ ਬਣਦੀ ਹੈ; ਖਾਸ ਤੌਰ 'ਤੇ ਉਦੋਂ ਅਜਿਹਾ ਮਾਹੌਲ ਬਣ ਗਿਆ ਸੀ ਕਿ ਘੁਟਾਲੇ ਦੇ ਅੰਕੜਿਆਂ ਵਿਚ ਮਰਜ਼ੀ ਮੁਤਾਬਿਕ ਜ਼ੀਰੋ ਲਾਏ ਜਾਂਦੇ ਰਹੇ। ਇਸ ਤਰ੍ਹਾਂ ਕੋਲਾ 3 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦਾ ਘੁਟਾਲਾ ਜਾਂ ਰਾਸ਼ਟਰ ਮੰਡਲ ਖੇਡਾਂ 75 ਹਜ਼ਾਰ ਕਰੋੜ ਰੁਪਏ ਦਾ। ਇਹ ਜ਼ੀਰੋ ਲਗਾਉਣ ਦੀ ਖੇਡ ਏਨੀ ਲੁਭਾਉਣੀ ਸੀ ਕਿ ਬਹੁਤ ਚੌਕਸ ਅਤੇ ਸਹੀ ਰਹਿਣ ਵਾਲੇ ਅਖ਼ਬਾਰ 'ਦਿ ਹਿੰਦੂ' ਨੇ ਵੀ ਇਸਰੋ ਡੇਵਾਸ 'ਘੁਟਾਲੇ' ਨੂੰ ਉਜਾਗਰ ਕੀਤਾ ਜਿਸ ਨੂੰ ਇਸ ਨੇ ਕਈ ਲੱਖ ਕਰੋੜ ਦਾ ਦੱਸਿਆ; ਜਦਕਿ ਪੁਲਾੜ ਦੇ ਮਾਮਲੇ ਵਿਚ ਸਪੈਕਟਰਮ ਖੁੱਲ੍ਹੇ ਰੂਪ ਵਿਚ ਇਨਫਿਨਿਟੀ ਵਿਚ ਉਪਲਬਧ ਹੁੰਦਾ ਹੈ। ਘੁਟਾਲੇ ਨੂੰ ਵਧਾਅ-ਚੜ੍ਹਾਅ ਕੇ ਦੱਸਣ ਨਾਲ ਸਿਆਸੀ ਲੋਕ ਚੋਣ ਜਿੱਤ ਜਾਂਦੇ ਹਨ (ਜਿਵੇਂ ਬੋਫੋਰਸ), ਪਰ ਦੋਸ਼ੀ ਛੁੱਟ ਜਾਂਦੇ ਹਨ। ਬਹੁਤੇ ਮਾਮਲਿਆਂ ਵਿਚ ਪੈਸੇ ਸਮੇਤ ਛੁੱਟ ਜਾਂਦੇ ਹਨ; ਜਿਵੇਂ ਬੋਫੋਰਸ ਮਾਮਲੇ ਵਿਚ ਕਵਾਤਰੋਚੀ ਬਚ ਗਿਆ। 2 ਜੀ ਮਾਮਲਾ ਅਜਿਹੀ ਸਭ ਤੋਂ ਨਵੀਂ ਉਦਾਹਰਨ ਹੈ।

ਘੁਟਾਲੇ ਦਾ ਆਕਾਰ ਸਮਝਿਆ ਗਿਆ 1.76 ਲੱਖ ਕਰੋੜ ਰੁਪਏ ਦਾ ਅੰਕੜਾ, ਦੇਸ਼ ਦੇ ਕੁਲ ਘਰੇਲੂ ਉਤਪਾਦਨ (ਜੀ.ਡੀ.ਪੀ.) ਦਾ 4.41 ਫ਼ੀਸਦੀ ਹੁੰਦਾ ਹੈ। ਇਹ ਉਸ ਸਾਲ ਦੇ ਸਾਡੇ ਰੱਖਿਆ ਬਜਟ ਤੋਂ ਕੁਝ ਅਰਬ ਡਾਲਰ ਵਧੇਰੇ




ਸੀ। ਹੁਣ ਰਤਾ ਸੋਚੋ, ਕੀ ਥੋੜ੍ਹੇ ਜਿਹੇ ਸਪੈਕਟਰਮ ਦੀ ਏਨੀ ਕੀਮਤ ਹੋ ਸਕਦੀ ਹੈ? ਕੀ ਭਾਰਤ ਦਾ ਟੈਲੀਕਾਮ ਸੈਕਟਰ ਇਸ ਲਈ ਏਨਾ ਪੈਸਾ ਦੇ ਸਕਦਾ ਸੀ? ਜੇ ਅਜਿਹਾ ਸੀ ਤਾਂ ਆਪਣੇ ਰੱਖਿਆ ਬਜਟ ਖਾਰਜ ਕਰ ਕੇ ਹਥਿਆਰਬੰਦ ਫ਼ੌਜਾਂ ਨੂੰ ਇਹ ਕਿਉਂ ਨਹੀਂ ਕਿਹਾ ਗਿਆ ਕਿ ਉਹ ਜੋ ਹਰ ਸਾਲ ਸਪੈਕਟਰਮ ਇਕੱਠਾ ਕਰਦੀਆਂ ਜਾਂਦੀਆਂ ਹਨ, ਉਸ ਨੂੰ ਨਿਲਾਮ ਕਰ ਦੇਵੇ ਅਤੇ ਜ਼ਰੂਰਤ ਦੀਆਂ ਸਾਰੀਆਂ ਤੋਪਾਂ, ਪਣਡੁੱਬੀਆਂ ਅਤੇ ਜੈੱਟ ਖਰੀਦ ਲੈਣ। ਕੋਲਾ ਵੀ ਇਸੇ ਤਰ੍ਹਾਂ ਦੀ ਹੀ ਉਦਾਹਰਨ ਹੈ। ਜਿਵੇਂ 2 ਜੀ, ਰਾਸ਼ਟਰ ਮੰਡਲ ਖੇਡਾਂ ਅਤੇ ਹੋਰ ਘੁਟਾਲੇ ਸਨ, ਉਵੇਂ ਹੀ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਦੇ ਸਮੇਂ ਕੋਲੇ ਦੀਆਂ ਖਾਣਾਂ ਦੀ ਵੰਡ ਵਿਚ ਵੀ ਸਕੈਂਡਲ ਸੀ; ਪਰ ਕੀ ਕੋਲੇ ਦੀ ਹਰ ਵੰਡ ਧੋਖਾਧੜੀ ਸੀ? ਕੀ ਸੱਚਮੁੱਚ ਘਾਟਾ ਲੱਖਾਂ ਕਰੋੜਾਂ ਦਾ ਸੀ, ਜੋ ਵਿਨੋਦ ਰਾਏ ਦੇ 'ਕੈਗ' ਦਾ ਸਤਹੀ ਢੰਗ ਨਾਲ ਲਾਇਆ ਅੰਦਾਜ਼ਾ ਸੀ? ਕਿਉਂਕਿ ਐਨ.ਡੀ.ਏ. ਖਾਸ ਤੌਰ 'ਤੇ ਭਾਜਪਾ ਨੇ ਬੜੀ ਖੁਸ਼ੀ ਨਾਲ ਸਾਹਮਣੇ ਪੇਸ਼ ਸਭ ਤੋਂ ਵੱਡਾ ਅੰਕੜਾ ਹਥਿਆ ਲਿਆ। ਨਤੀਜਾ ਇਹ ਹੋਇਆ ਕਿ ਇਕ ਵਾਰ ਮਾਮਲਾ 'ਕੋਲਗੇਟ' ਦੇ ਸਮੇਂ ਦੀ ਸਰਕਾਰ ਦੇ ਰੂਪ ਵਿਚ ਸੁਪਰੀਮ ਕੋਰਟ ਪਹੁੰਚਿਆ ਤਾਂ ਇਸ ਕੋਲ ਚਲਾਕੀ ਦਿਖਾਉਣ ਦੀ ਗੁੰਜਾਇਸ਼ ਨਹੀਂ ਸੀ। ਜਦੋਂ 1993 ਤੋਂ ਬਾਅਦ ਦੇ (ਜਿਸ ਵਿਚ ਵਾਜਪਾਈ ਸਰਕਾਰ ਦੇ 6 ਸਾਲ ਦਾ ਕਾਰਜਕਾਲ ਵੀ ਸ਼ਾਮਲ

> ***ਕੈਗ ਨੇ 2 ਜੀ ਸਪੈਕਟਰਮ ਨਿਲਾਮੀ ਵਿਚ ਅਨੁਮਾਨਤ ਨੁਕਸਾਨ 57 ਹਜ਼ਾਰ ਕਰੋੜ ਤੋਂ 1.76 ਲੱਖ ਕਰੋੜ ਦੇ ਦਰਮਿਆਨ ਦੱਸਿਆ ਤਾਂ ਮੋਦੀ ਤੋਂ ਲੈ ਕੇ ਲਗਪਗ ਸਾਰੇ ਮੀਡੀਆ ਨੇ ਸਭ ਤੋਂ ਵੱਡਾ ਅੰਕੜਾ ਫੜ ਲਿਆ। ਮੀਡੀਆ ਹੌਲੀ ਹੌਲੀ ਉਸ ਤੋਂ ਮੁਕਤ ਹੁੰਦਾ ਰਿਹਾ, ਪਰ ਭਾਜਪਾ ਫਸ ਗਈ। ਸਪੈਕਟਰਮ ਜਾਰੀ ਕਰਨ ਦੇ ਹਰ ਦੌਰ ਵਿਚ ਇਸ ਨੂੰ 1.76 ਲੱਖ ਕਰੋੜ ਦੇ ਨੁਕਸਾਨ ਦੀ ਉਸ ਸ਼ਰਮਿੰਦਗੀ ਭਰੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਨਵੀਂ ਨਿਲਾਮੀ ਉਸ ਦੇ ਇਕ ਅੰਸ਼ ਤੋਂ ਜ਼ਿਆਦਾ ਨਹੀਂ ਦਿੰਦੀ। ਇਸੇ ਕਾਰਨ ਹੋਰ ਵਧੇਰੇ ਸਪੈਕਟਰਮ ਖੋਲ੍ਹਣ ਵਿਚ ਸੰਕੋਚ ਹੋ ਰਿਹਾ ਹੈ।***

ਸੀ) ਸਾਰੇ ਕੋਲੇ ਦੀ ਵੰਡ ਦੇ ਫ਼ੈਸਲੇ ਦਰਕਿਨਾਰ ਕਰ ਦਿੱਤੇ ਗਏ ਤਾਂ ਇਹ ਮਜਬੂਰ ਹੋ ਕੇ ਦੇਖਦੀ ਰਹੀ। ਇਸ ਨੇ ਭਾਜਪਾ ਸਰਕਾਰ ਨੂੰ ਪਹਿਲਾਂ ਬੜੇ ਵੱਡੇ ਸੰਕਟ ਵਿਚ ਪਾਇਆ, ਜਿਸ ਦਾ ਪ੍ਰਭਾਵ ਕੋਲੇ ਦੀ ਖੁਦਾਈ ਤੋਂ ਲੈ ਕੇ ਬਿਜਲੀ, ਧਾਤੂ, ਸੀਮਿੰਟ ਲਗਪਗ ਹਰ ਸੈਕਟਰ 'ਤੇ ਪਿਆ। ਨਵਾਂ ਸੰਕਟ ਬੈਂਕਿੰਗ ਸੈਕਟਰ ਵਿਚ ਪੈਦਾ ਹੋ ਰਿਹਾ ਹੈ, ਕਿਉਂਕਿ ਟੈਲੀਕਾਮ ਕੰਪਨੀਆਂ ਦਾ 8 ਲੱਖ ਕਰੋੜ ਰੁਪਏ ਦਾ ਕਰਜ਼ਾ ਫਸ ਗਿਆ ਹੈ।

ਸਾਫਟ ਬੈਂਕ ਦੀ ਦੰਦ ਕਥਾ ਬਣ ਚੁੱਕੇ ਮਾਇਆਸ਼ੋਸ਼ੀ ਭਾਰਤ ਵਿਚ ਸੀਰੀਅਲ ਨਿਵੇਸ਼ਕ ਹਨ। 2015 ਵਿਚ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਸਮਾਂ ਦਿੱਤਾ। ਉਨ੍ਹਾਂ ਨੇ ਮੋਦੀ ਨੂੰ ਪੁੱਛਿਆ ਕਿ ਉਹ ਭਾਰਤ ਵਿਚ ਕਿਸ ਤਰ੍ਹਾਂ ਦਾ ਇਨਫਰਮੇਸ਼ਨ ਹਾਈਵੇ ਬਣਾਉਣਗੇ, ਜਦਕਿ ਦਿਤਾ ਗਿਆ ਸਪੈਕਟਰਮ ਕਿਸੇ ਸਾਈਕਲ ਟਰੈਕ ਤੋਂ ਵਧ ਕੁਝ ਨਹੀਂ ਹੈ। ਉਨ੍ਹਾਂ ਨੇ ਧਿਆਨ ਦਿਵਾਇਆ ਕਿ ਜਾਪਾਨ ਦੀ ਆਬਾਦੀ 12.76 ਕਰੋੜ ਹੈ, ਜਿਸ ਕੋਲ 200 ਮੈਗਾਹਰਟਸ ਦਾ ਸਪੈਕਟਰਮ ਹੈ, ਜਦਕਿ ਉਸ ਤੋਂ 10 ਗੁਣਾ ਆਬਾਦੀ ਵਾਲੇ ਭਾਰਤ ਕੋਲ ਸਿਰਫ਼ 40 ਮੈਗਾਹਰਟਸ ਹੈ। ਸੋਚਣ ਵਾਲੀ ਗੱਲ ਹੈ ਕਿ ਅਸੀਂ ਬੁਨਿਆਦੀ ਢਾਂਚੇ ਸਬੰਧੀ ਮੁਢਲੀ ਲੋੜ 'ਤੇ ਮੁੱਠੀ ਏਨੀ ਕਿਉਂ ਘੁੱਟ ਰੱਖੀ ਹੈ?

ਕਾਰਨ ਸਾਧਾਰਨ ਜਿਹਾ ਹੈ। ਜਦੋਂ ਕੈਗ ਨੇ 2 ਜੀ ਸਪੈਕਟਰਮ ਨਿਲਾਮੀ ਵਿਚ ਅਨੁਮਾਨਤ ਨੁਕਸਾਨ ਨੂੰ 57 ਹਜ਼ਾਰ ਕਰੋੜ ਤੋਂ 1.76 ਲੱਖ ਕਰੋੜ ਦੇ ਦਰਮਿਆਨ ਦੱਸਿਆ ਤਾਂ ਮੋਦੀ ਤੋਂ ਲੈ ਕੇ ਲਗਪਗ ਸਾਰੇ ਮੀਡੀਆ ਨੇ ਸਭ ਤੋਂ ਵੱਡਾ ਅੰਕੜਾ ਫੜ ਲਿਆ। ਮੀਡੀਆ ਹੌਲੀ ਹੌਲੀ ਉਸ ਤੋਂ ਮੁਕਤ ਹੁੰਦਾ ਰਿਹਾ, ਪਰ ਭਾਜਪਾ ਫਸ ਗਈ। ਸਪੈਕਟਰਮ ਜਾਰੀ ਕਰਨ ਦੇ ਹਰ ਦੌਰ ਵਿਚ ਇਸ ਨੂੰ 1.76 ਲੱਖ ਕਰੋੜ ਦੇ ਨੁਕਸਾਨ ਦੀ ਉਸ ਸ਼ਰਮਿੰਦਗੀ ਭਰੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਨਵੀਂ ਨਿਲਾਮੀ ਉਸ ਦੇ ਇਕ ਅੰਸ਼ ਤੋਂ ਜ਼ਿਆਦਾ ਨਹੀਂ ਦਿੰਦੀ। ਇਸੇ ਕਾਰਨ ਹੋਰ ਵਧੇਰੇ ਸਪੈਕਟਰਮ ਖੋਲ੍ਹਣ ਵਿਚ ਸੰਕੋਚ ਹੋ ਰਿਹਾ ਹੈ। ਖ਼ੁਦ ਦੇ ਪੈਰਾਂ 'ਤੇ ਕੁਹਾੜੀ ਮਾਰਨ ਦਾ ਇਹ ਕਲਾਸਿਕ ਉਦਾਹਰਨ ਹੈ। ਅਸੀਂ ਇਹ ਦੁਖਦ ਫ਼ਿਲਮ ਬੀਤੇ ਸਮੇਂ ਵਿਚ ਵੀ ਦੇਖ ਚੁੱਕੇ ਹਾਂ ਅਤੇ ਸਾਡੀ ਤਕਦੀਰ ਵਿਚ ਇਸ ਦੇ ਵਿਸਥਾਰ ਅਤੇ ਦੁਹਰਾਅ ਨੂੰ ਹੁਣ ਫਿਰ ਦੇਖਣਾ ਪੈ ਰਿਹਾ ਹੈ। ਵੀ.ਪੀ. ਸਿੰਘ ਦੀ ਅਗਵਾਈ ਵਾਲੀ ਵਿਰੋਧੀ ਧਿਰ (ਭਾਜਪਾ ਸਮੇਤ) ਨੇ ਬੋਫੋਰਸ ਨੂੰ ਦੈਂਤ ਬਣਾ ਦਿਤਾ ਅਤੇ ਭਾਰਤ ਨੂੰ ਇਸ ਦਾ ਨੁਕਸਾਨ ਹੋਇਆ। ਇਸ ਤਰ੍ਹਾਂ ਇਕ ਬਹੁਤ ਹੀ ਚੰਗੀ ਹਥਿਆਰ ਪ੍ਰਣਾਲੀ ਬਦਨਾਮ ਹੋ ਗਈ, ਜਦਕਿ ਹੁਣ ਤੱਕ ਨਾ ਤਾਂ ਕਿਸੇ ਨੂੰ ਸਜ਼ਾ ਹੋਈ ਹੈ ਅਤੇ ਨਾ ਹੀ ਕੋਈ ਪੈਸਾ ਵਸੂਲਿਆ ਜਾ ਸਕਿਆ ਹੈ। ਇਕ ਦੁਰਘਟਨਾ (ਬੰਗਲੌਰ ਵਿਚ 14 ਫਰਵਰੀ, 1990) ਤੋਂ ਬਾਅਦ ਰਾਜੀਵ ਗਾਂਧੀ ਦੇ ਏਅਰ ਬੱਸ ਏ-320 ਦੇ ਆਦੇਸ਼ ਨੂੰ ਘੁਟਾਲਾ ਕਿਹਾ ਜਾਣ ਲੱਗਾ ਅਤੇ ਉਹ ਜਹਾਜ਼ ਖੜ੍ਹੇ ਦੇ ਖੜ੍ਹੇ ਰਹਿ ਗਏ। ਉਨ੍ਹਾਂ ਦੀ ਉਡਾਣ 'ਤੇ ਲੱਗੀ ਪਾਬੰਦੀ ਉਦੋਂ ਹਟਾਉਣੀ ਪਈ ਸੀ, ਜਦੋਂ ਖਾੜੀ ਯੁੱਧ ਦੇ ਸਮੇਂ ਉਥੇ ਫਸੇ ਹਜ਼ਾਰਾਂ ਹੀ ਭਾਰਤੀਆਂ ਨੂੰ ਕੁਵੈਤ ਤੇ ਇਰਾਕ ਵਿਚੋਂ ਭਾਰਤ ਵਾਪਸ ਲਿਆਉਣਾ ਪਿਆ ਸੀ। ਉਨ੍ਹਾਂ ਜਹਾਜ਼ਾਂ ਵਿਚ ਕੋਈ ਗੜਬੜੀ ਨਹੀਂ ਸੀ। ਹਵਾਈ ਸੇਵਾ ਇੰਡੀਗੋ ਖਾਸ ਤੌਰ 'ਤੇ ਇਸੇ ਜਹਾਜ਼ਾਂ ਨੂੰ ਵਰਤੋਂ ਵਿਚ ਲਿਆਉਂਦੀ ਹੈ। ਭ੍ਰਿਸ਼ਟਾਚਾਰ ਲਈ ਦੋਸ਼ੀ ਕਦੇ ਵੀ ਫੜੇ ਨਹੀਂ ਗਏ।

ਇਸੇ ਤਰ੍ਹਾਂ ਕਾਂਗਰਸ ਨੇ 'ਇੰਡੀਆ ਸ਼ਾਈਨਿੰਗ' ਦੇ ਅਨਿਆਂ ਅਤੇ ਨਾਬਰਾਬਰੀਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਅਤੇ ਫਿਰ ਪੂਰੇ ਦਹਾਕੇ ਭਰ ਇਸ ਦੀ ਕੈਦੀ ਬਣੀ ਰਹੀ। ਇਹ ਆਪਣੇ ਹੀ ਸ਼ਾਸਨ ਵਿਚ ਹੋਏ ਆਰਥਿਕ ਵਾਧੇ ਦਾ ਸਿਹਰਾ ਵੀ ਆਪਣੇ ਸਿਰ ਨਹੀਂ ਬੰਨ੍ਹ ਸਕੀ। ਇਹੀ ਕਫ਼ਨ ਘੁਟਾਲੇ ਬਾਰੇ ਇਸ ਦੀ ਮੁਹਿੰਮ ਦੇ ਨਾਲ ਹੋਇਆ ਸੀ। ਵੋਟਰ ਵਧਦੀਆਂ ਸਿਫਰਾਂ ਤੋਂ ਪ੍ਰਭਾਵਿਤ ਹੁੰਦੇ ਹਨ, ਜੱਜ ਨਹੀਂ। ਜੱਜ ਤਰਕਪੂਰਨ, ਸਪੱਸ਼ਟ ਸਬੂਤ ਚਾਹੁੰਦੇ ਹਨ। ਆਧੁਨਿਕ ਕਾਨੂੰਨ ਵਿਚ ਜੇਲ੍ਹ ਦੀ ਸਜ਼ਾ ਇਸ ਨਾਲ ਨਹੀਂ ਬਦਲਦੀ ਕਿ ਤੁਸੀਂ 10 ਕਰੋੜ ਰੁਪਏ ਚੋਰੀ ਕੀਤੇ ਹਨ ਜਾਂ 10 ਹਜ਼ਾਰ। ਕਿਉਂਕਿ ਇਸ ਤੋਂ ਛੋਟਾ ਕੋਈ ਅੰਕੜਾ ਸਾਨੂੰ ਪ੍ਰਭਾਵਿਤ ਨਹੀਂ ਕਰਦਾ। ਫਿਰ ਭਾਵੇਂ 1.76 ਲੱਖ ਕਰੋੜ ਰੁਪਏ ਹੀ ਕਿਉਂ ਨਾ ਚੁਰਾਏ ਹੋਣ, ਤੁਹਾਨੂੰ ਸਬੂਤ ਪੇਸ਼ ਕਰਨੇ ਪੈਣਗੇ ਸਿਰਫ਼ ਲੋਕਾਂ ਦੇ ਗੁੱਸਾ ਦਿਖਾਉਣ ਨਾਲ ਕੰਮ ਨਹੀਂ ਚੱਲੇਗਾ।

# ਕੀ ਮੋਦੀ ਵਾਲੀ ਲਹਿਰ ਹੁਣ ਉਤਰਾਈ ਵੱਲ ਹੈ?

ਗੁਜਰਾਤ ਦੇ ਚੋਣ ਨਤੀਜੇ ਦੋਵੇਂ ਮੁਖ ਵਿਰੋਧੀਆਂ ਨੂੰ ਨਾਰਾਜ਼ ਕਰਨ ਵਾਲੇ ਹਨ। ਜਿਥੇ ਭਾਜਪਾ ਲਈ 100 ਦੀ ਮਨੋਵਿਗਿਆਨਕ ਹੱਦ ਪਾਰ ਕਰਨਾ ਸੰਭਵ ਨਹੀਂ ਹੋ ਸਕਿਆ, ਉਥੇ ਕਾਂਗਰਸ ਨੇ ਆਪਣੀ ਗਿਣਤੀ ਵਧਾ ਲਈ, ਪਰ ਮੁਕਾਬਲੇ ਤੋਂ ਕਾਫੀ ਹੇਠਾਂ ਰਹਿ ਗਈ। ਕਾਂਗਰਸ ਇਸ 'ਤੇ ਆਪਣੇ-ਆਪ ਨੂੰ ਤਸੱਲੀ ਦੇ ਸਕਦੀ ਹੈ

**ਅਮੂਲਿਆ ਗਾਂਗੁਲੀ**

ਕਿ ਉਸ ਨੇ ਚੰਗੀ ਲੜਾਈ ਲੜੀ, ਪਰ ਉਸ ਨੂੰ ਪਤਾ ਹੈ ਕਿ ਪਾਰਟੀ ਉਥੇ ਪਹੁੰਚ ਗਈ ਹੈ ਜਿਥੇ ਉਹ ਪਿਛਲੇ 20 ਸਾਲ ਤੋਂ ਹੈ। ਸੱਤਾ ਉਸ ਦੀ ਪਹੁੰਚ ਤੋਂ ਬਾਹਰ ਹੈ ਅਤੇ ਉਸ ਕੋਲ ਕੋਈ ਸਥਾਨਕ ਨੇਤਾ ਨਹੀਂ ਹੈ, ਜੋ ਉਸ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰ ਸਕੇ।

ਦੂਜੇ ਪਾਸੇ, ਭਾਜਪਾ ਇਸ ਨੂੰ ਲੈ ਕੇ ਰਾਹਤ ਮਹਿਸੂਸ ਕਰੇਗੀ ਕਿ ਆਖਿਰਕਾਰ ਉਸ ਨੇ ਸਰਕਾਰ ਬਣਾ ਲਈ ਹੈ, ਕਿਉਂਕਿ ਉਸ ਦੀ ਜਾਨ ਵਿਚ ਜਾਨ ਪਈ ਹੈ। ਪਾਰਟੀ ਦੇ ਸਾਹਮਣੇ ਇਹ ਡਰ ਰਾਹੁਲ ਗਾਂਧੀ ਦੇ ਅਚਾਨਕ ਅਤੇ ਉਮੀਦ ਤੋਂ ਜ਼ਿਆਦਾ ਉਭਰ ਜਾਣ ਕਾਰਨ ਖੜ੍ਹਾ ਹੋਇਆ ਹੈ। ਇਸ ਨੇ ਪ੍ਰਧਾਨ ਮੰਤਰੀ ਨੂੰ ਇਸ ਲਈ ਮਜਬੂਰ ਕੀਤਾ ਕਿ ਉਹ ਖ਼ੁਦ ਨੂੰ ਗੁਜਰਾਤ ਦੇ ਬਰਾਬਰ ਦੱਸਣ, ਜਿਵੇਂ 2002 ਦੇ ਦੰਗਿਆਂ ਸਮੇਂ ਉਨ੍ਹਾਂ ਨੇ ਸਫ਼ਲਤਾਪੂਰਨ ਕੀਤਾ ਸੀ। ਇਸ ਲਈ ਉਨ੍ਹਾਂ ਨੇ ਪਹਿਲਾਂ ਕਾਂਗਰਸ ਦੇ ਸਨਕੀ ਨੇਤਾ ਮਣੀ ਸ਼ੰਕਰ ਆਈਅਰ 'ਤੇ ਹਮਲਾ ਕੀਤਾ ਕਿ ਆਈਅਰ ਨੇ ਪ੍ਰਧਾਨ ਮੰਤਰੀ ਨੂੰ ਖ਼ਤਮ ਕਰਨ ਲਈ 'ਸੁਪਾਰੀ' ਦਿਤੀ ਅਤੇ ਫਿਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 'ਤੇ ਹਾਸੋਹੀਣੇ ਦੋਸ਼ ਲਗਾਏ ਕਿ ਉਨ੍ਹਾਂ ਨੇ ਪਾਕਿਸਤਾਨ ਦੇ ਨਾਲ ਮਿਲ ਕੇ ਸਾਜ਼ਿਸ਼ ਕੀਤੀ।

ਇਨ੍ਹਾਂ ਦੋਸ਼ਾਂ, ਜਿਨ੍ਹਾਂ ਨੂੰ ਭਾਜਪਾ ਦੇ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨੇ 'ਨਾ-ਭਰੋਸੇਯੋਗ' ਦਾ ਦਰਜਾ ਦਿੱਤਾ ਹੈ, ਨੇ ਇਹੀ ਜ਼ਾਹਿਰ ਕੀਤਾ ਕਿ ਭਾਜਪਾ ਕਿੰਨੀ ਬੌਖਲਾਹਟ ਵਿਚ ਸੀ, ਹੋਰ ਕੋਈ ਨਹੀਂ; ਬਲਕਿ ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਰਾਹੁਲ ਗਾਂਧੀ ਦੀ ਤੁਲਨਾ ਔਰੰਗਜ਼ੇਬ ਨਾਲ ਕਰਨ ਤੋਂ ਵੀ ਭਾਜਪਾ ਦੇ ਮਨ ਦੇ ਡਰ ਦਾ ਪਤਾ ਲੱਗਦਾ ਹੈ। ਇਸ ਲਈ ਗੁਜਰਾਤ ਦੇ ਚੋਣ ਨਤੀਜਿਆਂ ਦਾ ਇੰਤਜ਼ਾਰ ਭਾਜਪਾ ਨੇ ਕਾਂਗਰਸ ਦੇ ਮੁਕਾਬਲੇ ਜ਼ਿਆਦਾ ਫਿਕਰ ਨਾਲ ਕੀਤਾ ਹੋਵੇਗਾ। ਅਖੀਰ ਵਿਚ ਭਾਜਪਾ ਨੇ ਆਪਣੀ ਕਿਸਮਤ ਦੇ ਚੱਕਰਾਂ ਨੂੰ ਧੰਨਵਾਦ ਦਿਤਾ ਹੋਵੇਗਾ ਕਿ ਉਹ ਇੱਜ਼ਤ ਬਚਾ ਕੇ ਨਿਕਲ ਆਈ, ਭਾਵੇਂ ਬੜੀ ਮੁਸ਼ਕਿਲ ਨਾਲ ਹੀ ਸਹੀ!



ਇਸ ਦੇ ਬਾਵਜੂਦ ਭਾਜਪਾ ਨੂੰ ਇਹ ਦਿਖਾਈ ਦੇ ਰਿਹਾ ਹੋਵੇਗਾ ਕਿ ਮੋਦੀ ਦਾ ਜਾਦੂ ਹੁਣ ਉਤਰ ਰਿਹਾ ਹੈ। ਜਿਵੇਂ ਸ਼ਿਵ ਸੈਨਾ ਦੇ ਬੁਲਾਰੇ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ, ਜਦੋਂ ਭਾਜਪਾ ਨੂੰ ਹਿੰਦੂਤਵ ਦੀ ਪ੍ਰਯੋਗਸ਼ਾਲਾ ਕਹੇ ਜਾਣ ਵਾਲੇ ਆਪਣੇ ਗੜ੍ਹ 'ਤੇ ਆਪਣੀ ਪਕੜ ਬਣਾਈ ਰੱਖਣ ਵਿਚ ਏਨੀਆਂ ਮੁਸ਼ਕਿਲਾਂ ਹੋਈਆਂ ਹਨ ਤਾਂ ਇਹ ਸਾਫ਼ ਹੈ ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਉਨ੍ਹਾਂ ਭਾਜਪਾ ਸ਼ਾਸਨ ਵਾਲੇ ਸੂਬਿਆਂ ਵਿਚ ਇਹ ਜ਼ਿਆਦਾ ਮੁਸ਼ਕਿਲ ਹੋਵੇਗਾ, ਜਿਥੇ ਅਗਲੇ ਸਾਲ ਚੋਣਾਂ ਹੋ ਰਹੀਆਂ ਹਨ। ਇਹ ਸੰਭਵ ਨਹੀਂ ਹੈ ਕਿ ਮੋਦੀ-ਸ਼ਾਹ ਦੀ ਜੋੜੀ ਗੁਜਰਾਤ ਵਾਂਗ ਇਨ੍ਹਾਂ ਸੂਬਿਆਂ ਵਿਚ ਸੱਤਾ ਵਿਰੋਧੀ ਲਹਿਰ ਟਾਲਣ ਵਿਚ ਮਜ਼ਬੂਤ ਹੋ ਸਕੇ।

ਦੂਜੇ ਪਾਸੇ, ਕਾਂਗਰਸ ਇਹ ਮਹਿਸੂਸ ਕਰੇਗੀ ਕਿ ਰਾਜਨੀਤੀ ਦਾ ਉਸ ਦਾ ਦੌਰ ਖ਼ਤਮ ਹੋ ਗਿਆ ਹੈ। ਜਦੋਂ ਮੋਦੀ ਨੂੰ ਉਸ ਦੇ ਗੜ੍ਹ ਵਿਚ ਹੀ ਚੁਣੌਤੀ ਦੇਣ ਵਿਚ ਉਹ ਕਾਫ਼ੀ ਹੱਦ ਤੱਕ ਸਫ਼ਲ ਹੋ ਗਈ ਹੈ ਤਾਂ ਦੇਸ਼ ਦੀ ਇਸ ਸਭ ਤੋਂ ਪੁਰਾਣੀ ਪਾਰਟੀ ਨੂੰ ਬਾਕੀ ਸੂਬਿਆਂ ਵਿਚ ਵੀ ਚੰਗਾ ਮੌਕਾ ਹਾਸਲ ਹੋਵੇਗਾ, ਸਿਰਫ਼ ਇਸ ਕਾਰਨ ਕਰ ਕੇ ਕਿ ਗੁਜਰਾਤ ਨੇ ਭਾਜਪਾ ਦੇ ਆਤਮ-ਵਿਸ਼ਵਾਸ ਨੂੰ ਘੱਟ ਕਰ ਦਿੱਤਾ ਹੈ।

ਪਤਾ ਨਹੀਂ, ਇਹ ਭਾਜਪਾ ਨੂੰ 'ਅਵਿਸ਼ਵਾਸਯੋਗ' ਦੋਸ਼ ਲਗਾਉਣ ਵਿਚ ਹੋਰ ਵੀ ਹਮਲਾਵਰ ਬਣਾਏਗੀ ਜਾਂ ਨਰਮ, ਪਰ ਇਸ ਦੀ ਰਣਨੀਤੀ ਵਿਚ ਕੁਝ ਬਦਲਾਓ ਆਉਣੇ ਯਕੀਨੀ ਹਨ। ਕਿਸੇ ਵੀ ਹਾਲਤ ਵਿਚ ਪਾਰਟੀ ਲਈ ਹੁਣ ਕਾਂਗਰਸ ਮੁਕਤ ਭਾਰਤ ਬਣਾਉਣ ਦਾ ਦਾਅਵਾ ਕਰਨਾ ਸੰਭਵ ਨਹੀਂ ਹੋਵੇਗਾ।

ਜਿਥੋਂ ਤੱਕ ਕਾਂਗਰਸ ਦਾ ਸਵਾਲ ਹੈ, ਉਸ ਨੂੰ ਇਸ ਅਸਲੀਅਤ ਨੂੰ ਸਮਝਣਾ ਹੋਵੇਗਾ ਕਿ ਉਹ ਅੱਗੇ ਵਧਣ ਲਈ ਹਾਰਦਿਕ ਪਟੇਲ, ਅਲਪੇਸ਼ ਠਾਕੋਰ ਤੇ ਜਿਗਨੇਸ਼ ਮੇਵਾਨੀ ਵਰਗੇ ਨਵੇਂ ਅਤੇ ਬਿਨਾਂ ਤਜਰਬੇ ਦੇ ਲੋਕਾਂ 'ਤੇ ਭਰੋਸਾ ਨਹੀਂ ਕਰ ਸਕਦੀ। ਇਸ ਪੁਰਾਣੀ ਪਾਰਟੀ ਲਈ ਗੁਜਰਾਤ ਵਿਸ਼ੇਸ਼ ਉਦਾਹਰਣ ਹੈ, ਕਿਉਂਕਿ ਉਥੇ ਇਸ ਕੋਲ ਕੋਈ ਮਹੱਤਵਪੂਰਨ ਸਥਾਨਕ ਨੇਤਾ ਨਹੀਂ ਅਤੇ ਇਸ ਨੇ ਇਸ ਤਰ੍ਹਾਂ ਦਾ ਨੇਤਾ ਤਿਆਰ ਕਰਨ ਦਾ ਕੰਮ ਕਈ ਸਾਲਾਂ ਤੋਂ ਨਹੀਂ ਕੀਤਾ। ਇਸ ਲਈ ਇਸ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਕਿ ਸੂਬੇ ਵਿਚ ਭਾਜਪਾ ਦੇ ਸ਼ਾਸਨ ਤੋਂ ਨਾਖੁਸ਼ ਪਾਟੀਦਾਰ, ਪਛੜੇ ਅਤੇ ਦਲਿਤ ਭਾਈਚਾਰੇ ਤੋਂ ਨਿਕਲੇ ਇਨ੍ਹਾਂ ਤਿੰਨਾਂ ਜਾਂਬਾਜ਼ਾਂ ਦੀ ਮਦਦ ਲਵੇ। ਜੇ ਰਾਹੁਲ ਗਾਂਧੀ ਉਨ੍ਹਾਂ ਨੂੰ ਨਾਲ ਲਿਆਉਣ ਵਿਚ ਸਫ਼ਲ ਨਾ ਹੁੰਦੇ ਤਾਂ ਕਾਂਗਰਸ ਨੂੰ ਗੰਭੀਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਣਾ ਸੀ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਇਸ ਤਰ੍ਹਾਂ ਦੀ ਹਾਲਤ ਨਹੀਂ ਹੈ, ਜਿਥੇ ਕਾਂਗਰਸ ਦੇ ਕੋਲ ਪ੍ਰਭਾਵਸ਼ਾਲੀ ਸਥਾਨਕ ਨੇਤਾ ਹਨ। ਇਸ ਲਈ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਕਾਂਗਰਸ ਕਾਫੀ ਉਮੀਦ ਨਾਲ ਚੋਣ ਮੈਦਾਨ ਵਿਚ ਉਤਰ ਸਕਦੀ ਹੈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਰਤ ਵਿਚ ਹਵਾ ਦਾ ਰੁਖ ਬਦਲ ਰਿਹਾ ਹੈ। ਮੋਦੀ ਲਹਿਰ ਹੇਠਾਂ ਆਉਂਦੀ ਹੋਈ ਦਿਖਾਈ ਦੇ ਰਹੀ ਹੈ, ਕਿਉਂਕਿ ਹਿਮਾਚਲ ਦੇ ਨਤੀਜੇ ਇਕ ਨਿਯਮਿਤ ਸੱਤਾ-ਵਿਰੋਧੀ ਲਹਿਰ ਦੇ ਨਤੀਜੇ ਦੇ ਰੂਪ ਵਿਚ ਦੇਖੇ ਜਾ ਸਕਦੇ ਹਨ। ਇਹ ਸਿਰਫ਼ ਨੋਟਬੰਦੀ ਅਤੇ ਜੀ.ਐਸ.ਟੀ. ਦੇ ਕਰ ਕੇ ਨਾਰਾਜ਼ਗੀ ਨਹੀਂ ਹੈ, ਜੋ ਗੁਜਰਾਤ ਵਿਚ ਭਾਜਪਾ ਦੀ ਹਰਮਨ-ਪਿਆਰਤਾ ਦੇ ਘਟਣ ਦਾ ਕਾਰਨ ਹੈ। ਇਹ ਉਨ੍ਹਾਂ ਭਗਵਾ ਕੱਟੜਪੰਥੀਆਂ ਵਲੋਂ ਕੀਤੀ ਜਾ ਰਹੀ ਹੁਲੜਬਾਜ਼ੀ ਕਰ ਕੇ ਵੀ ਹੈ ਜੋ ਉਨ੍ਹਾਂ ਲੋਕਾਂ ਦੀ ਮਾਰ-ਕੁਟਾਈ ਅਤੇ ਹੱਤਿਆ ਵਿਚ ਲੱਗੇ ਹੋਏ ਹਨ, ਜਿਨ੍ਹਾਂ ਨੂੰ ਉਹ ਨਫ਼ਰਤ ਕਰਦੇ ਹਨ, ਖਾਸ ਕਰਕੇ ਮੁਸਲਮਾਨਾਂ ਨੂੰ। ਉਹ ਰਾਜਸਥਾਨ ਵਿਚ ਜ਼ਿਆਦਾ ਸਰਗਰਮ ਹਨ, ਗੁਜਰਾਤ ਨੇ ਵੀ ਇਸ ਦਾ ਸੇਕ ਮਹਿਸੂਸ ਕੀਤਾ ਹੈ।




# ਸ਼ਾਇਰ ਤੇ ਸਾਹਿਤਕਾਰ ਸੀ ਢਾਡੀ ਗੁਰਚਰਨ ਸਿੰਘ ਗੋਹਲਵੜ

ਸਤਿਕਾਰ ਨਾਲ ਉਨ੍ਹਾਂ ਪੁਰਸ਼ਾਂ ਨੂੰ ਮਹਾਂਪੁਰਸ਼ਾਂ ਵਾਂਗ ਯਾਦ ਕੀਤਾ ਜਾਂਦਾ ਹੈ, ਜੋ ਜਦੋਂ ਦੁਨੀਆਂ ਸੁੱਤੀ ਪਈ ਹੋਵੇ ਤੇ ਉਹ ਜਾਗਦੇ ਹੀ ਨਹੀਂ, ਔਖੇ ਅਤੇ ਮਹਾਨ ਕਾਰਜ ਕਰਦੇ ਰਹੇ ਹੋਣ। ਪੰਥ ਦੀ ਮਹਾਨ ਸੰਗੀਤਕ ਤੇ ਸਾਹਿਤਕਾਰ ਹਸਤੀ ਢਾਡੀ ਗੁਰਚਰਨ ਸਿੰਘ ਗੋਹਲਵੜ ਦੇ ਪਰਿਵਾਰ ਵੱਲ ਜਦੋਂ ਦੇਖਦੇ ਹਾਂ ਤਾਂ ਉਕਤ ਕਥਨ ਸੱਚ ਹੀ ਨਹੀਂ ਹੁੰਦਾ ਸਗੋਂ ਇਹ ਵੀ ਮੰਨਣਾ ਪੈਂਦਾ ਹੈ ਕਿ ਕਲਾ ਨਾਲੋਂ ਕਲਾਕਾਰੀ ਵੱਡੀ ਹੁੰਦੀ ਹੈ, ਜੋ ਗ੍ਰਹਿਸਥ ਦਾ ਹਾਰ ਸ਼ਿੰਗਾਰ ਵੀ ਕਰ ਲੈਂਦੀ ਹੈ। ਗੋਹਲਵੜ ਦੇ ਤਿੰਨਾਂ ਪੁੱਤਰਾਂ-ਉਪਕਾਰ ਸਿੰਘ, ਗੁਰਮੀਤ ਸਿੰਘ ਤੇ ਸੁਖਦੇਵ ਸਿੰਘ ਨੇ ਇਹ ਸੱਚ ਕਰਕੇ ਵਿਖਾਇਆ ਹੈ ਕਿ ਬਾਪੂ ਨੂੰ ਹੀ ਨਹੀਂ ਸਗੋਂ ਵਿਰਸਾ ਵੀ ਇੰਜ ਸੰਭਾਲੀਦਾ ਹੈ।

ਢਾਡੀ ਗੁਰਚਰਨ ਸਿੰਘ ਗੋਹਲਵੜ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਕਰੀਬ ਛੱਬੀ ਸਾਲ ਪੁਰਾਣੀ ਯਾਦ ਸਾਂਝੀ ਕਰਨ ਲੱਗਾ ਹਾਂ। ਕਹਾਣੀ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੈਂ ਅਖਬਾਰ 'ਅਜੀਤ' ਜ਼ਰੀਏ ਲੜੀਵਾਰ ਲਿਖ ਰਿਹਾ ਸਾਂ। ਪੰਜਾਬ ਐਂਡ ਸਿੰਧ ਬੈਂਕ ਦੇ ਲੈਟਰ ਹੈਡ 'ਤੇ ਇੱਕ ਚਿੱਠੀ ਮਿਲੀ, ਉਪਕਾਰ ਸਿੰਘ ਹੋਰਾਂ ਦੀ। ਇੱਕ ਮੈਨੇਜਰ ਦੀ ਹੈਸੀਅਤ ਵਿਚ ਉਸ ਨੇ ਲਿਖਿਆ ਕਿ ਤੁਸੀਂ ਢਾਡੀਆਂ ਬਾਰੇ ਲਿਖ ਰਹੇ ਹੋ, ਫਿਰ ਮੇਰੇ ਪਿਤਾ ਗੁਰਚਰਨ ਸਿੰਘ ਗੋਹਲਵੜ ਬਿਨਾ ਇਹ ਬਾਤ ਅਧੂਰੀ ਰਹੇਗੀ। ਨਿਆਣੀ ਉਮਰੇ ਢਾਡੀਆਂ ਬਾਰੇ ਪੁਸਤਕ ਤਾਂ ਲਿਖ ਦਿੱਤੀ ਪਰ ਖੁਸ਼ੀ ਇਸ ਗੱਲ ਦੀ ਹੈ ਕਿ ਉਸ ਅਧੂਰੀ ਕਹਾਣੀ ਨੂੰ ਪੂਰਿਆਂ ਕਰਨ ਦਾ ਮਾਣ ਫਿਰ ਮੇਰੇ ਹੀ ਹਿੱਸੇ ਆਇਆ ਹੈ। ਕਿਉਂਕਿ ਗੋਹਲਵੜ ਬਾਰੇ ਤਾਂ ਗੱਲ ਨਹੀਂ ਕਰ ਸਕਿਆ ਪਰ ਬਾਤ ਮੁੜ ਢਾਡੀ ਇਤਿਹਾਸ ਦੀ ਉਥੋਂ ਹੀ ਮੈਨੂੰ ਸ਼ੁਰੂ ਕਰਨੀ ਪਈ। ਪੀੜਾ ਜੋ ਹੋਰ ਮਹਿਸੂਸ ਕਰਦਾ ਹਾਂ, ਉਹ ਇਹ ਵੀ ਹੈ ਕਿ 1988 ਵਿਚ ਇਹ ਹਸਤੀ ਸਾਹਾਂ ਦਾ ਪੁਤਲਾ ਸੀ ਤੇ ਅੱਜ ਜਦੋਂ ਉਹ ਨਹੀਂ ਰਿਹਾ ਤਾਂ ਸ਼ਬਦਾਂ ਨੂੰ ਸ਼ਰਧਾਂਜਲੀ ਵਾਲੀਆਂ ਪੌੜੀਆਂ ਚੜ੍ਹਨੀਆਂ ਪੈ ਰਹੀਆਂ ਹਨ। ਖੈਰ! ਮੇਰੇ ਹਿੱਸੇ ਦਾ ਕੰਮ ਮੈਨੂੰ ਹੀ ਕਰਨਾ ਪੈਣਾ ਸੀ।

ਜਿਹੜੇ ਫੁੱਲ ਨੂੰ ਖਿੜ੍ਹਦਿਆਂ ਵੇਖ ਕੇ ਜੀਵਨ ਚਾਲ ਚੱਲਦੇ ਹਨ, ਉਨ੍ਹਾਂ ਨੂੰ ਇਹ ਵੀ ਅਹਿਸਾਸ ਹੋ ਜਾਂਦਾ ਹੈ ਕਿ ਮੁਰਝਾਉਣ ਵੇਲੇ ਐਵੇਂ ਉਦਾਸੀ ਦੀਆਂ ਮੁੱਠੀਆਂ ਨਹੀਂ ਘੁੱਟੀਦੀਆਂ। ਗੋਹਲਵੜ ਦੀ ਰਚਨਾ ਸ਼ੈਲੀ 'ਚੋਂ ਇਹੋ ਸਭ ਕੁਝ ਝਲਕਦਾ ਤੇ ਛਲਕਦਾ ਹੈ। ਜਿਨ੍ਹਾਂ ਨੂੰ ਢਾਡੀ ਕਲਾ ਨਾਲ ਮੋਹ ਹੈ, ਢਾਡੀਆਂ ਦਾ ਸਤਿਕਾਰ ਹੈ, ਉਹ ਗੋਹਲਵੜ ਦੀ ਇਸ ਪ੍ਰਾਪਤੀ ਨੂੰ ਹੁੱਬ ਕੇ ਦੱਸਣਗੇ ਕਿ ਸੰਨ 1965 ਅਤੇ 1971 ਦੀ ਪਾਕਿਸਤਾਨ ਨਾਲ ਜੋ ਜੰਗਾਂ ਜਿੱਤੀਆਂ ਗਈਆਂ, ਉਨ੍ਹਾਂ ਲਈ ਢਾਡੀਆਂ ਦਾ ਵੀ ਯੋਗਦਾਨ ਸੀ। ਜਦੋਂ ਫੌਜੀ ਗੋਲੀਆਂ, ਗੋਲੇ ਤੇ ਤੋਪਾਂ ਚਲਾ ਰਹੇ ਸਨ ਤਾਂ ਸਰਹੱਦ 'ਤੇ ਢਾਡੀਆਂ ਦੀਆਂ ਵਾਰਾਂ ਸੁਣ ਕੇ ਫੌਜੀ ਮਰ ਮਿਟਣ ਲਈ ਅੱਗ ਦੀਆਂ ਨਾਲਾਂ ਬਣ ਜਾਂਦੇ ਸਨ। ਉਸ ਵੇਲੇ ਦੇ ਕਿਸੇ ਫੌਜੀ ਜਰਨੈਲ ਨੂੰ ਪੁੱਛ ਕੇ ਵੇਖਿਓ ਕਿ ਕਿਵੇਂ ਉਦੋਂ ਗੁਰਚਰਨ ਸਿੰਘ ਗੋਹਲਵੜ ਨੇ ਜੋਸ਼ ਤੇ ਜੁੱਸੇ ਦੇ ਜਿਹੜੇ ਧਮਾਕੇ ਜੋਸ਼ੀਲੇ ਭਾਸ਼ਣ ਤੇ ਗਰਮ ਜੋਸ਼ੀਲੀਆਂ ਵਾਰਾਂ ਨਾਲ ਕੀਤੇ ਸਨ, ਸਿੱਖ ਇਤਿਹਾਸ ਦੀ ਪ੍ਰੋੜਤਾ ਕਰਦਿਆਂ ਫੌਜੀਆਂ ਅੰਦਰ ਭਰ ਦਿੱਤਾ ਸੀ ਕਿ ਖੰਡੇ ਦੀ ਧਾਰ 'ਤੇ ਨੱਚੀਦਾ ਕਿਵੇਂ ਹੈ? ਉਦੋਂ ਗੋਹਲਵੜ ਆਪਣੇ ਜਥੇ ਨਾਲ ਪ੍ਰਧਾਨ ਮੰਤਰੀ ਦੇ ਸੱਦੇ 'ਤੇ ਇਉਂ ਦੇਸ਼ ਦੀ ਸੇਵਾ ਸਰਹੱਦ 'ਤੇ ਕਰ ਆਇਆ ਸੀ।

ਪਿੰਡ ਗੋਹਲਵੜ ਪਹਿਲਾਂ ਅੰਮ੍ਰਿਤਸਰ ਵਿਚ ਤੇ ਹੁਣ ਜਿਲ੍ਹਾ ਤਰਨ ਤਾਰਨ 'ਚ ਚਲੇ ਗਿਆ ਹੈ। ਇਹ ਨਾਂ ਲਬਾਂ 'ਤੇ ਆਉਂਦਿਆਂ ਹੀ ਮਹਾਨ ਵਿਰਸੇ ਤੇ ਇਤਿਹਾਸ ਦੀਆਂ ਫਿਰਕੀਆਂ ਮਨ ਅੰਦਰ ਘੁੰਮਣ ਲੱਗ ਪੈਂਦੀਆਂ ਹਨ। ਢਾਡੀ ਕਲਾ ਦੀ ਦਸਤਾਵੇਜ਼ੀ ਗੁਰਚਰਨ ਸਿੰਘ ਦੇ ਮਹਾਨ ਕਾਰਜ ਨਾਲ ਅੱਖਾਂ ਅੱਗੇ ਚੱਲਣ ਲੱਗ ਪੈਂਦੀ ਹੈ ਤੇ ਸਿੱਖ ਇਤਿਹਾਸ ਦੀ ਪੈੜ 'ਚ ਵਸਿਆ ਇਹ ਉਹੀ ਪਿੰਡ ਹੈ, ਜਿਥੋਂ ਬਾਬਾ ਦੀਪ ਸਿੰਘ ਨੇ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਬਿਗਲ ਵਜਾਇਆ ਸੀ। ਪ੍ਰਸਿੱਧੀ ਪੱਖੋਂ ਇਹ ਦੋ ਧਾਰਨਾਵਾਂ ਗੋਹਲਵੜ ਨਾਲ ਜੁੜਦੀਆਂ ਹਨ ਤੇ ਤੀਜੀ ਘਟਨਾ ਇਹ ਹੈ ਕਿ ਇਹ ਦੋ ਮਸ਼ਹੂਰ ਸ਼ਹਿਰਾਂ ਵਿਚਾਲੇ ਵਸਿਆ ਹੋਇਆ ਹੈ, ਜਿੰਨਾ ਦੂਰ ਤਰਨ ਤਾਰਨ ਤੋਂ ਹੈ, ਉਨ੍ਹਾਂ ਹੀ ਅੰਮ੍ਰਿਤਸਰ ਤੋਂ।

ਸਿੱਖ ਜਗਤ ਵਿਚ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੇ ਬਿਰਤਾਂਤਾਂ, ਸ਼ਹੀਦੀ ਸਾਕਿਆਂ ਅਤੇ ਘੱਲੂਘਾਰਿਆਂ ਵਿਚ ਸਿੱਖ ਸੂਰਮਿਆਂ ਦੀ ਦਲੇਰੀ ਤੇ ਬਹਾਦਰੀ ਦੇ ਕਾਰਨਾਮਿਆਂ ਨੂੰ ਵਾਰਾਂ ਵਿਚ ਗੁੰਦ ਕੇ ਢੱਡ ਸਾਰੰਗੀ ਨਾਲ ਪੇਸ਼ ਕਰਨ ਦੀ ਰੀਤ ਯੁਗਾਂ ਪੁਰਾਣੀ ਹੈ। 1609 ਈਸਵੀ ਵਿਚ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਵੇਲੇ ਢਾਡੀ ਇਤਿਹਾਸ ਨੱਥਾ ਤੇ ਅਬਦੁੱਲਾ ਤੋਂ ਅਰੰਭਿਆ ਸੀ ਪਰ ਇਸ ਨੂੰ ਨਵੀਆਂ ਰੰਗਤਾਂ ਦੇਣ ਵਿਚ ਗੋਹਲਵੜ ਵਰਗੇ ਮਹਾਨ ਸਿੱਖ ਸਾਹਿਤਕਾਰਾਂ ਤੇ ਢਾਡੀਆਂ ਦਾ ਵੀ ਵਡਮੁੱਲਾ ਯੋਗਦਾਨ ਅਗਲੀਆਂ ਪੀੜ੍ਹੀਆਂ ਲਈ ਨਵਾਂ ਮਾਰਗ ਦਿਖਾਉਣ ਵਾਲਾ ਰਹੇਗਾ।

ਜੋਸ਼ ਤੇ ਲਗਨ ਦੀ ਜਿਹੜੀ ਚਿਣਗ ਢਾਡੀ



ਢਾਡੀ ਗੁਰਚਰਨ ਸਿੰਘ ਗੋਹਲਵੜ

ਗੋਹਲਵੜ ਅੰਦਰ ਸੀ, ਉਹਦੀ ਇੱਥੇ ਇੱਕ ਹੋਰ ਮਿਸਾਲ ਪੇਸ਼ ਕਰ ਰਿਹਾ ਹਾਂ ਕਿ ਉਹਨੇ ਅਮਲੀ ਰੂਪ ਵਿਚ ਸਿੱਧ ਕਰ ਦਿੱਤਾ ਸੀ ਕਿ ਲਿਖਤਾਂ ਤਖਤ ਕਿਵੇਂ ਕੰਬਣ ਲਾਉਂਦੀਆਂ ਹਨ। ਸੰਨ 1965 ਦੀ ਜੰਗ ਵੇਲੇ ਢਾਡੀ ਗੋਹਲਵੜ ਨੇ ਭੁੱਟੋ ਤੇ ਯਾਕੂਬ ਖਾਂ ਨੂੰ ਸੰਬੋਧਨ ਕਰਕੇ ਲਿਖੀ ਵਾਰ ਆਕਾਸ਼ਵਾਣੀ ਜਲੰਧਰ ਤੋਂ ਗਾ ਕੇ ਤਰਥੱਲੀ ਮਚਾ ਦਿੱਤੀ ਸੀ ਤੇ ਅਜਿਹੀਆਂ ਕਰੀਬ ਪੰਜਾਹ ਕੁ ਵਾਰਾਂ ਇਸ ਮਹਾਨ ਢਾਡੀ ਦੇ ਹਿੱਸੇ ਮਾਣ ਨਾਲ ਜੁੜੀਆਂ ਹੋਈਆਂ ਹਨ।

ਘਰ ਦੇ ਮਾਹੌਲ ਤੇ ਸਿੱਖੀ ਵਿਰਸੇ ਵਿਚ ਗਹਿਗੱਚ ਪਰਿਵਾਰ ਦੀਆਂ ਪੈੜਾਂ ਵਿਚ ਉਹਨੇ ਪੈਰ ਧਰਿਆ ਸੀ। ਹਾਲਾਂਕਿ ਇਸ ਗੱਲ ਨੂੰ ਵੀ ਉਹ ਸਵੀਕਾਰ ਕਰਦਾ ਰਿਹਾ ਹੈ ਕਿ ਇੱਕ ਸਿਹਤਮੰਦ ਤਾਅਨੇ ਨੇ ਉਸ ਨੂੰ ਪੰਥ ਦਾ ਮਹਾਨ ਢਾਡੀ ਬਣਨ ਲਈ ਰਾਹ ਪੱਧਰਾ ਕਰਕੇ ਦਿੱਤਾ ਸੀ। ਕਹਾਣੀ ਇਉਂ ਹੈ ਕਿ ਢਾਡੀ ਗੁਰਚਰਨ ਸਿੰਘ ਗੋਹਲਵੜ ਦੇ ਪਿਤਾ ਗਿਆਨੀ ਗੋਪਾਲ ਸਿੰਘ ਆਪਣੇ ਸਮੇਂ ਦੇ ਮਹਾਨ ਢਾਡੀ ਸਨ, ਜਿਨ੍ਹਾਂ ਬਾਰੇ ਮਾਝੇ ਵਿਚ ਪਰਪੱਕ ਧਾਰਨਾ ਹੈ ਕਿ ਜਦੋਂ ਗਿਆਨੀ ਗੋਪਾਲ ਸਿੰਘ ਬਿਨਾ ਸਾਊਂਡ ਸਿਸਟਮ ਤੋਂ ਦੀਵਾਨ ਲਾਉਂਦੇ ਸਨ ਤਾਂ ਉਨ੍ਹਾਂ ਦੀ ਆਵਾਜ਼ ਆਸ-ਪਾਸ ਦੇ ਚਾਰ ਚਾਰ ਪਿੰਡਾਂ ਵਿਚ ਸੁਣਦੀ ਸੀ। ਸਾਲ 1946 ਵਿਚ ਜਦੋਂ ਗੁਰਚਰਨ ਸਿੰਘ ਗੋਹਲਵੜ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਦਾ ਸੀ ਤਾਂ ਉਹਦੇ ਅੰਦਰ ਰੀਝਾਂ ਡਾਕਟਰ ਬਣਨ ਦੇ ਪਲਸੇਟੇ ਮਾਰ ਰਹੀਆਂ ਸਨ। ਕਿਤੇ ਕਿਸੇ ਮਿੱਤਰ ਪਿਆਰੇ ਨੇ ਮਿਹਣਾ ਮਾਰ'ਤਾ ਗਿਆਨੀ ਗੋਪਾਲ ਸਿੰਘ ਨੂੰ ਕਿ 'ਤੇਰਾ ਪੁੱਤਰ ਢਾਡੀਆਂ ਦੇ ਨੇੜਿਓਂ ਵੀ ਨਹੀਂ ਲੰਘਦਾ, ਨਾਲੇ ਕਿਹੜਾ ਬੋਹੜ ਹੇਠਾਂ ਬੋਹੜ ਲੱਗਦਾ ਐ।' ਬੋਲੀ ਗੋਲੀ ਵਾਂਗ ਅੰਦਰ ਧਸ ਗਈ ਤੇ ਗੁਰਚਰਨ ਸਿੰਘ ਨੇ ਫੈਸਲਾ ਲੈ ਲਿਆ ਕਿ ਬੋਹੜ ਹੇਠਾਂ ਬੋਹੜ ਤਾਂ ਲੱਗੇਗਾ ਹੀ ਸਗੋਂ ਸੰਘਣਾ ਪਹਿਲਾਂ ਨਾਲੋਂ ਵੀ ਕਿਤੇ ਵੱਧ ਹੋਵੇਗਾ। ਇਉਂ ਗੋਹਲਵੜ ਦੀ ਜ਼ਿੰਦਗੀ ਕਲਾ ਦੇ ਰਸਤੇ ਤੁਰ ਪਈ।

ਕਲਾ ਦੇ ਜਿਸ ਦਰ 'ਤੇ ਸਿਰ ਆਪਣੇ ਆਪ ਸੋਹਣ ਸਿੰਘ ਸੀਤਲ ਵਾਂਗ ਝੁੱਕ ਜਾਂਦਾ ਹੈ, ਉਹ ਦਰ ਗੁਰਚਰਨ ਸਿੰਘ ਗੋਹਲਵੜ ਦਾ ਵੀ ਹੈ। ਸਹੀ ਅਰਥਾਂ ਵਿਚ ਉਸ ਨੂੰ ਢਾਡੀ ਕਲਾ ਦਾ ਮੁਕੰਮਲ ਹਸਤਾਖਰ ਅਤੇ ਸ਼ਾਹ ਸਵਾਰ ਕਿਹਾ ਹੀ ਜਾ ਸਕਦਾ ਹੈ। ਉਹ ਮੰਨਦਾ ਰਿਹਾ ਹੈ ਕਿ ਉਸ ਅੰਦਰ ਜਾਗੀ ਕਲਾ ਨੂੰ ਸ਼ਿੰਗਾਰਨ ਵਿਚ ਪਿਤਾ ਤੋਂ ਬਾਅਦ ਮਾਤਾ ਪ੍ਰੀਤਮ, ਸੁਪਤਨੀ ਜੋਗਿੰਦਰ ਕੌਰ ਅਤੇ ਛੋਟੇ ਭਰਾ ਸਵਿੰਦਰ ਸਿੰਘ ਦਾ ਵੱਡਾ ਯੋਗਦਾਨ ਰਿਹਾ ਹੈ।

ਪਹਿਲਾਂ ਪਹਿਲ ਉਹ ਆਪਣੇ ਪਿਤਾ ਦੇ ਢਾਡੀ ਜਥੇ ਨਾਲ ਜੁੜਿਆ ਰਿਹਾ। ਫਿਰ ਆਪਣਾ ਅਲੱਗ ਜਥਾ ਬਣਾ ਲਿਆ ਤੇ ਇੱਕ ਤਰ੍ਹਾਂ ਨਾਲ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਭਾਰਤ ਤੇ ਵਿਦੇਸ਼ਾਂ ਵਿਚ ਇਸ ਧਾਰਨਾ 'ਤੇ ਮੋਹਰ ਲੁਆ ਲਈ ਕਿ ਗੁਰਚਰਨ ਸਿੰਘ ਢਾਡੀ ਕਲਾ ਦਾ 'ਕੋਹੇਨੂਰ' ਸੱਚੀਂ ਗਿਣਿਆ ਜਾਣਾ ਚਾਹੀਦਾ ਹੈ। ਇੱਕ ਸ਼ਾਇਰ ਤੇ ਸਾਹਿਤਕਾਰ ਦੀ ਨਿਪੁੰਨਤਾ ਵਜੋਂ ਗੋਹਲਵੜ 'ਤੇ ਕਿਤੇ ਵੀ ਪ੍ਰਸ਼ਨ ਚਿੰਨ ਨਹੀਂ ਲਾਇਆ ਜਾ ਸਕਦਾ। ਜੰਗਾਂ ਦੇ ਸਮੇਂ ਵਿਚ 'ਸਿੱਖ ਰਾਜ ਕਿਵੇਂ ਗਿਆ', 'ਸ਼ਹੀਦ ਊਧਮ ਸਿੰਘ' ਤੇ 'ਭਗਤ ਸਿੰਘ' ਦੀਆਂ ਅਜਿਹੀਆਂ ਵਾਰਾਂ ਉਹਨੇ ਆਪ ਲਿਖ ਕੇ ਢੱਡ ਸਾਰੰਗੀ 'ਤੇ ਜਦੋਂ ਪੇਸ਼ ਕੀਤੀਆਂ ਤਾਂ ਹਰ ਦੀਵਾਨ ਵਿਚ ਅਤੇ ਹਰ ਜ਼ੁਬਾਨ 'ਤੇ ਇਨ੍ਹਾਂ ਦੀ ਚੁੰਝ ਚਰਚਾ ਚੱਲੀ। ਉਂਜ ਉਸ ਵੱਲੋਂ ਰਚੇ ਸਾਹਿਤ ਦੀ ਸੂਚੀ ਬੜੀ ਲੰਬੀ ਹੈ, ਵਾਰਾਂ, ਪ੍ਰਸੰਗ ਰਿਕਾਰਡ ਕਰਾ ਕੇ ਬਹੁਤ ਵੱਡਾ ਮਾਣ ਦਿੱਤਾ ਤੇ ਸਿਮਰਨ ਵੀਡੀਓ ਵਾਲਿਆਂ ਨੇ ਸ਼ਾਮ ਸਿੰਘ ਅਟਾਰੀ ਪ੍ਰਸੰਗ ਨੂੰ ਵੀਡੀਓ ਰੂਪ ਵਿਚ ਪੇਸ਼ ਕਰਕੇ ਤੇ ਸਾਂਭ ਕੇ, ਆਉਣ ਵਾਲੇ ਢਾਡੀਆਂ ਨੂੰ ਅਗਵਾਈ ਲੈਣ ਲਈ ਦੱਸਿਆ ਹੈ ਕਿ ਵੇਖੋ ਤੇ ਸੁਣੋ, 'ਆਹ ਹੁੰਦਾ ਸੀ ਗੁਰਬਚਨ ਸਿੰਘ ਗੋਹਲਵੜ।' ਉਂਜ 'ਸਰਬ ਸਾਂਝੀ ਗੁਰਬਾਣੀ' ਕੰਪਨੀ ਵੱਲੋਂ ਵੀ ਪੇਸ਼ ਕੀਤੀਆਂ ਦੋ ਐਲਬਮਾਂ 'ਸਿੱਖਾਂ ਦੀ ਪਹਿਲੀ ਜੰਗ' ਅਤੇ 'ਸਿੱਖ ਰਾਜ ਕਿਵੇਂ ਗਿਆ' ਨੂੰ ਵੀ ਢਾਡੀ ਪ੍ਰੇਮੀਆਂ ਨੇ ਰੱਜ ਕੇ ਹੁੰਗਾਰਾ ਦਿੱਤਾ ਸੀ। ਨਾਲ ਹੀ ਗੋਹਲਵੜ ਨੇ ਦਰਸ਼ਨ ਸਿੰਘ ਫੇਰੂਮਾਨ ਅਤੇ 1947 ਦੀ ਵੰਡ 'ਤੇ ਏਨਾ ਕੁਝ ਲਿਖਿਆ ਤੇ ਵਾਰਾਂ ਦੇ ਰੂਪ ਵਿਚ ਗਾਇਆ ਕਿ ਇਸ ਦੀ ਪੀੜਾ ਨਾਲ ਆਮ ਅੱਖ ਗਿੱਲੀ ਹੋ ਜਾਂਦੀ ਸੀ।

ਭਲੇ ਵੇਲਿਆਂ ਵਿਚ ਦੂਰਦਰਸ਼ਨ ਅਤੇ ਰੇਡੀਓ ਤੋਂ ਸਭ ਤੋਂ ਵੱਧ ਹਾਜ਼ਰੀ ਭਰਨ ਵਾਲਾ ਵੀ ਗੁਰਚਰਨ ਸਿੰਘ ਗੋਹਲਵੜ ਹੀ ਹੁੰਦਾ ਸੀ। ਜ਼ਿੰਦਗੀ ਵਿਚ ਮਹਾਨ ਹੋਣ ਦਾ ਸੰਕਲਪ, ਪ੍ਰਸਿੱਧ ਹੋਣ ਦਾ ਵਲਵਲਾ ਪੈਦਾ ਤਾਂ ਹਰੇਕ ਇਨਸਾਨ ਅੰਦਰ ਹੋ ਜਾਂਦਾ ਹੈ ਪਰ ਇਸ ਨੂੰ ਫਿੱਕੀ ਤੋਂ ਗੂੜ੍ਹੀ ਕਰਨ, ਸਤਿਕਾਰ ਵਾਲੀ ਚਮਕ ਦੇਣ ਲਈ ਔਖੇ ਕੰਮਾਂ ਨੂੰ ਲਗਾਤਾਰ ਕਰਨਾ ਪਵੇਗਾ। ਵੱਧ ਯੋਗਤਾ ਹੀ ਭੀੜ 'ਚੋਂ ਅਲੱਗ ਕਰਦੀ ਹੈ ਤੇ ਜੋ ਕੁਝ ਗੋਹਲਵੜ ਨੇ ਆਪਣੇ ਸੱਤਰ ਵਰ੍ਹਿਆਂ ਦੇ ਮਾਣਮੱਤੇ ਪੰਧ ਵਿਚ ਕੀਤਾ ਹੈ, ਉਹਦੇ ਨਾਲ ਕਿਹਾ ਹੀ ਜਾ ਸਕਦਾ ਹੈ ਕਿ ਜਿਨ੍ਹਾਂ ਨੇ ਵਕਤ ਦੀਆਂ ਆਵਾਜ਼ਾਂ ਸੁਣੀਆਂ ਹਨ, ਉਹ ਜੀਵਨ ਜਾਚ ਵਿਚ ਕਦੇ ਵੀ ਬੇਸੁਰੇ ਨਹੀਂ ਹੋਏ। ਜਿਨ੍ਹਾਂ ਦੇ ਕੰਨ ਬੋਲੇ ਸਨ, ਉਹ ਨਾਲਦਿਆਂ ਨੂੰ ਪੁੱਛਦੇ ਰਹੇ, 'ਵਕਤ ਕੀ ਕਹਿੰਦਾ ਸੀ, ਪਤਾ ਹੀ ਨ੍ਹੀਂ ਲੱਗਾ ਕਦੋਂ ਲੰਘ ਗਿਆ।' ਤੇ ਇਹ ਲੋਕ ਵਕਤ ਤੋਂ ਪਹਿਲਾਂ ਗੁਜ਼ਰ ਗਏ ਹੁੰਦੇ ਹਨ।

ਬਾਪ ਦੀ ਵਿਰਾਸਤ ਨੂੰ ਸੰਭਾਲਣ ਵਿਚ ਤਿੰਨੋਂ ਪੁੱਤਰ-ਉਪਕਾਰ, ਗੁਰਮੀਤ ਤੇ ਸੁਖਦੇਵ ਸੁਹਿਰਦ ਹਨ ਅਤੇ ਪਰਿਵਾਰ ਦੀ ਸਭ ਤੋਂ ਵੱਡੀ ਨਿਸ਼ਾਨੀ ਮਾਂ ਜੋਗਿੰਦਰ ਕੌਰ ਨਾਲ ਕੈਨੇਡਾ ਰਹਿੰਦੇ ਹਨ। ਗੋਹਲਵੜ ਦੀਆਂ ਦੋਵੇਂ ਧੀਆਂ ਵਰਿੰਦਰ ਕੌਰ ਤੇ ਸ਼ਰਨਜੀਤ ਕੌਰ ਆਪਣੇ ਘਰ-ਪਰਿਵਾਰ ਨਾਲ ਅੰਮ੍ਰਿਤਸਰ ਰਹਿੰਦੀਆਂ ਹਨ।

15 ਮਾਰਚ 1996 ਨੂੰ ਢਾਡੀ ਕਲਾ ਦੇ ਖੇਤਰ ਵਿਚ ਰਾਜ ਕਰਕੇ ਤੁਰ ਜਾਣ ਵਾਲੇ ਗੁਰਚਰਨ ਸਿੰਘ ਗੋਹਲਵੜ ਨੂੰ ਸਤਿਕਾਰ ਦੀਆਂ ਸਾਰੀਆਂ ਅਦਾਵਾਂ ਨਾਲ ਪ੍ਰਣਾਮ ਹੈ।

---

# ਦੋ ਨਿੱਘੀਆਂ ਹਸਤੀਆਂ ਦੀ ਯਾਦ ਵਿਚ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2017 ਦੀ ਕ੍ਰਿਸਮਸ ਨੇ ਸਾਨੂੰ ਦੋ ਬਹੁਤ ਪਿਆਰੇ ਤੇ ਪਤਵੰਤੇ ਸੱਜਣਾਂ ਦੀ ਨਿੱਘੀ ਯਾਦ ਦਿਵਾਈ ਹੈ। 24 ਦਸੰਬਰ ਮੁਕਤਸਰ ਸਾਹਿਬ ਵਾਲੇ ਭਾਈ ਨਰਿੰਦਰ ਸਿੰਘ ਦੀ ਅੰਤਿਮ ਅਰਦਾਸ ਦਾ ਦਿਨ ਸੀ ਤੇ 25 ਦਸੰਬਰ ਗਿਆਨੀ ਜ਼ੈਲ ਸਿੰਘ ਦੀ ਤੇਈਵੀਂ ਬਰਸੀ। ਭਾਈ ਸਾਹਿਬ ਨਾਲ ਮੇਰੀ ਸਾਂਝ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣੇ ਵਿਚ ਕੰਮ ਕਰਦਿਆਂ 1978-79 ਵਿਚ ਪਈ। ਉਹ ਸਦਾ ਖਿੜੇ ਮੱਥੇ ਮਿਲਦੇ ਤੇ ਉਨਤ ਖੇਤੀ ਬਾਰੇ ਵਿਚਾਰ-ਵਟਾਂਦਰਾ ਕਰਦੇ। ਉਨ੍ਹਾਂ ਦੇ ਪਰਿਵਾਰਕ



ਗਿਆਨੀ ਜ਼ੈਲ ਸਿੰਘ

ਮੈਂਬਰ ਕੁੱਕੂ ਭਾਈ ਹਿਰਨਿਰਪਾਲ ਸਿੰਘ ਸਾਬਕਾ ਵਿਧਾਇਕ ਤੇ ਪੰਜਾਬ ਪਬਲਿਕ ਸਰਵਸ ਕਮਿਸ਼ਨ ਵਾਲੇ ਰਾਹੁਲ ਭਾਈ ਸਾਡੇ ਦੁੱਖ-ਸੁੱਖ ਦੇ ਸਾਂਝੀ ਰਹੇ ਹਨ।

ਗਿਆਨੀ ਜੀ ਨਾਲ ਨੇੜਤਾ ਮੇਰੀ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਵੇਲੇ ਗੂੜ੍ਹੀ ਹੋਈ। ਮੈਨੂੰ ਕੱਲ ਵਾਂਗ ਚੇਤੇ ਹੈ, ਜਦੋਂ ਮੈਂ ਉਨ੍ਹਾਂ ਦੀ ਭਾਰਤ ਦੇ ਰਾਸ਼ਟਰਪਤੀ ਦੀ ਵਿਦਾਇਗੀ ਪਾਰਟੀ ਵਿਚ ਸ਼ਾਮਲ ਹੋਇਆ ਤਾਂ ਉਨ੍ਹਾਂ ਨੇ ਖੱਬੇ ਹੱਥ ਵਿਚ ਮੇਰਾ ਸੱਜਾ ਹੱਥ ਫੜ੍ਹ ਕੇ ਮੈਨੂੰ ਆਪਣੇ ਨਾਲ ਉਦੋਂ ਤੱਕ ਭੋਰੀ ਰੱਖਿਆ ਜਦੋਂ ਤੱਕ ਆਖਰੀ ਪੱਤਰਕਾਰ ਨਾਲ ਨਹੀਂ ਮਿਲੇ। ਉਨ੍ਹਾਂ ਦੀ ਬੇਟੀ ਮੈਡੀਕਲ ਡਾਕਟਰ ਹੋਣ ਦੇ ਨਾਤੇ ਮੇਰੀ ਡਾਕਟਰ ਪਤਨੀ ਦੀ ਸਹੇਲੀ ਹੈ।

ਬੀਤੇ ਹਫਤੇ ਯੂ. ਟੀ. ਗੈਸਟ ਹਾਊਸ ਚੰਡੀਗੜ੍ਹ ਦੇ ਇਕ ਸਮਾਗਮ ਵਿਚ ਉਹ ਤੇ ਉਨ੍ਹਾਂ ਦੇ ਪਤੀ ਸੁਰਿੰਦਰ ਸਿੰਘ ਵਿਰਦੀ ਗਿਆਨੀ ਜੀ ਵਾਲੀ ਅਪਣਤ ਨਾਲ ਹੀ ਸਾਨੂੰ ਮਿਲੇ। ਗਿਆਨੀ ਜੀ ਦੀ ਬਰਸੀ ਦਿੱਲੀ ਦੇ ਏਕਤਾ ਸਥਲ ਵਿਖੇ ਸਰਵ ਧਰਮ ਪ੍ਰਾਰਥਨਾ ਸਭਾ ਵੱਲੋਂ ਮਨਾਈ ਗਈ। ਇਹ ਸਬੱਬ ਦੀ ਗੱਲ ਹੈ ਕਿ ਇਨ੍ਹਾਂ ਦਿਨਾਂ ਵਿਚ ਬਹੁਗਿਣਤੀ ਸਿਆਸੀ ਪਾਰਟੀ ਦਾ ਇੱਕ ਪ੍ਰਮੁੱਖ ਬੁਲਾਰਾ ਸੈਕੂਲਰਿਜ਼ਮ ਦੀ ਖਿੱਲੀ ਉੜਾ ਰਿਹਾ ਸੀ, ਉਸ ਸੈਕੂਲਰਿਜ਼ਮ ਦੀ, ਜਿਸ ਉਤੇ ਸਰਵ ਧਰਮ ਸਭਾ ਪਹਿਰਾ ਦੇ ਰਹੀ ਹੈ। ਸੈਕੂਲਰਿਜ਼ਮ ਜ਼ਿੰਦਾਬਾਦ!

**ਯੁਵਾ ਲੇਖਕਾਂ ਦਾ ਚੰਡੀਗੜ੍ਹ ਮੇਲਾ:** ਰਾਸ਼ਟਰੀ ਸਾਹਿਤ ਅਕਾਦਮੀ, ਨਵੀਂ ਦਿੱਲੀ ਨੇ 2017 ਦੇ ਯੁਵਾ ਲੇਖਕ ਪੁਰਸਕਾਰ ਪੰਜਾਬ ਕਲਾ ਪ੍ਰੀਸ਼ਦ ਦੇ ਰੰਧਾਵਾ ਆਡੀਟੋਰੀਅਮ ਵਿਚ ਪ੍ਰਦਾਨ ਕੀਤੇ। ਇਸ ਸਮੇਂ ਵਿਸ਼ਵਨਾਥ ਪ੍ਰਸ਼ਾਦ ਤਿਵਾੜੀ ਅਤੇ ਕੇ. ਸ੍ਰੀਨਿਵਾਸਾ ਰਾਓ ਨੇ ਕ੍ਰਮਵਾਰ ਅਕਾਦਮੀ ਦੇ ਪ੍ਰਧਾਨ ਤੇ ਸਕੱਤਰ ਵਜੋਂ ਸ਼ਿਰਕਤ ਕੀਤੀ। ਸੁਰਜੀਤ ਪਾਤਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਦੋ ਦਿਨ ਚੱਲੇ ਇਸ ਸਮਾਗਮ ਵਿਚ 24 ਭਾਸ਼ਾਵਾਂ ਦੇ ਯੁਵਾ ਲੇਖਕ ਨਿਵਾਜੇ ਗਏ। ਪਾਰਕਾਂ ਲਈ ਉਨ੍ਹਾਂ ਦੇ ਨਾਂ ਤੇ ਉਨ੍ਹਾਂ ਦੀ ਮਾਤ ਭਾਸ਼ਾ ਜਾਣਨਾ ਦਿਲਚਸਪ ਹੋਵੇਗਾ। ਪ੍ਰੀਤਮ ਬਰੂਆ (ਆਸਾਮੀ), ਸ਼ਮੀਮ ਘੋਸ਼ (ਬੰਗਲਾ), ਵਿਜਿਤ ਗੋਰਾ (ਬੋਡੋ), ਰਾਜਿੰਦਰ ਰਾਂਝਾ (ਡੋਗਰੀ) ਮਨੂ ਪਿੱਲੇ (ਅੰਗਰੇਜ਼ੀ), ਰਾਮ ਮੋਰੀ (ਗੁਜਰਾਤੀ) ਤਾਰੋ ਸਿੰਦਿਕ (ਹਿੰਦੀ), ਸ਼ਾਂਤੀ ਅਪੱਨਾ (ਕੰਨੜ), ਨਿਗਹਤ ਸਾਹਿਬਾ (ਕਸ਼ਮੀਰੀ), ਸ਼ਸ਼ੀਕੁਮਾਰ (ਮਲਿਆਲਮ), ਕ੍ਰਿਸ਼ਨਮੋਹਨ ਸਿੰਘ (ਮਨੀਪੁਰੀ), ਰਾਹੁਲ ਕੋਸੰਭੀ (ਮਰਾਠੀ), ਸ਼ਰਣ ਮੁਸਕਾਨ (ਨੇਪਾਲੀ), ਸੂਰੀਆ ਨਾਥ ਤ੍ਰਿਪਾਠੀ (ਉੜੀਆ), ਹਰਮਨ (ਪੰਜਾਬੀ), ਉਮੇਦ ਧਾਨੀਆ (ਰਾਜਸਥਾਨੀ), ਹੇਮਚੰਦਰ ਬੇਲਵਾਲ (ਸੰਸਕ੍ਰਿਤ), ਮੈਨਾ ਟੂਡੋ (ਸੰਥਾਲੀ), ਰੇਖਾ ਪੋਹਾਨੀ (ਸਿੰਧੀ), ਮਾਨੁਸ਼ੀ (ਤਾਮਿਲ), ਮਰਸੀ ਮਾਰਗਰਟ (ਤੈਲਗੂ) ਅਤੇ ਖਾਨ (ਉਰਦੂ)। ਇਨ੍ਹਾਂ ਸਾਰਿਆਂ ਨੇ ਆਪੋ ਆਪਣੀਆਂ ਰਚਨਾਵਾਂ ਆਪਣੀ ਮਾਤ ਭਾਸ਼ਾ ਵਿਚ ਪੜ੍ਹ ਕੇ ਸੁਣਾਈਆਂ।

ਇਸ ਸੰਮੇਲਨ ਨੇ ਅਨੇਕਤਾ ਵਿਚ ਏਕਤਾ ਉਤੇ ਹੀ ਮੋਹਰ ਨਹੀਂ ਲਾਈ, ਮੈਨੂੰ ਐਮ. ਐਸ. ਰੰਧਾਵਾ ਵੱਲੋਂ ਭਾਰਤੀ ਖੇਤੀ ਖੋਜ ਕੌਂਸਲ ਲੱਭਤਾਂ ਭਾਰਤ ਦੇ ਪਿੰਡਾਂ ਤੱਕ ਪਹੁੰਚਦੀਆਂ ਕਰਨ ਲਈ ਕਈ ਭਾਸ਼ਾਵਾਂ ਦੇ ਸੰਪਾਦਕ ਰੱਖਣਾ ਵੀ ਚੇਤੇ ਕਰਵਾਇਆ। ਮੈਂ ਪੰਜਾਬੀ ਦਾ ਸੰਪਾਦਕ ਸਾਂ ਅਤੇ ਅਸੀਂ ਸਾਰੇ ਵੱਡੇ ਹਾਲ ਕਮਰੇ ਵਿਚ ਬਹਿੰਦੇ ਹੋਣ ਕਾਰਨ ਇੱਕ ਦੂਜੇ ਦੇ ਰਾਜਾਂ ਦੀ ਰਹਿਣੀ-ਸਹਿਣੀ ਤੋਂ ਜਾਣੂ ਹੋਏ ਤੇ ਸਾਡੀ ਮਿੱਤਰਤਾ ਅੱਧੀ ਸਦੀ ਨਿਭੀ।

ਯੁਵਾ ਮੇਲੇ ਵਿਚ ਗਰਮ ਰਾਜਾਂ ਤੋਂ ਆਏ ਮੈਂਬਰਾਂ ਨੂੰ ਸੂਤੀ ਵਸਤਰਾਂ ਵਿਚ ਠੁਰ-ਠੁਰ ਕਰਦੇ ਵੇਖ ਕੇ ਇਹ ਵੀ ਚੇਤੇ ਆਇਆ ਕਿ 1956 ਵਿਚ ਮੇਰੇ ਕੁਲੀਗ ਵੀ ਸੂਤੀ ਵਸਤਰਾਂ ਵਿਚ ਹਾਜ਼ਰ ਹੋਏ ਸਨ। ਉਦੋਂ ਵੀ ਦਸੰਬਰ ਦਾ ਮਹੀਨਾ ਸੀ ਤੇ ਮੈਂ ਉਨ੍ਹਾਂ ਨੂੰ ਕਰੋਲ ਬਾਗ, ਦਿੱਲੀ ਦੀ ਮਾਰਕਿਟ ਵਿਚੋਂ ਗਰਮ ਕੱਪੜੇ ਖਰੀਦਵਾਏ ਸਨ।

**ਪਾਰਸੀ ਰਹਿਣੀ-ਸਹਿਣੀ ਦੀ ਊਚ-ਨੀਚ:** ਪਾਰਸੀ ਬਰਾਦਰੀ ਵਾਲੇ ਮ੍ਰਿਤਕ ਦੇਹ ਨੂੰ ਨਾ ਹੀ ਸਪੁਰਦ-ਏ-ਖਾਕ ਕਰਦੇ ਹਨ ਤੇ ਨਾ ਹੀ ਅਗਨ ਭੇਟ। ਉਹ ਮੁਰਦੇ ਨੂੰ ਰੁੱਖ ਉਤੇ ਟੰਗ ਦਿੰਦੇ ਹਨ ਤਾਂ ਕਿ ਪੰਛੀਆਂ ਦੀ ਖੁਰਾਕ ਬਣ ਸਕੇ।

ਇਹ ਵੀ ਕਿ ਉਨ੍ਹਾਂ ਦੇ ਮਰਦ ਕਿਸੇ ਹੋਰ ਜਾਤ ਦੀ ਔਰਤ ਨਾਲ ਵਿਆਹ ਕਰ ਲੈਣ ਤਾਂ ਪਾਰਸੀ ਰਹਿੰਦੇ ਹਨ ਪਰ ਜੇ ਪਾਰਸੀ ਧੀ ਧਿਆਣੀ ਹੋਰ ਜਾਤ ਦੇ ਮਰਦ ਨਾਲ ਵਿਆਹ ਕਰ ਲਏ ਤਾਂ ਪਾਰਸੀ ਰੀਤੀ ਰਿਵਾਜਾਂ ਤੋਂ ਬੇਦਖਲ ਹੋ ਜਾਂਦੀ ਹੈ। ਇਥੋਂ ਤੱਕ ਕਿ ਉਹ ਆਪਣੇ ਮਾਤਾ/ਪਿਤਾ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਦਾ ਹੱਕ ਗੰਵਾ ਲੈਂਦੀ ਹੈ। ਹਾਲ ਵਿਚ ਗੁਲਰੁਖ ਤੇ ਸ਼ੀਰਾਜ਼ ਨਾਂ ਦੀਆਂ ਪਾਰਸੀ ਭੈਣਾਂ ਨੇ ਅੱਠ ਸਾਲ ਲੰਮੀ ਅਦਾਲਤੀ ਜੰਗ ਸੁਪਰੀਮ ਕੋਰਟ ਵਿਚ ਲੜ ਕੇ ਮਾਤਾ/ਪਿਤਾ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਦਾ ਹੱਕ ਪ੍ਰਾਪਤ ਕਰ ਲਿਆ ਹੈ।

ਗੁਲਰੁਖ ਵਿਆਹ ਤੋਂ ਪਿੱਛੋਂ ਗੁਲਰੁਖ ਗੁਪਤ ਹੋ ਚੁਕੀ ਹੈ ਤੇ ਦੂਜੀ ਭੈਣ ਸ਼ੀਰਾਜ਼ ਤੋਂ ਸ਼ੀਰਾਜ਼ ਪਟੋਦੀਆ। ਮਿਸਿਜ਼ ਪਟੋਦੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬਰਾਦਰੀ ਦੇ ਮੈਂਬਰ ਕੇਵਲ 60,000 ਰਹਿ ਗਏ ਹਨ ਤੇ ਜੇ ਉਹ ਪਾਰਸੀ ਬੰਧਨ ਵਿਚ ਬੰਨ੍ਹੇ ਰਹਿਣ ਤਾਂ ਇੱਕ ਤਿਹਾਈ ਪਾਰਸੀ ਔਰਤਾਂ ਵਿਆਹੁਤਾ ਜੀਵਨ ਵਿਚ ਪੈਰ ਨਹੀਂ ਧਰ ਸਕਦੀਆਂ।


ਦੋਵੇਂ ਭੈਣਾਂ 50 ਸਾਲ ਤੋਂ ਵੱਧ ਉਮਰ ਦੀਆਂ ਹਨ। ਉਹ ਆਪਣੀ ਜਵਾਨੀ ਵਿਚ ਵਾਲਸਡ (ਗੁਜਰਾਤ) ਛੱਡ ਕੇ ਮੁੰਬਈ ਚਲੀਆਂ ਗਈਆਂ ਸਨ ਤੇ ਉਥੇ ਉਨ੍ਹਾਂ ਨੇ ਗੁਪਤਾ ਤੇ ਪਟੋਦੀਆ ਜਾਤ ਦੇ ਗੈਰ-ਪਾਰਸੀਆਂ ਨਾਲ ਵਿਆਹ ਕਰਵਾ ਲਿਆ ਤਾਂ ਅੰਜੁਮਨ ਪਾਰਸੀ ਟਰੱਸਟ ਨੇ ਉਨ੍ਹਾਂ ਨੂੰ ਬੇਦਖਲ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਲੜੀ ਗਈ ਲੜਾਈ ਦਾ ਸਵਾਗਤ ਹੋਣਾ ਚਾਹੀਦਾ ਹੈ।

ਚੇਤੇ ਰਹੇ, ਮੁਸਲਿਮ ਲੀਗ ਦੇ ਮਹਾਰਥੀ ਮੁਹੰਮਦ ਅਲੀ ਜਿਨਾਹ ਨਾਲ ਵੀ ਬੈਟੀ ਨਾਂ ਦੀ ਪਾਰਸੀ ਕੁੜੀ ਨੇ ਵਿਆਹ ਕਰ ਲਿਆ ਸੀ ਤਾਂ ਉਸ ਨੂੰ ਪਾਰਸੀ ਬਰਾਦਰੀ ਨੇ ਏਨੀ ਅਲੱਗ ਥਲੱਗ ਕਰ ਦਿੱਤਾ ਸੀ ਕਿ ਦਿਲਗੀਰੀ ਤੇ ਵਿਸ਼ਾਦ ਦਾ ਸ਼ਿਕਾਰ ਹੋ ਕੇ ਉਹ ਭਰ ਜਵਾਨੀ ਵਿਚ ਪਰਲੋਕ ਸਿਧਾਰ ਗਈ ਸੀ।

**ਅੰਤਿਕਾ: ਸਈਅਦ ਵਾਰਿਸ ਸ਼ਾਹ**

ਅਖੀਂ ਵੇਖਿਆਂ ਬਾਝ ਪ੍ਰੀਤ ਨਾਹੀਂ
ਜਿਵੇਂ ਬਿਨਾ ਯਕੀਨ ਇਤਬਾਰ ਨਾਹੀਂ।
ਬਾਝੋਂ ਦੁੱਖ ਦੇ ਸੁੱਖ ਨਸੀਬ ਨਾਹੀਂ
ਲਗਨ ਬਾਝ ਖੁਆਰ ਸੰਸਾਰ ਨਾਹੀਂ।
ਬਾਝੋਂ ਇਸ਼ਕ ਦੇ ਜ਼ੌਕ ਤੇ ਸ਼ੌਕ ਨਾਹੀਂ
ਬਾਝੋਂ ਵਸਲ ਦੇ ਮੌਜ ਬਹਾਰ ਨਾਹੀਂ।
ਵਾਰਿਸ 'ਰੰਡਿ, ਫਕੀਰ, ਤਲਵਾਰ, ਘੋੜਾ'
ਚਾਰੇ ਥੋਕ ਇਹ ਕਿਸੇ ਦੇ ਬਾਹ ਨਾਹੀਂ।

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਗੁਰਮੁਖਿ ਹੀਰੇ ਹਾਰਿ ਪਰੋਏ

ਭਾਈ ਗੁਰਦਾਸ ਪੰਜਵੀਂ ਵਾਰ ਵਿਚ ਗੁਰਮੁਖਿ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ, ਇਸ ਵਿਚਾਰ ਨੂੰ ਲਗਾਤਾਰ ਕਾਇਮ ਰੱਖਦਿਆਂ ਆਮ ਸੰਸਾਰਕ ਜੀਵਨ ਵਿਚੋਂ ਵੱਖ ਵੱਖ ਦ੍ਰਿਸ਼ਟਾਂਤ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਭਾਈ ਗੁਰਦਾਸ ਦੱਸਦੇ ਹਨ ਕਿ ਨਾਨਕੇ, ਦਾਦਕੇ ਅਤੇ ਸਹੁਰਿਆਂ ਦੇ ਘਰ ਵਿਚ ਕਈ ਕਿਸਮ ਦੇ ਪੁਰੋਹਿਤ-ਪੁਜਾਰੀ ਹੁੰਦੇ ਹਨ, ਜੋ ਵੱਖ ਵੱਖ ਰਸਮਾਂ ਜਿਵੇਂ ਪਰਿਵਾਰ ਵਿਚ ਕਿਸੇ ਦਾ ਜਨਮ, ਕਿਸੇ ਬੱਚੇ ਦੇ ਮੁੰਡਣ, ਮਰਗਤ ਅਤੇ ਵਿਆਹ ਆਦਿ ਦੀਆਂ ਰਸਮਾਂ ਵੇਲੇ ਸਮਗਰੀਆਂ 'ਕੱਠੀਆਂ ਕਰਦੇ ਹਨ। ਇਸ ਤਰ੍ਹਾਂ ਲੋਕ ਰੀਤਾਂ-ਰਸਮਾਂ ਦੀਆਂ ਚੰਗਿਆਈਆਂ ਅਤੇ ਬੁਰਾਈਆਂ, ਕੁਲ ਜਾਂ ਖਾਨਦਾਨ ਦੀਆਂ ਧਾਰਮਿਕ ਰਸਮਾਂ, ਰੀਤਾਂ, ਅਚਾਰ-ਵਿਹਾਰ ਅਤੇ ਵਿਹਾਰ ਵਿਚ ਉਲਝੇ ਰਹਿੰਦੇ ਹਨ। ਖਾਸ ਮੌਕਿਆਂ ਜਿਵੇਂ ਜਨੇਊ ਵਗੈਰਾ ਪਾਉਣ ਦੀਆਂ ਰਸਮਾਂ ਵੇਲੇ ਕਈ ਤਰ੍ਹਾਂ ਦੇ ਉਪਾ ਕਰਦੇ ਹਨ, ਹੇਠਾਂ ਦਲੀਚਾ ਵਿਛਾਉਂਦੇ ਤੇ ਉਤੇ ਚੰਦੋਆ ਤਾਣਦੇ ਹਨ। ਜੋਧਿਆਂ ਤੇ ਕੁਲ ਦੇ ਜਠੇਰਿਆਂ ਦੀ ਪੂਜਾ ਕਰਵਾਉਂਦੇ ਹਨ, ਸਤੀਆਂ ਅਤੇ ਸੌਂਕਣਾਂ ਨੂੰ ਮੰਨਦੇ ਹਨ (ਅਰਥਾਤ ਮਰ ਚੁੱਕੀ ਵਹੁਟੀ ਦੀ ਥਾਂ ਨਵੀਂ ਵਿਆਹ ਕੇ ਲਿਆਂਦੀ ਵਹੁਟੀ ਦੇ ਗਲੇ ਵਿਚ ਸੌਕਣ-ਮੋਹਰਾ/ਸੌਕਣ ਦੀ ਮੂਰਤੀ ਬਣਾ ਕੇ ਪਾਈ ਜਾਂਦੀ ਹੈ), ਘਰ ਵਿਚ ਪਹਿਲਾ ਫਲ ਸੌਕਣ ਦੇ ਨਾਂ ਦਾ ਦਿੱਤਾ ਜਾਂਦਾ ਹੈ ਤਾਂ ਕਿ ਉਹ ਨਰਾਜ਼ ਨਾ ਹੋ ਜਾਵੇ ਅਤੇ ਪਰਿਵਾਰ ਦਾ ਕੋਈ ਬੁਰਾ ਨਾ ਕਰੇ, ਛੱਪੜੀਆਂ ਤੇ ਟੋਇਆਂ ਨੂੰ ਮੰਨਦੇ ਹਨ। ਵਹਿਮਾਂ-ਵੱਸ ਉਨ੍ਹਾਂ ਵਿਚ ਬੱਚਿਆਂ ਨੂੰ ਨੁਹਾਉਂਦੇ ਹਨ ਤਾਂ ਕਿ ਬੱਚੇ ਤੰਦਰੁਸਤ ਰਹਿਣ ਅਤੇ ਅਜਿਹੇ ਕੂੜ-ਕਿਰਿਆ ਵਿਚ ਰੁੱਝੇ ਰਹਿਣ ਵਾਲੇ ਲੋਕ ਨਰਕਾਂ ਵਿਚ ਪੈਂਦੇ ਹਨ। ਅਜਿਹੇ ਲੋਕ ਗੁਰੂ ਦੇ ਸ਼ਬਦ ਤੇ ਸਾਧ-ਸੰਗਤਿ ਤੋਂ ਵਿਰਵੇ, ਅਕਾਲ ਪੁਰਖ ਤੋਂ ਭੁੱਲੇ ਹੋਏ ਹਰ ਰੋਜ਼ ਜੰਮ ਜੰਮ ਮਰਦੇ ਹਨ ਭਾਵ ਕਦੇ ਮੁਕਤ ਨਹੀਂ ਹੁੰਦੇ। ਪਰ ਗੁਰਮੁਖਾਂ ਦਾ ਜੀਵਨ, ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਵਾਲੇ ਮਨੁੱਖ ਇਸ ਤੋਂ ਬਿਲਕੁਲ ਉਲਟ ਹੁੰਦੇ ਹਨ। ਉਹ ਅਕਾਲ ਪੁਰਖ ਦੇ ਨਾਮ ਨੂੰ ਸਦਾ ਸਿਮਰਦੇ ਹਨ, ਉਸੇ ਤਰ੍ਹਾਂ ਜਿਵੇਂ ਆਪਣੇ ਗਲੇ ਦੇ ਹਾਰ 'ਚ ਹੀਰੇ ਪਰੋਏ ਹੋਣ ਅਰਥਾਤ ਉਹ ਗਲ ਦੇ ਹਾਰ ਵਿਚ ਪਰੋਏ ਹੀਰਿਆਂ ਦੀ ਨਿਆਈਂ ਸ਼ੁੱਧ ਅਤੇ ਚਮਕਦਾਰ ਹਨ:

ਨਾਨਕ ਦਾਦਕ ਸਾਹੁਰੈ  
ਵਿਰਤੀਸੁਰ ਲਗਾਇਤ ਹੋਏ।  
ਜੰਮਣੈ ਭਦਣਿ ਮੰਗਣੈ  
ਮਰਣੈ ਪਰਣੈ ਕਰਦੇ ਢੋਏ।  
ਰੀਤੀ ਰੂੜੀ ਕੁਲ ਧਰਮ  
ਚਜੁ ਅਚਾਰ ਵੀਚਾਰ ਵਿਖੋਏ।  
ਕਰਿ ਕਰਤੂਤਿ ਕੁਸੂਤਿ  
ਵਿਚਿ ਪਾਇ ਦੁਲੀਚੇ ਗੈਣ ਚੰਦੋਏ।  
ਜੋਧ ਜਠੇਰੇ ਮੰਨੀਅਨਿ  
ਸਤੀਆਂ ਸਉਤ ਟੋਭਤੀ ਟੋਏ।  
ਸਾਧਸੰਗਤਿ ਗੁਰ ਸਬਦ ਵਿਣੁ  
ਮਰਿ ਮਰਿ ਜੰਮਨਿ ਦਈ ਵਿਗੋਏ।  
ਗੁਰਮੁਖਿ ਹੀਰੇ ਹਾਰਿ ਪਰੋਏ॥10॥

ਇਸ ਪਉੜੀ ਵਿਚ ਗੁਰਮੁਖਿ ਦੇ ਮਾਰਗ ਤੇ ਕੁਲ ਧਰਮ ਨੂੰ ਮੰਨਣ ਵਾਲਿਆਂ ਦੇ ਮਾਰਗ ਦਾ ਨਖੇੜਾ ਕੀਤਾ ਹੈ। ਇਸ ਪਉੜੀ ਵਿਚ ਗੁਰਮੁਖਾਂ ਦੇ ਮਾਰਗ ਅਤੇ ਸ਼ਹਿਜਾਦਿਆਂ-ਰਾਜਕੰਵਰਾਂ ਦੇ ਮਾਰਗ ਦਾ ਨਖੇੜਾ ਕੀਤਾ ਹੈ। ਬਾਦਸ਼ਾਹ ਦੀਆਂ ਫੌਜਾਂ ਦਾ ਦ੍ਰਿਸ਼ਟਾਂਤ ਦਿੱਤਾ ਹੈ ਕਿ ਜਦੋਂ ਸ਼ਾਹੀ ਫੌਜ ਚੜ੍ਹਾਈ ਕਰਦੀ ਹੈ ਤਾਂ ਉਸ ਵਿਚ ਰਾਜਿਆਂ ਦੇ ਪੁੱਤਰ ਰਾਜਕੁਮਾਰ ਜੋ ਬਹੁਤ ਲਾਡਾਂ ਨਾਲ ਪਲਦੇ ਹਨ, ਵੀ ਹੁੰਦੇ ਹਨ। ਬਾਦਸ਼ਾਹ ਅਗਵਾਈ ਕਰਦੇ ਹਨ ਅਤੇ ਉਨ੍ਹਾਂ ਦੇ ਉਮਰਾਉ ਅਤੇ ਪਿਆਦੇ ਪਿੱਛੇ ਪਿੱਛੇ ਚੱਲਦੇ ਹਨ। ਮੁਜਰੇ ਕਰਨ ਵਾਲੀਆਂ ਹਾਰ-ਸ਼ਿੰਗਾਰ ਲਾ ਕੇ ਸਾਹਮਣੇ ਆਉਂਦੀਆਂ ਹਨ ਪਰ ਸ਼ਹਿਜਾਦੇ ਸਿੱਧੇ-ਸਾਦੇ ਹੁੰਦੇ ਹਨ। ਰਾਜਿਆਂ ਦੇ ਅਸਲੀ ਵਫਾਦਾਰ ਤੇ ਸੇਵਾ ਕਰਨ ਵਾਲੇ ਰਾਜ-ਦਰਬਾਰ ਵਿਚ ਆ ਕੇ ਵਾਹ-ਵਾਹ ਖੱਟਦੇ ਹਨ ਜਦ ਕਿ ਨਿੰਦਕ ਅਤੇ ਅਵੱਗਿਆ ਕਰਨ ਵਾਲੇ ਨਮੋਸ਼ੀ ਖੱਟਦੇ ਹਨ, ਉਨ੍ਹਾਂ ਨੂੰ ਫਿਟਕਾਰ ਪੈਂਦੀ ਹੈ। ਅਕਾਲ ਪੁਰਖ ਦੇ ਦਰਬਾਰ ਵਿਚ ਉਨ੍ਹਾਂ ਨੂੰ ਹੀ ਥਾਂ ਮਿਲੇਗੀ ਜੋ ਅਕਾਲ ਪੁਰਖ ਦੀ ਸੇਵਾ ਕਰਦੇ ਹਨ। ਅਜਿਹੇ ਗੁਰਮੁਖਾਂ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਅਤੇ ਉਹ ਇਸ ਮਿਹਰ ਸਦਕਾ ਰਾਜਿਆਂ ਦੇ ਵੀ ਰਾਜੇ ਹਨ। ਅਜਿਹੇ ਗੁਰਮੁਖ ਹੀ ਸਦੀਵੀ ਅਨੰਦ ਮਾਣਦੇ ਹਨ ਤੇ ਸੰਤੋਖ ਵਿਚ ਰਹਿੰਦਿਆਂ ਸੰਸਾਰ ਸਾਗਰ ਤੋਂ ਪਾਰ ਲੰਘਦੇ ਹਨ:

ਲਸਕਰ ਅੰਦਰਿ ਲਾਡੁਲੇ  
ਪਾਤਿਸਾਹਾ ਜਾਏ ਸਾਹਜਾਦੇ।  
ਪਾਤਿਸਾਹ ਅਗੈ ਚੜਨਿ  
ਪਿਛੈ ਸਭ ਉਮਰਾਉ ਪਿਆਦੇ।  
ਬਣਿ ਬਣਿ ਆਵਣਿ ਤਾਇਫੇ  
ਓਇ ਸਹਜਾਦੇ ਸਾਦ ਮੁਰਾਦੇ।  
ਖਿਜਮਤਿਗਾਰ ਵਡੀਰੀਅਨਿ  
ਦਰਗਹ ਹੋਨਿ ਖੁਆਰ ਕੁਵਾਦੇ।  
ਅੱਗੈ ਢੋਈ ਸੇ ਲਹਨਿ  
ਸੇਵਾ ਅੰਦਰਿ ਕਾਰ ਕੁਸਾਦੇ।  
ਪਾਤਿਸਾਹਾਂ ਪਤਿਸਾਹੁ  
ਸੋ ਗੁਰਮੁਖਿ ਵਰਤੈ ਗੁਰ ਪਰਸਾਦੇ।  
ਸਾਹ ਸੁਹੇਲੇ ਆਦਿ ਜੁਗਾਦੇ॥11॥

ਦ੍ਰਿਸ਼ਟਾਂਤ ਦਰ ਦ੍ਰਿਸ਼ਟਾਂਤ ਦੇ ਕੇ ਭਾਈ ਗੁਰਦਾਸ ਗੁਰਮੁਖਿ ਦਾ ਚਰਿਤਰ ਚਿਤਰਨ ਕਰਦੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਗੁਰੂ ਦੇ ਮਾਰਗ 'ਤੇ ਚੱਲਣ ਵਾਲਿਆਂ ਅਤੇ ਆਮ ਦੁਨਿਆਵੀ ਲੀਹਾਂ 'ਤੇ ਚੱਲਣ ਵਾਲਿਆਂ ਦੀ ਜੀਵਨ ਸ਼ੈਲੀ ਦਾ ਨਿਖੇੜ ਕਰਦੇ ਹਨ। ਭਾਈ ਗੁਰਦਾਸ ਇਸ ਪਉੜੀ ਵਿਚ ਸੂਰਜ ਤੇ ਤਾਰਿਆਂ ਦੇ ਦ੍ਰਿਸ਼ਟਾਂਤ ਰਾਹੀਂ ਦੱਸਦੇ ਹਨ ਕਿ ਜਦੋਂ ਹਨੇਰਾ ਹੁੰਦਾ ਹੈ ਤਾਂ ਲੱਖਾਂ ਦੀ ਗਿਣਤੀ ਵਿਚ ਤਾਰੇ ਅਸਮਾਨ ਵਿਚ ਨਜ਼ਰ ਆਉਂਦੇ ਹਨ, ਪਰ ਜਦੋਂ ਸੂਰਜ ਚੜ੍ਹ ਪੈਂਦਾ ਹੈ ਤਾਂ ਕੋਈ ਤਾਰਾ ਨਜ਼ਰ ਨਹੀਂ ਆਉਂਦਾ। ਦੂਸਰਾ ਦ੍ਰਿਸ਼ਟਾਂਤ ਸ਼ੇਰ ਅਤੇ ਮਿਰਗਾਂ ਦਾ ਦਿੰਦੇ ਹਨ ਕਿ ਜਦੋਂ ਜੰਗਲ ਵਿਚ ਸ਼ੇਰ ਦਹਾੜਦਾ ਹੈ ਤਾਂ ਹਿਰਨ ਦੌੜ ਪੈਂਦੇ ਹਨ, ਕਿਤੇ ਖੜ੍ਹਦੇ ਨਹੀਂ, ਸਾਹ ਵੀ ਨਹੀਂ ਲੈਂਦੇ। ਜਦੋਂ ਗਰੁੜ ਨੂੰ ਦੇਖ ਲੈਂਦੇ ਹਨ ਤਾਂ ਜ਼ਹਿਰੀਲੇ ਸੱਪ ਵੀ ਨੱਸ ਕੇ ਖੁੱਡ ਵਿਚ ਵੜ ਜਾਂਦੇ ਹਨ। ਅਗਲੀ ਮਿਸਾਲ ਬਾਜ ਤੇ ਆਮ ਪੰਛੀਆਂ ਦੀ ਦਿੱਤੀ ਹੈ। ਪੰਛੀ ਬਾਜ ਨੂੰ ਦੇਖ ਕੇ ਜਾਨ ਬਚਾਉਣ ਖਾਤਰ ਲੁਕਣ ਲਈ ਇਧਰ ਉਧਰ ਉਡਦੇ ਹਨ ਅਤੇ ਉਨ੍ਹਾਂ ਨੂੰ ਛੁਪਣ ਲਈ ਕੋਈ ਥਾਂ ਨਹੀਂ ਲੱਭਦੀ। ਕੰਮਾਂ-ਕਾਰਾਂ ਅਤੇ ਵਿਚਾਰਾਂ ਦੀ ਇਸ ਦੁਨੀਆਂ ਵਿਚ ਜਦੋਂ ਮਨੁੱਖ ਸਤਿਸੰਗਤਿ ਵਿਚ ਜਾਂਦਾ ਹੈ ਤਾਂ ਉਥੇ ਜਾ ਕੇ ਹੀ ਉਸ ਦੇ ਅੰਦਰੋਂ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ ਅਤੇ ਉਸ ਦਾ ਅੰਦਰਲਾ ਨਿਰਮਲ ਹੁੰਦਾ ਹੈ। ਉਹ ਸਤਿਗੁਰ ਹੀ ਸੱਚਾ ਪਾਤਿਸ਼ਾਹ ਹੈ ਜੋ ਮਨੁੱਖ ਦੇ ਅੰਦਰੋਂ ਦਵੈਤ-ਭਾਵ (ਮੇਰ-ਤੇਰ) ਨੂੰ ਖਤਮ ਕਰਦਾ ਹੈ ਅਤੇ ਉਸ ਅੰਦਰੋਂ ਬੁਰਾਈਆਂ ਖਤਮ ਹੋ ਜਾਂਦੀਆਂ ਹਨ। ਗੁਰਮੁਖਿ ਆਪਣੇ ਗਿਆਨ ਨੂੰ ਦੂਸਰਿਆਂ ਨਾਲ ਵੰਡਦੇ ਹਨ, ਗਿਆਨ ਦੀ ਰੌਸ਼ਨੀ ਦੂਸਰਿਆਂ ਵਿਚ ਵੰਡਦੇ ਹਨ ਕਿਉਂਕਿ ਉਹ ਸਵਾਰਥੀ ਨਹੀਂ ਸਗੋਂ ਪਰਉਪਕਾਰੀ ਮਨੁੱਖ ਹੁੰਦੇ ਹਨ; ਜਿਵੇਂ ਗੁਰੂ ਅਰਜਨ ਦੇਵ ਨੇ ਫੁਰਮਾਇਆ ਹੈ, "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥" ਅਰਥਾਤ ਬ੍ਰਹਮਗਿਆਨੀ ਨੂੰ ਪਰਉਪਕਾਰ ਕਰਕੇ, ਦੂਕਿਆਂ ਦਾ ਭਲਾ ਕਰਕੇ ਖੁਸ਼ੀ ਮਿਲਦੀ ਹੈ:

ਤਾਰੇ ਲਖ ਅਨ੍ਹੇਰ ਵਿਚਿ ਚੜ੍ਹਿਐ  
ਸੁਝਿ ਨ ਸੁਝੈ ਕੋਈ।  
ਸੀਹਿ ਬੁਕੇ ਮਿਰਗਾਵਲੀ  
ਭੰਨੀ ਜਾਇ ਨ ਆਇ ਖੜੋਈ।  
ਬਿਸੀਅਰ ਗਰੜੈ ਡਿਠਿਆ  
ਖੁਡੀ ਵੜਿਦੇ ਲਖ ਪਲੋਈ।  
ਪੰਖੇਰੂ ਸਾਹਬਾਜ ਦੇਖਿ  
ਢੁਕਿ ਨ ਹੰਘਨਿ ਮਿਲੈ ਨ ਢੋਈ।  
ਚਾਰ ਵੀਚਾਰ ਸੰਸਾਰ ਵਿਚਿ  
ਸਾਧਸੰਗਤਿ ਮਿਲਿ ਦੁਰਮਤਿ ਖੋਈ।  
ਸਤਿਗੁਰ ਸਚਾ ਪਾਤਿਸਾਹੁ  
ਦੁਬਿਧਾ ਮਾਰਿ ਮਵਾਸਾ ਗੋਈ।  
ਗੁਰਮੁਖਿ ਜਾਤਾ ਜਾਣੁ ਜਣੋਈ॥12॥

ਭਾਈ ਗੁਰਦਾਸ ਨੇ ਅਗਲੀ ਪਉੜੀ ਵਿਚ ਸੱਚੇ ਗੁਰੂ ਦੇ ਚਲਾਏ ਹੋਏ ਰਸਤੇ ਨੂੰ ਜਿਸ ਤੇ ਚੱਲ ਕੇ ਗੁਰਮੁਖਿ ਨੇ ਆਪਣਾ ਜੀਵਨ ਸਫਲਾ ਕਰਨਾ ਹੈ ਅਤੇ ਹੋਰਨਾਂ ਨੂੰ ਵੀ ਜਿਸ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਕਰਨੀ ਹੈ, 'ਗਾਡੀ ਰਾਹ' ਕਿਹਾ ਹੈ। ਇਹ ਗਾਡੀ ਰਾਹ ਇਸ ਲਈ ਹੈ ਕਿਉਂਕਿ ਇਸ ਨੂੰ ਉਸ ਸੱਚੇ ਸਤਿਗੁਰੂ ਨੇ ਚਲਾਇਆ ਹੈ ਜਿਸ ਦੀ ਸੁਰਤਿ ਆਪ ਅਕਾਲ ਪੁਰਖ ਦੀ ਸੁਰਤਿ ਨਾਲ ਇਕਸੁਰ ਹੈ। ਇਸ ਰਸਤੇ 'ਤੇ ਚੱਲਦਿਆਂ ਗੁਰਮੁਖਿ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਜਿਨ੍ਹਾਂ ਨੂੰ ਗੁਰਮਤਿ ਅਨੁਸਾਰ 'ਪੰਜ ਦੂਤ' ਜਾਂ 'ਪੰਜ ਚੋਰ' ਵੀ ਕਿਹਾ ਹੈ ਕਿਉਂਕਿ ਇਹ ਮਨੁੱਖ ਦੇ ਅੰਦਰੋਂ ਚੰਗਿਆਈਆਂ ਨੂੰ ਚੁਰਾ ਲੈਂਦੇ ਹਨ ਅਤੇ ਉਸ ਨੂੰ ਬੁਰਾਈ ਕਰਨ ਲਈ ਪ੍ਰੇਰਦੇ ਹਨ, ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ ਅਤੇ ਆਪਣੇ ਅੰਦਰੋਂ ਬੁਰੀ ਮਤਿ ਜੋ ਇਨ੍ਹਾਂ ਕਰਕੇ ਪੈਦਾ ਹੁੰਦੀ ਹੈ ਉਸ ਨੂੰ ਮਿਟਾ ਦਿੰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਉਸ ਦੇ ਅੰਦਰੋਂ ਦਵੈਤ ਮਿਟ ਜਾਂਦੀ ਹੈ ਅਤੇ ਉਸ ਅੰਦਰ ਅਕਾਲ ਪੁਰਖ ਦੀ ਸਾਰੀ ਰਚਨਾ ਲਈ ਪ੍ਰੇਮ ਪੈਦਾ ਹੋ ਜਾਂਦਾ ਹੈ। ਉਹ ਆਪਣੀ ਸੁਰਤਿ ਨੂੰ ਸ਼ਬਦ ਨਾਲ ਇਕਸੁਰ ਕਰ ਲੈਂਦਾ ਹੈ, ਅਰਥਾਤ ਉਹ ਸ਼ਬਦ ਦਾ ਅਨੁਸਾਰੀ ਹੋ ਕੇ ਆਪਣਾ ਜੀਵਨ ਬਸਰ ਕਰਦਾ ਹੈ। ਇਸ ਤਰ੍ਹਾਂ ਉਸ ਦੇ ਅੰਦਰੋਂ ਮੌਤ ਦਾ ਡਰ ਖਤਮ ਹੋ ਜਾਂਦਾ ਹੈ, ਮੌਤ ਦੇ ਦੂਤ ਉਸ ਦੇ ਨੇੜੇ ਵੀ ਨਹੀਂ ਲੱਗਦੇ। ਗੁਰੂ ਨੇ ਲੋਕਾਂ ਨੂੰ ਜੋਗੀਆਂ ਦੇ ਬਾਰਾਂ ਪੰਥਾਂ ਵਾਲੇ ਪਾਸਿਓਂ ਹਟਾ ਕੇ ਸਾਧਸੰਗਤਿ ਨਾਲ ਜੋੜ ਦਿੱਤਾ ਹੈ ਜਿੱਥੇ ਸੱਚ ਖੰਡ ਦਾ ਵਾਸ ਹੈ ਭਾਵ ਸਾਧਸੰਗਤਿ ਵਿਚ ਮਨੁੱਖ ਨਾਮ ਸਿਮਰਨ ਵਿਚ ਸੁਰਤਿ ਜੋੜਦਾ ਹੈ ਤੇ ਸਾਧਸੰਗਤਿ ਵਿਚ ਜਿੱਥੇ ਸੱਚੇ ਨਾਮ ਵਿਚ ਸੁਰਤਿ ਜੁੜਦੀ ਹੈ, ਉਥੇ ਅਕਾਲ ਪੁਰਖ ਆਪ ਵਸਦਾ ਹੈ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਸਾਧ ਸੰਗਤਿ ਵਿਚ ਕੀ ਹੁੰਦਾ ਹੈ? ਇਥੇ ਨਾਮ ਸਿਮਰਨ ਰਾਹੀਂ, ਉਸ ਦੇ ਨਾਮ ਦੀ ਭਗਤੀ ਰਾਹੀਂ ਮਨੁੱਖ ਦੇ ਅੰਦਰ ਉਸ ਪਰਵਦਗਾਰ ਅਤੇ ਮਾਨਵਤਾ ਲਈ ਪ੍ਰੇਮ ਜਾਗਦਾ ਹੈ, ਮਨੁੱਖ ਉਸ ਅਕਾਲ ਪੁਰਖ ਦੇ ਨਿਰਮਲ ਭਉ ਵਿਚ ਅਤੇ ਪ੍ਰੇਮ ਵਿਚ ਵਿਚਰਦਾ ਹੈ। ਇਹ ਇੱਕ ਅਜਿਹਾ ਮੰਤਰ ਹੈ ਜਿਸ ਨਾਲ ਮਨੁੱਖ ਦੇ ਅੰਦਰ ਨਾਮ ਸਿਮਰਨ, ਦੂਸਰਿਆਂ ਲਈ ਕੁਝ ਕਰਨ (ਦਾਨ) ਅਤੇ ਇਸ਼ਨਾਨ (ਗੁਰਬਾਣੀ ਅਨੁਸਾਰ ਇਹ ਕੋਈ ਤੀਰਥ ਇਸ਼ਨਾਨ ਨਹੀਂ ਬਲਕਿ ਉਸ ਦੇ ਨਾਮ ਦਾ ਇਸ਼ਨਾਨ ਹੈ) ਦਾ ਸੰਕਲਪ ਦ੍ਰਿੜ ਹੁੰਦਾ ਹੈ। ਅੱਗੇ ਭਾਈ ਗੁਰਦਾਸ ਨੇ ਕੰਵਲ ਦੇ ਫੁੱਲ ਦਾ ਦ੍ਰਿਸ਼ਟਾਂਤ ਦਿੱਤਾ ਹੈ ਜੋ ਸਾਰਾ ਸਮਾਂ ਪਾਣੀ ਵਿਚ ਰਹਿੰਦਾ ਹੈ ਪਰ ਉਸ ਦੀਆਂ ਪੱਤੀਆਂ ਪਾਣੀ ਵਿਚ ਭਿੱਜਦੀਆਂ ਨਹੀਂ, ਪਾਣੀ ਤੋਂ ਅਭਿੱਜ ਰਹਿੰਦੀਆਂ ਹਨ। ਇਸੇ ਤਰ੍ਹਾਂ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਇਸ ਸੰਸਾਰ ਵਿਚ ਰਹਿੰਦਿਆਂ ਵੀ ਇਸ ਦੇ ਬੁਰੇ ਮਾਇਆਵੀ ਅਸਰਾਂ ਤੋਂ ਨਿਰਲੇਪ ਰਹਿੰਦਾ ਹੈ ਅਤੇ ਇਸ ਦੇ ਅਸਰ ਹੇਠ ਬੁਰੇ ਕੰਮ ਨਹੀਂ ਕਰਦਾ। ਗੁਰਮੁਖਿ ਆਪਣੇ ਅੰਦਰੋਂ ਹਉਮੈ ਖਤਮ ਕਰ ਦਿੰਦਾ ਹੈ ਅਤੇ 'ਮੈਂ' ਨਹੀਂ ਜਤਾਉਂਦਾ:

ਸਤਿਗੁਰ ਸਚਾ ਪਾਤਿਸਾਹੁ  
ਗੁਰਮੁਖਿ ਗਾਡੀ ਰਾਹੁ ਚਲਾਇਆ।  
ਪੰਜਿ ਦੂਤਿ ਕਰਿ ਭੂਤ ਵਸਿ  
ਦੁਰਮਤਿ ਦੂਜਾ ਭਾਉ ਮਿਟਾਇਆ।  
ਸਬਦ ਸੁਰਤਿ ਲਿਵ ਚਲਣਾ  
ਜਮੁ ਜਾਗਾਤੀ ਨੇੜਿ ਨ ਆਇਆ।  
ਬੇਮੁਖਿ ਬਾਰਹ ਵਾਟ ਕਰਿ  
ਸਾਧਸੰਗਤਿ ਸਚੁ ਖੰਡੁ ਵਸਾਇਆ।  
ਭਾਉ ਭਗਤਿ ਭਉ ਮੰਤ੍ਰੁ ਦੇ  
ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।  
ਜਿਉ ਜਲ ਅੰਦਰਿ ਕਮਲ ਹੈ  
ਮਾਇਆ ਵਿਚਿ ਉਦਾਸੁ ਰਹਾਇਆ।  
ਆਪੁ ਗਵਾਇ ਨ ਆਪੁ ਗਣਾਇਆ॥13॥

ਅੱਗੇ ਭਾਈ ਗੁਰਦਾਸ ਨੇ ਆਮ ਦੁਨਿਆਵੀ ਜੀਵਨ ਢੰਗ ਅਤੇ ਗੁਰਮੁਖਿ ਦੀ ਰਹਿਣੀ ਵਿਚਲਾ ਫਰਕ ਦੱਸਿਆ ਹੈ ਕਿ ਦੁਨਿਆਵੀ ਰਾਜਾ ਹੁੰਦਾ ਹੈ ਜਿਸ ਦੀ ਪਰਜਾ ਉਸ ਦੀ ਨੌਕਰ ਬਣ ਕੇ ਦੇਸ ਵਿਚ ਉਸ ਦੇ ਹੁਕਮ ਦੀ ਦੁਹਾਈ ਕੂਕ ਕੂਕ ਲੋਕਾਈ ਨੂੰ ਸੁਣਾਉਂਦੀ ਹੈ ਭਾਵ ਉਸ ਦੇ ਹੁਕਮ ਦੀ ਵਡਿਆਈ ਕਰਦੀ ਫਿਰਦੀ ਹੈ। ਆਮ ਦੁਨਿਆਵੀ ਰਸਮਾਂ ਕੀ ਹਨ ਕਿ ਜਦੋਂ ਕੋਈ ਜੰਮਦਾ ਹੈ, ਸੰਸਾਰ 'ਤੇ ਆਉਂਦਾ ਹੈ ਤਾਂ ਖੁਸ਼ੀ ਦੇ ਗੀਤ ਗਾਏ ਜਾਂਦੇ ਹਨ, ਵਾਜੇ ਵੱਜਦੇ ਹਨ; ਨਾਨਕਿਆਂ ਅਤੇ ਦਾਦਕਿਆਂ ਵਿਚ ਵਧਾਈਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਕਿਸੇ ਦਾ ਵਿਆਹ ਹੁੰਦਾ ਹੈ ਤਾਂ ਨਾਨਕੀਆਂ-ਦਾਦਕੀਆਂ ਇੱਕ ਦੂਜੀ ਨੂੰ ਸਿਠਣੀਆਂ ਦਿੰਦੀਆਂ ਹਨ, ਖੁਸ਼ੀ ਦੇ ਵਾਜੇ ਵਜਾਏ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਘਰ ਵਿਚ ਰੋਣਾ ਪਿੱਟਣਾ ਪੈ ਜਾਂਦਾ ਹੈ, ਪਿੱਟ-ਸਿਆਪਾ ਕੀਤਾ ਜਾਂਦਾ ਹੈ, ਸੋਗ ਦੇ ਵੈਣ ਪਾਏ ਜਾਂਦੇ ਹਨ, ਮਕਾਣਾਂ ਆਉਂਦੀਆਂ ਤੇ ਅਲਾਹੁਣੀਆਂ (ਗਮ ਦੇ ਗੀਤ) ਪਾਉਂਦੀਆਂ ਹਨ। ਇਸ ਦੇ ਉਲਟ ਸਾਧਸੰਗਤਿ ਵਿਚ ਕੀ ਹੁੰਦਾ ਹੈ? ਉਥੇ ਉਸ ਸੱਚੇ ਅਕਾਲ ਪੁਰਖ ਦੀ ਉਸਤਤਿ ਗਾਈ ਜਾਂਦੀ ਹੈ, ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਵਾਲੇ ਗੁਰਮੁਖਿ (ਗਮੀ ਅਤੇ ਖੁਸ਼ੀ ਦੇ ਮੌਕੇ) ਸਾਧਸੰਗਤਿ ਵਿਚ ਜਾ ਕੇ ਆਪਣੀ ਸੁਰਤਿ ਨੂੰ ਉਸ ਅਕਾਲ ਪੁਰਖ ਦੇ ਨਾਮ ਨਾਲ ਜੋੜਦੇ ਹਨ, ਆਪਣੀ ਲਿਵ ਉਸ ਵਿਚ ਲਾਉਂਦੇ ਹਨ ਕਿਉਂਕਿ ਸਾਧਸੰਗਤਿ ਵਿਚ ਸਦਾ ਹੀ ਅਨੰਦ ਹੁੰਦਾ ਹੈ। ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਜਾਣਦਾ ਹੈ ਕਿ ਆਤਮਾ ਵੇਦਾਂ ਅਤੇ ਕਤੇਬਾਂ ਤੋਂ ਉਪਰ ਹੈ, ਇਹ ਜਨਮ ਅਤੇ ਮੌਤ ਤੋਂ ਅਲੇਪ ਹੈ। ਇਸੇ ਲਈ ਗੁਰਮੁਖਿ ਇਸ ਇੱਛਾਵਾਂ ਅਤੇ ਲਾਲਸਾਵਾਂ ਵਾਲੇ ਸੰਸਾਰ ਵਿਚ ਰਹਿੰਦਿਆਂ ਵੀ ਕੰਵਲ ਦੇ ਫੁੱਲ ਵਾਂਗ, ਇਸ ਤੋਂ ਨਿਰਲੇਪ ਰਹਿੰਦਾ ਹੈ:

ਰਾਜਾ ਪਰਜਾ ਹੋਇ ਕੈ  
ਚਾਕਰ ਕੂਕਰ ਦੇਸਿ ਦੁਹਾਈ।  
ਜੰਮਦਿਆ ਰੁਣਿਝੁੰਝਣਾ  
ਨਾਨਕ ਦਾਦਕ ਹੋਇ ਵਧਾਈ।  
ਵੀਵਾਹਾ ਨੋ ਸਿਠਣੀਆ  
ਦੁਹੀ ਵਲੀ ਦੁਇ ਤੁਰ ਵਜਾਈ।  
ਰੋਵਣੁ ਪਿਟਣੁ ਮੁਇਆ ਨੋ  
ਵੈਣੁ ਅਲਾਹਣਿ ਧੁਮ ਧੁਮਾਈ।  
ਸਾਧਸੰਗਤਿ ਸਚੁ ਸੋਹਿਲਾ  
ਗੁਰਮੁਖਿ ਸਾਧਸੰਗਤਿ ਲਿਵ ਲਾਈ।  
ਬੇਦ ਕਤੇਬਹੁ ਬਾਹਰਾ  
ਜੰਮਣਿ ਮਰਣਿ ਅਲਿਪਤੁ ਰਹਾਈ।  
ਆਸਾ ਵਿਚਿ ਨਿਰਾਸੁ ਵਲਾਈ॥14॥

ਇਸ ਸਾਰੀ ਵਿਚਾਰ-ਚਰਚਾ ਦਾ ਸੰਖੇਪ ਇਸ ਤਰ੍ਹਾਂ ਹੈ ਕਿ ਗੁਰਮੁਖ ਅਕਾਲ ਪੁਰਖ ਦੇ ਹੁਕਮ ਦੇ ਅਨੁਸਾਰੀ ਹੋ ਕੇ ਚੱਲਦੇ ਹਨ, ਇਸੇ ਲਈ ਉਹ ਫ਼ਜ਼ੂਲ ਕਿਸਮ ਦੇ ਅਚਾਰ-ਵਿਚਾਰ ਨਹੀਂ ਮੰਨਦੇ ਜਿਵੇਂ ਕੁਲ-ਧਰਮ, ਜੰਮਣ-ਮਰਨ ਅਤੇ ਮੁੰਡਣ ਵਗੈਰਾ ਦੀਆਂ ਰਸਮਾਂ, ਸਤੀ ਪੂਜਣਾ ਅਤੇ ਸੌਂਕਣ ਨਾਲ ਜੁੜੇ ਵਹਿਮ-ਭਰਮ ਆਦਿ। ਗੁਰਮੁਖਾਂ ਦਾ ਬਾਦਸ਼ਾਹ ਇੱਕ ਅਕਾਲ ਪੁਰਖ ਹੈ ਜਿਸ ਦੇ ਹੁਕਮ ਵਿਚ ਉਹ ਚੱਲਦੇ ਹਨ ਅਤੇ ਹੋਰ ਕਿਸੇ ਦੀ ਚਾਕਰੀ ਨਹੀਂ ਕਰਦੇ। ਉਹ ਉਸ ਅਕਾਲ ਪੁਰਖ ਦੇ ਕੰਵਰ ਅਤੇ ਸ਼ਾਹਜ਼ਾਦੇ ਹਨ, ਇਸੇ ਲਈ ਬਿਨਾ ਕੋਈ ਭੇਖ ਅਪਨਾਇਆਂ ਸਾਦਗੀ ਵਿਚ ਵੀ ਉਸ ਦੇ ਦਰ 'ਤੇ ਕਬੂਲ ਹੁੰਦੇ ਹਨ। ਸਾਧਸੰਗਤਿ ਗਿਆਨ ਦਾ ਸੂਰਜ ਹੈ ਜਿਸ ਦੇ ਚੜ੍ਹਨ ਨਾਲ ਅਗਿਆਨ ਦਾ ਹਨੇਰਾ ਦੂਰ ਹੋ ਜਾਂਦਾ ਹੈ। ਜਿਵੇਂ ਸੂਰਜ ਦੀ ਰੌਸ਼ਨੀ ਵਿਚ ਤਾਰੇ, ਸ਼ੇਰ ਦੀ ਗਰਜ ਅੱਗੇ ਹਿਰਨ, ਗਰੁੜ ਅੱਗੇ ਸੱਪ ਅਤੇ ਬਾਜ ਅੱਗੇ ਹੋਰ ਪੰਛੀ ਨਹੀਂ ਠਹਿਰਦੇ; ਇਸੇ ਤਰ੍ਹਾਂ ਗੁਰਮੁਖਾਂ ਅੱਗੇ ਭੇਖੀ ਤੇ ਪਖੰਡੀ ਨਹੀਂ ਠਹਿਰਦੇ।

ਭਾਈ ਗੁਰਦਾਸ ਨੇ ਗੁਰਮੁਖ ਦੇ ਰਸਤੇ ਦਾ ਵਿਸਥਾਰ ਦੱਸਿਆ ਹੈ ਕਿ ਗੁਰਮੁਖਿ ਦੀ ਕਰਨੀ ਅਤੇ ਰਹਿਣੀ ਕਿਹੋ ਜਿਹੀ ਹੁੰਦੀ ਹੈ। ਸ਼ਬਦ ਵਿਚ ਸੁਰਤਿ ਨੂੰ ਟਿਕਾਉਣਾ, ਪੰਜ ਵਿਕਾਰਾਂ ਨੂੰ ਵੱਸ ਵਿਚ ਕਰਕੇ ਰੱਖਣਾ, ਅਕਾਲ ਪੁਰਖ ਦੀ ਭਗਤੀ ਅਤੇ ਸਭ ਨਾਲ ਪ੍ਰੇਮ ਰੱਖਣਾ, ਨਾਮ, ਦਾਨ ਅਤੇ ਇਸ਼ਨਾਨ ਦ੍ਰਿੜ ਕਰਨਾ ਤੇ ਹਉਮੈ ਦਾ ਤਿਆਗ ਕਰਨਾ ਹੀ ਗੁਰਮੁਖਿ ਦੀ ਰਹਿਣੀ ਹੈ। ਗੁਰਮੁਖਿ ਜਨਮ ਮਰਨ ਦੀ ਖੁਸ਼ੀ ਤੋਂ ਨਿਆਰਾ ਹੋ ਕੇ ਉਸ ਅਕਾਲ ਪੁਰਖ ਦੇ ਸੱਚੇ ਸੋਹਿਲੇ ਨੂੰ ਪ੍ਰਣਾਇਆ ਹੁੰਦਾ ਹੈ, ਇਸ ਲਈ ਹਰ ਅਵਸਥਾ ਵਿਚ 'ਸਦਾ ਅਨੰਦ ਰਹੈ ਦਿਨੁ ਰਾਤੀ' ਦੇ ਮਹਾਂ ਵਾਕ ਅਨੁਸਾਰ ਸਦੀਵੀ ਅਨੰਦ ਦੀ ਅਵਸਥਾ ਵਿਚ ਰਹਿੰਦਾ ਹੈ। ਉਹ ਜਾਣਦਾ ਹੈ ਕਿ ਆਤਮਾ ਵੇਦਾਂ-ਕਤੇਬਾਂ ਤੋਂ ਬਾਹਰ ਹੈ, ਜਨਮ-ਮਰਨ ਤੋਂ ਅਲੇਪ ਹੈ; ਇਸੇ ਲਈ ਗੁਰਮੁਖਿ ਵੀ ਆਸਾਂ ਵਿਚ ਰਹਿ ਕੇ ਵੀ ਨਿਰਲੇਪ ਜੀਵਨ ਜਿਉਂਦਾ ਹੈ।

---

## ਗੁਰਬਾਣੀ ਗਿਆਨ

# ਸਤਿਗੁਰ ਪਾਸਿ ਬੇਨੰਤੀਆ...

**ਰਾਗੁ ਸੂਹੀ ਮਹਲਾ ੫ ਘਰੁ ੬**  
**ੴ ਸਤਿਗੁਰ ਪ੍ਰਸਾਦਿ॥**  
ਸਤਿਗੁਰ ਪਾਸਿ ਬੇਨੰਤੀਆ  
ਮਿਲੈ ਨਾਮੁ ਆਧਾਰਾ॥  
ਤੁਠਾ ਸਚਾ ਪਾਤਿਸਾਹੁ  
ਤਾਪੁ ਗਇਆ ਸੰਸਾਰਾ॥  
ਭਗਤਾ ਕੀ ਟੇਕ ਤੂੰ ਸੰਤਾ ਕੀ ਓਟ  
ਤੂੰ ਸਚਾ ਸਿਰਜਨਹਾਰਾ॥ ਰਹਾਉ॥  
ਸਚੁ ਤੇਰੀ ਸਾਮਗਰੀ  
ਸਚੁ ਤੇਰਾ ਦਰਬਾਰਾ॥  
ਸਚੁ ਤੇਰੇ ਖਾਜੀਨਿਆ  
ਸਚੁ ਤੇਰਾ ਪਾਸਾਰਾ॥  
ਤੇਰਾ ਰੂਪੁ ਅਗੰਮੁ ਹੈ  
ਅਨੂਪੁ ਤੇਰਾ ਦਰਸਾਰਾ॥  
ਹਉ ਕੁਰਬਾਣੀ ਤੇਰਿਆ ਸੇਵਕਾ  
ਜਿਨ੍ਹ ਹਰਿ ਨਾਮੁ ਪਿਆਰਾ॥  
ਸਭੇ ਇਛਾ ਪੂਰੀਆ  
ਜਾ ਪਾਇਆ ਅਗਮ ਅਪਾਰਾ॥  
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ  
ਤੇਰਿਆ ਚਰਣਾ ਕਉ ਬਲਿਹਾਰਾ॥

ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਭਾਈ ਮੈਂ ਤਾਂ ਸਦਾ ਹੀ ਆਪਣੇ ਗੁਰੂ ਕੋਲ ਬੇਨਤੀ ਕਰਦਾ ਹਾਂ ਕਿ ਮੈਨੂੰ ਉਸ ਮਿਹਰਬਾਨ ਪ੍ਰਭੂ ਦਾ ਨਾਮ ਮਿਲ ਜਾਵੇ, ਇਹ ਨਾਮ ਹੀ ਮੇਰੀ ਜ਼ਿੰਦਗੀ ਦਾ ਆਧਾਰ ਭਾਵ ਆਸਰਾ ਹੈ। ਸਦਾ ਹੀ ਕਾਇਮ ਰਹਿਣ ਵਾਲਾ ਸੱਚਾ ਪਾਤਿਸ਼ਾਹ ਜਿਸ ਮਨੁੱਖ ਉਤੇ ਮਿਹਰਬਾਨ ਹੋ ਜਾਵੇ, ਉਸ ਨੂੰ ਨਾਮ ਦੀ ਦਾਤ ਦਿੰਦਾ ਹੈ ਅਤੇ ਉਸ ਦਾ ਮਾਇਆ ਦੇ ਮੋਹ ਵਾਲਾ ਤਾਪ, ਜੋ ਸੰਸਾਰ ਨੂੰ ਚੜ੍ਹਿਆ ਪਿਆ ਹੈ, ਉਹ ਵੀ ਦੂਰ ਹੋ ਜਾਂਦਾ ਹੈ।

ਭਗਤਾ ਕੀ ਟੇਕ ਤੂੰ ਸੰਤਾ ਕੀ ਓਟ  
ਤੂੰ ਸਚਾ ਸਿਰਜਨਹਾਰਾ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਤਿਗੁਰੂ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੇ ਆਖਦੇ ਹਨ, ਹੇ ਸਦਾ ਕਾਇਮ ਰਹਿਣ ਵਾਲੇ ਸਿਰਜਣਹਾਰ ਪਿਤਾ ਜੀਓ, ਤੇਰਾ ਨਾਮ ਹੀ ਤੇਰੇ ਪਿਆਰੇ ਭਗਤਾਂ ਦੀ ਟੇਕ ਹੈ, ਸਹਾਰਾ ਹੈ; ਹੇ ਸੱਚੇ ਪਿਤਾ ਜੀਉ, ਮੇਰੀ ਬੇਨਤੀ ਹੈ ਕਿ ਆਪਣੇ ਨਾਮ ਦੀ ਦਾਤ ਮੇਰੀ ਝੋਲੀ ਵਿਚ ਪਾ ਕੇ ਮੈਨੂੰ ਆਪਣੇ ਚਰਨਾਂ ਨਾਲ ਜੋੜ ਲਉ।

ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥  
ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ॥

ਗੁਰਦੇਵ ਜੀ ਉਸ ਮਾਲਕ ਪ੍ਰਭੂ ਦੀ ਸਿਫਤਿ ਸਾਲਾਹ ਕਰਦੇ ਆਖਦੇ ਹਨ, ਹੇ ਮੇਰੇ ਪ੍ਰੀਤਮ ਪ੍ਰਭੂ ਜੀਓ, ਤੇਰਾ ਦਰਬਾਰ ਸਦਾ ਹੀ ਕਾਇਮ ਰਹਿਣ ਵਾਲਾ ਹੈ, ਤੇਰੇ ਘਰ ਦੇ ਖਜ਼ਾਨੇ ਵੀ ਸਦਾ ਹੀ ਭਰਪੂਰ ਰਹਿਣ ਵਾਲੇ ਹਨ; ਮੇਰੇ ਮਿਹਰਬਾਨ ਪਿਤਾ ਜੀਓ, ਤੇਰੇ ਖਜਾਨਿਆਂ ਵਿਚ ਤੇਰੀ ਭਰੀ ਸਮਗਰੀ ਭਾਵ ਪਦਾਰਥ ਵੀ ਸਦਾ ਹੀ ਥਿਰ ਰਹਿਣ ਵਾਲੇ ਹਨ। ਹੇ ਪ੍ਰਭੂ ਜੀ, ਤੇਰਾ ਰਚਿਆ ਇਹ ਜਗਤ ਪਸਾਰਾ ਵੀ ਅਟੱਲ ਨਿਯਮਾਂ ਵਾਲਾ ਹੀ ਹੈ।

ਤੇਰਾ ਰੂਪੁ ਅਗੰਮੁ ਹੈ  
ਅਨੂਪੁ ਤੇਰਾ ਦਰਸਾਰਾ॥  
ਹਉ ਕੁਰਬਾਣੀ ਤੇਰਿਆ ਸੇਵਕਾ  
ਜਿਨ੍ਹ ਹਰਿ ਨਾਮੁ ਪਿਆਰਾ॥

ਹੇ ਮਿਹਰਬਾਨ ਪਿਤਾ ਜੀਓ, ਤੇਰੀ ਹਸਤੀ ਐਸੀ ਹੈ ਜਿਸ ਤਕ ਪਹੁੰਚਿਆ ਨਾ ਜਾ ਸਕੇ ਅਤੇ ਤੇਰਾ ਦਰਸ਼ਨ ਵੀ ਅਦੁਤੀ ਹੈ; ਤੇਰੇ ਵਰਗਾ ਹੋਰ ਕੋਈ ਨਹੀ ਹੈ। ਹੇ ਪ੍ਰਭੂ ਜੀ, ਮੈਂ ਤੇਰੇ ਉਨ੍ਹਾਂ ਪਿਆਰੇ ਸੇਵਕਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੂੰ ਪਿਤਾ ਜੀਓ ਤੇਰਾ ਨਾਮ ਪਿਆਰਾ ਲੱਗਦਾ ਹੈ। ਹੇ ਪਿਤਾ ਜੀ, ਮੈਨੂੰ ਵੀ ਆਪਣੇ ਨਾਮ ਦੀ ਦਾਤ ਦੇਹ, ਇਹ ਮੇਰੀ ਬੇਨਤੀ ਹੈ।

ਸਭੇ ਇਛਾ ਪੂਰੀਆ  
ਜਾ ਪਾਇਆ ਅਗਮ ਅਪਾਰਾ॥  
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ  
ਤੇਰਿਆ ਚਰਣਾ ਕਉ ਬਲਿਹਾਰਾ॥

ਗੁਰਦੇਵ ਜੀ ਆਖਦੇ ਹਨ, ਹੇ ਪਹੁੰਚ ਤੋਂ ਦੂਰ ਅਪਹੁੰਚ ਪ੍ਰਭੂ ਜੀਓ, ਹੇ ਬੇਅੰਤ ਬੇਅੰਤ ਪ੍ਰਭੂ ਜੀਓ, ਜਦੋਂ ਕਿਸੇ ਵਡਭਾਗੇ ਜੀਵ ਨੂੰ ਤੂੰ ਮਿਲ ਪੈਂਦਾ ਹੈ ਤਾਂ ਉਸ ਦੀਆਂ ਸੱਭੇ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ, ਉਸ ਨੂੰ ਕੋਈ ਭੁਝ ਨਹੀਂ ਰਹਿ ਜਾਂਦੀ ਅਤੇ ਉਸ ਦੀ ਸਾਰੀ ਤ੍ਰਿਸ਼ਨਾ ਮੁੱਕ ਜਾਂਦੀ ਹੈ। ਹੇ ਮਿਹਰਬਾਨ ਪਿਤਾ ਜੀ, ਮੈਂ ਤੇਰੇ ਚਰਨਾਂ ਤੋਂ ਸਦਕੇ ਜਾਂਦਾ ਹਾਂ। ਹੇ ਭਾਈ ਜਿਸ ਮਨੁੱਖ ਨੂੰ ਗੁਰੂ ਨਾਨਕ ਮਿਲ ਪਿਆ, ਉਸ ਨੂੰ ਪਾਰਬ੍ਰਹਮ ਪਰਮੇਸ਼ਰ ਹੀ ਮਿਲ ਪਿਆ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ  
ਫੋਨ: 916-687-3536

# ਮਾਨਵੀ ਮੁੱਲਾਂ ਦੇ ਪਹਿਰੇਦਾਰ ਸਨ-ਗੁਰੂ ਗੋਬਿੰਦ ਸਿੰਘ

**ਗੁਰਪੁਰਬ 'ਤੇ ਵਿਸ਼ੇਸ਼**

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਹੁਮੁਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਵਰਗਾ ਬਹੁਮੁਖੀ ਪ੍ਰਤਿਭਾ ਨਾਲ ਸ਼ਿੰਗਾਰਿਆ ਵਿਅਕਤੀਤਵ ਭਾਰਤੀ ਇਤਿਹਾਸ 'ਚ ਤਾਂ ਕੀ, ਸਮੁੱਚੇ ਵਿਸ਼ਵ-ਇਤਿਹਾਸ 'ਚ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਗੁਰੂ ਦਸਮੇਸ਼ ਸੰਤ-ਸਿਪਾਹੀ, ਮਹਾਨ ਕ੍ਰਾਂਤੀਕਾਰੀ, ਰਾਸ਼ਟਰ ਨਾਇਕ, ਸਾਹਿਤ ਪ੍ਰੇਮੀ,

ਡਾ. ਇੰਦਰ ਸਿੰਘ ਚਿਨਾਰਥਲ

ਅਨੇਕਾਂ ਭਾਸ਼ਾਵਾਂ ਦੇ ਵਿਦਵਾਨ, ਉੱਚ-ਕੋਟੀ ਦੇ ਕਵੀ, ਵਿਦਵਾਨਾਂ ਅਤੇ ਕਵੀਆਂ ਦੇ ਕਦਰਦਾਨ, ਮਹਾਨ ਚਿੰਤਕ ਤੇ ਦਾਰਸ਼ਨਿਕ, ਬਾਦਸ਼ਾਹ, ਦਰਵੇਸ਼, ਆਪੇ ਗੁਰ ਚੇਲਾ, ਲੋਕਤਾਂਤਰਿਕ ਪ੍ਰਣਾਲੀ ਦੇ ਵਾਸਤਵਿਕ ਜਨਮ-ਦਾਤਾ, ਸ਼ਹੀਦ ਪਿਤਾ ਦੇ ਸ਼ਹੀਦ ਪੁੱਤਰ, ਸ਼ਹੀਦ ਪੁੱਤਰਾਂ ਦੇ ਦਲੇਰ ਪਿਤਾ, ਖਾਲਸਾ ਪੰਥ ਦੇ ਬਾਨੀ, ਸਰਬੰਸਦਾਨੀ, ਆਦਰਸ਼ ਮਾਨਵ, ਮਾਨਵਤਾ ਦੇ ਰੱਖਿਅਕ, ਸਭ ਕੁਝ ਸਨ। ਲੇਕਿਨ ਮੇਰੀ ਦ੍ਰਿਸ਼ਟੀ 'ਚ ਸਭ ਤੋਂ ਪਹਿਲਾਂ ਉਹ ਸੰਤ-ਸਿਪਾਹੀ ਅਤੇ ਮਾਨਵਤਾ ਦੇ ਅਲੰਬਰਦਾਰ ਹਨ।

ਧਰਮ ਅਤੇ ਮਨੁੱਖਤਾ ਦੀ ਰੱਖਿਆ ਹਿੱਤ ਹੀ ਉਨ੍ਹਾਂ ਨੇ ਆਪਣੇ ਪਿਤਾ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ, ਪੂਜਨੀਕ ਮਾਤਾ ਗੁਜਰੀ ਜੀ, ਚਹੁੰ ਸਪੁੱਤਰਾਂ ਅਤੇ ਸੰਪੂਰਨ ਵੰਸ਼ ਨੂੰ ਕੁਰਬਾਨ ਕਰ ਦਿੱਤਾ। ਅੰਤ 'ਚ ਆਪਣੇ ਪ੍ਰਾਣਾਂ ਦੀ ਆਹੂਤੀ ਵੀ ਇਸੇ ਮਾਨਵ-ਯੱਗ 'ਚ ਦੇ ਦਿੱਤੀ। ਧਰਮ ਅਤੇ ਮਨੁੱਖਤਾ ਦਾ ਅਜਿਹਾ ਬੇਜੋੜ ਉਪਾਸ਼ਕ ਸਮੁੱਚੇ ਵਿਸ਼ਵ-ਇਤਿਹਾਸ 'ਚ ਨਾ ਤਾਂ ਅੱਜ ਤੱਕ ਪੈਦਾ ਹੋਇਆ ਹੈ ਅਤੇ ਨਾ ਹੀ ਸ਼ਾਇਦ ਕਦੇ ਪੈਦਾ ਹੋਵੇਗਾ। ਧਰਮ ਅਤੇ ਮਾਨਵ ਮਾਤਰ ਦੀ ਰੱਖਿਆ ਲਈ ਹੀ 'ਅਕਾਲ ਪੁਰਖ' ਨੇ ਉਨ੍ਹਾਂ ਨੂੰ ਇਸ ਪ੍ਰਿਥਵੀ 'ਤੇ ਭੇਜਿਆ ਸੀ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਯਨਿ ਪਕਰਿ ਪਛਾਰੋ॥42॥
*(ਦਸਮ ਗ੍ਰੰਥ, ਅਧਿਆਏ ਛੇਵਾਂ)*

ਦਸਮੇਸ਼ ਪਿਤਾ ਦੇ ਸਮੇਂ ਜਾਤ-ਪਾਤ ਅਤੇ ਧਾਰਮਿਕ ਵਿਤਕਰੇ ਕਾਰਨ ਭਾਰਤੀ ਸਮਾਜ ਖੰਡਿਤ ਹੋ ਚੁਕਾ ਸੀ। ਜਾਤ-ਪ੍ਰਥਾ ਨੇ ਭਿਆਨਕ ਰੂਪ ਧਾਰਨ ਕਰ ਲਿਆ ਸੀ। ਧਰਮ ਅਤੇ ਜਾਤ-ਪਾਤ ਦੇ ਭੇਦ-ਭਾਵ ਨੂੰ ਜੜੋਂ ਖਤਮ ਕਰਨ ਲਈ ਗੁਰੂ ਜੀ ਨੇ ਇਕ ਨਿਵੇਕਲੇ ਤੇ ਨਵੇਂ ਧਾਰਮਿਕ ਸੰਗਠਨ ਨੂੰ ਸਥਾਪਤ ਕਰਨ ਦਾ ਦ੍ਰਿੜ੍ਹ ਨਿਸ਼ਚੈ ਕੀਤਾ:

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਿਨ॥43॥
*(ਦਸਮ ਗ੍ਰੰਥ, ਅਧਿਆਏ ਛੇਵਾਂ)*

ਗੁਰਦੇਵ ਮਾਨਵਤਾਵਾਦੀ ਸਿਧਾਂਤਾਂ ਦੇ ਪੱਕੇ ਸਮਰਥਕ ਸਨ। ਉਨ੍ਹਾਂ ਨੇ ਕਦੇ ਵੀ ਜਾਤ, ਧਰਮ, ਰੰਗ, ਲਿੰਗ ਆਦਿ ਦੇ ਆਧਾਰ 'ਤੇ ਮਨੁੱਖ-ਮਨੁੱਖ ਵਿਚ ਅੰਤਰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਏਕਤਾ ਦੇ ਸੂਤਰ 'ਚ ਪਰੋਣ ਦਾ ਅਦੁੱਤੀ ਅਤੇ ਮਹਾਨ ਕਾਰਜ ਕੀਤਾ। ਸੰਨ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਸਿਰਜਣਾ ਕਰਨ ਸਮੇਂ ਉਨ੍ਹਾਂ ਨੇ 'ਪੰਜ ਪਿਆਰਿਆਂ' ਵਿਚ ਭਿੰਨ ਭਿੰਨ ਜਾਤਾਂ ਨੂੰ ਇਥੋਂ ਤੱਕ ਕਿ ਅਖੌਤੀ ਸੂਦਰ ਲੋਕਾਂ ਨੂੰ ਵੀ, ਸ਼ਾਮਿਲ ਕੀਤਾ। ਭਾਈ ਦਇਆ ਸਿੰਘ ਲਾਹੌਰ ਦਾ ਖੱਤਰੀ, ਭਾਈ ਧਰਮ ਸਿੰਘ ਦਿੱਲੀ ਦਾ ਜੱਟ, ਭਾਈ ਮੋਹਕਮ ਸਿੰਘ ਦਵਾਰਕਾਪੁਰੀ ਦਾ ਧੋਬੀ, ਭਾਈ ਸਾਹਿਬ ਸਿੰਘ ਦੱਖਣੀ ਭਾਰਤ ਦੇ ਬਿਦਰ ਦਾ ਨਾਈ ਅਤੇ ਭਾਈ ਹਿੰਮਤ ਸਿੰਘ ਜਗਨਨਾਥ ਪੁਰੀ ਦਾ ਝਿਊਰ ਸੀ। ਇਹ ਪੰਜੇ ਸਿੰਘ ਜਿਥੇ ਸਮਾਜ ਦੀਆਂ ਭਿੰਨ ਭਿੰਨ ਜਾਤਾਂ ਦੇ ਪ੍ਰਤਿਨਿਧ ਸਨ, ਉਥੇ ਭਿੰਨ ਭਿੰਨ ਖੇਤਰਾਂ ਦੀ ਨੁਮਾਇੰਦਗੀ ਵੀ ਕਰਦੇ ਸਨ। ਪੰਜਾਂ ਪਿਆਰਿਆਂ ਨੂੰ ਇਕੋ ਹੀ ਬਾਟੇ ਤੋਂ ਅੰਮ੍ਰਿਤ ਛਕਾ ਕੇ ਉਚ-ਨੀਚ ਅਤੇ ਇਲਾਕਿਆਂ ਦਾ ਭੇਦ-ਭਾਵ ਮਿਟਾ ਕੇ ਦਸਮ ਪਾਤਸ਼ਾਹ ਨੇ ਲਿਤਾੜੀ ਤੇ ਨਿਮਾਣੀ ਕੌਮ ਦੇ ਲੋਕਾਂ 'ਚ ਅਜਿਹੀ ਸ਼ਕਤੀ ਦਾ ਸੰਚਾਰ ਕੀਤਾ ਕਿ ਉਹ ਗਿੱਦੜਾਂ ਤੋਂ ਸ਼ੇਰ ਬਣ, ਸਵਾ ਸਵਾ ਲੱਖ ਜ਼ਾਲਮਾਂ ਨਾਲ ਇਕੱਲੇ ਇਕੱਲੇ ਟੱਕਰ ਲੈਣ ਦੇ ਸਮਰੱਥ ਬਣ ਗਏ। ਅੰਮ੍ਰਿਤ ਛਕਾਉਣ ਦਾ ਮੁੱਖ ਉਦੇਸ਼ ਵਿਅਕਤੀ ਨੂੰ ਨਿਰਭੈ ਅਤੇ ਨਿਡਰ ਬਣਾਉਣ ਦਾ ਸੀ ਤਾਂ ਕਿ ਉਹ ਭੈ-ਮੁਕਤ ਹੋ ਕੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸੰਘਰਸ਼ ਕਰ ਸਕੇ। ਕਿਸੇ ਤੋਂ ਡਰਨਾ ਵੀ ਪਾਪ ਹੈ ਅਤੇ ਕਿਸੇ ਨੂੰ ਡਰਾਉਣਾ ਵੀ। ਦਸਮ ਪਿਤਾ ਦੇ ਸਨਮੁਖ ਨੌਵੇਂ ਪਾਤਸ਼ਾਹ ਦਾ ਇਹ ਸੰਦੇਸ਼ ਸੀ, ''ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।''

ਕਲਗੀਧਰ ਪਿਤਾ ਨੇ ਖਾਲਸਾ ਪੰਥ ਦੀ ਸ਼ਕਤੀ ਦੇ ਸਹਾਰੇ ਸ਼ਕਤੀਸ਼ਾਲੀ ਅਤਿਆਚਾਰੀ ਅਤੇ ਅਨਿਆਈ ਮੁਗਲ ਸ਼ਾਸਨ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਪੰਜਾਬ ਦੇ ਧਾਰਮਿਕ ਅਤੇ ਭਗਤੀ-ਭਾਵਨਾ ਰੱਖਣ ਵਾਲੇ ਵਿਸ਼ਾਲ ਜਨ-ਸਮੂਹ ਨੂੰ ਗੁਰੂ ਜੀ ਨੇ ਸੂਰਬੀਰ ਦਲ 'ਚ ਬਦਲ ਦਿੱਤਾ। ਹੁਣ ਉਹ ਭਗਤ ਵੀ ਸਨ ਅਤੇ ਸਿਪਾਹੀ ਵੀ। ਅਖੌਤੀ ਨੀਚਾਂ, ਕਾਇਰਾਂ ਅਤੇ ਬਲਹੀਨਾਂ ਦਾ ਸਵੈਮਾਨ ਜਾਗ੍ਰਿਤ ਕਰਕੇ ਉਨ੍ਹਾਂ ਨੂੰ ਮਹਾਨ ਰਾਸ਼ਟਰ ਨਾਇਕ ਗੁਰਦੇਵ ਨੇ ਅਹਿਸਾਸ ਕਰਵਾਇਆ ਕਿ ਉਹ ਸ਼ਕਤੀ-ਵਿਹੂਣੇ ਨਹੀਂ ਹਨ, ਉਹ ਤਾਂ 'ਸ਼ੇਰ' ਹਨ ਪਰ ਆਪਣੀ ਸ਼ਕਤੀ ਦਾ ਅਹਿਸਾਸ ਨਹੀਂ। ਸੰਤ-ਸਿਪਾਹੀ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਆਪਣੇ ਅੰਦਰ ਦੀ ਸ਼ਕਤੀ ਨੂੰ ਪਹਿਚਾਨਣ ਦੀ ਲੋੜ ਹੈ। ਬਲਵਾਨ ਅਤੇ ਹਿੰਮਤੀ ਬੰਦਾ ਆਪਣੇ ਅਧਿਕਾਰ ਪ੍ਰਾਪਤ ਕਰ ਸਕਦਾ ਹੈ, ਕਾਇਰ ਨਹੀਂ:

ਕੋਊ ਕਿਸੀ ਕੋ ਰਾਜ ਨ ਦੇ ਹੈਂ।
ਜੋ ਲੇ ਹੈਂ ਨਿਜ ਬਲ ਸਿਊ ਲੇ ਹੈਂ।

ਇਸੇ ਕਾਰਨ ਗੁਰੂ ਜੀ ਨੇ ਆਪਣੇ ਸਭ ਸਿੱਖਾਂ ਨੂੰ ਆਪਣੇ ਨਾਂ ਨਾਲ 'ਸਿੰਘ' ਜੋੜਨ ਦਾ ਆਦੇਸ਼ ਦਿੱਤਾ। ਦਸਮੇਸ਼ ਪਿਤਾ ਨੇ ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਦੀ ਉੱਚੀ ਪਹਾੜੀ 'ਤੇ ਚੜ੍ਹ ਕੇ ਆਪਣੇ ਸੰਕਲਪ ਨੂੰ ਪੂਰੀ ਤਰ੍ਹਾਂ ਕ੍ਰਿਆਤਮਕ ਰੂਪ ਦਿੰਦਿਆਂ ਫੁਰਮਾਇਆ:

ਭੇਡੋਂ ਕੋ ਮੈਂ ਸ਼ੇਰ ਬਨਾਊਂ।
ਰੰਕਨ ਕੋ ਮੈਂ ਰਾਓ ਬਨਾਊਂ।
ਚਿੜੀਓਂ ਸੇ ਮੈਂ ਬਾਜ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਵਿਸ਼ਵ-ਇਤਿਹਾਸ ਦੇ ਲਾਸਾਨੀ ਯੋਧਾ ਹੁੰਦੇ ਹੋਏ ਵੀ ਗੁਰੂ ਜੀ ਨੇ ਆਪਣੇ ਨਿਮਰ-ਸੁਭਾਅ ਦੇ ਅਨੁਰੂਪ ਆਪਣੀ ਸ਼ਕਤੀ ਨੂੰ ਮਹੱਤਵ ਨਾ ਦਿੰਦਿਆਂ ਜਮਹੂਰੀ ਪ੍ਰਣਾਲੀ ਅਨੁਸਾਰ ਖਾਲਸੇ ਦੀ ਸ਼ਕਤੀ (ਜਨ ਸ਼ਕਤੀ) ਨੂੰ ਹੀ ਆਪਣੀ ਸ਼ਕਤੀ ਮੰਨਿਆ:

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀ ਮੋ ਸੇ ਗਰੀਬ ਕਰੋਰ ਪਰੇ॥
*(ਦਸਮ ਗ੍ਰੰਥ, ਪੰਨਾ 716)*

ਏਨਾ ਹੀ ਨਹੀਂ, ਸਗੋਂ ਖਾਲਸਾ ਪੰਥ ਨੂੰ ਤਾਂ ਉਨ੍ਹਾਂ ਆਪਣੇ 'ਪ੍ਰਾਣਾਂ ਦੇ ਪ੍ਰਾਣ' ਆਖਿਆ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇਂ ਹਉ ਕਰਉਂ ਨਿਵਾਸ॥....
ਖਾਲਸਾ ਮੇਰੋ ਪਿੰਡ ਪ੍ਰਾਨ।
ਖਾਲਸਾ ਮੇਰੀ ਜਾਨ ਕੀ ਜਾਨ॥5॥
*(ਸਰਬ ਲੋਹ ਗ੍ਰੰਥ)*

ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਨਾਲ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਉਨ੍ਹਾਂ ਦੀ ਜਾਤ-ਪਾਤ ਸਮਾਪਤ ਕਰ ਦਿੱਤੀ। ਪੰਜ ਪਿਆਰੇ ਹੁਣ ਗੁਰੂ ਜੀ ਦਾ 'ਖਾਲਸਾ' ਬਣ ਗਏ। ਮਗਰੋਂ ਪੰਜਾਂ ਪਿਆਰਿਆਂ ਹੱਥੋਂ ਗੁਰੂ ਜੀ ਨੇ ਖੁਦ ਅੰਮ੍ਰਿਤ ਛਕਿਆ। ਇਸ ਭਾਂਤ ਗੁਰੂ ਅਤੇ ਪੰਜ ਪਿਆਰੇ ਇਕ ਦੂਜੇ 'ਚ ਅਭੇਦ ਹੋ ਗਏ:

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

ਕਲਗੀਧਰ ਦੇ ਚਾਰੇ ਪੁੱਤਰ ਧਰਮ ਦੀ ਰੱਖਿਆ ਹਿਤ ਸ਼ਹੀਦ ਹੋਏ। ਵੱਡੇ ਦੋਵੇਂ ਬੇਟੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋ ਗਏ। ਛੋਟੇ ਦੋਵੇਂ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਸਰਹਿੰਦ ਦੀ ਦੀਵਾਰ 'ਚ ਜ਼ਿੰਦਾ ਹੀ ਚਿਣਵਾ ਦਿੱਤੇ ਗਏ। ਮਾਤਾ ਜੀਤੋ ਜੀ ਨੇ ਜਦੋਂ ਪੁੱਤਰਾਂ ਦੇ ਵਿਛੋੜੇ ਤੋਂ ਵਿਆਕੁਲ ਹੋ ਕੇ ਪ੍ਰਸ਼ਨ ਕੀਤਾ ਕਿ ਮੇਰੇ ਲਾਲ ਕਿਥੇ ਹਨ? ਤਾਂ ਉਨ੍ਹਾਂ ਨੇ ਜੋ ਲਾਮਿਸਾਲ ਉੱਤਰ ਦਿੱਤਾ, ਵੈਸਾ ਉੱਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। ਖਾਲਸਾ ਪੰਥ ਵਲ ਸੰਕੇਤ ਕਰਦਿਆਂ ਗੁਰਦੇਵ ਨੇ ਖਿੜੇ ਮੱਥੇ ਫੁਰਮਾਇਆ:

ਇਨ ਪੁਤਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਯਾ
ਜੀਵਤ ਕਈ ਹਜ਼ਾਰ।

ਅਜਿਹੇ ਲਾਸਾਨੀ ਬਲੀਦਾਨੀ ਗੁਰੂ ਜੀ ਨੂੰ ਯਸ਼-ਪ੍ਰਾਪਤੀ ਦਾ ਜ਼ਰਾ ਵੀ ਮੋਹ ਨਹੀਂ ਸੀ। ਸਰਬ-ਸ਼ਕਤੀਵਾਨ ਹੁੰਦੇ ਹੋਏ ਵੀ ਗੁਰੂ ਜੀ ਨੇ ਖੁਦ ਨੂੰ 'ਪ੍ਰਭੂ ਦਾ ਦਾਸ' ਹੀ ਸਵੀਕਾਰ ਕੀਤਾ ਹੈ ਅਤੇ ਉਨ੍ਹਾਂ ਨੂੰ 'ਪਰਮੇਸ਼ਵਰ' ਕਹਿਣ ਤੋਂ ਆਪਣੇ ਸਿੱਖਾਂ ਨੂੰ ਸਖ਼ਤੀ ਨਾਲ ਵਰਜਿਤ ਕੀਤਾ ਹੈ, ਇਸ ਤੋਂ ਵਧ ਹਲੀਮੀ ਹੋਰ ਕੀ ਹੋ ਸਕਦੀ ਹੈ?

ਜੋ ਹਮ ਕੋ ਪਰਮੇਸਰ ਉਚਰਿਹੈਂ॥
ਤੇ ਸਭ ਨਰਕਿ ਕੁੰਡ ਮਹਿ ਪਰਿਹੈਂ॥
ਮੋ ਕੌ ਦਾਸੁ ਤਵਨ ਕਾ ਜਾਨੋ॥
ਯਾ ਮੈ ਭੇਦੁ ਨ ਰੰਚ ਪਛਾਨੋ॥32॥
ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨਿ ਆਯੋ ਜਗਤ ਤਮਾਸਾ॥
*(ਦਸਮ ਗ੍ਰੰਥ, ਬਚਿਤ੍ਰ ਨਾਟਕ, ਪੰਨਾ 57)*



ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਅਨਿਆਂ, ਅਤਿਆਚਾਰ ਅਤੇ ਅਮਾਨਵੀ ਕੰਮਾਂ ਦੇ ਖਿਲਾਫ ਸੀ। ਜ਼ਾਲਮ ਕੋਈ ਵੀ (ਹਿੰਦੂ ਜਾਂ ਮੁਸਲਮਾਨ) ਹੋਵੇ, ਗੁਰੂ ਜੀ ਨੇ ਉਸ ਨੂੰ ਸਬਕ ਸਿਖਾਇਆ। ਕੁਝ ਨਾਸਮਝ ਲੋਕ ਗੁਰੂ ਜੀ ਨੂੰ ਮੁਸਲਮਾਨਾਂ ਦੇ ਵਿਰੋਧੀ ਕਹਿਣ ਦੀ ਬੱਜਰ ਗਲਤੀ ਕਰ ਬੈਠਦੇ ਹਨ। ਉਹ ਭੁੱਲ ਜਾਂਦੇ ਹਨ ਕਿ ਨਬੀ ਖਾਂ, ਗਨੀ ਖਾਂ ਆਦਿ ਅਨੇਕ ਹੀ ਮੁਸਲਮਾਨ ਗੁਰੂ ਜੀ ਦੇ ਸੱਚੇ ਸ਼ਰਧਾਲੂ ਸਨ। ਗੁਰੂ ਜੀ ਤਾਂ ਹਿੰਦੂ-ਮੁਸਲਮਾਨ 'ਚ ਕੋਈ ਫਰਕ ਹੀ ਨਹੀਂ ਸਨ ਸਮਝਦੇ, ਕਿਉਂਕਿ ਉਨ੍ਹਾਂ ਅਨੁਸਾਰ ਸਾਰੇ ਮਨੁੱਖ ਇਕੋ ਪਰਮਾਤਮਾ ਦੀ ਸੰਤਾਨ ਹਨ। ਉਹ ਤਾਂ ਇਨਸਾਨ ਮਾਤਰ ਨੂੰ ਹੀ ਪਿਆਰ ਕਰਦੇ ਸਨ ਪਰ ਉਹ ਇਨਸਾਨ ਸੱਚਾ-ਸੁੱਚਾ ਹੋਵੇ। ਗੁਰਦੇਵ ਵਿਸ਼ਵ ਦੀ ਸਮੁੱਚੀ ਮਨੁੱਖਤਾ ਵਿਚ ਸਰਬ ਸਾਂਝੀਵਾਲਤਾ ਦੀ ਭਾਵਨਾ ਵੇਖਣ ਦੇ ਚਾਹਵਾਨ ਸਨ:

ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸ਼ਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥
ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥
*(ਅਕਾਲ ਉਸਤਤ)*

ਇਹ ਇਕ ਅਟੱਲ ਸੱਚਾਈ ਹੈ ਕਿ ਦਸਮੇਸ਼ ਪਿਤਾ ਜੀ ਦੇ ਯੁੱਧ ਕਿਸੇ ਧਰਮ ਜਾਂ ਜਾਤ ਦੇ ਖਿਲਾਫ ਨਾ ਹੋ ਕੇ ਧਰਮ-ਰੱਖਿਆ ਹਿਤ 'ਧਰਮ-ਯੁੱਧ' ਹੀ ਸਨ:

ਅਵਰ ਵਾਸਨਾ ਨਾਹਿ ਪ੍ਰਭ
ਧਰਮ ਜੁਧ ਕੇ ਚਾਇ॥ (ਕ੍ਰਿਸ਼ਨਾਵਤਾਰ)

ਯੁੱਧ ਕਿਸੇ ਰਾਜ-ਭਾਗ ਲਈ ਨਹੀਂ, ਸਗੋਂ ਕੇਵਲ ਸ਼ੁਭ-ਕਰਮਾਂ ਲਈ ਹੀ ਲੜੇ ਗਏ। ਇਸੇ ਲਈ ਤਾਂ ਗੁਰੂ ਜੀ ਪਰਮਾਤਮਾ ਪਾਸੋਂ ਵਰਦਾਨ ਮੰਗਦੇ ਹਨ:

ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰ ਸਿਖ ਹੋ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮਹਿ ਤਬ ਜੂਝ ਮਰੋਂ॥
*(ਚੰਡੀ ਚਰਿਤ੍ਰ)*

ਗੁਰੂ ਜੀ ਦੇ ਸਮੇਂ ਜਗਤ-ਜਨਨੀ ਨਾਰੀ ਦੀ ਦਸ਼ਾ ਅਤਿਅੰਤ ਤਰਸਯੋਗ ਸੀ। ਉਸ ਨੂੰ ਸਮਾਜ ਵਿਚ ਕੋਈ ਸਨਮਾਨਜਨਕ ਰੁਤਬਾ ਤਾਂ ਕੀ ਪ੍ਰਾਪਤ ਹੋਣਾ ਸੀ, ਉਹ ਤਾਂ ਮਰਦ ਦੇ ਪੈਰ ਦੀ 'ਜੁੱਤੀ' ਸਮਝੀ ਜਾਂਦੀ ਸੀ। ਉਹ 'ਅਬਲਾ' (ਬਲਹੀਨ) ਸੀ ਪਰ ਮਨੁੱਖੀ ਸਮਾਨਤਾ ਲਿਆਉਣ ਦੇ ਮੰਤਵ ਨਾਲ ਗੁਰੂ ਸਾਹਿਬ ਨੇ ਇਸਤਰੀ ਜਾਤ 'ਚ ਹਿੰਮਤ ਅਤੇ ਬੀਰਤਾ ਦਾ ਸੰਚਾਰ ਕੀਤਾ। ਉਸ ਨੂੰ ਆਪਣੇ ਨਾਂ ਨਾਲ 'ਕੌਰ' ਦਾ ਵਿਸ਼ੇਸ਼ਣ ਲਗਾਉਣ ਦਾ ਹੁਕਮ ਦਿੱਤਾ, ਜਿਸ ਨਾਲ ਉਹ ਆਪਣੇ ਮਾਂ-ਬਾਪ ਦੀ ਲਾਡਲੀ ਸੰਤਾਨ ਸਮਝੀ ਜਾਣ ਲੱਗੀ। 'ਕੌਰ' ਸ਼ਬਦ 'ਕੁੰਵਰ' ਦਾ ਪੰਜਾਬੀ ਰੂਪ ਹੈ। 'ਕੁੰਵਰ' ਬਾਦਸ਼ਾਹ ਦੇ ਲਾਡਲੇ ਪੁੱਤਰ ਨੂੰ ਕਿਹਾ ਜਾਂਦਾ ਸੀ। ਗੁਰਦੇਵ ਨੇ ਨਾਰੀ ਉਸ ਦੇ ਪਿਤਾ ਦਾ ਕੁੰਵਰ ਜਾਂ ਰਾਜਕੁੰਵਰ ਦਰਸਾਇਆ ਹੈ। ਇਸ ਤਰ੍ਹਾਂ ਗੁਰਦੇਵ ਨੇ ਨਾਰੀ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਹ ਹੁਣ 'ਅਬਲਾ' ਨਹੀਂ, ਸਗੋਂ ਬਲਵਾਨ ਹੈ। ਫਲਸਰੂਪ ਮਾਈ ਭਾਗੋ ਵਰਗੀਆਂ ਸਿੱਖ ਬੀਬੀਆਂ ਨੇ ਅਤਿਆਚਾਰ ਦੇ ਖਾਤਮੇ ਲਈ ਚੂੜੀਆਂ ਉਤਾਰ ਕੇ ਹੱਥ 'ਚ ਖੜਗ ਚੁੱਕ ਲਈ ਸੀ। ਦਸਮ ਪਾਤਸ਼ਾਹ ਦੁਆਰਾ ਮਾਤਾ ਸਾਹਿਬ ਕੌਰ ਜੀ ਨੂੰ 'ਖਾਲਸੇ ਦੀ ਮਾਤਾ' ਬਣਾ ਕੇ ਅਮਰ ਕਰਨਾ, ਖਾਲਸਾ ਸਿਰਜਣ ਸਮੇਂ ਅਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਮਾਤਾ ਸੁੰਦਰੀ ਜੀ ਤੋਂ ਬਾਟੇ ਵਿਚ ਪਤਾਸੇ ਪਵਾਉਣ ਦੀਆਂ ਘਟਨਾਵਾਂ ਨਾਰੀ ਜਾਤ ਨੂੰ ਮਹੱਤਵ ਦੇਣ ਵਾਲੀਆਂ ਹਨ। ਗੁਰਦੇਵ ਇਨਸਾਨੀਅਤ ਦੀ ਸਜੀਵ ਮੂਰਤੀ ਸਨ। ਇਕ ਵਾਰ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਆ ਰਹੀ ਸਿੱਖਾਂ ਦੀ ਇਕ ਸ਼ਸਤ੍ਰ ਵਿਹੂਣੀ ਟੋਲੀ ਤੋਂ ਹੁਸ਼ਿਆਰਪੁਰ ਦੇ ਰੰਘੜਾਂ ਨੇ ਦਸਵੰਧ ਅਤੇ ਹੋਰ ਕੀਮਤੀ ਭੇਟਾ ਖੋਹ ਲਈ ਤਾਂ ਪਤਾ ਲੱਗਣ 'ਤੇ ਗੁਰੂ ਜੀ ਨੇ ਰੰਘੜਾਂ ਨੂੰ ਸੋਧਣ ਲਈ ਸ਼ਸਤਰਧਾਰੀ ਸਿੰਘ ਭੇਜੇ। ਰੰਘੜਾਂ ਨੂੰ ਸੋਧਣ ਗਏ ਕੁਝ ਸਿੱਖ ਉਨ੍ਹਾਂ ਦੀ ਇਕ ਲੜਕੀ ਵੀ ਫੜ ਲਿਆਏ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਇਸ ਬੀਬੀ ਨੂੰ ਸਨਮਾਨਪੂਰਵਕ ਵਾਪਸ ਛੱਡ ਕੇ ਆਓ। ਸਿੱਖਾਂ ਨੇ ਅਰਜ਼ ਕੀਤੀ ਕਿ ਚਾਣਕਯ ਨੀਤੀ ਅਨੁਸਾਰ ਦੁਸ਼ਮਣ ਤੋਂ ਹਰ ਤਰ੍ਹਾਂ ਨਾਲ ਬਦਲਾ ਲੈਣ ਦੀ ਆਗਿਆ ਹੈ। ਲੇਕਿਨ ਮਨੁੱਖਤਾ ਦੇ ਅਲੰਬਰਦਾਰ ਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸੋਚ ਨੂੰ ਪੂਰੀ ਤਰ੍ਹਾਂ ਤਿਆਗ ਕੇ ਪਰ-ਨਾਰੀ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ। ਗੁਰਦੇਵ ਨੇ ਆਪਣੇ ਸਿੱਖਾਂ ਨੂੰ ਨਾਰੀ-ਸਨਮਾਨ ਦੀ ਕਿੰਨੀ ਸੁਹਣੀ ਅਤੇ ਨੇਕ ਸਿੱਖਿਆ ਦਿੱਤੀ ਹੈ:

ਨਿਜ ਨਾਰੀ ਕੇ ਸਾਥ ਨੇਹੁ
ਤੁਮ ਨਿੱਤ ਬਢੈਯਹੁ।
ਪਰ ਨਾਰੀ ਕੀ ਸੇਜ
ਭੂਲਿ ਸੁਪਨੇ ਹੂੰ ਨ ਜੈਯਹੁ॥
*(ਦਸਮ ਗ੍ਰੰਥ, ਪੰਨਾ 842)*

ਗੁਰੂ ਜੀ ਆਪਣੀ ਪਤਨੀ ਤੋਂ ਇਲਾਵਾ ਪਰਾਈ ਇਸਤਰੀ ਨੂੰ ਉਮਰ ਅਨੁਸਾਰ ਮਾਂ, ਭੈਣ ਅਤੇ ਧੀ ਸਮਝਣ ਦਾ ਉਪਦੇਸ਼ ਦਿੰਦੇ ਹਨ। ਉਨ੍ਹਾਂ ਅਨੁਸਾਰ ਪਰਾਈ ਇਸਤਰੀ ਵਲ ਮੈਲੀ ਅੱਖ ਰੱਖਣ ਵਾਲਾ ਮਹਾਂ ਪਾਪੀ ਹੈ।

ਇਹ ਸਤਿਗੁਰਾਂ ਦੇ ਉਪਦੇਸ਼ ਦਾ ਹੀ ਫਲ ਹੈ ਕਿ ਸਿੱਖ ਜਗਤ ਵਿਚ ਪਰਾਈ ਧੀ-ਭੈਣ ਅਤੇ ਸਧਾਰਨ ਇਸਤਰੀ ਲਈ ਵੀ 'ਬੀਬੀ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸਤਰੀ ਲਈ ਤੀਵੀਂ, ਔਰਤ ਆਦਿ ਸ਼ਬਦ ਦੀ ਵਰਤੋਂ ਨਹੀਂ ਹੁੰਦੀ, ਸਗੋਂ ਹਰ ਇਸਤਰੀ ਲਈ ਆਦਰ ਸੂਚਕ ਸ਼ਬਦ 'ਬੀਬੀ ਜੀ' ਹੀ ਵਰਤਿਆ ਜਾਂਦਾ ਹੈ।

ਗੁਰੂ ਜੀ ਦੇ ਹਿਰਦੇ ਵਿਚ ਮਨੁੱਖ ਮਾਤਰ ਲਈ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਮਾਨਵਤਾ ਦੇ ਉਹ ਅਜਿਹੇ ਪੁਜਾਰੀ ਸਨ ਕਿ ਜੰਗ ਦੇ ਮੈਦਾਨ 'ਚ ਵੀ ਉਹ ਹਿੰਦੂ-ਮੁਸਲਮਾਨ, ਮਿੱਤਰ, ਸ਼ਤਰੂ ਵਿਚ ਕੋਈ ਅੰਤਰ ਨਹੀਂ ਸਨ ਸਮਝਦੇ। ਉਨ੍ਹਾਂ ਦੇ ਹੇਠ ਲਿਖੇ ਉਪਦੇਸ਼ ਨੂੰ ਧਿਆਨ 'ਚ ਰੱਖ ਕੇ ਹੀ ਭਾਈ ਘਨ੍ਹਈਆ ਜੀ ਯੁੱਧ ਦੇ ਮੈਦਾਨ 'ਚ ਹਿੰਦੂ-ਮੁਸਲਮਾਨ, ਮਿੱਤਰ-ਦੁਸ਼ਮਣ ਸਭ ਨੂੰ ਬਗੈਰ ਕਿਸੇ ਭੇਦ-ਭਾਵ ਦੇ ਜਲ ਪਿਲਾਉਣ ਦੀ ਸੇਵਾ ਕਰਦੇ ਅਤੇ ਜ਼ਖ਼ਮਾਂ 'ਤੇ ਮਲ੍ਹਮ ਪੱਟੀ ਭੀ ਕਰਦੇ ਸਨ:

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥9॥
*(ਤ੍ਵਪ੍ਰਸਾਦਿ ਸਵੱਯੇ)*

ਗੁਰੂ ਜੀ ਦੀ ਇਨਸਾਨੀਅਤ ਅਤੇ ਉਦਾਰਤਾ ਉਸ ਸਮੇਂ ਚਰਮ ਸੀਮਾ 'ਤੇ ਪੁੱਜ ਜਾਂਦੀ ਹੈ, ਜਦੋਂ ਭਾਈ ਦਇਆ ਸਿੰਘ ਨੇ ਚਮਕੌਰ ਦੇ ਜੰਗ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਗੁਰੂ-ਪੁੱਤਰਾਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ-ਦੋਹਾਂ ਦੇ ਮ੍ਰਿਤਕ ਸਰੀਰਾਂ ਨੂੰ ਚਾਦਰ ਨਾਲ ਢੱਕਣ ਦੀ ਆਗਿਆ ਮੰਗੀ ਤਾਂ ਗੁਰਦੇਵ ਨੇ ਸਪੱਸ਼ਟ ਕਿਹਾ, "ਇਨ੍ਹਾਂ ਨੂੰ ਤਾਂ ਹੀ ਢਕਿਆ ਜਾਵੇ, ਜੇ ਸਾਰੇ ਮ੍ਰਿਤਕ ਯੋਧਿਆਂ ਨੂੰ ਢਕਿਆ ਜਾ ਸਕੇ।"

ਸੋ ਆਓ, ਮਾਨਵਤਾ ਤੇ ਪਰਉਪਕਾਰਤਾ ਦੇ ਮਹਾਨ ਅਲੰਬਰਦਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ 'ਤੇ ਚੱਲਣ ਦਾ ਪ੍ਰਣ ਕਰਕੇ, ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰੀਏ!

## ਗੁਜਰੀ ਦਾ ਲਾਲ

ਰਾਜਨ ਕੋ ਰਾਜਾ, ਮਹਾਰਾਜਨ ਕੋ ਮਹਾਰਾਜਾ
ਸ਼ਾਹਿਨ ਕੋ ਸ਼ਾਹਿਨਸ਼ਾਹ, ਭੂਪਨ ਕੋ ਭੂਪ ਹੈ
ਭਥਾ ਔਰ ਕਮਾਨ ਸਜੇ, ਹਾਥ ਕ੍ਰਿਪਾਨ ਸਜੇ
ਯੋਧਾ ਬਲਵਾਨ ਹੈ, ਅਨੂਪ ਹੈ, ਅਜੂਪ ਹੈ।

ਚਰਨੋਂ ਮੇਂ ਜੋੜਾ ਔਰ, ਹੇਠ ਨੀਲਾ ਘੋੜਾ ਔਰ
ਸਾਥ ਤੀਰ ਤੋੜਾ ਯਿਹ, ਗੋਬਿੰਦ ਜੀ ਕਾ ਰੂਪ ਹੈ
ਚਾਲ ਮੇਂ ਭੂਚਾਲ ਹੈ, ਯਿਹ ਗੁਜਰੀ ਕਾ ਲਾਲ ਹੈ
ਬੇ-ਆਸਰੋਂ ਕੀ ਢਾਲ ਯਿਹ ਤੋ ਸਰਗੁਣ ਸਰੂਪ ਹੈ।

ਹਥ ਵਿਚ ਬਾਜ ਸਜੇ, ਸੀਸ ਉਤੇ ਤਾਜ ਸਜੇ
ਗਲੇ ਵਿਚ ਮਾਲਾ ਸਜੇ, ਚਿਹਰੇ ਤੇ ਜਲਾਲ ਹੈ
ਸੰਤ ਤੇ ਸਿਪਾਹੀ ਵੀ ਏ, ਮੰਜ਼ਿਲਾਂ ਦਾ ਰਾਹੀ ਵੀ ਏ
ਠੰਢੀ ਪੁਰਵਾਈ ਅਤੇ ਪੈਰਾਂ 'ਚ ਭੁਚਾਲ ਹੈ

ਜ਼ੁਲਮ ਮਿਟਾਵਣ ਵਾਲਾ, ਜ਼ਾਲਮ ਮੁਕਾਵਣ ਵਾਲਾ
ਸੰਤਾਂ ਨੂੰ ਬਚਾਵਣ ਵਾਲਾ, ਦੀਨਾਂ ਦਾ ਦਿਆਲ ਹੈ
ਤੇਗ ਦਾ ਦੁਲਾਰਾ ਹੈ, ਅਨਾਥਾਂ ਦਾ ਸਹਾਰਾ ਹੈ
ਜਗ ਤੋਂ ਨਿਆਰਾ ਮਾਤਾ ਗੁਜਰੀ ਦਾ ਲਾਲ ਹੈ।

ਕ੍ਰੋਧ ਪ੍ਰਚੰਡ ਕਰੇ, ਵੈਰੀ ਖੰਡ ਖੰਡ ਕਰੇ
ਪਾਪੀਆਂ ਨੂੰ ਦੰਡ ਦੇਵੇ, ਐਸੀ ਤੇਰੀ ਚਾਲ ਹੈ
ਚਿਹਰੇ ਉਤੇ ਨੂਰ ਬੜਾ, ਨੈਣਾਂ 'ਚ ਸਰੂਰ ਬੜਾ
ਤੋੜਦਾ ਗਰੂਰ ਜਦੋਂ, ਬਣ ਜਾਂਦਾ ਕਾਲ ਹੈ
ਬਿਜਲੀ ਕੜਕ ਤੇਰੀ, ਵਜਦੀ ਬੜਕ ਤੇਰੀ
ਸ਼ੇਰ ਜਿਹੀ ਭਬਕ ਝੱਲੀ ਜਾਂਵਦੀ ਨਾ ਝਾਲ ਹੈ
ਸੀਸ ਦਸਤਾਰ ਵੀ ਏ, ਬਾਣੀ ਦਾ ਖੁਮਾਰ ਵੀ ਏ
ਹੱਥ ਤਲਵਾਰ ਮਾਤਾ ਗੁਜਰੀ ਦਾ ਲਾਲ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# 1972 ਦਾ ਮੋਗਾ ਵਿਦਿਆਰਥੀ ਅੰਦੋਲਨ

**ਕਹਾਣੀਆਂ ਦਾ ਕੋਹਿਨੂਰ ਵਰਿਆਮ ਸਿੰਘ ਸੰਧੂ**

**5**

*ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮਝੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ! ਲੇਖ ਦੀ ਪੰਜਵੀਂ ਕਿਸ਼ਤ ਵਿਚ ਉਨ੍ਹਾਂ ਆਪਣੇ ਪਰਿਵਾਰ ਦੇ ਗਰੀਬੀ ਦੇ ਦਿਨਾਂ ਤੋਂ ਲੈ ਕੇ 1972 ਦੇ ਮੋਗਾ ਵਿਦਿਆਰਥੀ ਅੰਦੋਲਨ ਦਾ ਜ਼ਿਕਰ ਕੀਤਾ ਹੈ ਕਿ ਕਿਵੇਂ ਉਨ੍ਹਾਂ ਨੂੰ ਇਸ ਅੰਦੋਲਨ ਵਿਚ ਜੇਲ੍ਹ ਦੀ ਯਾਤਰਾ ਕਰਨੀ ਪਈ। -ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਕਾਲਜ ਜਾਣਾ ਵਰਿਆਮ ਸਿੰਘ ਦੇ ਨਸੀਬਾਂ ਵਿਚ ਨਾ ਹੋਣ ਬਾਰੇ ਮੈਂ ਅਕਸਰ ਸੋਚਦਾਂ ਜੇ ਮੇਰੀ ਇਕ ਭੂਆ ਫਾਜ਼ਿਲਕਾ ਕਾਲਜ ਦੇ ਨੇੜਲੇ ਪਿੰਡ ਕੋਠੇ ਨਾ ਵਿਆਹੀ ਹੁੰਦੀ ਤੇ ਉਨ੍ਹਾਂ ਕੋਲ ਰਹਿ ਕੇ ਮੈਨੂੰ ਅੱਗੇ ਪੜ੍ਹਨ ਦੀ ਸਹੂਲਤ ਨਾ ਮਿਲਦੀ ਤਾਂ ਮੈਂ ਕਿਹੜਾ ਕਿਸੇ ਕਾਲਜ ਦਾ ਮੂੰਹ ਵੇਖ ਸਕਣਾ ਸੀ? ਉਦੋਂ ਕਾਲਜ ਦੀ ਪੜ੍ਹਾਈ ਆਮ ਕਿਸਾਨਾਂ ਦੇ ਬੱਚਿਆਂ ਦੀ ਪਹੁੰਚ ਵਿਚ ਨਹੀਂ ਸੀ। 1956 'ਚ ਜਦੋਂ ਮੈਂ ਕਾਲਜ ਵਿਚ ਪੜ੍ਹਨ ਲੱਗਾ ਤਾਂ ਫਾਜ਼ਿਲਕਾ ਦੇ ਐੱਮ. ਆਰ. ਕਾਲਜ ਵਿਚ ਕੁੱਲ ਤਿੰਨ ਸੌ ਵਿਦਿਆਰਥੀ ਸਨ। ਉਦੋਂ ਫਾਜ਼ਿਲਕਾ ਤੋਂ 53 ਮੀਲ ਦੇ ਘੇਰੇ ਵਿਚ ਕੋਈ ਹੋਰ ਕਾਲਜ ਨਹੀਂ ਸੀ। ਨਾ ਮੁਕਤਸਰ ਸੀ, ਨਾ ਅਬੋਹਰ, ਨਾ ਮਲੋਟ ਤੇ ਜਲਾਲਾਬਾਦ ਤਾਂ ਹੋਣਾ ਹੀ ਕੀ ਸੀ। 53 ਮੀਲ ਦੂਰ ਫ਼ਿਰੋਜ਼ਪੁਰ ਤੇ ਏਦੂੰ ਅੱਗੇ ਫਰੀਦਕੋਟ ਕਾਲਜ ਸਨ। ਫਾਜ਼ਿਲਕਾ ਦੇ ਕਾਲਜ ਵਿਚ ਰੱਜੇ-ਪੁੱਜੇ ਜੱਟਾਂ ਦੇ ਵੀ ਮਸਾਂ ਵੀਹ ਕੁ ਮੁੰਡੇ ਹੀ ਸਨ। ਏਨੀ ਕੁ ਗਿਣਤੀ ਜਾਟਾਂ ਦੀ ਸੀ। ਬਾਕੀ ਬ੍ਰਾਹਮਣ, ਖੱਤਰੀ, ਅਰੋੜੇ, ਬਾਣੀਏ, ਕੰਬੋਅ, ਭਾਪੇ ਅਤੇ ਹੋਰ ਮਹਾਜਨੀ ਜਾਤੀਆਂ ਅਤੇ ਮੁਲਾਜ਼ਮਾਂ ਦੇ ਸਨ।

ਉਚੇਰੀ ਪੜ੍ਹਾਈ ਕਿਸਾਨ ਬੱਚਿਆਂ ਦੇ ਭਾਗਾਂ ਵਿਚ ਨਹੀਂ ਸੀ। ਵਰਿਆਮ ਦੀ ਫਸਟ ਡਿਵੀਜ਼ਨ ਆਖਰ ਜੇ. ਬੀ. ਟੀ. ਕਰਨ ਦੇ ਕੰਮ ਆਈ ਤੇ ਉਹ ਵੀ ਪਿੰਡ ਸਰਹਾਲੀ ਦੇ ਸਕੂਲ ਵਿਚ। ਉਹ ਵਾਲੀਬਾਲ ਦਾ ਤਕੜਾ ਖਿਡਾਰੀ ਹੋਣ ਦੇ ਨਾਲ ਜ਼ਿਲ੍ਹੇ ਦੀਆਂ ਸਕੂਲੀ ਖੇਡਾਂ ਦਾ ਉਚੀ ਛਾਲ ਦਾ ਵੀ ਚੈਂਪੀਅਨ ਸੀ। ਉਸ ਨੂੰ ਖਿਡਾਰੀ ਵਜੋਂ ਸਹੂਲਤਾਂ ਮਿਲਦੀਆਂ ਤਾਂ ਉਹ ਵੀ ਹੋਰਨਾਂ ਖਿਡਾਰੀਆਂ ਵਾਂਗ ਨੈਸ਼ਨਲ ਚੈਂਪੀਅਨ ਤੇ ਪਤਾ ਨਹੀਂ ਹੋਰ ਕਿਥੇ ਤਕ ਦਾ ਚੈਂਪੀਅਨ ਬਣਦਾ। ਪਰ ਪੱਟੀ ਮੇਸ ਕੀਤੀ ਆਰਥਿਕ ਤੰਗੀ ਨੇ। ਵਰਿਆਮ ਨੇ ਮੇਰੀ ਵਾਰਤਕ ਬਾਰੇ ਲਿਖੇ ਲੇਖ ਵਿਚ ਲਿਖਿਆ ਹੈ:

1962-64 ਵਿਚ ਮੈਂ ਸਰਹਾਲੀ ਤੋਂ ਜੇ. ਬੀ. ਟੀ. ਕੀਤੀ ਸੀ। ਉਸ ਸਾਲ ਪੰਜਾਬ ਦੀਆਂ ਸਕੂਲ-ਖੇਡਾਂ ਦੇ ਨਾਲ ਜੇ. ਬੀ. ਟੀ. ਸਕੂਲਾਂ ਦੀਆਂ ਖੇਡਾਂ ਵੀ ਹੋਈਆਂ। ਪਰਵੀਨ ਉਦੋਂ ਸਰਹਾਲੀ ਦੇ ਖਾਲਸਾ ਸਕੂਲ ਵਿਚ ਨੌਂਵੀਂ ਦਾ ਵਿਦਿਆਰਥੀ ਸੀ। ਮੈਂ ਫੁੱਟਬਾਲ ਤੇ ਵਾਲੀਬਾਲ ਦੀ ਟੀਮ ਦਾ ਮੈਂਬਰ ਸਾਂ। ਉਚੀ ਤੇ ਲੰਮੀ ਛਾਲ ਵੀ ਲਾਉਂਦਾ। ਮੈਂ ਉਚੀ ਛਾਲ ਮਾਰਨ ਵਿਚ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ। ਪਰਵੀਨ ਹੈਮਰ ਤੇ ਡਿਸਕਸ ਵਿਚ ਪਹਿਲੇ ਨੰਬਰ 'ਤੇ ਸੀ। ਅਸੀਂ ਜਲੰਧਰ ਡਵੀਜ਼ਨ ਦਾ ਫੁੱਟਬਾਲ ਜਿੱਤ ਗਏ ਤੇ ਮੈਂ ਉਚੀ ਛਾਲ ਵੀ। ਪਰਵੀਨ ਤਾਂ ਰਿਕਾਰਡ ਤੋੜੀ ਜਾਂਦਾ ਸੀ। ਪੰਜਾਬ ਦੀਆਂ ਸਕੂਲ-ਖੇਡਾਂ ਲਈ ਅਸੀਂ ਪਟਿਆਲੇ ਗਏ। ਮੈਂ ਪੰਜਾਬ ਵਿਚੋਂ ਉਚੀ ਛਾਲ ਦੇ ਮੁਕਾਬਲੇ ਵਿਚ ਪਹਿਲੇ ਨੰਬਰ 'ਤੇ ਆ ਗਿਆ। ਅਸੀਂ ਪੰਜਾਬ ਦੇ ਫੁੱਟਬਾਲ ਮੁਕਾਬਲੇ ਵੀ ਜਿੱਤ ਗਏ। ਬੇਸਿਕ ਸਕੂਲਾਂ ਦੀਆਂ ਖੇਡਾਂ ਤਾਂ ਇਥੋਂ ਤੱਕ ਹੀ ਸਨ ਪਰ ਪਰਵੀਨ ਪੌੜੀ ਦਰ ਪੌੜੀ ਚੜ੍ਹਦਾ ਓਸੇ ਸਾਲ ਸਕੂਲ-ਖੇਡਾਂ ਵਿਚ ਆਪਣੇ ਈਵੈਂਟ ਵਿਚ ਨੈਸ਼ਨਲ ਚੈਂਪੀਅਨ ਬਣ ਗਿਆ। ਉਹਦੀਆਂ ਚਾਰੇ ਪਾਸੇ ਧੁੰਮਾਂ ਪੈ ਗਈਆਂ। ਕੁਝ ਸਾਲਾਂ ਵਿਚ ਉਹ ਪੂਰੇ ਦੇਸ਼ ਵਿਚ ਛਾ ਗਿਆ। ਚਾਰੇ ਪਾਸੇ ਉਹਦੀ 'ਬੱਲੇ ਬੱਲੇ' ਹੋ ਰਹੀ ਸੀ। ਉਹ ਜਿੱਤਾਂ ਜਿੱਤਦਾ ਤਾਂ ਸਾਨੂੰ ਲੱਗਦਾ ਸਾਡਾ ਛੋਟਾ ਭਰਾ ਮੋਰਚਾ ਮਾਰ ਕੇ ਆਇਆ ਹੈ। 'ਧਰਤੀ ਧੱਕ' ਬਾਰੇ ਪੜ੍ਹ ਕੇ ਸਾਨੂੰ ਲੱਗਾ ਕੋਚਿੰਗ ਕੈਂਪ ਵਿਚ ਵਿਚਰਦਾ ਸਾਡਾ ਪਰਵੀਨ ਉਹ ਸਾਰੇ ਹਾਸੇ ਠੱਠੇ, ਜਿਹੜੇ ਸਰਵਣ ਸਿੰਘ ਨੇ ਬਿਆਨ ਕੀਤੇ ਸਨ, ਸਾਡੇ ਨਾਲ ਹੀ ਕਰਦਾ ਤੁਰਿਆ ਫਿਰਦਾ ਹੈ। ਪਰਵੀਨ ਘੜੇ ਵਿਚ ਰੂਹਅਫਜ਼ਾ ਦੀ ਬੋਤਲ ਘੋਲ ਕੇ ਘੜੇ ਨੂੰ ਮੂੰਹ ਲਾਈ ਝੀਕ ਲਾ ਕੇ 'ਸ਼ਰਬਤ' ਪੀ ਰਿਹਾ ਸੀ। ਅਥਲੀਟਾਂ ਦੇ ਹੋਟਲ ਵਿਚ ਠਹਿਰਨ ਸਮੇਂ ਸਿੰਕ ਵਿਚ ਪੈਰ ਧੋਂਦਿਆਂ ਪੈਰਾਂ ਦੇ ਭਾਰ ਨਾਲ ਸਿੰਕ ਤੋੜ ਬੈਠਣ ਪਿੱਛੋਂ 'ਪੈਸੇ ਪੈ ਜਾਣ' ਦੇ ਡਰੋਂ ਸਹਿਮਿਆ ਫਿਰਦਾ ਸੀ। ਮੇਰੇ ਲਈ ਵਰਤੇ ਜਾਣ ਵਾਲੇ ਉਪਮਾ-ਅਲੰਕਾਰ ਨਾਲ ਉਹ ਕਿਸੇ ਪਤਲੀਆਂ ਲੱਤਾਂ ਵਾਲੇ ਸਾਥੀ ਅਥਲੀਟ ਦੀ 'ਵਡਿਆਈ' ਕਰ ਰਿਹਾ ਸੀ, "ਲੱਤਾਂ ਵੇਖ! ਜਿਵੇਂ ਝੋਲੇ 'ਚ ਪੰਪ ਪਾਇਆ ਹੁੰਦਾ।" ਜਿਉਂਦਾ-ਜਾਗਦਾ ਪਰਵੀਨ ਕੁਮਾਰ ਕਾਗਜ਼ਾਂ 'ਤੇ ਤੁਰਿਆ ਫਿਰਦਾ ਸੀ। ਬਿਲਕੁਲ ਸਾਡੇ ਨਾਲ-ਨਾਲ, ਸਾਡੇ ਅੰਗ-ਸੰਗ। ਸਰਵਣ ਸਿੰਘ ਨੇ ਉਸ ਬਾਰੇ ਲਿਖ ਕੇ ਸੱਚ ਮੁੱਚ ਉਸ ਨੂੰ ਫੁੰਮਣ ਲਾ ਦਿੱਤੇ ਸਨ। ਜਾਪੇ ਜਿਵੇਂ ਸਰਵਣ ਸਿੰਘ ਨੇ ਇਹ ਆਰਟੀਕਲ ਸਾਡੇ ਬਾਰੇ ਹੀ ਲਿਖਿਆ ਹੋਵੇ, ਉਨ੍ਹਾਂ ਸਾਰਿਆਂ ਬਾਰੇ, ਜਿਨ੍ਹਾਂ ਨਾਲ ਉਹ ਜਲੰਧਰ ਤੇ ਪਟਿਆਲੇ ਰਹਿੰਦਾ ਟੋਟਕੇ ਸੁਣਾ ਸੁਣਾ ਢਿੱਡੀਂ ਪੀੜਾਂ ਪਾਉਂਦਾ ਰਿਹਾ ਸੀ। 'ਸਾਡੇ ਬੰਦੇ' ਬਾਰੇ ਲਿਖਣ ਕਰਕੇ ਸਰਵਣ ਸਿੰਘ 'ਸਾਡਾ ਬੰਦਾ' ਹੀ ਬਣ ਗਿਆ। ਉਹਨੇ ਸਾਨੂੰ ਆਪਣੀ ਲਿਖਤ ਦਾ ਸ਼ੈਦਾਈ ਬਣਾ ਲਿਆ।

ਸਰਵਣ ਸਿੰਘ ਦੀ ਵਾਰਤਕ ਵਿਚ ਵਿਸ਼ੇਸ਼ ਕਿਸਮ ਦੀ ਖਿੱਚ ਤੇ ਅਨੰਦ ਸੀ। ਮੇਰੇ ਲਈ ਇਸ ਖਿੱਚ ਦਾ ਵਿਸ਼ੇਸ਼ ਕਾਰਨ ਸੀ। ਮੇਰੇ ਅੰਦਰ ਵੀ ਸਰਵਣ ਸਿੰਘ ਤੇ ਅਨੇਕ ਹੋਰਨਾਂ ਵਾਂਗ ਇੱਕ ਅਸਫਲ ਜਾਂ ਅਤ੍ਰਿਪਤ ਖਿਡਾਰੀ ਬੈਠਾ ਸੀ। ਮੈਂ ਵੀ ਵੱਡਾ ਖਿਡਾਰੀ ਬਣਨਾ ਚਾਹੁੰਦਾ ਸਾਂ, ਪਰ ਬਣ ਨਾ ਸਕਿਆ। ਸਰਵਣ ਸਿੰਘ ਦੀ ਲਿਖਣ-ਸ਼ੁਰੂਆਤ ਵੇਲੇ ਖੇਡ ਤੋਂ ਵਿਛੜਨ ਦਾ ਦੁੱਖ ਮੇਰੇ ਅੰਦਰ ਅਜੇ ਤਾਜ਼ਾ ਸੀ। ਖੇਡਾਂ ਤੋਂ ਬਾਅਦ ਉਸ ਵੇਲੇ ਉਚੀ ਛਾਲ ਦਾ ਨੈਸ਼ਨਲ ਚੈਂਪੀਅਨ ਅਜੀਤ ਸਿੰਘ ਕੋਚਿੰਗ ਲਈ ਸਰਹਾਲੀ ਆਇਆ। ਮੈਨੂੰ ਕਹਿੰਦਾ, "ਤੂੰ ਸਿੱਧਾ ਟੱਪ ਕੇ ਜਟਕੇ ਢੰਗ ਨਾਲ ਜੰਪ ਲਾਉਂਦੈਂ। ਜੇ ਪੰਜ ਦਸ ਦਿਨ ਦੇ ਅਭਿਆਸ ਨਾਲ ਮੱਛੀ-ਤਾਰੀ ਜੰਪ ਮਾਰਨਾ ਸਿੱਖ ਜਾਏਂ ਤਾਂ ਤੇਰੀ ਜੰਪ ਪੰਜ-ਛੇ ਇੰਚ ਯਕਦਮ ਵਧ ਜਾਊ। ਕੁਝ ਮਹੀਨਿਆਂ ਵਿਚ ਤੂੰ ਕਾਫੀ ਅੱਗੇ ਜਾ ਸਕਦਾ ਏਂ।" ਮੈਂ ਆਖਿਆ, "ਅੱਗੇ ਕਿੱਥੇ ਜਾਣੈਂ? ਜੇ. ਬੀ. ਟੀ. ਕਰ ਕੇ ਪ੍ਰਾਇਮਰੀ ਸਕੂਲ ਵਿਚ ਮਾਸਟਰ ਜਾ ਲੱਗਾਂਗਾ। ਉਸ ਫੀਲਡ ਵਿਚ ਕਿੱਥੇ ਖੇਡ ਮੁਕਾਬਲੇ? ਮੇਰੀ ਖੇਡ ਦਾ ਕੋਈ ਭਵਿੱਖ ਨਹੀਂ।" ਮੈਂ ਉਹਦੇ ਆਖੇ ਨਾ ਲੱਗਾ। ਕੋਚਿੰਗ ਨਾ ਲਈ।


ਪਰ ਖੇਡਾਂ ਨਾਲੋਂ ਟੁੱਟ ਕੇ ਵੀ ਮੈਂ ਖੇਡਾਂ ਨਾਲ ਜੁੜਿਆ ਹੋਇਆ ਸਾਂ। ਆਪਣੇ ਅੰਦਰ ਗਵਾਚੇ ਖਿਡਾਰੀ ਨੂੰ ਮੈਂ ਅਜੇ ਵੀ ਮੈਦਾਨ ਵਿਚ ਜੂਝਦਿਆਂ ਵੇਖਣਾ ਚਾਹੁੰਦਾ ਸਾਂ। ਪਰ ਮੇਰਾ ਮੈਦਾਨ ਕਿੱਥੇ ਸੀ? ਮੁਕਾਬਲਾ ਕਿੱਥੇ ਸੀ? ਸਰਵਣ ਸਿੰਘ ਦੀਆਂ ਲਿਖਤਾਂ ਪੜ੍ਹੀਆਂ ਤਾਂ ਭਖੇ ਹੋਏ ਮੈਦਾਨ ਵਿਚ ਮੈਂ ਜੂੜੇ 'ਤੇ ਚਿੱਟਾ ਰੁਮਾਲ ਬੰਨ੍ਹੀ ਮਿਲਖਾ ਸਿੰਘ ਨਾਲ ਸਾਹੋ ਸਾਹ ਦੌੜਨ ਲੱਗਾ, ਦਿਓ-ਕੱਦ ਪਰਵੀਨ ਕੁਮਾਰ ਨੇ ਹੈਮਰ ਤੇ ਡਿਸਕ ਅਸਮਾਨ ਵੱਲ ਉਛਾਲੀ ਤਾਂ ਨਾਲ ਹੀ ਮੈਂ ਵੀ ਅਸਮਾਨ ਵੱਲ ਉਛਲਿਆ। ਮਹਿੰਦਰ ਗਿੱਲ ਹਿਰਨਾਂ ਵਾਂਗ ਚੁੰਘੀਆਂ ਭਰਦਾ ਤੀਹਰੀ ਛਾਲ ਲਾਉਂਦਾ ਦਿਸਿਆ ਤਾਂ ਮੇਰੇ ਕਦਮ ਪਲ-ਛਿਣ ਵਿਚ ਯੋਜਨਾ ਪੈਂਡਾ ਤੈਅ ਕਰਨ ਲੱਗੇ। ਪ੍ਰਿਥੀਪਾਲ ਦੀ ਹਾਕੀ ਨੇ ਗੋਲਾਂ ਦਾ 'ਠਾਹ' ਫੱਟਾ ਖੜਕਾਇਆ ਤਾਂ ਮੈਂ ਆਪਣੇ ਗੁੱਟ ਦੀ ਤਾਕਤ ਨੂੰ ਚੁੰਮ ਲਿਆ। ਸੁਰਜੀਤ ਦੀਆਂ ਅੱਖਾਂ ਦੀ ਗਹਿਰ ਮੇਰੀਆਂ ਅੱਖਾਂ 'ਚੋਂ ਝਾਕਣ ਲੱਗੀ। ਮੇਰੇ ਮੁੱਕੇ 'ਚ ਮੁਹੰਮਦ ਅਲੀ ਦੇ ਮੁੱਕੇ ਦੀ ਤਾਕਤ ਉਸਲਵੱਟੇ ਲੈਣ ਲੱਗੀ। ਦੌੜਦਿਆਂ ਮੈਂ ਕਾਰਲ ਲੂਈਸ ਨੂੰ ਪਿੱਛੇ ਛੱਡਣ ਲੱਗਾ। ਇਹ 'ਗਵਾਚਾ ਖਿਡਾਰੀ' ਸਰਵਣ ਸਿੰਘ ਦੀਆਂ ਲਿਖਤਾਂ ਵਿਚ ਪੂਰੇ ਤਾਣ ਨਾਲ ਖੇਡਣ ਲੱਗਾ। ਕਿਹੜਾ ਬੰਦਾ ਹੈ, ਜਿਸ ਨੇ ਬਚਪਨ ਜਾਂ ਜਵਾਨੀ ਦੇ ਦਿਨਾਂ ਵਿਚ ਵੱਡਾ ਖਿਡਾਰੀ ਬਣਨ ਦਾ ਸੁਪਨਾ ਨਾ ਲਿਆ ਹੋਵੇ ਜਾਂ ਆਪਣੀ ਹੈਸੀਅਤ ਤੇ ਸਥਿਤੀ ਮੁਤਾਬਕ ਇਸ ਲਈ ਜ਼ੋਰ ਨਾ ਲਾਇਆ ਹੋਵੇ ਜਾਂ ਯਤਨ ਨਾ ਕੀਤੇ ਹੋਣ। ਹਕੀਕਤ ਤੇ ਸੁਪਨੇ ਦਾ ਪਾੜਾ ਸੁਪਨੇ ਦਾ ਦਮ ਤੋੜ ਦਿੰਦਾ ਹੈ। ਸੁਪਨਾ ਧੁਰ ਅਵਚੇਤਨ ਵਿਚ ਕਿਧਰੇ ਸੌਂ ਜਾਂਦਾ। ਸਰਵਣ ਸਿੰਘ ਦੀਆਂ ਲਿਖਤਾਂ ਨੇ ਪਾਠਕ ਦੇ ਮਨਾਂ ਉਤੋਂ ਸਵਾਹ ਪਾਸੇ ਕੀਤੀ ਤੇ ਹਰੇਕ ਬੰਦੇ ਦੇ ਮਨ ਅੰਦਰ ਧੁਰ ਹੇਠਾਂ 'ਗਵਾਚੇ ਖਿਡਾਰੀ' ਦੀ ਧੁਖਦੀ ਰੂਹ ਵਿਚ ਮਤਾਬੀਆਂ ਬਾਲ ਦਿੱਤੀਆਂ। ਉਹ ਮੇਰੇ ਵਰਗੇ ਅਨੇਕਾਂ-ਅਨੇਕ ਅਣਬਣੇ ਖਿਡਾਰੀਆਂ ਦੀਆਂ ਅਤ੍ਰਿਪਤ ਰੀਝਾਂ ਦਾ ਸਿਰਜਣਹਾਰ ਤੇ ਤ੍ਰਿਪਤ-ਕਰਤਾ ਹੋ ਨਿੱਬੜਿਆ।

---

ਵਰਿਆਮ ਦੇ ਪਿਤਾ ਦੀ ਅਧੇੜ ਉਮਰੇ ਅਚਾਨਕ ਮ੍ਰਿਤੂ ਹੋ ਜਾਣ 'ਤੇ ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਵਰਿਆਮ ਸਿਰ ਆਣ ਪਈ। ਉਦੋਂ ਵਰਿਆਮ ਦੀ ਉਮਰ 27 ਸਾਲਾਂ ਦੀ ਸੀ ਅਤੇ ਉਸ ਦਾ ਵਿਆਹ ਨਹੀਂ ਸੀ ਹੋਇਆ। ਉਹ ਦੱਸਦੈ: ਮੇਰੀ ਬਹੁਤੀ ਤਨਖਾਹ ਪਹਿਲਾਂ ਹੀ ਘਰ ਦੇ ਖਰਚਿਆਂ ਵਿਚ ਵਰਤੀ ਜਾਂਦੀ ਸੀ। ਇਨ੍ਹੀਂ ਦਿਨੀਂ ਸਾਡਾ ਬਿਜਲੀ ਦਾ ਟਿਊਬਵੈੱਲ ਲਵਾਉਣ ਦਾ ਕੁਨੈਕਸ਼ਨ ਮਨਜ਼ੂਰ ਹੋ ਗਿਆ। ਪਿਤਾ ਦੇ ਜੀਂਦਿਆਂ ਮੈਂ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਲਟੰਕ ਹੀ ਰਿਹਾ ਸਾਂ। ਨੌਕਰੀ ਮਿਲਣ ਤੋਂ ਬਾਅਦ ਮੇਰਾ ਘਰ ਤੇ ਵਾਹੀ ਦੀਆਂ ਸਰਗਰਮੀਆਂ ਨਾਲ ਸਿੱਧਾ ਸਬੰਧ ਨਹੀਂ ਸੀ ਰਹਿ ਗਿਆ। ਮੈਂ ਜਾਂ ਤਾਂ ਆਪਣੀ ਨੌਕਰੀ ਕਰਦਾ ਜਾਂ ਪੜ੍ਹਦਾ-ਲਿਖਦਾ। ਕਬੀਲਦਾਰੀ ਜਾਣੇ ਤਾਂ ਮੇਰਾ ਮਾਂ-ਪਿਓ ਜਾਣੇ! ਪਰ ਜਦੋਂ ਸਿੰਗਾਂ ਤੋਂ ਸਿਰ 'ਤੇ ਪਈ ਤਾਂ ਨਾਨੀ ਚੇਤੇ ਆਉਣੀ ਹੀ ਸੀ। ਹੁਣ ਨਿਸ਼ਚਿਤ ਸਮੇਂ ਵਿਚ ਬਿਜਲੀ ਬੋਰਡ ਦੇ ਦਫਤਰ 'ਟੈਸਟ ਰਿਪੋਰਟ' ਜਮ੍ਹਾਂ ਕਰਵਾਉਣੀ ਸੀ, ਬਿਜਲੀ ਦੀ ਮੋਟਰ ਖਰੀਦਣੀ ਸੀ, ਪੱਕਾ ਕੋਠਾ ਪਾਉਣਾ ਸੀ ਅਤੇ ਹੋਰ ਉਤਲੇ ਪੁਤਲੇ ਖਰਚੇ ਕਰਨੇ ਸਨ। ਘਰ ਦਾ ਸਾਰਾ ਖਰਚਾ ਵੀ ਤਾਂ ਹੁਣ ਮੈਂ ਹੀ ਜੁਟਾਉਣਾ ਸੀ। ਪਰ ਮੇਰੇ ਕੋਲ ਤਾਂ ਨਵੰਬਰ ਤੋਂ ਅਪ੍ਰੈਲ ਤੱਕ ਕਾਲਜ ਦੇ ਹੋਣ ਵਾਲੇ ਖਰਚੇ ਦਾ ਹੀ ਥੋੜ੍ਹਾ ਬਹੁਤ ਹਿੱਸਾ ਪਿਆ ਸੀ। ਉਸ ਤੋਂ ਬਾਅਦ ਹੀ ਪਹਿਲੀ ਨੌਕਰੀ 'ਤੇ ਹਾਜ਼ਰ ਹੋ ਸਕਣਾ ਸੀ ਅਤੇ ਤਨਖਾਹ ਮਿਲਣੀ ਸੀ।

ਪਿਤਾ ਦੀਆਂ ਅੰਤਿਮ ਰਸਮਾਂ ਨਿਭਾ ਕੇ ਤੇ ਪੜ੍ਹਾਈ ਦੇ ਖਰਚੇ ਲਈ ਆਪਣੇ ਕੋਲ ਬਚਾ ਕੇ ਰੱਖੇ ਪੈਸੇ ਬੀਬੀ ਨੂੰ ਘਰ ਦੇ ਖਰਚ-ਪਾਣੀ ਲਈ ਫੜਾ ਕੇ ਕਾਲਜ ਪਹੁੰਚ ਗਿਆ। ਹੁਣ ਕੀ ਕਰਾਂ? ਨੌਕਰੀ 'ਤੇ ਹਾਜ਼ਰ ਹੋਣ ਤੋਂ ਪਹਿਲਾਂ ਤਨਖਾਹ ਨਹੀਂ ਸੀ ਮਿਲਣੀ ਤੇ ਪੜ੍ਹਾਈ ਵਿਚੇ ਨਹੀਂ ਸਾਂ ਛੱਡ ਸਕਦਾ। ਮੈਂ ਬਹੁਤ ਹੀ ਪ੍ਰੇਸ਼ਾਨੀ ਅਤੇ ਘਬਰਾਹਟ ਦੇ ਆਲਮ ਵਿਚ ਸਾਂ। ਤਦ ਤੱਕ ਕਿਸੇ ਯਾਰ-ਦੋਸਤ ਤੋਂ ਦਸ ਰੁਪਏ ਵੀ ਉਧਾਰ ਨਹੀਂ ਸਨ ਲਏ। ਪੈਸੇ ਲਵਾਂ ਤਾਂ ਕਿੱਥੋਂ ਲਵਾਂ? ਮੰਗਾਂ ਤਾਂ ਕਿਸ ਕੋਲੋਂ? ਮੋਟਰ ਨਾ ਲੱਗੀ ਤਾਂ ਵਾਹੀ ਦਾ ਕੀ ਬਣੂ? ਹਫਤੇ ਵਿਚ ਹੀ ਪਤਾ ਲੱਗ ਗਿਆ ਕਿ ਪਿਓ ਕਿਉਂ ਪ੍ਰੇਸ਼ਾਨ ਰਹਿੰਦਾ ਸੀ? ਕਿਉਂ ਨਸ਼ਾ ਕਰਨ ਲੱਗ ਪਿਆ ਸੀ। ਆਰਥਕ ਤੰਗਦਸਤੀ ਦਾ ਅਹਿਸਾਸ ਤਾਂ ਬਚਪਨ ਤੋਂ ਹੀ ਸੀ ਪਰ ਇਹ ਪਤਾ ਹੁਣ ਹੀ ਲੱਗਾ ਕਿ ਅਜਿਹੀ ਸਥਿਤੀ ਵਿਚ ਪਰਿਵਾਰ ਦਾ ਮੁਖੀ ਬਣ ਕੇ ਘਰ ਦਾ ਗੁਜ਼ਾਰਾ ਚਲਾਉਣਾ ਕਿੰਨਾ ਮੁਸ਼ਕਿਲ ਹੈ?

ਮੇਰੇ ਪਿਤਾ ਨੇ ਸਾਰੀ ਉਮਰ ਨਾ ਕਿਸੇ ਨਾਲ



ਵਰਿਆਮ ਸੰਧੂ

ਲੜਾਈ ਕੀਤੀ, ਨਾ ਕਿਸੇ ਨੂੰ ਉਚਾ ਬੋਲਿਆ, ਨਾ ਕਿਸੇ ਨੂੰ ਮੰਦਾ ਬੋਲਿਆ, ਨਾ ਕਿਸੇ ਨਾਲ ਧੋਖਾ ਕੀਤਾ, ਨਾ ਕਿਸੇ ਦਾ ਹੱਕ ਮਾਰਿਆ। ਸੁੱਚੀ ਰੂਹ ਸੀ, ਪਰ ਵਿਰੋਧੀ ਹਾਲਾਤ ਨੇ ਦੱਬ ਲਈ। ਉਹ ਹਾਲਾਤ ਨਾਲ ਸਿੱਧਾ ਹੋ ਕੇ ਲੜ ਨਾ ਸਕਿਆ। ਪਰ ਇਹ ਵੀ ਸਭ ਕਹਿਣ ਦੀਆਂ ਗੱਲਾਂ ਨੇ। ਖ਼ਬਰੇ ਉਹ ਆਪਣੇ ਅੰਦਰ ਕਿੰਨਾ ਲੜਿਆ ਹੋਵੇਗਾ, ਕਿੰਨੀ ਵਾਰ ਡਿਗਿਆ ਤੇ ਕਿੰਨੀ ਵਾਰ ਉਠਿਆ ਹੋਵੇਗਾ?

ਸਾਰੀਆਂ ਮਾਂਵਾਂ ਦੇ ਜਿਗਰੇ ਹੀ ਸਮੁੰਦਰਾਂ ਵਰਗੇ ਹੁੰਦੇ ਹੋਣਗੇ। ਪਰ ਆਪਣੀ ਮਾਂ ਬਾਰੇ ਇਕ ਗੱਲ ਸੋਚਦਿਆਂ ਅੱਜ ਵੀ ਮੇਰੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਨੇ। ਪਿਓ ਬੀਮਾਰ, ਆਕਸੀਜਨ ਲੱਗੀ ਹੋਈ। ਅਸੀਂ ਕਿਸੇ ਟੈਸਟ ਦੀ ਰਿਪੋਰਟ ਲੈ ਕੇ ਆਏ ਤਾਂ ਪਿਓ ਦੇ ਸਿਰਹਾਣਿਓਂ ਉਠ ਕੇ ਬੀਬੀ ਅੱਗਲਵਾਂਢੀ ਆ ਕੇ ਸਾਨੂੰ ਕਹਿੰਦੀ, "ਤੁਹਾਡੇ ਪਿਓ ਕੋਲ ਮੈਂ ਬੈਠੀ ਹਾਂ, ਠੀਕ ਹੈ ਉਹ। ਤੁਸੀਂ ਰੋਟੀ ਖਾ ਆਓ।" ਰੋਟੀ ਖਾ ਕੇ ਮੁੜੇ ਤਾਂ ਪਤਾ ਲੱਗਾ ਕਿ ਪਿਤਾ ਦੀ ਮੌਤ ਤਾਂ ਪਹਿਲਾਂ ਹੀ ਹੋ ਚੁਕੀ ਸੀ। ਮਾਂ ਤਾਂ ਸਿਰਫ ਇਹ ਚਾਹੁੰਦੀ ਸੀ ਕਿ ਰੋਣ-ਕੁਰਲਾਉਣ ਸ਼ੁਰੂ ਹੋਣ ਤੋਂ ਪਹਿਲਾਂ ਸਵੇਰ ਤੋਂ ਭੁੱਖਣ-ਭਾਣਾ ਉਹਦਾ ਪੁੱਤ ਰੋਟੀ ਖਾ ਲਵੇ।

ਮੇਰੀ ਮਾਂ ਸੱਚਮੁੱਚ ਬੜੀ ਦਲੇਰ ਸੀ। ਖਰੀ ਗੱਲ ਕਰਨੋਂ ਕਦੀ ਨਹੀਂ ਸੀ ਰੁਕਦੀ, ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਤੱਕ ਵੀ ਉਹ ਜਿਉਂਦੀ ਸੀ। ਮੇਰੀਆਂ ਪ੍ਰਾਪਤੀਆਂ 'ਤੇ ਖੁਸ਼ ਵੀ ਹੁੰਦੀ ਪਰ ਜੇ ਕਿਤੇ ਮੇਰੀ ਕੋਈ ਗੱਲ ਉਸ ਨੂੰ ਠੀਕ ਨਾ ਲੱਗਦੀ ਤਾਂ ਅਜੇ ਵੀ ਮੇਰੀ ਖੜਕਾਈ ਕਰ ਦਿੰਦੀ ਸੀ। ਮੇਰੀ ਮੰਗਣੀ ਤੋਂ ਬਾਅਦ ਇਕ ਹੋਰ ਬੀਬੀ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਮੈਨੂੰ ਇਹ 'ਸੌਦਾ' ਤਾਂ ਆਪ ਹੀ ਪਰਵਾਨ ਨਹੀਂ ਸੀ ਪਰ ਬੀਬੀ ਅਜੇ ਤੱਕ ਮੇਰੀ ਪਤਨੀ ਨੂੰ ਮਾਣ ਨਾਲ ਕਹਿੰਦੀ ਸੀ, "ਮੈਂ ਇਹਨੂੰ ਆਖਿਆ, ਬੰਦਾ ਬਣ ਜਾਹ। ਇਸ ਘਰ ਆਊ ਤਾਂ ਰਜਵੰਤ ਈ। ਕੋਈ ਹੋਰ ਆ ਕੇ ਵੇਖੇ ਤਾਂ ਸਹੀ। ਨਾਲੇ ਉਹਦੇ, ਨਾਲੇ ਤੇਰੇ ਗਿੱਟੇ ਨਾ ਛਾਂਗ ਦਿੱਤੇ ਤਾਂ ਮੇਰਾ ਨਾਂ ਵੀ ਜੋਗਿੰਦਰ ਕੌਰ ਨਹੀਂ।" ਸੱਚ ਕਹਿਣ ਦੀ ਦਲੇਰੀ ਤੇ ਬੇਬਾਕੀ ਜਿਹੇ ਗੁਣ-ਲੱਛਣ ਸ਼ਾਇਦ ਮੇਰੇ ਕੋਲ ਬੀਬੀ ਵੱਲੋਂ ਹੀ ਆਏ ਹੋਣ।

**ਮੇਰੀ ਮਾਂ ਸੱਚਮੁੱਚ ਬੜੀ ਦਲੇਰ ਸੀ। ਖਰੀ ਗੱਲ ਕਰਨੋਂ ਕਦੀ ਨਹੀਂ ਸੀ ਰੁਕਦੀ, ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਤੱਕ ਵੀ ਉਹ ਜਿਉਂਦੀ ਸੀ। ਮੇਰੀਆਂ ਪ੍ਰਾਪਤੀਆਂ 'ਤੇ ਖੁਸ਼ ਵੀ ਹੁੰਦੀ ਪਰ ਜੇ ਕਿਤੇ ਮੇਰੀ ਕੋਈ ਗੱਲ ਉਸ ਨੂੰ ਠੀਕ ਨਾ ਲੱਗਦੀ ਤਾਂ ਅਜੇ ਵੀ ਮੇਰੀ ਖੜਕਾਈ ਕਰ ਦਿੰਦੀ ਸੀ। ਮੇਰੀ ਮੰਗਣੀ ਤੋਂ ਬਾਅਦ ਇਕ ਹੋਰ ਬੀਬੀ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਮੈਨੂੰ ਇਹ 'ਸੌਦਾ' ਤਾਂ ਆਪ ਹੀ ਪਰਵਾਨ ਨਹੀਂ ਸੀ ਪਰ ਬੀਬੀ ਅਜੇ ਤੱਕ ਮੇਰੀ ਪਤਨੀ ਨੂੰ ਮਾਣ ਨਾਲ ਕਹਿੰਦੀ ਸੀ, "ਮੈਂ ਇਹਨੂੰ ਆਖਿਆ, ਬੰਦਾ ਬਣ ਜਾਹ। ਇਸ ਘਰ ਆਊ ਤਾਂ ਰਜਵੰਤ ਈ। ਕੋਈ ਹੋਰ ਆ ਕੇ ਵੇਖੇ ਤਾਂ ਸਹੀ। ਨਾਲੇ ਉਹਦੇ, ਨਾਲੇ ਤੇਰੇ ਗਿੱਟੇ ਨਾ ਛਾਂਗ ਦਿੱਤੇ ਤਾਂ ਮੇਰਾ ਨਾਂ ਵੀ ਜੋਗਿੰਦਰ ਕੌਰ ਨਹੀਂ।"**

ਮੁਹੱਬਤ ਨਾਲ ਏਨੀ ਲਬਾ-ਲਬ ਕਿ ਮੇਰੇ ਨਕਸਲੀ ਮਿੱਤਰਾਂ-ਹਰਭਜਨ ਹਲਵਾਰਵੀ, ਅਮਰਜੀਤ ਚੰਦਨ ਤੇ ਗੋਵਿੰਦਰ (ਹੁਣ ਅਜਮੇਰ ਸਿੰਘ) ਤੇ ਹੋਰਨਾਂ ਨੂੰ ਸਕੇ ਪੁੱਤਰਾਂ ਵਰਗਾ ਪਿਆਰ ਦਿੰਦੀ। ਇਹ ਸਾਰੇ ਵੀ ਬੀਬੀ ਨੂੰ ਮਾਂਵਾਂ ਵਰਗਾ ਆਦਰ ਦਿੰਦੇ।

ਕੁਝ ਸਾਲ ਪਹਿਲਾਂ ਬੀਬੀ ਦੇ ਬੀਮਾਰ ਹੋਣ 'ਤੇ ਹਸਪਤਾਲ ਦਾਖਲ ਹੋਣ ਦਾ ਸੁਨੇਹਾ ਮਿਲਿਆ ਤਾਂ ਮੈਂ ਜਲੰਧਰੋਂ ਪਿੰਡ ਵੱਲ ਭੱਜਾ। ਜਾਂਦਿਆਂ ਮਨ ਵਿਚ ਖਿਆਲ ਆਇਆ ਕਿ ਆਪਣਾ ਨਵਾਂ ਛਪਿਆ ਸਫਰਨਾਮਾ 'ਵਗਦੀ ਏ ਰਾਵੀ', ਜੋ ਬੀਬੀ ਨੂੰ ਸਮਰਪਿਤ ਕੀਤਾ ਹੈ, ਨਾਲ ਲੈਂਦਾ ਜਾਵਾਂ ਤੇ ਉਸ ਨੂੰ ਆਪਣੀ ਉਸ ਪ੍ਰਤੀ ਅਕੀਦਤ ਵਿਖਾ ਕੇ ਲਾਡ ਲਡਾਵਾਂ ਤੇ ਬੀਮਾਰੀ ਵਿਚ ਹੌਸਲਾ ਦਿਆਂ। ਰਜਵੰਤ ਕਿਤਾਬ ਲੈਣ ਅੰਦਰ ਵੀ ਗਈ ਪਰ ਕਾਹਲੀ ਕਰਕੇ ਮੈਂ ਕਿਹਾ, "ਚੱਲ ਕੱਲ੍ਹ ਲੈ ਜਾਵਾਂਗੇ।" ਪਰ ਉਹ ਕੱਲ੍ਹ ਨਾ ਆਇਆ। ਬੀਬੀ ਉਸੇ ਸ਼ਾਮ ਚੱਲ ਵੱਸੀ। ਉਹ ਕਿਤਾਬ ਅੱਜ ਵੀ ਵਿੰਹਦਾ ਹਾਂ ਤਾਂ ਬੀਬੀ ਚੇਤੇ ਆ ਜਾਂਦੀ ਹੈ!

---

ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗ ਕੇ ਵਰਿਆਮ ਦਾ ਜੀਵਨ ਸੰਘਰਸ਼ ਹੋਰ ਵੀ ਤਿੱਖਾ ਹੋ ਗਿਆ ਸੀ। ਇਕ ਪਾਸੇ ਪਰਿਵਾਰ ਪਾਲਣ ਵਿਚ ਮਾਇਕ ਮਦਦ ਕਰਨਾ ਸੀ, ਦੂਜੇ ਪਾਸੇ ਪ੍ਰਾਈਵੇਟ ਪੜ੍ਹ ਕੇ ਆਪਣੀ ਵਿਦਿਅਕ ਯੋਗਤਾ ਵਧਾਉਣੀ ਸੀ ਤੇ ਤੀਜੇ ਪਾਸੇ ਵਿਆਹ ਵੀ ਕਰਵਾਉਣਾ ਸੀ। ਪੰਜਾਬ ਵਿਚ ਨਕਸਲੀ ਲਹਿਰ ਵੀ ਜ਼ੋਰਾਂ 'ਤੇ ਸੀ। ਉਸ ਦਾ ਤੱਤਾ ਲਹੂ ਉਸ ਨੂੰ ਉਧਰ ਵੀ ਖਿੱਚੀ ਜਾ ਰਿਹਾ ਸੀ। ਖਿੱਚੀ ਜਾ ਰਿਹਾ ਕੀ, ਉਹ 'ਖਿੱਚਿਆ' ਹੀ ਗਿਆ ਸੀ ਤੇ ਉਹਦਾ ਨਾਂ ਸਰਕਾਰੀ ਕਾਗਜ਼ਾਂ ਵਿਚ 'ਖਤਰਨਾਕ ਵਿਅਕਤੀ' ਵਜੋਂ ਚੜ੍ਹ ਗਿਆ ਸੀ। ਉਹ 1971 'ਚ ਜਲੰਧਰ ਦੇ ਇੱਕ 'ਕ੍ਰਾਂਤੀਕਾਰੀ ਕਵੀ ਦਰਬਾਰ' ਵਿਚ ਕਵਿਤਾ ਪੜ੍ਹ ਬੈਠਾ:

ਕਿਸ ਨੂੰ ਉਡੀਕਦੇ ਹੋ,
ਗੋਬਿੰਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ
ਮਸਤਕ ਤੋਂ ਹੱਥ ਤੱਕ
ਇਹੋ ਹੀ ਰਸਤਾ
ਕੇਸਗੜ੍ਹ ਦੇ ਮੈਦਾਨ ਨੂੰ ਜਾਂਦਾ ਹੈ।

ਉਹ ਦੱਸਦੈ: ਮੇਰੀ ਪਹਿਲੀ ਗ੍ਰਿਫਤਾਰੀ ਅਕਤੂਬਰ 1972 ਵਿਚ ਹੋਈ। ਮੇਰਾ ਪਹਿਲਾ ਕਹਾਣੀ ਸੰਗ੍ਰਿਹ 'ਲੋਹੇ ਦੇ ਹੱਥ' ਛਪ ਚੁਕਾ ਸੀ। ਇੱਕ ਕਵੀ ਵਜੋਂ ਮੇਰਾ ਨਾਂ 'ਇਨਕਲਾਬੀ' ਕਵੀਆਂ ਵਿਚ ਸ਼ਾਮਿਲ ਸੀ। ਮੇਰੀਆਂ ਕਵਿਤਾਵਾਂ ਤੇ ਕਹਾਣੀਆਂ ਵਿਚ ਹਥਿਆਰਬੰਦ ਕ੍ਰਾਂਤੀ ਦਾ ਸੁਨੇਹਾ ਹੁੰਦਾ। ਮੈਂ ਤੱਤੇ ਲਹੂ ਵਾਲੇ ਲੇਖਕਾਂ ਦੇ ਸੈਮੀਨਾਰਾਂ, ਸਭਾਵਾਂ ਅਤੇ ਕਵੀ ਦਰਬਾਰਾਂ ਵਿਚ ਸ਼ਾਮਿਲ ਹੁੰਦਾ। ਕਵੀ ਅਤੇ ਕਵਿਤਾ ਇਨ੍ਹੀਂ ਦਿਨੀਂ ਖਤਰਨਾਕ ਹੋ ਗਏ ਸਨ। ਸਰਕਾਰ ਦਾ ਖੁਫੀਆ ਵਿਭਾਗ ਚੌਕਸ ਹੋ ਗਿਆ ਸੀ। ਮੇਰੇ ਮਾਪਿਆਂ ਨੂੰ ਲੱਗਦਾ ਸੀ ਕਿ ਮੈਂ 'ਭਗਤ ਸਿੰਘ' ਦੇ ਰਾਹ 'ਤੇ ਤੁਰ ਰਿਹਾ ਸਾਂ। ਇਸ ਰਾਹ 'ਤੇ ਤੁਰਨਾ ਉਨ੍ਹਾਂ ਨੂੰ ਮਿਹਣੇ ਜਾਂ ਫਿਕਰ ਵਾਲੀ ਗੱਲ ਨਹੀਂ ਸੀ ਲੱਗਦੀ। ਅੱਜ ਮੈਨੂੰ ਹੈਰਾਨੀ ਹੁੰਦੀ ਹੈ ਕਿ ਹੋਰਨਾਂ ਦੇ ਮਾਪਿਆਂ ਵਾਂਗ ਮੇਰੇ ਮਾਂ-ਪਿਓ ਨੇ ਮੈਨੂੰ 'ਇਸ ਰਾਹੋਂ' ਰੋਕਣ ਲਈ ਕਦੇ ਕਿਉਂ ਨਹੀਂ ਸੀ ਆਖਿਆ?

ਮੈਨੂੰ ਖੁਦ ਨੂੰ ਲੱਗਦਾ ਸੀ ਕਿ ਮੈਂ ਭਲਾ ਕੀ 'ਗੁਨਾਹ' ਕਰ ਰਿਹਾਂ? ਭੁੱਖ-ਦੁੱਖ, ਅਨਿਆਂ ਤੇ ਬੇਵੱਸੀ ਦਾ ਜੀਵਨ ਭੋਗ ਰਹੇ ਆਪਣੇ ਲੋਕਾਂ ਦੀ ਬੰਦ-ਖਲਾਸੀ ਲਈ ਹੱਕ-ਸੱਚ ਦੀ ਆਵਾਜ਼ ਹੀ ਤਾਂ ਬੁਲੰਦ ਕਰ ਰਿਹਾਂ। ਲਿਖ ਕੇ ਜਾਂ ਬੋਲ ਕੇ, ਬੜੇ ਹੀ ਸੀਮਤ ਰੂਪ ਵਿਚ। ਨਾਲੇ ਮੈਂ ਕਿਹੜੀ ਕੋਈ ਏਡੀ ਗੌਲਣਯੋਗ ਹਸਤੀ ਸਾਂ? ਮੇਰੇ ਤੋਂ ਸਰਕਾਰ ਨੂੰ ਏਡਾ ਕੀ 'ਖਤਰਾ' ਹੋ ਸਕਦਾ ਸੀ? ਨਾਲੇ ਉਂਜ ਉਸ ਉਮਰ ਵਿਚ ਕੁਝ ਕਰਨ ਲਈ ਤਤਪਰ ਅਤੇ ਉਤੇਜਿਤ ਮਨ ਨੂੰ ਉਦੋਂ ਤਾਂ ਇੰਜ ਹੀ ਲੱਗਦਾ

(ਬਾਕੀ ਅਗਲੇ ਸਫੇ 'ਤੇ)

ਸੀ ਕਿ ਕਰ ਲਵੇ ਪੁਲਿਸ ਜੋ ਕਰਨਾ ਹੈ? ਵਿਗਾੜ ਲਵੇ ਸਰਕਾਰ, ਜੋ ਵਿਗਾੜਨਾ ਹੈ?

1972 ਵਿਚ ਮੋਗੇ ਦੇ ਇੱਕ ਸਿਨੇਮੇ ਪਿੱਛੇ ਪੁਲਿਸ ਦੀ ਗੋਲੀ ਨਾਲ ਵਿਦਿਆਰਥੀ ਮਾਰੇ ਗਏ ਤਾਂ ਪੰਜਾਬ ਵਿਚ ਤੂਫਾਨੀ ਰੋਸ ਦੀ ਲਹਿਰ ਉਠ ਖੜ੍ਹੀ ਹੋਈ। ਥਾਂ-ਥਾਂ ਜਲਸੇ, ਮੁਜਾਹਰੇ ਤੇ ਪੁਲਿਸ ਨਾਲ ਝੜਪਾਂ ਹੋਣ ਲੱਗੀਆਂ। ਮੈਂ ਉਨ੍ਹੀਂ ਦਿਨੀਂ ਪ੍ਰਾਇਮਰੀ ਅਧਿਆਪਕ ਵਜੋਂ ਨੌਕਰੀ ਤੋਂ ਛੁੱਟੀ ਲੈ ਕੇ ਅੰਮ੍ਰਿਤਸਰ 'ਖਾਲਸਾ ਕਾਲਜ ਆਫ ਐਜੂਕੇਸ਼ਨ' ਵਿਚ ਬੀ. ਐਡ ਕਰ ਰਿਹਾ ਸਾਂ। ਨਿੱਤ ਦਿਨ ਫੈਲ ਰਹੇ ਵਿਦਿਆਰਥੀ ਅੰਦੋਲਨ ਨਾਲ ਵਧ ਰਹੇ ਤਣਾਓ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਭਾਰਤੀ ਸੈਨਾ ਨੂੰ ਸੜਕਾਂ ਉਤੇ ਫਲੈਗ ਮਾਰਚ ਕਰਨ ਲਈ ਬੁਲਾ ਲਿਆ ਸੀ। ਕਾਲਜਾਂ ਵਿਚ ਪੜ੍ਹਾਈ ਬੰਦ ਹੋ ਗਈ ਸੀ। ਮੈਂ ਤੇ ਮੇਰੇ ਜਮਾਤੀ ਮਿੱਤਰ ਅਮਰ ਸਿੰਘ ਨੇ ਸੋਚਿਆ ਕਿ ਕਾਲਜ ਦੇ ਹੋਸਟਲ ਵਿਚ ਬੈਠੇ ਰਹਿਣ ਦਾ ਕੋਈ ਲਾਭ ਨਹੀਂ। ਆਪੋ ਆਪਣੇ ਪਿੰਡਾਂ ਨੂੰ ਚੱਲਦੇ ਹਾਂ। ਜਦੋਂ ਠੰਢ-ਠੰਢੋਰਾ ਹੋਇਆ ਤਾਂ ਪਰਤ ਆਵਾਂਗੇ। ਪ੍ਰੋਫੈਸ਼ਨਲ ਕੋਰਸ ਹੋਣ ਕਰਕੇ ਸਾਡੇ ਕਾਲਜ ਦੇ ਵਿਦਿਆਰਥੀ ਇਸ ਅੰਦੋਲਨ ਵਿਚ ਸ਼ਾਮਲ ਨਹੀਂ ਸਨ। ਮੈਂ ਤੇ ਅਮਰ ਸਿੰਘ ਖਾਲਸਾ ਕਾਲਜ ਦੇ ਪੱਛਮੀ ਦਰਵਾਜ਼ੇ 'ਚੋਂ ਬਾਹਰ ਨਿਕਲੇ ਅਤੇ ਸੜਕ ਦੇ ਕਿਨਾਰੇ-ਕਿਨਾਰੇ ਸੱਜੇ ਹੱਥ ਤੁਰਨ ਲੱਗੇ। ਇਸ ਆਸ ਨਾਲ ਕਿ ਕੋਈ ਆਉਂਦਾ-ਜਾਂਦਾ ਰਿਕਸ਼ਾ ਮਿਲ ਜਾਵੇਗਾ। ਖਾਲਸਾ ਕਾਲਜ ਦੇ ਪੂਰਬੀ ਗੇਟ 'ਤੇ ਪੁਲਿਸ ਅਤੇ ਵਿਦਿਆਰਥੀ ਆਹਮੋ-ਸਾਹਮਣੇ ਡਟੇ ਖਲੋਤੇ ਸਨ। ਦੋ-ਢਾਈ ਸੌ ਵਿਦਿਆਰਥੀ ਜਲੂਸ ਕੱਢਣ ਲਈ ਦਰਵਾਜ਼ੇ ਦੇ ਅੰਦਰ-ਬਾਹਰ ਖੜੋਤੇ ਰੋਹ ਵਿਚ ਉਬਲ ਰਹੇ ਸਨ। ਸੜਕ ਦੇ ਪਾਰ ਹਥਿਆਰਬੰਦ ਪੁਲਿਸ ਬੈਂਤ ਦੀਆਂ ਢਾਲਾਂ ਫੜੀ ਉਨ੍ਹਾਂ ਨੂੰ ਬਾਹਰ ਆਉਣੋਂ ਰੋਕਣ ਲਈ ਡਟੀ ਖੜੋਤੀ ਸੀ। ਵਿਦਿਆਰਥੀ ਸਰਕਾਰ ਅਤੇ ਪੁਲਿਸ ਵਿਰੁਧ ਨਾਹਰੇ ਲਾ ਰਹੇ ਸਨ। ਜਦੋਂ ਅਸੀਂ ਪੁਲਿਸ ਤੇ ਵਿਦਿਆਰਥੀਆਂ ਦੀ ਸੜਕ ਦੇ ਆਰ-ਪਾਰ ਫੈਲੀ ਭੀੜ ਦੇ ਐਨ ਵਿਚਕਾਰ ਖਾਲਸਾ ਕਾਲਜ ਦੇ ਪੂਰਬੀ ਦਰਵਾਜ਼ੇ ਅੱਗੇ ਪਹੁੰਚੇ ਤਾਂ ਵਿਦਿਆਰਥੀਆਂ ਵਾਲੇ ਪਾਸਿਓਂ ਭੀੜ 'ਚੋਂ ਉਚੀ ਲਲਕਾਰਵੀਂ ਆਵਾਜ਼ ਆਈ। ਕੋਈ ਮੇਰਾ ਨਾਂ ਲੈ ਕੇ ਬੁਲਾ ਰਿਹਾ ਸੀ:

"ਸੰਧੂ ਸਾਹਬ! ਰਣ-ਤੱਤੇ 'ਚ ਜੂਝਣ ਲਈ ਕਵਿਤਾ ਕਹਾਣੀਆਂ ਤਾਂ ਬੜੀਆਂ ਗਰਮਾ-ਗਰਮ ਲਿਖਦੇ ਓ, ਪਰ ਜਦੋਂ ਐਥੇ ਯੁੱਧ ਦਾ ਮੈਦਾਨ ਭਖਿਆ ਪਿਆ ਤਾਂ ਅੱਖ ਬਚਾ ਕੇ ਭੱਜੇ ਜਾਂਦੇ ਓ।"

ਮੈਂ ਵੇਖਿਆ, ਵਿਦਿਆਰਥੀਆਂ ਦੀ ਭੀੜ ਵਿਚ ਨੌਜਵਾਨ ਅਕਾਲੀ ਨੇਤਾ ਦਰਸ਼ਨ ਸਿੰਘ ਈਸਾਪੁਰ ਖੜੋਤਾ ਹੱਸ ਰਿਹਾ ਸੀ। ਉਹਦੇ ਸੱਜੇ ਹੱਥ ਖੜੋਤਾ ਸੀ ਗਿਆਨੀ ਅਜੀਤ ਸਿੰਘ 'ਮੌਲਵੀ', ਈਸਾਪੁਰ ਦਾ ਦੋਸਤ। 'ਮੌਲਵੀ' ਨੇ ਵੀ ਵੰਗਾਰਿਆ, "ਯੁੱਧ ਵਿਚੋਂ ਕੰਡ ਵਿਖਾ ਕੇ ਭੱਜਣਾ ਮਰਦਾਂ ਦਾ ਕੰਮ ਨਹੀਂ।"

ਇਹ ਦੋਵੇਂ ਅਕਾਲੀ ਆਗੂ ਮੇਰੇ ਜਾਣੂ ਸਨ। ਉਹ ਕਾਲਜਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸਰਕਾਰ ਵਿਰੁਧ ਲਾਮਬੰਦ ਕਰਨ ਲੱਗੇ ਹੋਏ ਸਨ ਅਤੇ ਉਨ੍ਹਾਂ ਨੂੰ ਜਲਸੇ-ਮੁਜਾਹਰੇ ਕਰਨ ਲਈ ਉਕਸਾ ਰਹੇ ਸਨ। ਸਰਕਾਰ ਵਿਰੋਧੀ ਪਾਰਟੀਆਂ ਅਜਿਹਾ ਕਰਦੀਆਂ ਹੀ ਹਨ। ਉਨ੍ਹਾਂ ਦਿਨਾਂ 'ਚ ਨਕਸਲੀਆਂ ਨਾਲ ਜੁੜੀ 'ਪੰਜਾਬ ਸਟੂਡੈਂਟਸ ਯੂਨੀਅਨ' ਦਾ ਬੋਲਬਾਲਾ ਸੀ। ਯੂਨੀਅਨ ਪਿੱਛੇ ਕੰਮ ਕਰਨ ਵਾਲੇ ਨਕਸਲੀ ਆਗੂਆਂ ਨਾਲ ਇਨ੍ਹਾਂ ਅਕਾਲੀ ਆਗੂਆਂ ਦਾ ਵੀ ਮੇਲ-ਜੋਲ ਸੀ।

ਅਜੇ ਕੱਲ੍ਹ ਦੀ ਗੱਲ ਸੀ। ਖਾਲਸਾ ਕਾਲਜ ਦੇ ਪੂਰਬੀ ਗੇਟ ਦੇ ਬਾਹਰ ਖੱਬੇ ਹੱਥ ਕਾਲਜ ਦੇ ਮੁੰਡਿਆਂ ਦੀਆਂ ਪੱਗਾਂ ਰੰਗਣ ਵਾਲੇ ਲਲਾਰੀ ਦਾ ਤਖਤਪੋਸ਼ ਖਾਲੀ ਪਿਆ ਸੀ। ਮਿਥੇ ਪ੍ਰੋਗਰਾਮ ਮੁਤਾਬਕ ਗਿਆਨੀ ਸੰਤੋਖ ਸਿੰਘ ਤਖਤਪੋਸ਼ 'ਤੇ ਖੜ੍ਹੋ ਕੇ ਭਾਸ਼ਣ ਦੇਣ ਲੱਗਾ। ਵਿਦਿਆਰਥੀ ਆਉਂਦੇ ਗਏ ਤੇ ਉਸ ਦੁਆਲੇ ਭੀੜ ਇਕੱਠੀ ਹੁੰਦੀ ਗਈ। ਗੜਬੜ ਹੋਣ ਦਾ ਖਤਰਾ ਸੁਣ ਕੇ ਐਸ. ਐਸ. ਪੀ. ਅਤੇ ਡੀ. ਸੀ. ਵੀ ਉਥੇ ਆ ਪਹੁੰਚੇ। ਵੱਡੀ ਗਿਣਤੀ ਵਿਚ ਪੁਲਿਸ ਵੀ ਹਾਜ਼ਰ ਸੀ। ਮੁੰਡਿਆਂ ਦੇ ਭੜਕ ਜਾਣ ਦੇ ਡਰੋਂ ਉਨ੍ਹਾਂ ਨੇ ਭਾਸ਼ਣ ਵਿਚ ਰੁਕਾਵਟ ਪਾਉਣੀ ਠੀਕ ਨਾ ਸਮਝੀ ਗਈ। ਡੀ. ਸੀ., ਐਸ. ਐਸ. ਪੀ., ਪ੍ਰਿੰਸੀਪਲ ਤੇ ਪ੍ਰੋਫੈਸਰ ਵੀ ਭੀੜ 'ਚ ਖਲੋ ਕੇ ਸੰਤੋਖ ਸਿੰਘ ਨੂੰ ਸੁਣਨ ਲੱਗੇ।

ਭੀੜ ਵਾਹਵਾ 'ਕੱਠੀ ਹੋ ਗਈ। ਲੋਹਾ ਗਰਮ ਹੋਇਆ ਵੇਖ ਸੰਤੋਖ ਸਿੰਘ ਨੇ ਤੋੜਾ ਝਾੜਿਆ, "ਜੁਆਨੋ! ਏਡਾ ਵੱਡਾ ਭਾਣਾ ਵਰਤ ਗਿਆ! ਸਾਰੇ ਪੰਜਾਬ 'ਚ ਹਾਹਾਕਾਰ ਮੱਚੀ ਪਈ ਐ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿਦਿਆਰਥੀ ਤੇ ਵਿਦਿਆਰਥਣਾਂ ਸਰਕਾਰ ਦਾ ਸਿਆਪਾ ਕਰਨ ਡਹੇ ਆ। ਤੁਸੀਂ ਅਜੇ ਵੀ ਮੂੰਹ 'ਚ ਘੁੰਗਣੀਆਂ ਪਾਈ ਬੈਠੇ ਓਂ। ਤੁਹਾਡੀਆਂ ਜ਼ਮੀਰਾਂ ਜਾਮ ਕਿਉਂ ਹੋ ਗਈਆਂ? ਤੁਹਾਡੀ ਜ਼ੁਬਾਨ ਕਿਉਂ ਗੁੰਗੀ ਹੋ ਗਈ? ਸ਼ੇਰਾਂ ਵਰਗੇ ਗੱਭਰੂਓ! ਤੁਹਾਡੀਆਂ ਭੈਣਾਂ ਨੇ ਤੁਹਾਨੂੰ ਬੜਾ ਵੱਡਾ ਮਿਹਣਾ ਮਾਰਿਆ ਏ। ਮੋਗੇ ਦੀਆਂ ਵਿਦਿਆਰਥਣਾਂ ਨੇ ਤੁਹਾਡੇ ਲਈ ਆਹ ਚੂੜੀਆਂ ਤੇ ਚੁੰਨੀਆਂ ਭੇਜੀਆਂ ਨੇ!"

ਏਨੀ ਆਖਣ ਦੀ ਦੇਰ ਸੀ ਕਿ ਭੀੜ ਵਿਚ ਖਲੋਤੇ ਅਜੀਤ ਸਿੰਘ ਮੌਲਵੀ ਨੇ ਮਿਥੀ ਯੋਜਨਾ ਅਨੁਸਾਰ ਚੁੰਨੀਆਂ ਤੇ ਚੂੜੀਆਂ ਹਵਾ ਵਿਚ ਲਹਿਰਾਈਆਂ ਤੇ ਖਿਲਾਰ ਕੇ ਵਿਦਿਆਰਥੀਆਂ ਦੀ ਭੀੜ ਵਿਚ ਸੁੱਟ ਕੇ ਜੈਕਾਰਾ ਗਜਾ ਦਿੱਤਾ, "ਬੋਲੇ ਸੋ ਨਿਹਾਲ!" "ਸਤਿ ਸ੍ਰੀ ਅਕਾਲ!"

ਬਾਰੂਦ ਦੇ ਪਲੀਤੇ ਨੂੰ ਅੱਗ ਲੱਗ ਗਈ। ਜੋਸ਼ ਵਿਚ ਭੜਕੇ ਵਿਦਿਆਰਥੀਆਂ ਨੇ ਜੈਕਾਰੇ ਛੱਡਣੇ ਤੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਆਗੂਆਂ ਦਾ ਮੰਤਵ ਪੂਰਾ ਹੋ ਗਿਆ। ਪੁਲਿਸ ਦੀ ਭੀੜ ਨੇ ਚੱਕਰਵਿਊ ਵਲਿਆ ਹੋਇਆ ਸੀ। ਵਿਦਿਆਰਥੀ ਘੇਰੇ ਅੰਦਰ ਫਸੇ ਤਰਲੋਮੱਛੀ ਹੋ ਰਹੇ ਸਨ। ਡੀ. ਸੀ. ਅਤੇ ਐਸ. ਐਸ. ਪੀ. ਨੂੰ ਫਿਕਰ ਪਿਆ। ਗੇਟ ਦੇ ਅੰਦਰਵਾਰ ਹੋ ਕੇ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਨਾ ਸ਼ੁਰੂ ਕੀਤਾ। ਉਹ ਬੜੇ ਠਰ੍ਹੰਮੇ ਨਾਲ ਬੋਲ ਰਿਹਾ ਸੀ। ਪੁਲਿਸ ਦੀ ਗੋਲੀ ਨਾਲ ਮੋਗੇ ਵਿਚ ਮਾਰੇ ਗਏ ਮੁੰਡਿਆਂ ਬਾਰੇ ਦੁੱਖ ਪ੍ਰਗਟਾ ਰਿਹਾ ਸੀ। ਉਨ੍ਹਾਂ ਨੂੰ ਆਪਣੇ ਪੁੱਤਰਾਂ ਦੀ ਨਿਆਈਂ ਦੱਸ ਰਿਹਾ ਸੀ। ਉਨ੍ਹਾਂ ਨੂੰ ਸਰਕਾਰ ਵੱਲੋਂ ਪ੍ਰਤੀ ਪਰਿਵਾਰ ਦਿੱਤੀ ਜਾਣ ਵਾਲੀ ਪੰਜਾਹ ਹਜ਼ਾਰ ਰੁਪਏ ਦੀ ਸਹਾਇਤਾ ਦਾ ਹਵਾਲਾ ਦੇ ਰਿਹਾ ਸੀ। ਸਿਆਸੀ ਲੋਕਾਂ ਦੇ ਚੁੰਗਲ ਵਿਚ ਫਸਣੋਂ ਆਗਾਹ ਵੀ ਕਰ ਰਿਹਾ ਸੀ।

ਡੀ. ਸੀ. ਦੇ ਬੋਲ ਬਲਦੀ ਅੱਗ ਉਤੇ ਪਾਣੀ ਪਾਉਣ ਲੱਗੇ ਸਨ। ਮੁੰਡਿਆਂ ਦੇ ਜੋਸ਼ ਦੀ ਛੱਲ ਲਹਿ ਚੱਲੀ ਸੀ। ਨੌਜਵਾਨ ਅਕਾਲੀ ਆਗੂ ਵੀ ਭੀੜ ਵਿਚ ਖਲੋਤੇ ਸਭ ਕੁਝ ਵੇਖ-ਸੁਣ ਰਹੇ ਸਨ। ਉਨ੍ਹਾਂ ਦੀ ਬਣੀ ਬਣਾਈ ਖੇਡ ਵਿਗੜ ਚੱਲੀ ਸੀ। ਬਾਜ਼ੀ ਹੱਥੋਂ ਜਾਂਦੀ ਵੇਖ ਦਰਸ਼ਨ ਸਿੰਘ ਈਸਾਪੁਰ ਅੱਗੇ ਆਇਆ। ਮੱਚਦੇ ਬੋਲਾਂ ਨਾਲ ਭੀੜ ਨੂੰ ਮੁਖਾਤਬ ਹੋਇਆ, "ਡੀ. ਸੀ. ਸਾਹਿਬ ਆਪਣੇ ਭਾਸ਼ਣ ਵਿਚ ਆਖਦੇ ਨੇ ਪਈ ਮਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਰਕਾਰ ਪੰਜਾਹ-ਪੰਜਾਹ ਹਜ਼ਾਰ ਰੁਪਈਆ ਦੇਵੇਗੀ। ਮੈਂ ਡੀ. ਸੀ. ਦਾ ਮੁੰਡਾ ਮਾਰ ਦਿੰਨਾਂ ਤੇ ਇਸ ਨੂੰ ਹੱਥੋ-ਹੱਥ ਪੰਜਾਹ ਹਜ਼ਾਰ ਰੁਪਈਆ ਵੀ ਨਾਲ ਹੀ ਦੇ ਦਿੰਨਾਂ। ਇਹ ਸਾਹਮਣੇ ਖਲੋਤਾ ਐ। ਇਹਨੂੰ ਪੁੱਛੋ, ਕੀ ਡੀ. ਸੀ. ਮੇਰੇ ਨਾਲ ਇਹ ਸੌਦਾ ਕਰਨ ਨੂੰ ਤਿਆਰ ਹੈ?"

ਏਨੀ ਸੁਣਦਿਆਂ ਹੀ ਵਿਦਿਆਰਥੀਆਂ ਦੀ ਭੀੜ ਭੜਕ ਪਈ ਤੇ ਸਰਕਾਰ ਅਤੇ ਪੁਲਿਸ ਖਿਲਾਫ ਨਾਅਰੇ ਲੱਗਣ ਲੱਗੇ। ਹੜ੍ਹ ਹੱਦਾਂ-ਬੰਨੇ ਟੱਪ ਗਿਆ। ਇਸ ਤੋਂ ਬਾਅਦ ਈਸਾਪੁਰ ਹੁਰਾਂ ਦੀ ਅਗਵਾਈ ਵਿਚ ਬੜਾ ਭਰਵਾਂ ਜਲੂਸ ਭੰਨ-ਤੋੜ ਕਰਦਾ ਉਚੇ ਪੁਲ ਵੱਲ ਵਧਣ ਲੱਗਾ। ਭੰਨ-ਤੋੜ ਕਰਨ ਲੱਗਿਆਂ ਭਖੇ ਵਿਦਿਆਰਥੀਆਂ ਨੇ ਨੌਜਵਾਨ ਅਕਾਲੀ ਆਗੂਆਂ ਦੀਆਂ ਬੇਨਤੀਆਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ। ਇਹ ਤਾਂ ਕੱਲ੍ਹ ਦੀ ਕਹਾਣੀ ਸੀ।

ਅੱਜ ਸਾਨੂੰ ਗੇਟ ਅੱਗੋਂ ਲੰਘਦਿਆਂ ਵੇਖ ਉਨ੍ਹਾਂ ਦੋਵਾਂ ਅਕਾਲੀ ਆਗੂਆਂ ਵੱਲੋਂ ਮਾਰੀ ਬੋਲੀ ਮੈਨੂੰ ਤੀਰ ਵਾਂਗ ਲੱਗੀ। ਉਨ੍ਹਾਂ ਨੂੰ ਦੂਰੋਂ ਹੀ ਫਤਿਹ ਬੁਲਾ ਕੇ ਤੁਰ ਜਾਣਾ ਮੈਨੂੰ ਚੰਗਾ ਨਾ ਲੱਗਾ। ਮੈਂ ਅਮਰ ਸਿੰਘ ਨੂੰ ਕਿਹਾ, "ਆ ਜਾ! ਘੜੀ ਪਲ ਇਨ੍ਹਾਂ ਨੂੰ ਮਿਲ-ਗਿਲ ਕੇ, ਗੱਪ-ਸ਼ੱਪ ਮਾਰ ਕੇ ਚਲੇ ਚੱਲਾਂਗੇ।" ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਅਸੀਂ ਸੜਕ ਪਾਰ ਕਰਕੇ ਵਿਦਿਆਰਥੀਆਂ ਦੀ ਭੀੜ ਚੀਰਦੇ ਉਨ੍ਹਾਂ ਨੂੰ ਜਾ ਮਿਲੇ।

'ਮੌਲਵੀ' ਨੇ ਹਾਸੇ-ਹਾਸੇ ਵਿਚ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ!"

"ਸਤਿ ਸ੍ਰੀ ਅਕਾਲ" ਮੁੰਡਿਆਂ ਨੇ ਅਸਮਾਨ ਚੀਰਵੀਂ ਆਵਾਜ਼ ਵਿਚ ਜਵਾਬ ਦਿੱਤਾ, ਜਿਵੇਂ ਜੱਸਾ ਸਿੰਘ ਰਾਮਗੜ੍ਹੀਆ 'ਰਾਮ ਰੌਣੀ' ਦੇ ਕਿਲੇ 'ਚ ਵਿਛੜੇ ਖਾਲਸਾ ਪੰਥ ਨਾਲ ਜਾ ਮਿਲਿਆ ਹੋਵੇ!

***ਭੀੜ ਵਾਹਵਾ 'ਕੱਠੀ ਹੋ ਗਈ। ਲੋਹਾ ਗਰਮ ਹੋਇਆ ਵੇਖ ਸੰਤੋਖ ਸਿੰਘ ਨੇ ਤੋੜਾ ਝਾੜਿਆ, "ਜੁਆਨੋ! ਏਡਾ ਵੱਡਾ ਭਾਣਾ ਵਰਤ ਗਿਆ! ਸਾਰੇ ਪੰਜਾਬ 'ਚ ਹਾਹਾਕਾਰ ਮੱਚੀ ਪਈ ਐ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿਦਿਆਰਥੀ ਤੇ ਵਿਦਿਆਰਥਣਾਂ ਸਰਕਾਰ ਦਾ ਸਿਆਪਾ ਕਰਨ ਡਹੇ ਆ। ਤੁਸੀਂ ਅਜੇ ਵੀ ਮੂੰਹ 'ਚ ਘੁੰਗਣੀਆਂ ਪਾਈ ਬੈਠੇ ਓਂ। ਤੁਹਾਡੀਆਂ ਜ਼ਮੀਰਾਂ ਜਾਮ ਕਿਉਂ ਹੋ ਗਈਆਂ? ਤੁਹਾਡੀ ਜ਼ੁਬਾਨ ਕਿਉਂ ਗੁੰਗੀ ਹੋ ਗਈ? ਸ਼ੇਰਾਂ ਵਰਗੇ ਗੱਭਰੂਓ! ਤੁਹਾਡੀਆਂ ਭੈਣਾਂ ਨੇ ਤੁਹਾਨੂੰ ਬੜਾ ਵੱਡਾ ਮਿਹਣਾ ਮਾਰਿਆ ਏ। ਮੋਗੇ ਦੀਆਂ ਵਿਦਿਆਰਥਣਾਂ ਨੇ ਤੁਹਾਡੇ ਲਈ ਆਹ ਚੂੜੀਆਂ ਤੇ ਚੁੰਨੀਆਂ ਭੇਜੀਆਂ ਨੇ!"***

ਵਿਦਿਆਰਥੀ ਤੇ ਪੁਲਿਸ-ਦੋਵੇਂ ਧਿਰਾਂ ਆਹਮੋ-ਸਾਹਮਣੇ ਡਟੀਆਂ ਖਲੋਤੀਆਂ ਸਨ। ਕੋਈ ਧਿਰ ਵੀ ਅੱਗੇ ਨਹੀਂ ਸੀ ਵਧ ਰਹੀ। ਨਾ ਮੁੰਡੇ ਸੜਕ ਵੱਲ ਵਧ ਰਹੇ ਸਨ ਤੇ ਨਾ ਹੀ ਪੁਲਿਸ ਪਰਲੇ ਪਾਸਿਓਂ ਸੜਕ ਪਾਰ ਕਰਕੇ ਉਰਲੇ ਪਾਸੇ ਆਉਣ ਦਾ ਕੋਈ ਚਾਰਾ ਕਰ ਰਹੀ ਸੀ। ਅਸੀਂ ਵਿਦਿਆਰਥੀਆਂ ਦੀ ਭੀੜ ਤੋਂ ਪਿੱਛੇ ਹਟ ਕੇ ਗੱਪ-ਗਿਆਨ ਵਿਚ ਰੁੱਝ ਗਏ। ਮੇਰਾ ਇਸ ਸਾਰੇ ਕੁਝ ਨਾਲ ਕੋਈ ਸਿੱਧਾ ਲੈਣਾ-ਦੇਣਾ ਨਹੀਂ ਸੀ। ਮੈਂ ਤਾਂ ਸਿਰਫ ਕੁਝ ਪਲਾਂ ਲਈ ਉਨ੍ਹਾਂ ਮਿੱਤਰਾਂ ਨੂੰ ਮਿਲਣ ਆਇਆ ਸਾਂ। ਫਿਰ ਅਸੀਂ ਪਿੰਡਾਂ ਨੂੰ ਤੁਰ ਜਾਣਾ ਸੀ। ਪਰ ਇਸ ਤੋਂ ਪਹਿਲਾਂ ਕਿ ਅਸੀਂ ਵਾਪਸ ਪਰਤਦੇ, ਮੁੰਡਿਆਂ ਤੇ ਪੁਲਿਸ ਵਿਚਕਾਰ ਝੜਪ ਸ਼ੁਰੂ ਹੋ ਗਈ।

ਮੁੰਡੇ ਪੁਲਿਸ 'ਤੇ ਇੱਟਾਂ ਰੋੜੇ ਵਰ੍ਹਾਉਣ ਲੱਗੇ ਤੇ ਪੁਲਿਸ ਵਿਦਿਆਰਥੀਆਂ ਦੀ ਭੀੜ 'ਤੇ ਅੱਥਰੂ ਗੈਸ ਦੇ ਗੋਲੇ ਛੱਡਣ ਲੱਗੀ। ਧੂੰਆਂ ਛੱਡਦੇ ਗੋਲਿਆਂ ਨੂੰ ਪਾਣੀ ਤੇ ਗਿੱਲੇ ਕੱਪੜਿਆਂ ਨਾਲ ਬੁਝਾਉਂਦੇ ਮੁੰਡੇ ਲਾਲ ਅੱਖਾਂ ਪੂੰਝਦੇ। ਫਿਰ ਗੁੱਸਾ ਖਾ ਕੇ ਪੁਲਿਸ ਵੱਲ ਉਲਰਦੇ। ਦੋਵੇਂ ਧਿਰਾਂ ਵਾਰ ਕਰਨ ਲਈ ਥੋੜ੍ਹਾ ਕੁ ਅੱਗੇ ਆਉਂਦੀਆਂ ਤੇ ਵਾਰ ਕਰਕੇ ਰਤਾ ਪਿੱਛੇ ਹਟਦੀਆਂ।

"ਫਸਾ ਦਿੱਤਾ ਬਈ ਤੁਸਾਂ ਤਾਂ।" ਮੈਂ ਹੱਸਿਆ।

"ਦੇਖ ਭਾਈ ਬਾਲਿਆ! ਹੁਣ ਰੰਗ ਕਰਤਾਰ ਦੇ!" ਇਹੋ ਈ ਤਾਂ ਚਾਹੁੰਦਾ ਸੀ ਈਸਾਪੁਰ।

ਅਸੀਂ ਭੀੜ ਤੋਂ ਪਿੱਛੇ ਖੜੋਤੇ ਸਾਂ। ਕਦੀ-ਕਦੀ ਆਪਣੇ ਨੇੜੇ ਡਿੱਗਦੇ ਅੱਥਰੂ ਗੈਸ ਦੇ ਗੋਲੇ ਵੀ ਬੁਝਾਉਂਦੇ। ਧੁਖਦੇ ਗੋਲਿਆਂ ਨੂੰ ਵਾਪਸ ਪੁਲਿਸ ਵੱਲ ਵੀ ਸੁੱਟਦੇ। 'ਫੌਜਾਂ' ਦਾ ਉਤਸ਼ਾਹ ਬਣਾਈ ਰੱਖਣ ਲਈ 'ਜਰਨੈਲਾਂ' ਦਾ 'ਯੁੱਧ' ਵਿਚ ਸਰਗਰਮ ਹਿੱਸਾ ਲੈਣਾ ਵੀ ਤਾਂ ਜ਼ਰੂਰੀ ਸੀ! ਝੜਪ ਰੁਕ-ਰੁਕ ਕੇ ਹੋ ਰਹੀ ਸੀ। ਦੋਹਾਂ ਧਿਰਾਂ ਨੇ ਮੋਰਚੇ ਮੱਲੇ ਹੋਏ ਸਨ। ਇਹ ਸਾਰਾ ਕੁਝ ਵੇਖ ਕੇ ਮੈਂ ਅੱਕ-ਥੱਕ ਗਿਆ ਸਾਂ। ਮੈਂ ਕਿਹੜਾ ਸੱਚੀਂ-ਮੁੱਚੀਂ ਦਾ 'ਜਰਨੈਲ' ਸਾਂ। ਮੈਂ ਈਸਾਪੁਰ ਨੂੰ ਆਖਿਆ, "ਇਹ ਕੰਮ ਤਾਂ ਪਤਾ ਨਹੀਂ ਕਦੋਂ ਮੁੱਕੂ? ਚਲੋ ਕਿਤਿਓਂ ਚਾਹ-ਸ਼ਾਹ ਹੀ ਪਿਆਓ।"

ਖਾਲਸਾ ਕਾਲਜ ਦਾ ਇੱਕ ਪ੍ਰੋਫੈਸਰ ਉਨ੍ਹਾਂ ਦਾ ਜਾਣੂ ਸੀ ਜੋ ਅਕਾਲੀ ਖਿਆਲਾਂ ਦਾ ਸੀ। (ਪਿੱਛੋਂ ਉਹ ਦੋ ਵਾਰ ਵਿਧਾਇਕ ਵੀ ਚੁਣਿਆ ਗਿਆ ਤੇ ਬਾਦਲ ਸਰਕਾਰ ਵਿਚ ਪਾਰਲੀਮਾਨੀ ਸਕੱਤਰ ਵੀ ਬਣਿਆ) ਉਹ ਮੇਰੇ ਨਾਲ ਸਹਿਮਤ ਹੋ ਗਏ ਕਿ ਚੱਲੋ ਪ੍ਰੋਫੈਸਰ ਦੇ ਕੁਆਟਰ ਵਿਚ ਚੱਲਦੇ ਹਾਂ। ਜਿਹੜਾ ਕੰਮ ਜਾਂ ਜਿਹੜਾ ਰੋਲ ਉਨ੍ਹਾਂ ਨੇ ਅਦਾ ਕਰਨਾ ਸੀ, ਉਹ ਤਾਂ ਉਹ ਕਰ ਹੀ ਚੁਕੇ ਸਨ। 'ਕਰਤਾਰ' ਦੇ ਰੰਗ 'ਬਾਲੇ' ਵੇਖ ਰਹੇ ਸਨ!

ਅਸੀਂ ਪ੍ਰੋਫੈਸਰ ਦੇ ਘਰ ਅਜੇ ਬੈਠੇ ਹੀ ਸਾਂ। ਚਾਹ ਵੀ ਅਜੇ ਬਣ ਕੇ ਨਹੀਂ ਸੀ ਆਈ। ਏਨੇ ਨੂੰ ਬਾਹਰ ਪੁਲਿਸ ਨੇ ਮੁੰਡਿਆਂ 'ਤੇ ਜ਼ੋਰ ਪਾ ਲਿਆ। ਮੁੰਡੇ ਬਾਰਾਂ ਹੱਥਾਂ ਦੀਆਂ ਛਾਲਾਂ ਮਾਰ ਕੇ ਜਿੱਧਰ ਮੂੰਹ ਆਇਆ, ਉਧਰ ਹਰਨ ਹੋ ਗਏ। ਪੁਲਿਸ ਦਗੜ-ਦਗੜ ਕਰਦੀ ਕਾਲਜ ਕੈਂਪਸ ਵਿਚ ਆਣ ਵੜੀ। ਘਰ-ਘਰ ਦੀ ਤਲਾਸ਼ੀ ਹੋਣ ਲੱਗੀ। ਲੁਕੇ ਹੋਏ ਵਿਦਿਆਰਥੀਆਂ ਨੂੰ ਫੜ੍ਹ ਕੇ ਉਨ੍ਹਾਂ ਦੀਆਂ ਪੱਗਾਂ ਨਾਲ ਹੀ ਉਨ੍ਹਾਂ ਦੀਆਂ ਬਾਹਵਾਂ ਬੰਨ੍ਹ ਕੇ ਪੁਲਿਸ ਦੀਆਂ ਗੱਡੀਆਂ ਵਿਚ ਸੁੱਟਿਆ ਜਾਣ ਲੱਗਾ। ਪੁਲਿਸ ਦੀ ਇੱਕ ਧਾੜ ਅਫਸਰਾਂ ਤੇ ਸਿਪਾਹੀਆਂ ਸਮੇਤ ਪ੍ਰੋਫੈਸਰ ਦੇ ਘਰ ਆਣ ਵੜੀ ਅਤੇ ਸਾਨੂੰ ਖੜ੍ਹੇ ਹੋ ਜਾਣ ਦਾ ਹੁਕਮ ਦਿੱਤਾ।

ਦਰਸ਼ਨ ਸਿੰਘ ਈਸਾਪੁਰ ਨੇ ਆਖਿਆ, "ਅਸੀਂ ਤਾਂ ਜੀ ਪ੍ਰੋਫੈਸਰ ਸਾਹਬ ਦੇ ਗੈਸਟ ਹਾਂ। ਸਾਡਾ ਬਾਹਰ ਦੀ ਵਿਦਿਆਰਥੀ ਕਾਰਵਾਈ ਨਾਲ ਕੀ ਲਾਗਾ-ਦੇਗਾ?"

ਰੋਹ 'ਚ ਆਇਆ ਡੀ. ਐਸ. ਪੀ. ਬੋਲਿਆ, "ਸਾਨੂੰ ਪਤੈ। ਤੁਸੀਂ ਜਿਹੋ ਜਿਹੇ ਗੈਸਟ ਹੋ?"

ਉਨ੍ਹਾਂ ਨੂੰ ਕਾਹਦਾ ਭੁਲੇਖਾ ਸੀ? ਕੱਲ੍ਹ ਡੀ. ਸੀ. ਅਤੇ ਪੁਲਿਸ ਅਫਸਰਾਂ ਦੀ ਹਾਜ਼ਰੀ ਵਿਚ ਕੀਤੀ ਇਨ੍ਹਾਂ ਦੀ ਕਾਰਵਾਈ ਉਹਨੂੰ ਭੁੱਲੀ ਨਹੀਂ ਸੀ ਹੋਈ! ਤਦ ਵੀ ਉਸ ਨੇ ਰਸਮੀ ਤੌਰ 'ਤੇ ਪ੍ਰੋਫੈਸਰ ਨੂੰ ਪੁੱਛ ਲਿਆ, "ਪ੍ਰੋਫੈਸਰ ਸਾਹਬ, ਇਹ ਤੁਹਾਡੇ ਗੈਸਟ ਨੇ?" ਉਸ ਦੇ ਬੋਲਾਂ ਵਿਚ ਤਿੱਖਾ ਵਿਅੰਗ ਸੀ।

ਪ੍ਰੋਫੈਸਰ ਨੇ ਦਰਸ਼ਨ ਸਿੰਘ ਈਸਾਪੁਰ ਤੇ ਅਜੀਤ ਸਿੰਘ ਮੌਲਵੀ ਵੱਲ ਉਂਗਲ ਕਰਕੇ ਕਿਹਾ, "ਇਹ ਦੋਵੇਂ ਤਾਂ ਮੇਰੇ ਗੈਸਟ ਨੇ, ਪਰ ਇਨ੍ਹਾਂ ਦੋਵਾਂ ਦਾ ਮੈਨੂੰ ਪਤਾ ਨ੍ਹੀਂ ਕੌਣ ਨੇ?" ਉਸ ਨੇ ਸਾਡੇ ਦੋਵਾਂ ਵੱਲ ਇਸ਼ਾਰਾ ਕੀਤਾ। ਆਪਣੀ ਥਾਂ ਸ਼ਾਇਦ ਉਹ ਠੀਕ ਹੀ ਸੀ। ਅਸੀਂ ਕਿਹੜਾ ਉਹਦੇ ਜਾਣੂ ਸਾਂ? ਪਰ ਜੇ ਉਹਦੇ ਦੋਸਤਾਂ ਨਾਲ ਉਸ ਕੋਲ ਆਏ ਸਾਂ ਤਾਂ ਕੋਈ ਚੋਰ-ਉਚੱਕੇ ਤਾਂ ਨਹੀਂ ਸਾਂ ਹੋ ਸਕਦੇ!

ਅਜੀਤ ਸਿੰਘ ਮੌਲਵੀ ਨੂੰ ਪ੍ਰੋਫੈਸਰ ਦੀ ਗੱਲ ਚੁਭ ਗਈ। ਉਹਨੇ ਤਿੱਖਾ ਹੋ ਕੇ ਆਖਿਆ, "ਪ੍ਰੋਫੈਸਰ ਸਾਹਿਬ! ਜੇ ਸਾਡੇ ਇਹ ਦੋਸਤ ਤੁਹਾਡੇ ਗੈਸਟ ਨਹੀਂ ਤਾਂ ਫਿਰ ਸੁਣ ਲਵੋ; ਅਸੀਂ ਵੀ ਤੁਹਾਡੇ ਗੈਸਟ ਨਹੀਂ! ਚੱਲੋ ਜੀ, ਲੈ ਚੱਲੋ ਸਾਨੂੰ ਜਿੱਥੇ ਲਿਜਾਣਾ।" ਉਹ ਉਠ ਕੇ ਖਲੋ ਗਿਆ ਅਤੇ ਤੁਰਨ ਲਈ ਦਰਵਾਜ਼ੇ ਵੱਲ ਵਧਿਆ।

ਲੈ ਤਾਂ ਸਾਨੂੰ ਪੁਲਿਸ ਨੇ ਜਾਣਾ ਹੀ ਸੀ, ਪਰ ਪ੍ਰੋਫੈਸਰ ਅਤੇ ਅਜੀਤ ਸਿੰਘ ਮੌਲਵੀ-ਦੋਵਾਂ ਦੇ ਬੋਲ ਅੱਜ ਵੀ ਮੇਰੇ ਚੇਤੇ ਵਿਚ ਵੱਸੇ ਹੋਏ ਹਨ। ਅੱਜ ਵੀ ਮੇਰਾ ਜੀਅ ਕਰਦਾ ਹੈ, ਮੌਲਵੀ ਕਿਤੇ ਮਿਲ ਜਾਵੇ ਤਾਂ ਮੈਂ ਉਹਨੂੰ ਲਾਡ ਨਾਲ ਜੱਫੀ ਵਿਚ ਘੁੱਟ ਲਵਾਂ!

ਪੁਲਿਸ ਦੀ ਗੱਡੀ ਵਿਚ ਬਿਠਾ ਕੇ ਸਾਨੂੰ ਥਾਣਾ ਸਦਰ ਲੈ ਗਏ। ਡਿਪਟੀ ਕਮਿਸ਼ਨਰ ਅਤੇ ਐਸ. ਐਸ. ਪੀ. ਸਾਨੂੰ ਵੇਖਣ ਆਏ। ਅਸਲ ਵਿਚ ਉਹ ਉਨ੍ਹਾਂ ਦੋਹਾਂ ਨੂੰ 'ਵੇਖਣ' ਆਏ ਸਨ ਤੇ ਅੰਦਰੋਂ 'ਪੁਆੜੇ ਦੀ ਜੜ੍ਹ' ਕਾਬੂ ਆ ਜਾਣ 'ਤੇ ਖੁਸ਼ ਵੀ ਸਨ। ਅਸੀਂ ਤਾਂ ਐਵੇਂ ਰਾਹ ਜਾਂਦੇ ਕਾਬੂ ਆ ਗਏ ਸਾਂ! ਮੈਂ ਤੇ ਅਮਰ ਸਿੰਘ ਨੇ ਆਪਣੇ ਬਚਾਅ ਲਈ ਪੈਂਤੜਾ ਲਿਆ ਕਿ ਅਸੀਂ ਦੋਵੇਂ ਬਤੌਰ ਜੇ. ਬੀ. ਟੀ. ਅਧਿਆਪਕ ਸਰਕਾਰੀ ਸਕੂਲਾਂ ਵਿਚ ਪੜ੍ਹਾ ਰਹੇ ਸਾਂ ਤੇ 'ਬਿਨਾ ਤਨਖਾਹ ਤੋਂ' ਛੁੱਟੀ ਲੈ ਕੇ ਬੀ. ਐਡ. ਕਰਨ ਆਏ ਹੋਏ ਸਾਂ। ਸਾਨੂੰ ਤਾਂ ਪੁਲਿਸ ਐਵੇਂ ਹੀ ਵਲ ਲਿਆਈ ਹੈ। ਇਸ ਵਿਚ ਝੂਠ ਵੀ ਨਹੀਂ ਸੀ। ਪਰ ਕੋਲ ਖੜੋਤੇ ਡੀ. ਐਸ. ਪੀ. ਨੇ ਕਿਹਾ, "ਸਾਹਿਬ ਬਹਾਦਰ, ਇਹ ਚਾਰੇ ਇਕੱਠੇ ਇੱਕੋ ਥਾਂ ਤੋਂ ਹੀ ਗ੍ਰਿਫਤਾਰ ਕੀਤੇ ਹਨ।"

ਘੰਟੇ ਕੁ ਪਿੱਛੋਂ ਸਾਨੂੰ ਚੌਹਾਂ ਨੂੰ ਟਰੱਕ ਵਿਚ ਬਿਠਾ ਕੇ ਥਾਣਾ ਸਿਵਲ ਲਾਈਨਜ਼ ਲੈ ਗਏ। ਉਥੇ ਹਵਾਲਾਤ 'ਚ ਪੰਜ-ਛੇ ਇਖਲਾਕੀ ਮੁਜਰਮ ਬੰਦ ਸਨ। ਉਨ੍ਹਾਂ ਨੇ ਸਾਨੂੰ 'ਜੀ ਆਇਆਂ' ਆਖਿਆ। ਹਵਾਲਾਤ ਵਿਚ ਸੰਘਣੀ ਸਿੱਲ੍ਹ ਅਤੇ ਬਦਬੂ ਸੀ। ਹਵਾਲਾਤ ਦੀ ਇੱਕ ਨੁੱਕਰੇ ਨਿੱਕੀ ਜਿਹੀ ਬਣੀ ਕੰਧ ਦੇ ਅੜਤਲੇ ਕੀਤੇ ਪਿਸ਼ਾਬ ਦੀ ਧਾਰ ਕਮਰੇ ਦੇ ਅੱਧ ਤੱਕ ਆਈ ਹੋਈ ਸੀ। ਅਸੀਂ ਥੜ੍ਹੇ ਉਤੇ ਬੈਠ ਗਏ। "ਤੁਸੀਂ ਤਾਂ ਯਾਰ ਐਵੇਂ ਜਾਂਦੇ-ਜਾਂਦੇ ਸਾਡੇ ਕਰਕੇ ਹੀ ਫਸ ਗਏ।" ਈਸਾਪੁਰ ਨੇ ਹਮਦਰਦੀ ਪ੍ਰਗਟਾਈ।

"ਕੋਈ ਨ੍ਹੀਂ! ਇਨ੍ਹਾਂ ਨੂੰ ਤਾਂ ਛੱਡ ਦੇਣਗੇ। ਸਰਕਾਰੀ ਨੌਕਰ ਜੁ ਹੋਏ!" ਮੌਲਵੀ ਹੱਸਿਆ। ਸਾਨੂੰ ਵੀ ਅੰਦਰੋ-ਅੰਦਰ ਆਸ ਸੀ ਕਿ ਉਹ ਸਾਡਾ ਅਤਾ-ਪਤਾ ਕਰਕੇ ਸਾਨੂੰ ਛੱਡ ਦੇਣਗੇ। ਜਦੋਂ ਸਾਡੇ ਕਾਗਜ਼ ਪੱਤਰ ਤਿਆਰ ਹੋਣ ਲੱਗੇ ਤਾਂ ਅਸੀਂ ਮੁਨਸ਼ੀ ਨੂੰ ਆਪਣੇ ਅਧਿਆਪਕ ਹੋਣ ਅਤੇ ਇਸ ਲਹਿਰ ਨਾਲ ਕੋਈ ਸਬੰਧ ਨਾ ਹੋਣ ਬਾਰੇ ਦੱਸਿਆ। ਕੋਲ ਆਉਂਦਿਆਂ ਥਾਣਾ ਮੁਖੀ ਮੁੱਛਾਂ 'ਚੋਂ ਖਚਰਾ ਜਿਹਾ ਹੱਸਦਿਆਂ ਬੋਲਿਆ, "ਵਰਿਆਮ ਸਿਆਂ! ਸਰਕਾਰੀ ਕਾਗਜ਼ਾਂ 'ਚ ਏਡਾ ਵੱਡਾ ਨਾਉਂ ਏ ਤੇਰਾ! ਹੁਣ ਬਚ ਕੇ ਕਿੱਧਰ ਜਾਣਾ ਚਾਹੁੰਨੈਂ?"

ਜ਼ਾਹਰ ਹੈ, 'ਸਰਕਾਰੀ ਕਾਗਜ਼' ਵੇਖੇ ਜਾ ਚੁਕੇ ਸਨ। ਈਸਾਪੁਰ ਤੇ ਮੌਲਵੀ ਨੇ ਠਹਾਕਾ ਮਾਰਿਆ। ਹੁਣ ਮੈਨੂੰ ਵੀ ਹੱਸਣਾ ਪੈਣਾ ਸੀ। ਮੈਨੂੰ ਅਫਸੋਸ ਸੀ ਕਿ ਮੇਰੇ ਕਰਕੇ ਵਿਚਾਰਾ ਅਮਰ ਸਿੰਘ ਮੁਫਤ ਵਿਚ ਫਸ ਗਿਆ ਪਰ ਉਸ ਨੇ ਦਿਲ ਕਰੜਾ ਰੱਖਿਆ ਤੇ ਅਸੀਂ ਰਲੇ ਸਾਥ ਹੱਸਦੇ-ਹਸਾਉਂਦੇ ਸ਼ਾਮ ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਪਹੁੰਚ ਗਏ। ਸਾਡੇ ਉਤੇ ਅਮਨ-ਕਾਨੂੰਨ ਭੰਗ ਕਰਨ, ਅੱਗ ਲਾਉਣ, ਸਰਕਾਰੀ ਜਾਇਦਾਦ ਦਾ ਨੁਕਸਾਨ ਕਰਨ, ਦਫਾ ਚੁਤਾਲੀ ਤੋੜਨ ਤੋਂ ਲੈ ਕੇ ਇਰਾਦਾ ਕਤਲ ਤੱਕ ਦੀਆਂ ਅੱਠ ਦਫਾਵਾਂ ਲਾਈਆਂ ਗਈਆਂ। ਕਾਲਜਾਂ ਦੇ ਵਿਦਿਆਰਥੀ, ਅੰਦੋਲਨ ਦੀ ਮਦਦ ਕਰਦੇ ਅਕਾਲੀ, ਕਮਿਊਨਿਸਟ, ਨਕਸਲੀਏ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ 'ਚ ਪਹੁੰਚਾ ਦਿੱਤੇ ਗਏ। ਅੰਮ੍ਰਿਤਸਰ ਜ਼ਿਲ੍ਹੇ ਦਾ ਸਰਕਾਰ ਵਿਰੋਧੀ 'ਖਤਰਨਾਕ ਅਨਸਰ!' ਬੈਰਕ ਨੰਬਰ ਇੱਕ 'ਚ 'ਕੱਠਾ ਕਰ ਦਿੱਤਾ!

ਰਾਤ ਨੂੰ ਬੈਰਕ 'ਚ ਗ੍ਰਿਫਤਾਰ ਸਿਆਸੀ ਲੋਕਾਂ ਤੇ ਵਿਦਿਆਰਥੀਆਂ ਦਾ ਇਕੱਠ ਹੋਇਆ, ਜਿਸ ਵਿਚ ਬੜੀਆਂ ਤੇਜ਼ ਤਰਾਰ ਤਕਰੀਰਾਂ ਹੋਈਆਂ। ਮਾਸੂਮ ਵਿਦਿਆਰਥੀਆਂ ਦੀਆਂ ਹਿੱਕਾਂ ਵਿਚ ਗੋਲੀ ਮਾਰਨ ਵਾਲੀ ਜ਼ਾਲਮ ਸਰਕਾਰ ਨੂੰ ਨਿੰਦਿਆ ਗਿਆ। ਅਜਿਹੀ 'ਜ਼ਾਲਮ ਸਰਕਾਰ' ਨਾਲ ਸਮੂਹਿਕ ਆਧਾਰ ਬਣਾ ਕੇ ਵੱਡੀ ਲੜਾਈ ਲੜਨ ਦਾ ਪ੍ਰਣ ਲਿਆ ਗਿਆ। ਇਸ ਮਕਸਦ ਲਈ ਇੱਕ 'ਜੇਲ੍ਹ ਕਮੇਟੀ' ਬਣਾਈ ਗਈ। ਸਰਬਸੰਮਤੀ ਨਾਲ ਮੈਨੂੰ ਜੇਲ੍ਹ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚੋਂ ਫੜ੍ਹ ਕੇ ਲਿਆਂਦਾ ਮੇਰੇ ਗੁਆਂਢੀਆਂ ਦਾ ਲੜਕਾ ਰਾਮ (ਜੋ ਪਿੱਛੋਂ ਲਿਖੀ ਮੇਰੀ ਕਹਾਣੀ 'ਭੱਜੀਆਂ ਬਾਹੀਂ' ਵਿਚ 'ਸਰਵਣ' ਬਣਿਆ) ਮੈਨੂੰ ਉਥੇ ਵੇਖ ਕੇ ਹੌਸਲਾ ਫੜ੍ਹ ਗਿਆ। ਉਹਦਾ ਅੰਦੋਲਨ ਜਾਂ ਕਿਸੇ ਤਰ੍ਹਾਂ ਦੀ ਰਾਜਸੀ ਸੋਚ ਨਾਲ ਕੋਈ ਸਬੰਧ ਨਹੀਂ ਸੀ। ਉਹ ਵੀ 'ਐਵੇਂ' ਕਾਬੂ ਆ ਗਿਆ ਸੀ।

ਕਾਬੂ ਤਾਂ ਕਈ ਇਹੋ ਜਿਹੇ ਲੋਕ ਵੀ ਆਏ, ਜਿਨ੍ਹਾਂ ਦਾ ਇਸ ਅੰਦੋਲਨ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇੱਕ ਰਿਕਸ਼ਾ ਚਾਲਕ ਮੁੰਡਾ ਇਸ ਲਈ ਧਰ ਲਿਆ ਗਿਆ ਕਿਉਂਕਿ ਉਸ ਨੇ ਪਟੇ ਬੜੇ ਸਵਾਰ ਕੇ ਵਾਹੇ ਸਨ! ਮਿੰਨਤਾਂ ਤਰਲੇ ਕਰਦਿਆਂ ਵੀ ਉਸ ਨੂੰ ਵਿਦਿਆਰਥੀ 'ਤਸੱਵਰ' ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਜਸਵੰਤ ਸਿੰਘ ਖਾਲੜਾ ਜੋ ਪਿੱਛੋਂ 'ਅਣਪਛਾਤੀਆਂ ਲਾਸ਼ਾਂ' ਦੇ ਮੁੱਦੇ 'ਤੇ ਬੋਲਣ ਕਰਕੇ ਆਪ ਹੀ 'ਅਣਪਛਾਤੀ ਲਾਸ਼' ਬਣਾ ਦਿੱਤਾ ਗਿਆ, ਉਦੋਂ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚ ਬੀ. ਏ. ਦਾ ਵਿਦਿਆਰਥੀ ਸੀ। ਮੇਰੇ ਇਲਾਕੇ ਦਾ ਹੋਣ ਕਰਕੇ ਉਹ ਮੇਰਾ ਸਤਿਕਾਰ ਕਰਦਾ ਤੇ ਮੇਰੇ ਲਾਗੇ-ਲਾਗੇ ਰਹਿੰਦਾ। ਉਸ ਨੂੰ ਮੁੱਢਲੀ ਵਿਚਾਰਧਾਰਕ 'ਪਾਹੁਲ' ਸਾਡੇ ਅੰਗ-ਸੰਗ ਰਹਿ ਕੇ ਪ੍ਰਾਪਤ ਹੋਈ।

ਅਸੀਂ ਵੱਖੋ ਵੱਖਰੇ ਸਿਆਸੀ ਵਿਚਾਰਾਂ ਵਾਲੇ ਲੋਕਾਂ ਨਾਲ ਭਾਈਚਾਰਕ ਬਹਿਸਾਂ ਕਰਦੇ। ਬਹੁਤਾ ਟਕਰਾਓ ਸਾਡਾ ਅਤੇ ਅਕਾਲੀਆਂ ਦਾ ਹੁੰਦਾ। ਉਹ ਕਮਿਊਨਿਸਟਾਂ ਦੇ ਆਪੋ ਵਿਚ ਵੰਡੇ ਹੋਣ, ਨਾਸਤਕ ਹੋਣ ਅਤੇ ਚੀਨ ਤੇ ਰੂਸ ਦੇ ਏਜੰਟ ਹੋਣ ਦਾ ਮਿਹਣਾ ਮਾਰਦੇ। ਅਸੀਂ 'ਸੱਚੀ ਸਿੱਖੀ' ਅਤੇ ਅਜੋਕੇ ਆਗੂਆਂ ਦੀ 'ਦੰਭੀ ਅਤੇ ਵਿਖਾਵੇ ਵਾਲੀ ਸਿੱਖੀ' ਉਤੇ ਚੋਟ ਕਰਦੇ। ਦਰਸ਼ਨ ਸਿੰਘ ਈਸਾਪੁਰ ਤੇ ਅਜੀਤ ਸਿੰਘ ਮੌਲਵੀ ਸਾਡੇ ਨਾਲ ਰਲ ਕੇ ਦੰਭੀ ਸਿੱਖੀ ਦਾ ਵਿਰੋਧ ਵੀ ਕਰਦੇ, ਪਰ ਨਾਲ ਹੀ ਇਸ ਗੱਲ ਉਤੇ ਵੀ ਜ਼ੋਰ ਦਿੰਦੇ ਕਿ ਮਾਰਕਸਵਾਦ ਨੂੰ ਭਾਰਤ ਦੀਆਂ ਠੋਸ ਹਾਲਤਾਂ ਸਮਝ ਕੇ ਹੀ ਲਾਗੂ ਕੀਤਾ ਜਾਣਾ ਚਾਹੀਦੈ। ਆਪਣੇ ਇਤਿਹਾਸ ਦੇ ਇਨਕਲਾਬੀ ਅੰਸ਼ਾਂ ਨਾਲ ਇਸ ਨੂੰ ਜੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਪੰਜਾਬ ਵਿਚ ਸਿੱਖੀ ਤੋਂ ਵੱਧ ਇਨਕਲਾਬੀ ਸੋਚ ਹੋਰ ਕਿਹੜੀ ਹੋ ਸਕਦੀ ਹੈ?

***(ਚਲਦਾ)***

# ਪੱਥਰ 'ਤੇ ਲਕੀਰ ਜਿਹੀਆਂ ਗੱਲਾਂ

ਜ਼ਿੰਦਗੀ ਵਿਚ ਵਾਪਰੇ ਹਾਦਸੇ ਜੋ ਹਮੇਸ਼ਾ ਯਾਦ ਰਹਿੰਦੇ ਨੇ। ਬੰਦਾ ਆਪਣੀ ਬਣਾਈ ਹਰ ਚੀਜ਼ ਦੀ ਮੁਨਿਆਦ ਰੱਖ ਦਿੰਦਾ ਹੈ ਪਰ ਰੱਬ ਦੀ ਬਣਾਈ ਚੀਜ਼ ਦੀ ਮੁਨਿਆਦ ਉਸ ਤੋਂ ਬਿਨਾ ਕੋਈ ਨਹੀਂ ਰੱਖ ਸਕਦਾ।

ਜਿਸ ਤਰ੍ਹਾਂ ਬੰਦਾ ਨਵੀਂ ਜੁੱਤੀ ਖਰੀਦ ਕੇ ਪੁਰਾਣੀ ਨੂੰ ਨਹੀਂ ਸੁੱਟਣਾ ਚਾਹੁੰਦਾ, ਇਸੇ ਤਰ੍ਹਾਂ ਨਵੇਂ ਮਿੱਤਰ ਜਿੰਨੇ ਮਰਜੀ ਬਣ ਜਾਣ ਪਰ ਪੁਰਾਣਿਆਂ ਨੂੰ ਕਦੇ ਨਹੀਂ ਭੁੱਲਦਾ।

ਸੰਸਾਰ ਵਿਚ ਹਰ ਰੋਜ਼ ਹਾਦਸੇ ਵਾਪਰਦੇ ਹਨ ਜੋ ਇੱਕ ਖਬਰ ਬਣ ਕੇ ਰਹਿ ਜਾਂਦੇ ਨੇ ਪਰ ਜੇ ਸਾਡਾ ਉਸ ਵਿਚ ਆਪਣਾ ਕੋਈ ਹੋਵੇ ਤਾਂ ਉਹ ਹਮੇਸ਼ਾ ਯਾਦ ਰਹਿੰਦਾ ਹੈ।

ਜੋ ਲੋਕ ਦੂਸਰੇ ਧਰਮਾਂ ਬਾਰੇ ਕਿੰਤੂ-ਪ੍ਰੰਤੂ ਕਰਦੇ ਨੇ, ਉਹ ਆਪਣੇ ਧਰਮ ਵਿਚ ਵੀ ਪੱਕੇ ਨਹੀਂ ਹੁੰਦੇ।

ਕਿਸੇ ਨੂੰ ਵਧਾਈਆ ਦੇ ਕੇ ਲੋਕ ਉਸ ਨੂੰ ਯਾਦ ਕਰਾਉਂਦੇ ਨੇ, ਸਾਨੂੰ ਨਹੀਂ ਬੁਲਾਇਆ ਅਤੇ ਕਈ ਸੱਦੇ 'ਤੇ ਵੀ ਨਹੀਂ ਆਉਂਦੇ। ਖੁਸ਼ੀ ਦੇ ਸਮੇਂ ਸਦਾ ਪੱਤਰ ਭੇਜੇ ਤੋਂ ਵੀ ਲੋਕ ਕੋਈ ਨਾ ਕੋਈ ਬਹਾਨਾ ਬਣਾ ਲੈਂਦੇ ਨੇ, ਪਰ ਦੁੱਖ ਦੀ ਘੜੀ ਸਮਾਂ ਕੱਢ ਕੇ ਵੀ ਪਹੁੰਚਦੇ ਨੇ।

ਮੰਗਤਾ ਘਰ ਘਰ ਜਾ ਕੇ ਮੰਗਦਾ ਹੈ। ਕੋਈ ਉਸ ਨੂੰ ਖੈਰ ਪਾਉਂਦਾ ਹੈ, ਕੋਈ ਨਹੀਂ। ਇਸੇ ਤਰ੍ਹਾਂ ਦੁਖੀ ਬੰਦਾ ਹਰ ਥਾਂ ਮੱਥੇ ਰਗੜਦਾ ਹੈ, ਪਤਾ ਨਹੀਂ ਕਿਥੇ ਉਸ ਨੂੰ ਖੈਰ ਪੈ ਜਾਵੇ।

***-ਪਰਵਿੰਦਰ ਸਿੰਘ ਢਿੱਲੋਂ***
***ਫੋਨ: 516-234-8545***



## ਸ਼ੌਰਟ ਕੱਟ ਵਾਇਆ ਲੌਂਗ ਰੂਟ

25

ਅਮਰੀਕ ਸਿੰਘ ਬਲ
ਫੋਨ: 34602835897

# ਆਖਰੀ ਉਡਾਣ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 25ਵੀਂ ਅਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

### ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!...***

ਸਾਰੇ ਜਣੇ ਗੁੰਮਸੁੰਮ ਜਿਹੇ ਬੈਠੇ, ਬੇਚੈਨੀ ਭਰਿਆ ਇੰਤਜ਼ਾਰ ਕਰ ਰਹੇ ਸਨ: ਕੀ ਹੋਇਆ ਸੀ? ਡੇਢ ਕੁ ਘੰਟੇ ਬਾਅਦ ਖ਼ਾਨ ਦਾ ਫੋਨ ਆਇਆ, "ਰਣਜੀਤ ਸਪੇਨ ਐਂਟਰੀ ਕਰ ਗਿਆ ਹੈ, ਕੱਲ੍ਹ ਸੁਬ੍ਹਾ ਔਰ ਆਦਮੀ ਜਾਏਂਗੇ।" ਸਾਡੇ ਦਿਲ ਖੁਸ਼ੀ ਨਾਲ ਉਛਲ ਪਏ। ਸਾਰੇ ਚਹਿਕ ਉਠੇ। ਸ਼ਾਇਦ ਡੌਂਕੀਆਂ ਚੱਲ ਨਿਕਲੀਆਂ ਸਨ। ਉਸ ਰੋਜ਼ ਖਾਣੇ 'ਚ ਬਤੌਰ ਦਾਅਵਤ ਮੁਰਗੇ-ਸਬਜ਼ੀਆਂ ਵੀ ਹਾਸਲ ਹੋ ਗਏ। ਹਰ ਪਾਸਿਓਂ ਆਸਾਰ ਬਿਹਤਰ ਹੁੰਦੇ ਨਜ਼ਰ ਆਏ।

ਹੁਣ ਸਭ ਮਨਾਂ ਦੀ ਉਥਲ-ਪੁਥਲ ਇਸ ਨੁਕਤੇ ਦੇ ਇਰਦ-ਗਿਰਦ ਸੀ ਕਿ ਸਵੇਰੇ ਕੌਣ ਜਾਏਗਾ? ਮੈਂ ਵੀ ਦੂਜਿਆਂ ਦੇ ਵਾਂਗ ਰਸੂਖ ਅਤੇ ਪਹੁੰਚ ਦੀ ਤੱਕੜੀ 'ਚ ਆਪਣੇ ਏਜੰਟ ਦੇ ਬਰਾਬਰ ਦੂਜੇ ਪਲੜੇ 'ਚ ਬਾਕੀਆਂ ਦੇ ਏਜੰਟਾਂ ਨੂੰ ਬਿਠਾ ਕੇ ਮਾਪ-ਤੋਲ ਰਿਹਾ ਸਾਂ ਤੇ ਮੈਨੂੰ ਹਰ ਵਾਰ ਆਪਣੇ ਵਾਲਾ ਪਲੜਾ ਹੀ ਭਾਰੀ ਲੱਗਾ ਸੀ। ਅਖੀਰ 'ਅੱਗੇ ਤੇਰੇ ਭਾਗ ਲੱਛੀਏ' ਵਾਲੀ ਗੱਲ ਹੀ ਰਹਿ ਜਾਂਦੀ ਸੀ। ਤਾਹਿਰ ਹੌਲੀ ਜਿਹੀ ਮੇਰੇ ਕਰੀਬ ਸਰਕ ਆਇਆ। ਉਸ ਦੀ ਮੇਰੇ ਨਾਲ ਬਣਦੀ ਸੀ। ਫਿਰ ਉਹ ਆਹਿਸਤਾ ਆਹਿਸਤਾ ਦਿਲ ਦੀਆਂ ਪਰਤਾਂ ਖੋਲ੍ਹਣ ਲੱਗਾ। ਆਖਰੀ ਗੰਢ ਬੜੇ ਤਰਲੇ-ਮਿੰਨਤਾਂ ਤੇ ਰੱਬ ਦੇ ਵਾਸਤਿਆਂ 'ਚ ਲਪੇਟ ਕੇ ਖੋਲ੍ਹੀ, "ਅਮਰੀਕ! ਤੂੰ ਮੇਰਾ ਦੋਸਤ ਏਂ, ਭਰਾ ਏਂ, ਤੈਨੂੰ ਅੱਲਾਹ-ਤਾਲਾ ਦਾ ਵਾਸਤਾ ਏ, ਡੌਂਕਰ ਨੂੰ ਪੈਸੇ ਦੇ ਕੇ ਪਹਿਲਾਂ ਮੇਰਾ ਨੰਬਰ ਪੁਆ ਦੇ... ਮੈਥੋਂ ਇਹ ਘੁਟਨ ਹੋਰ ਨਹੀਂ ਸਹਿ ਹੁੰਦੀ, ਮੈਂ ਪਾਗਲ ਹੋ ਜਾਵਾਂਗਾ, ਮਰ ਜਾਵਾਂਗਾ...।" ਮੈਂ ਅਨਿਸ਼ਚਿਤ ਜਿਹੇ ਭਾਵਾਂ ਨਾਲ, ਆਪਣੇ ਪ੍ਰਤੀ ਵਿਸ਼ਵਾਸ ਤੇ ਤਰਲ ਹੋਈਆਂ ਉਸ ਦੀਆਂ ਅੱਖਾਂ ਵੱਲ ਦੇਖਦਾ ਸ਼ਸ਼ੋਪੰਜ 'ਚ ਪੈ ਗਿਆ।

ਮੈਨੂੰ ਹੁਣ ਆਪਣੇ ਜਾਣ ਦੀ ਪੂਰੀ ਉਮੀਦ ਸੀ, ਫਿਰ ਦੌੜਨ ਦੀ ਫ਼ੋਕੀ ਧਮਕੀ ਨਾਲ ਖ਼ਾਨ 'ਤੇ ਵਾਧੂ ਦਬਾਅ ਪਾਉਣ ਦੀ ਹਾਲਤ ਵਿਚ ਵੀ ਸਾਂ। ਮੈਂ ਚਾਹ ਕੇ ਵੀ ਉਸ ਨੂੰ ਨਾਂਹ ਨਹੀਂ ਕਰ ਸਕਿਆ। ਮੈਂ ਇਕ ਦਿਨ ਹੋਰ ਵੀ ਇੰਤਜ਼ਾਰ ਕਰ ਸਕਦਾ ਸਾਂ। ਮੈਂ ਝਿਜਕਦੇ ਨੇ ਕਿਹਾ, "ਚੱਲ ਠੀਕ ਐ, ਗੱਲ ਕਰ ਕੇ ਦੇਖਦੇ ਆਂ।"

ਸ਼ਾਮੀਂ ਡੌਂਕਰ ਨੂੰ ਇਕ ਪਾਸੇ ਲੈ ਜਾ ਕੇ ਟੁੱਟੇ ਲਫ਼ਜ਼ਾਂ ਨਾਲ ਗੱਲ ਸਮਝਾਉਂਦਿਆਂ ਤਾਹਿਰ ਦੇ ਫੜਾਏ 100 ਡਾਲਰ ਦੇ ਨੋਟ ਦੀ ਪੁਰਅਸਰ ਝਲਕ ਦਿਖਾਈ ਤਾਂ ਲਾਲਚ ਨਾਲ ਉਸ ਦੀਆਂ ਅੱਖਾਂ ਚਮਕੀਆਂ। ਆਖਰ 'ਪੈਸੇ ਦੀ ਜ਼ੁਬਾਨ ਹਰ ਥਾਂ ਬੋਲਦੀ ਹੈ, ਪੈਸੇ ਦੀ ਜ਼ੁਬਾਨ ਹਰ ਥਾਂ ਸੁਣੀ ਜਾਂਦੀ ਹੈ'। ਉਸ ਨੇ ਮੌਕੇ ਦੀ ਨਜ਼ਾਕਤ ਦਾ ਭਰਪੂਰ ਫਾਇਦਾ ਉਠਾਉਂਦਿਆਂ 200 ਡਾਲਰ ਮੰਗੇ।

ਇੰਨੇ ਨੂੰ ਕਿਸੇ ਸਾਜ਼ਿਸ਼ ਦੀ ਬੋ ਸੁੰਘਦੇ ਚਾਲੂ ਮਾਮਾ ਅਤੇ ਦਵਿੰਦਰ ਵੀ ਸਾਡੇ ਕੋਲ ਆ ਪਹੁੰਚੇ ਸਨ। ਦੋਵੇਂ ਜਣੇ ਤੜਫੇ... ਤੇ ਭੜਕੇ, "ਅਸੀਂ ਇੰਜ ਨਹੀਂ ਹੋਣ ਦੇਣਾ, ਖ਼ਾਨ ਨੂੰ ਦੱਸਾਂਗੇ ਕਿ ਪੈਸੇ ਦੇ ਕੇ ਨੰਬਰ ਪਵਾ ਰਹੇ ਨੇ...।" ਤਾਹਿਰ ਨੇ ਪਨਾਹ ਮੰਗਦੀਆਂ ਨਿਗਾਹਾਂ ਨਾਲ ਮੈਨੂੰ ਦੇਖਿਆ। ਜਵਾਬ ਵਿਚ ਮੇਰੀ ਆਵਾਜ਼ ਬੁਲੰਦ ਹੋ ਗਈ, "ਮੈਂ ਦੇਖਦਾਂ, ਕਿਹੜਾ ਹੱਥ ਲਾਉਂਦਾ ਤਾਹਿਰ ਨੂੰ। ਪਿਛੇ ਵੀ ਜਿਥੇ ਜਿਸ ਦਾ ਜ਼ੋਰ ਪਿਆ, ਪੈਸੇ ਦੇ ਕੇ ਸਿਫ਼ਾਰਸ਼ ਪੁਆ ਕੇ ਅਗਾਂਹ ਤੁਰਦਾ ਗਿਆ। ਵਿਚਾਰੇ ਮੋਹਕਮ ਵਰਗੇ ਚੁਪਚਾਪ ਖੂੰਜੇ ਲੱਗੇ ਰਹਿੰਦੇ ਨੇ, ਤੁਹਾਡੇ ਵਰਗੇ ਚਲਾਕ ਹਰ ਜੋੜ-ਤੋੜ ਕਰ ਕੇ ਨਿਕਲ ਜਾਂਦੇ ਰਹੇ। ਹੁਣ ਕੀ ਹੋ ਗਿਆ, ਹੁਣ ਉਸ ਕੋਲ ਪੈਸੇ ਨੇ, ਉਸ ਦਾ ਜ਼ੋਰ ਏ, ਉਹ ਕਿਉਂ ਨਾ ਇਸ ਦਾ ਫਾਇਦਾ ਉਠਾਏ? ਤੁਹਾਡੇ ਕੋਲ ਯੂਰੋ-ਡਾਲਰ ਹੁੰਦੇ ਤਾਂ ਤੁਸੀਂ ਘੱਟ ਕਰਨੀ ਸੀ? ਛਿਆਸੀ ਹੋਰਾਂ ਅਤੇ ਹੋਰਨਾਂ ਕਈਆਂ ਨੇ ਫ਼ਾਲਤੂ ਪੈਸੇ ਕਾਹਦੇ ਭਰੇ ਸਨ? ਦਵਿੰਦਰ, ਤੂੰ ਖ਼ੁਦ ਸਿਫਾਰਸ਼ਾਂ, ਪੈਸੇ ਦੇ ਜ਼ੋਰ ਤੇ ਤਿੰਨ-ਤਿੰਨ ਨਾਕਾਮ ਡੌਂਕੀਆਂ ਲਾ ਚੁੱਕਿਐਂ...।"

ਗੱਲ ਵਧਦੀ ਦੇਖ ਤਾਹਿਰ ਨੇ ਛੇਤੀ ਨਾਲ ਗੱਲ ਦਾ ਸਿਰਾ ਆਪਣੇ ਹੱਥ 'ਚ ਲੈਂਦਿਆਂ ਕਿਹਾ, "ਮੈਂ ਇਨ੍ਹਾਂ ਨੂੰ ਵੀ ਡਾਲਰ ਦੇ ਦੇਵਾਂਗਾ, ਫਿਰ ਇਹ ਵੀ ਨੰਬਰ ਪੁਆ ਲੈਣ।" ਮਾਮਾ ਤੇ ਦਵਿੰਦਰ ਬੋਲਦੇ ਬੋਲਦੇ ਇਕਦਮ ਖਾਮੋਸ਼ ਹੋ ਗਏ। ਨਿਸ਼ਾਨਾ ਥਾਂ ਸਿਰ ਬੈਠਿਆ ਸੀ। ਆਖਰ ਚਾਂਦੀ ਦੀ ਜੁੱਤੀ ਹਰ ਥਾਂ ਚਲਦੀ ਹੈ। ਆਖਰ ਡੌਂਕਰ ਨਾਲ 150 ਡਾਲਰ 'ਚ ਗੱਲ ਤੈਅ ਹੋ ਗਈ।

ਗੁਦਾਮ ਦਾ ਤਲਖ਼ੀਆਂ ਭਰਿਆ ਮਾਹੌਲ ਫਿਰ ਪਹਿਲਾਂ ਵਰਗਾ ਸ਼ਾਂਤ ਹੋ ਗਿਆ। ਚਾਲੂ ਮਾਮਾ ਤੇ ਦਵਿੰਦਰ ਵੀ ਹੁਣ ਤਾਹਿਰ ਨਾਲ ਘੁਲ-ਮਿਲ ਕੇ ਗੱਲੀਂ ਪਏ ਨਜ਼ਰ ਆਏ। ਮੈਂ ਮੋਹਕਮ ਦੇ ਕੰਨ 'ਚ ਫੂਕ ਮਾਰੀ, "ਤੂੰ ਵੀ ਇਸੇ ਤਰ੍ਹਾਂ ਨੰਬਰ ਪੁਆ ਲਈਂ ਝੱਲਿਆ! ਪੈਸੇ ਰੋਟੀ ਵਾਸਤੇ ਨਾ ਸਾਂਭੀ ਰੱਖ, ਇਥੋਂ ਨਿਕਲਣ ਲਈ ਵਰਤ! ਕੰਧ ਨਾਲ ਨਾ ਲੱਗਾ ਬੈਠਾ ਰਹੀਂ।" ਪਰ ਫਿਲਹਾਲ ਤਾਹਿਰ ਤੋਂ ਬਾਅਦ ਜਾਣ ਵਾਲੇ, ਬਤੌਰ ਕੈਂਡੀਡੇਟ ਮੈਂ ਖ਼ੁਦ ਨੂੰ ਮੰਨੀ ਬੈਠਾ ਸਾਂ।

ਚਾਲੂ ਮਾਮਾ ਤੇ ਦਵਿੰਦਰ ਕਾਫੀ ਦੇਰ ਤਕ ਸਿਰ ਜੋੜ ਕੇ ਜੁਗਤਾਂ ਘੜਨ ਵਿਚ ਮਸਰੂਫ਼ ਰਹੇ। ਦੋਵੇਂ ਜਣੇ ਵਿਸ਼ਵਾਸ ਦੇ ਕਾਬਿਲ ਨਹੀਂ ਸਨ, ਕੁਝ ਵੀ ਸਾਜ਼ਿਸ਼ ਰਚ ਸਕਦੇ ਸੀ, ਖ਼ੁਰਾਫ਼ਤ ਕਰ ਸਕਦੇ ਸੀ। ਤਾਹਿਰ ਨੇ ਚੁੱਪਚਾਪ ਮੇਰੇ ਹੱਥ 'ਚ ਸੌ ਡਾਲਰ ਫੜਾਏ, ਤੇ ਫੁਸਫੁਸਾਇਆ, "ਇਹ ਮੇਰੇ ਜਾਣ ਤੋਂ ਬਾਅਦ ਮਾਮੇ ਤੇ ਦਵਿੰਦਰ ਨੂੰ ਦੇ ਦੇਵੀਂ।" ਫਿਰ ਸੌ ਡਾਲਰ ਦਾ ਨੋਟ ਹੋਰ ਫੜਾਉਂਦਿਆਂ ਕਿਹਾ, "ਮੈਥੋਂ ਬਾਅਦ ਇਸ ਨੋਟ ਨਾਲ ਤੂੰ ਆਪਣਾ ਨੰਬਰ ਪੁਆ ਲਵੀਂ, ਤੇ ਉਨ੍ਹਾਂ ਨੂੰ ਡਾਲਰ ਜਾਣ ਲੱਗਾ ਹੀ ਦੇਵੀਂ।" ਮੈਂ ਬੜੀ ਹੈਰਤ ਨਾਲ ਸੰਗਦੇ-ਝਿਜਕਦੇ ਨੇ ਨੋਟ ਫੜ ਲਿਆ। ਮੇਰੇ ਮੂੰਹੋਂ ਨਿਕਲਿਆ, "ਮੈਂ ਤੈਨੂੰ ਕੈਂਪ 'ਚ ਜਾ ਕੇ ਮੋੜ ਦੇਵਾਂਗਾ।" ਉਹ ਇਥੋਂ ਨਿਕਲਣ ਲਈ ਮਰਦਾ ਜਾ ਰਿਹਾ ਸੀ ਜੋ ਇੰਜ ਡਾਲਰ ਵੰਡੀ ਜਾ ਰਿਹਾ ਸੀ!

ਹੁਣ ਇੰਤਜ਼ਾਰ ਸੀ ਸਵੇਰ ਦਾ ਅਤੇ ਖ਼ਾਨ ਦੇ ਫੋਨ ਦਾ। ਤਰ੍ਹਾਂ ਤਰ੍ਹਾਂ ਦੀਆਂ ਸੋਚਾਂ, ਖ਼ਿਆਲ, ਸਕੀਮਾਂ, ਉਪਾਅ, ਉਘੜਦੀ ਨੀਂਦ, ਉਸਲਵੱਟੇ, ਅਜੀਬ ਕਿਸਮ ਦੀ ਕਾਹਲ ਤੇ ਬੇਚੈਨੀ; ਇਨ੍ਹਾਂ ਸਭ ਦੇ ਮਿਸ਼ਰਣ ਨਾਲ ਉਹ ਰਾਤ ਗੁਜ਼ਰ ਗਈ। ਸਵੇਰੇ ਸ਼ਟਰ ਉਠਿਆ, ਡੌਂਕਰ ਨੇ ਫੋਨ ਸਿੱਧਾ ਤਾਹਿਰ ਨੂੰ ਫੜਾਇਆ। ਕਿਸੇ ਨੇ ਵੀ ਦਖਲਅੰਦਾਜ਼ੀ ਨਹੀਂ ਸੀ ਕੀਤੀ। ਖ਼ਾਨ ਨਾਲ ਗੱਲ ਹੋਈ, ਫਿਰ ਤਾਹਿਰ ਫੁਰਤੀ ਨਾਲ ਉਠਿਆ, ਮੇਰੇ ਗਲ ਲੱਗ ਕੇ ਡੌਂਕਰ ਨਾਲ ਬਾਹਰ ਨਿਕਲ ਗਿਆ।

ਘੰਟੇ ਕੁ ਬਾਅਦ ਖ਼ਾਨ ਦਾ ਫੋਨ ਆ ਗਿਆ, "ਤਾਹਿਰ ਸਿਬਤਾ ਪਹੁੰਚ ਗਿਆ ਹੈ, ਅਭੀ ਏਕ ਆਦਮੀ ਔਰ ਜਾਏਗਾ।" ਸਾਰੇ ਜਣੇ ਪੱਬਾਂ ਭਾਰ ਹੋ ਗਏ। ਦਵਿੰਦਰ ਫੋਨ 'ਤੇ ਆਪਣੇ ਏਜੰਟ ਦਾ ਨਾਂ ਲੈ ਕੇ ਜ਼ੋਰ ਪਾਉਣ ਲੱਗ ਪਿਆ। ਮਾਮੇ ਤੇ ਜੱਗੇ ਨੇ ਆਪੋ-ਆਪਣੇ ਦਾਅਵੇ ਮਜ਼ਬੂਤ ਕਰ ਦਿਖਾਏ। ਮੈਨੂੰ ਲੱਗਿਆ ਸਭ ਕੁਝ ਰੇਤ ਵਾਂਗ ਹੱਥਾਂ 'ਚੋਂ ਨਿਕਲ ਰਿਹਾ ਹੈ। ਮੌਕਾ ਢਿੱਲ ਵਰਤਣ ਦਾ ਹਰਗਿਜ਼ ਨਹੀਂ ਸੀ। ਮੈਂ ਬਾਜ਼ ਵਾਂਗ ਫੋਨ 'ਤੇ ਝਪਟਿਆ ਤੇ ਬੜੇ ਤੇਜ਼-ਤਲਖ਼ ਲਹਿਜ਼ੇ 'ਚ ਖ਼ਾਨ ਨੂੰ ਮੁਖਾਤਿਬ ਹੋਇਆ, "ਆਪਨੇ ਮੁਝੇ ਕਹਾਂ ਫਸਾ ਦੀਆ ਹੈ, ਪਾਨੀ ਕੀ ਡੌਂਕੀ ਮੇਂ ਮੁਝੇ ਭੇਜਾ ਨਹੀਂ, ਡੌਂਕਰ ਕਹਿਤੇ ਹੈਂ ਟੈਕਸੀ ਮੇਂ ਮੈਂ ਜਾ ਨਹੀਂ ਸਕਤਾ, ਫਿਰ ਮੈਂ ਕਹਾਂ ਜਾਊਂ। ਦੂਸਰੀ ਬਾਰ ਪੇਮੰਟ ਕਰ ਕੇ ਭੀ ਯਹੀਂ ਬੈਠਾ ਰਹੂੰਗਾ ਕਯਾ?" ਫਿਰ ਤਪੇ ਲੋਹੇ 'ਤੇ ਆਖ਼ਰੀ, ਜ਼ੋਰਦਾਰ ਵਾਰ ਕੀਤਾ, "ਅਗਰ ਐਸਾ ਹੀ ਹੈ ਤੋ ਮੈਂ ਫਿਰ ਵਾਪਸ ਰਬਾਤ ਆ ਜਾਊਂਗਾ...।" ਖ਼ਾਨ ਹੜਬੜਾਇਆ, "ਤੁਮ ਅਮਰੀਕ ਤੋ ਨਹੀਂ ਹੋ?" ਮੇਰੇ ਹਾਮੀ ਭਰਨ 'ਤੇ ਉਸ ਨੇ ਏਜੰਟ ਦਾ ਨਾਂ ਪੁੱਛਿਆ, ਮੇਰੇ ਜਵਾਬ 'ਚ ਉਧਰ ਚੁੱਪ ਛਾ ਗਈ। ਫਿਰ ਪਲ ਕੁ ਬਾਅਦ ਖ਼ਾਨ ਦੇ ਫੈਸਲਾਕੁਨ ਬੋਲ ਅੰਮ੍ਰਿਤ-ਰਸ ਵਾਂਗ ਕੰਨਾਂ 'ਚ ਟਪਕੇ, "ਤੁਮ ਜਾਓਗੇ।"

ਪ੍ਰਸੰਨਤਾ ਨਾਲ ਮੇਰਾ ਦਿਲ ਜ਼ੋਰ ਨਾਲ ਧੜਕਿਆ, ਲੂੰ-ਕੰਡੇ ਖੜ੍ਹੇ ਹੁੰਦੇ ਮਹਿਸੂਸ ਹੋਏ। ਫੋਨ ਡੌਂਕਰ ਨੂੰ ਫੜਾ ਕੇ ਮੈਂ ਜੁੱਤੀ-ਕੱਪੜੇ ਸੰਭਾਲੇ। ਚਾਰ ਮਹੀਨਿਆਂ ਦੇ ਧੱਕਿਆਂ ਤੋਂ ਬਾਅਦ ਪਹਿਲੀ ਵਾਰ ਸਹੀ ਡੌਂਕੀ ਲੱਗਣੀ ਸੀ। ਮੋਹਕਮ ਨੂੰ ਗਲ ਲਾ ਕੇ ਮੈਂ ਬਾਹਰ ਵੱਲ ਲਪਕਿਆ ਤਾਂ ਚਾਲੂ ਮਾਮਾ ਅਤੇ ਦਵਿੰਦਰ ਦੌੜ ਕੇ ਪਿੱਛੇ ਆਏ ਤੇ ਡਾਲਰ ਮੰਗਣ ਲੱਗੇ। ਜਾਣ ਦੀ ਕਾਹਲ ਤੇ ਚਾਅ-ਉਤੇਜਨਾ ਵਿਚ ਮੈਨੂੰ ਕੋਈ ਸੁਧ ਨਹੀਂ ਸੀ ਰਹੀ। ਉਨ੍ਹਾਂ ਨੂੰ ਡਾਲਰ ਦਿੱਤੇ ਤਾਂ ਡੌਂਕਰ ਮੇਰੇ ਦੁਆਲੇ ਆ ਜੁੜਿਆ। ਪਹਿਲਾਂ ਮੈਂ ਕਿਹਾ: ਹੋਰ ਨਹੀਂ ਹੈ; ਫਿਰ ਮੇਰੇ ਦਿਲ 'ਚ ਡਰ ਜਿਹਾ ਉਠਿਆ, ਕਿਤੇ ਉਹ ਚਿੜ ਕੇ, ਮੈਨੂੰ ਛੱਡ ਕੇ ਮਾਮੇ ਜਾਂ ਦਵਿੰਦਰ ਨੂੰ ਈ ਨਾ ਲੈ ਜਾਵੇ; ਮੈਂ ਫੁਰਤੀ ਨਾਲ ਸੌ ਡਾਲਰ ਦਾ ਨੋਟ ਡੌਂਕਰ ਨੂੰ ਫੜਾਉਂਦਿਆਂ, ਮੋਹਕਮ ਵੱਲ ਇਸ਼ਾਰਾ ਕੀਤਾ ਕਿ ਮੈਥੋਂ ਬਾਅਦ ਉਸ ਨੂੰ 'ਇਸਪਾਨੀਆ' ਭੇਜੀਂ। ਮੋਹਕਮ ਦੇ ਚਿਹਰੇ 'ਤੇ ਉਸ ਦੀ ਉਹੀ ਜਾਣੀ-ਪਛਾਣੀ ਨਿਰਛਲ ਮੁਸਕਾਨ ਲਰਜ਼ੀ।

ਤਾਜ਼ੀ ਸੁਬ੍ਹਾ ਦੀ ਲੁਭਾਵਣੀ ਲੋਅ ਸਾਰੇ ਆਲਮ ਨੂੰ ਆਪਣੇ ਧੀਮੇ ਜਾਦੂ ਨਾਲ ਸਰਸ਼ਾਰ ਕਰ ਰਹੀ ਸੀ। ਪਰ੍ਹੇ ਸੜਕ 'ਤੇ ਖੜ੍ਹੀ ਕਾਰ ਵੱਲ ਅਸੀਂ ਦੌੜੇ। ਮੈਂ ਜਿਵੇਂ ਹਵਾ ਵਿਚ ਉਡਦਾ ਕਾਰ 'ਚ ਜਾ ਵੜਿਆ। ਥੋੜ੍ਹੀ ਦੂਰ ਜਾ ਕੇ ਕਾਰ ਪਹਾੜੀ ਦੀ ਓਟ ਵਿਚ ਕੱਚੇ ਰਾਸਤੇ ਉਤਰ ਕੇ ਖੜ੍ਹ ਗਈ। ਡੌਂਕਰ ਤੇਜ਼ੀ ਨਾਲ ਕਾਰ ਦੇ 'ਡੈਸ਼ਬੋਰਡ ਕਵਰ' ਦੇ ਪੇਚ ਢਿੱਲੇ ਕਰਨ ਲੱਗੇ। ਉਹ ਕਵਰ ਅਲੱਗ ਹੋਇਆ ਤਾਂ ਡੈਸ਼ਬੋਰਡ ਪਿੱਛੇ ਖੋਖਲੀ ਜਗ੍ਹਾ ਨਜ਼ਰ ਆਈ। ਬੜੀ ਸਫ਼ਾਈ ਤੇ ਕਾਰੀਗਰੀ ਨਾਲ ਮਰਸਡੀਜ਼ ਕਾਰ ਦੇ ਵੱਡੇ ਬੋਨਟ ਦਾ ਫ਼ਾਇਦਾ ਉਠਾਉਂਦਿਆਂ ਡੈਸ਼ਬੋਰਡ ਅਤੇ ਇੰਜਣ ਵਿਚਕਾਰ ਖ਼ਾਨਾ ਬਣਾਇਆ ਗਿਆ ਸੀ ਜਿਸ ਵਿਚ ਔਸਤ ਕੱਦ ਦਾ ਪਤਲਾ ਬੰਦਾ ਯਤਨ ਕਰ ਕੇ, ਇਕੱਠਾ ਜਿਹਾ ਹੋ ਕੇ ਸਮਾ ਸਕਦਾ ਸੀ।

ਮੈਂ ਉਨ੍ਹਾਂ ਦੇ ਕਹਿਣ ਤੋਂ ਬਗੈਰ ਹੀ ਜੈਕਟ-ਜੁੱਤੀ ਲਾਹ ਕੇ ਪਰ੍ਹੇ ਵਗ੍ਹਾ ਮਾਰੀ ਅਤੇ ਅਗਲੀ ਸੀਟ 'ਤੇ ਬਹਿ ਕੇ ਖ਼ਾਨੇ ਵਿਚ ਘੁਸਣ ਦੀ ਕੋਸ਼ਿਸ਼ ਕਰਨ ਲੱਗਿਆ। ਡੌਂਕਰ ਨੇ ਫੜ ਕੇ ਦੂਸਰੇ ਤਰੀਕੇ ਨਾਲ ਵੜਨ ਲਈ ਕਿਹਾ। ਉਨ੍ਹਾਂ ਤੋਂ ਜ਼ਿਆਦਾ ਕਾਹਲੀ ਤਾਂ ਮੈਨੂੰ ਸੀ, ਮੈਂ ਨਹੀਂ ਸੀ ਚਾਹੁੰਦਾ, ਮੇਰੀ ਡੌਂਕੀ ਇਸ ਕਰ ਕੇ ਰਹਿ ਜਾਵੇ ਕਿ ਮੈਂ ਖ਼ਾਨੇ ਵਿਚ ਫਿੱਟ ਨਾ ਹੋ ਸਕਿਆ। ਉਸ ਵਕਤ ਮੇਰੀ ਲੱਤ-ਬਾਂਹ ਤੋੜ ਕੇ, ਦੋਹਰੀ ਕਰ ਕੇ ਵੀ ਮੈਨੂੰ ਵਿਚ ਧੱਕ ਦਿੱਤਾ ਜਾਂਦਾ ਤਾਂ ਮੈਨੂੰ ਜ਼ਰਾ ਵੀ ਗਿਲਾ ਨਹੀਂ ਸੀ ਹੋਣਾ। ਮੈਂ ਬੌਂਦਲਿਆ-ਘਬਰਾਇਆ, ਪਹਿਲੂ ਬਦਲ-ਬਦਲ ਕੇ, ਲੱਤਾਂ-ਬਾਹਾਂ ਘੁਮਾਉਂਦਾ, ਇਕੱਠੀਆਂ ਕਰਦਾ ਖ਼ਾਨੇ ਵਿਚ ਸਮਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਡੌਂਕਰ ਨੇ ਸਖਤੀ ਨਾਲ, ਹੁੱਝਾਂ ਮਾਰ-ਮਾਰ ਕੇ ਆਪਣੇ ਢੰਗ ਨਾਲ ਜੋੜ-ਤੋੜ ਕਰ ਕੇ, ਧੱਕ-ਮਰੋੜ ਕੇ ਅਖ਼ੀਰ ਖੋਖਲੇ ਖ਼ਾਨੇ ਵਿਚ ਮੈਨੂੰ ਫਿਟ ਕਰ ਦਿੱਤਾ। ਮਸੀਂ ਸਾਹ ਵਿਚ ਸਾਹ ਆਇਆ। ਸਭ ਤੋਂ ਮਹੱਤਵਪੂਰਨ ਤੇ ਮੁਸ਼ਕਿਲ ਕੰਮ ਸਿਰੇ ਚੜ੍ਹ ਗਿਆ ਸੀ।

ਮੈਨੂੰ ਸਮਝਾਇਆ ਗਿਆ ਸੀ ਕਿ ਬਿਲਕੁਲ ਵੀ ਨਹੀਂ ਹਿੱਲਣਾ, ਜ਼ਰਾ ਵੀ ਨਹੀਂ ਕੁਸਕਣਾ, ਨਾ ਖੰਘਣਾ, ਨਾ ਛਿੱਕਣਾ! ਕਿਹੜੇ ਮੂਰਖ ਨੇ ਆਪਣੀ ਮੌਤ ਦਾ ਸਾਮਾਨ ਆਪ ਇਕੱਠਾ ਕਰਨਾ ਸੀ? ਇਸੇ ਹਾਲਤ 'ਚ ਭਾਵੇਂ ਦੋ ਘੰਟੇ ਰੱਖਦੇ, ਮੈਂ ਚੂੰ ਤਕ ਨਹੀਂ ਸੀ ਕਰਨੀ। ਮੈਂ ਸੋਚ ਸਕਦਾ ਸਾਂ ਕਿ ਜ਼ਰਾ ਕੁ ਲਾਪਰਵਾਹੀ ਨਾਲ ਅਸਮਾਨਾਂ ਤੋਂ ਪਤਾਲ ਵਿਚ ਜਾ ਡਿੱਗਦਾ! ਮੇਰੇ ਲਈ ਇਹੀ ਮੌਕਾ ਸੀ, ਦੁੱਖਾਂ-ਤਕਲੀਫ਼ਾਂ ਤੋਂ ਖਲਾਸੀ ਪਾਉਣ ਦਾ। ਜਹੰਨਮ ਵਰਗੇ ਮੋਰੱਕੀ ਚੱਕਰਵਿਊ 'ਚੋਂ ਨਿਕਲ ਜਾਣ ਦਾ!

ਡੈਸ਼ਬੋਰਡ ਦਾ ਕਵਰ ਪੇਚਾਂ ਨਾਲ ਫਿਰ ਕੱਸ ਦਿੱਤਾ ਗਿਆ ਸੀ। ਮੈਂ ਖ਼ਾਨੇ ਵਿਚ ਅਸੰਭਵ ਜਿਹੀ ਹਾਲਤ 'ਚ ਬੁਰੀ ਤਰ੍ਹਾਂ ਦੋਹਰਾ ਹੋਇਆ ਇੰਜ ਫਸਿਆ ਪਿਆ ਸਾਂ ਕਿ ਇੰਚ-ਦੋ-ਇੰਚ ਮਸੀਂ ਹਿੱਲ ਸਕਦਾ ਸਾਂ। ਚੱਲਦੀ ਕਾਰ ਨਾਲ ਇੰਜਣ ਦਾ ਇਕ ਕਲ-ਪੁਰਜ਼ਾ ਜੋ ਮੇਰੀਆਂ ਅੱਖਾਂ ਤੋਂ ਮੁਸ਼ਕਿਲ ਨਾਲ ਚਾਰ ਕੁ ਉਂਗਲਾਂ ਪਰੇ ਸੀ, ਜਦ ਆਪਣੀ ਸਥਿਤੀ ਬਦਲਦਾ ਤਾਂ ਮੈਨੂੰ ਲੱਗਦਾ ਅੱਖਾਂ ਵਿਚ ਆਣ ਵੱਜੇਗਾ। ਅੰਦਾਜ਼ਨ ਦੋ-ਤਿੰਨ ਕਿਲੋਮੀਟਰ ਗਏ ਤਾਂ ਗੱਡੀਆਂ ਦਾ ਸ਼ੋਰ ਕੰਨੀਂ ਪੈਣ ਲੱਗਿਆ। ਮੈਨੂੰ ਲੱਤ ਦੀ ਕੋਈ ਨਾੜ ਚੜ੍ਹਦੀ ਮਹਿਸੂਸ ਹੋਈ, ਮੈਂ ਜ਼ਰਾ ਕੁ ਸਰਕਿਆ ਤਾਂ ਡੌਂਕਰ ਨੇ ਜ਼ੋਰ ਨਾਲ ਡੈਸ਼ਬੋਰਡ 'ਤੇ ਹੱਥ ਮਾਰਿਆ। ਮੈਂ ਝਟ ਪੱਥਰ ਹੋ ਗਿਆ। ਬਸ ਇਹ ਗ਼ਲਤੀ ਆਖਰੀ ਸੀ, ਕਿਸੇ ਕਿਸਮ ਦੀ ਲਾਪਰਵਾਹੀ ਦੀ ਗੁੰਜਾਇਸ਼ ਹੀ ਨਹੀਂ ਸੀ!

ਅਤਿ ਮੁਸ਼ਕਿਲ ਦਸ਼ਾ ਵਿਚ ਫਸੇ ਸਰੀਰ 'ਚ ਦਰਦ ਸ਼ੁਰੂ ਹੋ ਗਿਆ। ਜਿਸਮ ਦੇ ਸਾਰੇ ਜੋੜ ਦੋਹਰੇ ਹੋਏ ਪਏ ਸਨ। ਲੱਤਾਂ-ਬਾਂਹਾਂ, ਹੱਥ-ਪੈਰ ਸੌਂ ਰਹੇ ਸਨ, ਪਰ ਹੁਣ ਮੇਰੀ ਸਹਿਣ-ਸ਼ਕਤੀ ਅਤੇ ਸਬਰ-ਜ਼ਬਤ ਦਾ ਇਮਤਿਹਾਨ ਸੀ। ਇਨ੍ਹਾਂ ਕੁਝ ਕੁ ਪਲਾਂ ਉਤੇ ਹੀ ਸਭ ਕੁਝ ਨਿਰਭਰ ਸੀ।

ਕਾਰ ਸ਼ਾਇਦ ਵਾਹਨਾਂ ਦੀ ਕਤਾਰ ਵਿਚ ਸੀ, ਥੋੜ੍ਹੀ ਸਰਕਦੀ, ਫਿਰ ਰੁਕਦੀ, ਫਿਰ ਤੁਰ ਪੈਂਦੀ। ਸਿਬਤਾ ਪ੍ਰਵੇਸ਼ ਮਾਰਗ 'ਤੇ ਜਾਂਚ-ਪੜਤਾਲ ਲਈ ਬੈਰੀਅਰ 'ਤੇ ਪਹੁੰਚ ਗਏ ਸਾਂ।

ਜਦੋਂ ਮੈਂ ਖ਼ਾਨੇ 'ਚ ਬੰਦ ਹੋ ਗਿਆ ਸਾਂ, ਉਦੋਂ ਤੋਂ ਹੀ ਅੰਤਰ-ਪ੍ਰੇਰਨਾ ਸਦਕੇ ਬਦੋਬਦੀ ਮੂੰਹੋਂ ਸਤਿਨਾਮ-ਵਾਹਿਗੁਰੂ ਨਿਕਲਣ ਲੱਗ ਪਿਆ ਸੀ। ਫਿਰ ਇਹ ਲੈਅ ਇਕ ਛਿਣ ਲਈ ਵੀ ਟੁੱਟੀ ਨਹੀਂ। ਅਹਿਸਾਸ ਹੋ ਰਿਹਾ ਸੀ ਕਿ ਇਸ ਬਹੁਤ ਤੰਗ ਜਗ੍ਹਾ 'ਚ ਵੀ ਕੋਈ ਮੇਰੇ ਨਾਲ ਹੈ! ਮੇਰਾ ਸਮੁਚਾ ਅੰਦਰ-ਬਾਹਰ ਕੁਰਲਾ ਰਿਹਾ ਸੀ।

ਕੁੱਤਿਆਂ ਦੇ ਭੌਂਕਣ ਦੀਆਂ ਅਵਾਜ਼ਾਂ ਗੂੰਜੀਆਂ। ਮੈਂ ਸਾਹ ਸੂਤ ਲਏ, ਹੁਣ ਸੂਈ ਜਿੰਨਾ ਵੀ ਸਰਕਣ ਦੀ ਗੁੰਜਾਇਸ਼ ਨਹੀਂ ਸੀ ਰਹੀ। ਇਨ੍ਹਾਂ ਹੀ ਪਲਾਂ ਵਿਚ ਨਸੀਬਾਂ ਦਾ ਇਮਤਿਹਾਨ ਹੋਣਾ ਸੀ। ਸਾਰਾ ਸਰੀਰ ਜਿਵੇਂ ਪਥਰਾ ਗਿਆ ਸੀ। ਦੰਦ ਤੇ ਜਬੜਾ ਇੰਜ ਜ਼ੋਰ ਨਾਲ ਘੁੱਟੇ ਗਏ, ਜਿਵੇਂ ਪਰਲੋ ਆਸ-ਪਾਸ ਮੈਨੂੰ ਹੀ ਲੱਭਦੀ ਫਿਰ ਰਹੀ ਹੋਵੇ। ਲੱਗਾ, ਜਿਵੇਂ ਲਹੂ ਨੇ ਵੀ ਨਾੜਾਂ 'ਚ ਗਰਦਿਸ਼ ਕਰਨੀ ਬੰਦ ਕਰ ਦਿੱਤੀ ਹੋਵੇ। ਦਿਲ ਦੀ ਧੜਕਣ ਸੀਨਾ ਪਾੜਨ ਤਕ ਜਾ ਰਹੀ ਸੀ। ਪੱਥਰ ਦੀ ਸਿੱਲ ਵਾਂਗ ਬੇਜਾਨ, ਅਹਿਲ ਜਿਸਮ ਅੰਦਰ ਸੈਂਕੜੇ ਤੂਫ਼ਾਨ ਗਰਜ ਰਹੇ ਸਨ।

ਇਸ ਵਾਰ ਕਾਰ ਰੁਕੀ ਤਾਂ ਕਿਸੇ ਅਨਜਾਣ-ਅਸਪਸ਼ਟ ਜ਼ੁਬਾਨ (ਸਪੈਨਿਸ਼) ਵਿਚ ਸੰਖੇਪ ਜਿਹੇ ਸਵਾਲ-ਜਵਾਬ ਕੰਨੀਂ ਪਏ। ਕਾਰ ਦੀ ਡਿੱਕੀ ਖੁਲ੍ਹੀ, ਫਿਰ ਬੰਦ ਹੋਈ। ਜਾਂਚ-ਪੜਤਾਲ ਆਮ ਰਸਮ ਤੋਂ ਕਾਫੀ ਅਗਾਂਹ ਤਕ ਗਈ ਸੀ ਸ਼ਾਇਦ!

ਮੇਰੇ ਧੁਰ ਅੰਦਰ ਤਕ ਹਰ ਕੋਨੇ ਵਿਚ ਸਤਿਨਾਮ-ਵਾਹਿਗੁਰੂ ਦਾ ਅਲਾਪ ਗੂੰਜ ਰਿਹਾ ਸੀ। ਸਾਰਾ ਚਿਹਰਾ ਅੱਥਰੂਆਂ ਨਾਲ ਭਿੱਜ ਰਿਹਾ ਸੀ, ਬੰਦ ਨੇਤਰ ਕਿਸੇ ਅਗਿਆਤ ਸ਼ਕਤੀ ਦੇ ਚਰਨਾਂ ਵਿਚ ਜਾ ਟਿਕੇ ਸਨ। ਮੈਂ ਅਤਿ-ਬਿਹਬਲਤਾ ਅਤੇ ਭਾਵੁਕਤਾ ਦੀ ਚਰਮਸੀਮਾ ਉਤੇ ਅਧਮੋਇਆ ਪਿਆ ਸਾਂ। ਫਿਰ ਅਸਪਸ਼ਟ ਆਵਾਜ਼ਾਂ ਆਈਆਂ, ਕਾਰ ਵਲ ਖਾਂਦੀ ਤੁਰੀ, ਕੁਝ ਮੋੜ ਮੁੜੀ, ਫਿਰ ਪੰਜ-ਸੱਤ ਮਿੰਟ ਬਾਅਦ ਰੁਕ ਗਈ। ਜ਼ੋਰ-ਜ਼ੋਰ ਨਾਲ ਧੜਕਦਾ ਦਿਲ ਹੌਲੀ-ਹੌਲੀ ਕੰਟਰੋਲ ਵਿਚ ਆ ਰਿਹਾ ਸੀ। ਮੈਨੂੰ ਨਹੀਂ ਪਤਾ, ਕੀ ਹੋਇਆ ਸੀ, ਕੀ ਨਹੀਂ!

ਡੈਸ਼ਬੋਰਡ ਦੇ ਪੇਚ ਢਿੱਲੇ ਹੋਣ ਲੱਗੇ। ਮਨ 'ਚ ਸ਼ੱਕ ਉਠਿਆ ਕਿਤੇ ਦਵਿੰਦਰ ਵਾਂਗ ਵਾਪਸ ਤਾਂ ਨਹੀਂ ਪਰਤ ਆਏ, ਡੌਂਕੀ ਅਸਫਲ ਤਾਂ ਨਹੀਂ ਹੋ ਗਈ? ਢੱਕਣ ਖੁਲ੍ਹਿਆ, ਬੜੀ ਮੁਸ਼ਕਿਲ ਨਾਲ ਮੈਨੂੰ ਬਾਹਰ ਕੱਢਿਆ। ਅੰਗ-ਪੈਰ ਸੁੱਤੇ ਮਹਿਸੂਸ ਹੋਏ।

ਮੈਂ ਆਲਾ-ਦੁਆਲਾ ਦੇਖਿਆ, ਦਿਲ ਨੇ ਗੋਤਾ ਜਿਹਾ ਖਾਧਾ। ਸਾਹਮਣੇ ਪਰ੍ਹੇ ਉਹੀ ਪਹਾੜੀਆਂ, ਉਹੋ ਜਿਹੇ ਹੀ ਮੰਜ਼ਰ! ਇਕ ਪਾਸੇ ਉਹੋ ਜਿਹੇ ਹੀ ਘਰ। ਮੈਂ ਤੜਫਾਹਟ ਨਾਲ ਡੌਂਕਰ ਨੂੰ ਪੁੱਛਿਆ, "ਮੋਰੱਕੋ?... ਇਸਪਾਨੀਆ?" ਡੌਂਕਰ ਨੇ ਹੱਸ ਕੇ ਕਿਹਾ, "ਇਸਪਾਨੀਆ।"

ਮੈਨੂੰ ਲੱਗਾ ਦਿਲ ਨੇ ਪਲ ਭਰ ਲਈ ਧੜਕਣਾ ਬੰਦ ਕਰ ਦਿੱਤਾ। ਇਸ ਅਦੁਤੀ ਅਹਿਸਾਸ ਨਾਲ ਜਿਵੇਂ ਮੇਰਾ ਸਰੀਰ ਜ਼ੋਰ ਨਾਲ ਕੰਬਿਆ ਤੇ ਮੈਂ ਗੋਢਿਆਂ ਭਾਰ ਜਾ ਡਿੱਗਾ। ਨੇਤਰ ਮੁੰਦੇ ਗਏ, ਮੂੰਹ ਵਿਚੋਂ 'ਵਾਹਿਗੁਰੂ' ਨਿਕਲਿਆ ਤੇ ਅੰਦਰੋਂ ਜਿਵੇਂ ਦਰਦਾਂ-ਮਾਰੀ ਖੁਸ਼ੀ ਬਾਹਰ ਉਬਲ ਪਈ। ਮੇਰਾ ਭੁੱਬੀਂ ਰੋਣਾ ਨਿਕਲ ਗਿਆ।

ਉਸ ਵਕਤ ਜਿਹੜੀ ਖੁਸ਼ੀ, ਜਿਹੜਾ ਅਨੰਦ, ਜਿਹੜਾ ਸਕੂਨ ਮੈਨੂੰ ਹਾਸਲ ਹੋਇਆ, ਉਸ ਦਾ ਅਹਿਸਾਸ ਸਾਰੀ ਜ਼ਿੰਦਗੀ ਨਹੀਂ ਸੀ ਹੋਇਆ। ਕੀ ਇਸ ਹੱਦ ਤਕ ਵੀ ਖੁਸ਼ੀ ਜਾ ਸਕਦੀ ਹੈ? ਯੂਰਪ, ਸਪੇਨ ਪਹੁੰਚਣ ਦੀ ਖੁਸ਼ੀ ਸ਼ਾਇਦ ਓਨੀ ਨਹੀਂ ਸੀ, ਜਿੰਨੀ ਮੋਰੱਕੋ 'ਚੋਂ ਨਿਕਲ ਆਉਣ ਦੀ ਸੀ। ਮੇਰਾ ਭਰਿਆ ਮਨ ਕਰ ਰਿਹਾ ਸੀ ਕਿ ਰੋਈ ਜਾਵਾਂ, ਖੁਸ਼ੀ ਨਾਲ ਚੀਕਾਂ ਮਾਰਾਂ ਜਾਂ ਫਿਰ ਪਾਗਲ ਹੋ ਜਾਵਾਂ!

'ਅਰਜੁਨ' ਸਰੀਖ਼ੇ ਡੌਂਕਰ ਨੇ ਮੈਨੂੰ ਮੋਢਿਆਂ ਤੋਂ ਫੜ ਕੇ ਹਲੂਣਿਆ, "ਯੱਲਾ-ਯੱਲਾ, ਪੋਲੀਸੀਆ।" ਮੈਂ ਉਠ ਕੇ ਦੂਰ ਪਹਾੜੀਆਂ 'ਤੇ ਲੱਗੇ ਵੱਡੇ ਵੱਡੇ ਪੱਖਿਆਂ ਵੱਲ ਦੇਖਿਆ: "ਆਖਰੀ ਸਲਾਮ ਮੋਰੱਕੋ! ਹੁਣ ਜ਼ਿੰਦਗੀ ਭਰ ਇਧਰ ਮੂੰਹ ਨਹੀਂ ਕਰਨਾ!!"

ਫਿਰ ਹੋਠਾਂ 'ਤੇ ਭੁੱਲੀ-ਵਿਸਰੀ, ਹੰਝੂਆਂ ਨਾਲ ਲਬਰੇਜ਼ ਨਿੰਮ੍ਹੀ ਜਿਹੀ ਮੁਸਕਾਨ ਲਰਜ਼ਦੀ ਮਹਿਸੂਸ ਹੋਈ। ਮੈਂ ਖੁਸ਼ੀ ਨਾਲ ਥਰਥਰਾਉਂਦੇ ਹੱਥਾਂ ਨਾਲ ਅੱਥਰੂਆਂ ਭਰਿਆ ਚਿਹਰਾ ਪੂੰਝਿਆ ਤੇ ਬੜੇ ਮਜ਼ਬੂਤ ਕਦਮਾਂ ਨਾਲ ਉਸ ਦਿਸ਼ਾ ਵੱਲ ਵਧਿਆ ਜਿਧਰ ਡੌਂਕਰ ਜਾ ਰਿਹਾ ਸੀ। ***(ਸਮਾਪਤ)***




***ਸਪੇਨ ਦੇ ਸ਼ਹਿਰ ਸਿਬਤਾ ਦਾ ਇਕ ਨਜ਼ਾਰਾ ਜਿਥੇ ਲਿਖਾਰੀ ਆਖਰਕਾਰ ਪੁੱਜ ਗਿਆ।***

***ਮੈਂ ਬਾਜ਼ ਵਾਂਗ ਫੋਨ 'ਤੇ ਝਪਟਿਆ ਤੇ ਬੜੇ ਤੇਜ਼-ਤਲਖ਼ ਲਹਿਜ਼ੇ 'ਚ ਖ਼ਾਨ ਨੂੰ ਮੁਖਾਤਿਬ ਹੋਇਆ, "ਆਪਨੇ ਮੁਝੇ ਕਹਾਂ ਫਸਾ ਦੀਆ ਹੈ, ਪਾਨੀ ਕੀ ਡੌਂਕੀ ਮੇਂ ਮੁਝੇ ਭੇਜਾ ਨਹੀਂ, ਡੌਂਕਰ ਕਹਿਤੇ ਹੈਂ ਟੈਕਸੀ ਮੇਂ ਮੈਂ ਜਾ ਨਹੀਂ ਸਕਤਾ, ਫਿਰ ਮੈਂ ਕਹਾਂ ਜਾਊਂ। ਦੂਸਰੀ ਬਾਰ ਪੇਮੰਟ ਕਰ ਕੇ ਭੀ ਯਹੀਂ ਬੈਠਾ ਰਹੂੰਗਾ ਕਯਾ?" ਫਿਰ ਤਪੇ ਲੋਹੇ 'ਤੇ ਆਖ਼ਰੀ, ਜ਼ੋਰਦਾਰ ਵਾਰ ਕੀਤਾ, "ਅਗਰ ਐਸਾ ਹੀ ਹੈ ਤੋ ਮੈਂ ਫਿਰ ਵਾਪਸ ਰਬਾਤ ਆ ਜਾਊਂਗਾ...।" ਖ਼ਾਨ ਹੜਬੜਾਇਆ, "ਤੁਮ ਅਮਰੀਕ ਤੋ ਨਹੀਂ ਹੋ?" ਮੇਰੇ ਹਾਮੀ ਭਰਨ 'ਤੇ ਉਸ ਨੇ ਏਜੰਟ ਦਾ ਨਾਂ ਪੁੱਛਿਆ, ਮੇਰੇ ਜਵਾਬ 'ਚ ਉਧਰ ਚੁੱਪ ਛਾ ਗਈ।***

# ਗਾਥਾ ਨਵਾਂ ਸ਼ਹਿਰ: ਮੋੜ੍ਹੀ ਗੱਡਣ ਤੋਂ 1947 ਤੀਕ

ਦੁਆਬੇ ਦੇ ਗੱਭੇ ਜਿਹੇ ਪੈਂਦੇ ਜਲੰਧਰ-ਹੁਸ਼ਿਆਰਪੁਰ ਦੇ ਨਾਂ ਨਾਲ ਨਵਾਂ ਸ਼ਹਿਰ ਦਾ ਨਾਂ ਉਦੋਂ ਹੀ ਲਿਆ ਜਾਣ ਲੱਗ ਪਿਆ ਸੀ, ਜਦ ਇਹ ਜ਼ਿਲ੍ਹਾ ਤਾਂ ਕੀ, ਤਹਿਸੀਲ ਵੀ ਨਹੀਂ ਸੀ ਬਣਿਆ। ਇਸ ਕੋਲ ਵੱਸਦਾ ਰਾਹੋਂ ਭਾਵੇਂ ਪ੍ਰਾਚੀਨ ਤੇ ਘੁੱਗ ਸੀ, ਪ੍ਰੰਤੂ ਬਹੁਤਾ ਜ਼ਿਕਰ ਨਵਾਂ ਸ਼ਹਿਰ ਦਾ ਹੀ ਤੁਰਦਾ। ਹਰ ਸ਼ਹਿਰ ਦੇ ਨਾਂ ਨਾਲ ਅਕਸਰ ਸ਼ਹਿਰ ਸ਼ਬਦ ਵੀ ਲਾਇਆ ਜਾਂਦਾ ਹੈ, ਪਰ ਨਵਾਂ ਸ਼ਹਿਰ ਨਾਲ ਨਹੀਂ। ਇਸ ਦੇ ਨਾਂ ਨਾਲ ਤਾਂ ਸ਼ਹਿਰ ਉਦੋਂ ਹੀ ਲੱਗ ਗਿਆ ਸੀ ਜਦ ਇਹ ਆਪਣੇ ਲਾਗਲੇ ਪ੍ਰਾਚੀਨ ਨਗਰ ਰਾਹੋਂ ਨਾਲੋਂ ਵਿਛੜ ਕੇ ਅਜੇ ਵੱਸ ਹੀ ਰਿਹਾ ਸੀ; ਕਾਰਨ ਉਦੋਂ ਵੀ ਤਵਾਰੀਖੀ ਸਨ। ਹੁਣ ਇਹ ਵਿਕਸਿਤ ਵੀ ਬਹੁਤ ਹੋ ਚੁਕਾ ਹੈ, ਭਰਿਆ-ਪਰੁੰਨਾ ਅਤੇ ਉਮਰ-ਦਰਾਜ਼ ਵੀ।



**ਵਿਜੈ ਬੰਬੇਲੀ**
ਫੋਨ: 91-94634-39075

ਮਾਲ ਵਿਭਾਗ ਅਨੁਸਾਰ, "ਪਿੰਡ ਨਵਾਂ ਸ਼ਹਿਰ ਮਸ਼ੀਰ ਖਾਨ ਨੇ ਆਬਾਦ ਕੀਤਾ। ਜਮੀਨ ਦਾ ਮਾਲਕ ਅਜ਼ੀ ਬਖਸ਼, ਕੌਮ ਰਾਜਪੂਤ ਘੋੜੇਵਾਹ, ਪਿੰਡ ਹਿਮਾ, ਤਹਿਸੀਲ ਸਮਰਾਲਾ ਤੋਂ ਵਕਤ ਦੇ ਹਾਕਮ ਦੇ ਹੁਕਮ ਨਾਲ ਕਾਬਜ਼ ਹੋਇਆ। ਪਿੱਛੋਂ ਮੁਸੱਮੀਆ, ਲੱਧਾ, ਨਿਹਾਲ, ਬਲਾਕੀ, ਬੋਡਾ-ਪੀਰੂ ਬਾਕੀ ਗੋਰਚੀ ਵਗੈਰਾ ਸਮੇਂ ਦੇ ਹਾਕਮ ਦੀ ਪ੍ਰਵਾਨਗੀ ਲੈ ਕੇ ਆਪਣੇ ਮਾਲ-ਅਸਬਾਬ ਨਾਲ ਆ ਕਾਬਜ਼ ਹੋਏ, ਜ਼ਰਾਇਤ (ਖੇਤੀਬਾੜੀ) ਕਰਨ ਲੱਗੇ ਆਹਲਾ ਮਾਲਕ ਬਣੇ। ਇਸ ਪਿੱਛੋਂ ਸਵਾ ਪੰਜਤਾਲੀ ਵਿਘੇ ਹਲ ਮੁਕੱਰਰ ਹੋਆ। ਕੌਮ ਰਾਜਪੂਤ ਬਾਰਾਂ ਹਲ, ਅਰਾਇਆ (ਅਰਾਈ) ਸਵਾ ਬੀਹੀਂ ਹਲ, ਜੱਟ ਗਿਆਰਾਂ ਹਲ ਕਾਇਮ ਕਰਕੇ ਤਿੰਨ ਪੱਤੀਆਂ ਰਾਜਪੂਤਾਂ, ਜੱਟਾਂ ਅਤੇ ਮੁਆਫੀ ਕਾਇਮ ਹੋਇਆ।"

ਇੱਕ ਹੋਰ ਵਿਸ਼ਵਾਸ, "ਨਵਾਂ ਸ਼ਹਿਰ ਦਾ ਇਤਿਹਾਸ 14ਵੀਂ ਸਦੀ ਨਾਲ ਜਾ ਖਹਿੰਦਾ ਹੈ। ਕਿਹਾ ਜਾਂਦਾ ਹੈ ਕਿ ਇੱਕ ਅਫਗਾਨ ਫੌਜ ਮੁਖੀ ਨੌਂ-ਸ਼ੇਰ-ਖਾਨ ਨੇ ਅਲਾਉਦੀਨ ਖਿਲਜੀ (1295-1316) ਸਮੇਂ ਇੱਕ ਝੀਲ ਦੇ ਕਿਨਾਰੇ ਇਸ ਦੀ ਮੋੜ੍ਹੀ ਗੱਡੀ। ਪਹਿਲ-ਪਲੱਕੜਿਆਂ ਵਿਚ ਇਸ ਨੂੰ ਨੌਂ-ਸ਼ੇਰ ਕਿਹਾ ਜਾਂਦਾ ਰਿਹਾ। ਸਮਾਂ ਪਾ ਕੇ ਇਹ ਵਿਗੜਦਾ-ਸੰਵਰਦਾ ਨਵਾਂ ਸ਼ਹਿਰ ਵਜੋਂ ਸਥਾਪਤ ਹੋ ਗਿਆ। ਨੌਂ-ਸ਼ੇਰ-ਖਾਨ ਨੇ ਪੰਜ ਕਿਲ੍ਹੇ, 'ਜਿਹੜੇ ਕਿ ਹਵੇਲੀ-ਨੁਮਾ ਸਨ', ਬਣਵਾਏ, ਜਿਨ੍ਹਾਂ ਦੇ ਖੰਡਰ ਅੱਜ ਵੀ ਮੌਜੂਦ ਹਨ।"

ਇੱਕ ਹੋਰ ਮਿੱਥ ਅਨੁਸਾਰ, "ਕਈ ਲੋਕ ਦਰਿਆ ਸਤਲੁਜ ਦੇ ਵਾਰ-ਵਾਰ ਭੰਨੇ, ਰਾਹੋਂ ਲਾਗਲੇ ਖਿੱਤੇ ਤੋਂ ਇਥੇ ਆ ਬੈਠੇ। ਪ੍ਰਾਚੀਨ ਰਾਹੋਂ ਸ਼ਹਿਰ ਦੀ ਤਰਜ਼ ਉਤੇ ਉਨ੍ਹਾਂ ਇਸ ਦਾ ਨਾਂ 'ਨਵਾਂ ਸ਼ਹਿਰ' ਰੱਖ ਦਿੱਤਾ।" ਪਰ ਇੱਕ ਹੋਰ ਦੰਦ ਕਥਾ ਅਨੁਸਾਰ ਰਾਹੋਂ ਉਚੇ ਥੇਹ 'ਤੇ ਬਿਰਾਜਮਾਨ ਹੈ ਅਤੇ ਇਹ ਕਿਤੇ ਨੀਵੀਂ ਥਾਂ। 'ਨੀਵੀਂ ਵਸੋਂ' ਨੂੰ ਪਹਿਲਾਂ ਨੀਵਾਂ ਸ਼ਹਿਰ ਕਿਹਾ ਜਾਂਦਾ ਰਿਹਾ, ਸਮਾਂ ਬੀਤਦਿਆਂ ਜੋ ਨਵਾਂ ਸ਼ਹਿਰ ਵਜੋਂ ਪ੍ਰਸਿੱਧ ਹੋਇਆ।

ਇਸ ਸ਼ਹਿਰ ਦਾ ਇਤਿਹਾਸ ਬਾਬਾ ਬੰਦਾ ਬਹਾਦਰ, ਸਿੱਖ ਮਿਸਲਾਂ ਅਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਨਾਲ ਜਾ ਜੁੜਦਾ ਹੈ। ਕੁਝ ਇਤਿਹਾਸਕਾਰਾਂ ਮੁਤਾਬਕ ਜਲੰਧਰ ਦੁਆਬ ਦੇ ਸਿੱਖਾਂ ਨੇ ਮੁਸਲਿਮ ਦਾਬੇ ਤੋਂ ਮੁਕਤ ਕਰਾਉਣ ਦੇ ਯਤਨਾਂ ਵਜੋਂ ਦੁਆਬੇ ਦੇ ਫੌਜਦਾਰ ਸ਼ਮਸ ਖਾਨ ਨੂੰ ਕੁਝ ਸੁਧਾਰ ਕਰਨ ਲਈ ਕਿਹਾ। ਸੁਧਾਰ ਦੀ ਜਗ੍ਹਾ ਉਲਟਾ ਦਮਨ-ਚੱਕਰ ਤੇਜ਼ ਹੋ ਗਿਆ। ਬਾਬਾ ਬੰਦਾ ਬਹਾਦਰ ਦੀ ਚੜ੍ਹਤ ਨਾਲ ਸਿੱਖਾਂ ਨੇ ਪੁਰਾਣੇ ਸ਼ਹਿਰ ਰਾਹੋਂ 'ਤੇ ਕਬਜ਼ਾ ਕਰ ਲਿਆ। ਮਗਰੋਂ ਯਕੂਬ ਖਾਨ ਦੇ ਬਾਗ ਕੋਲ ਘਮਸਾਨ ਦਾ ਯੁੱਧ ਹੋਇਆ, ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਫੇਰ ਸ਼ਮਸ ਖਾਨ ਦੇ ਦੁਆਬ ਛੱਡਦਿਆਂ ਹੀ ਬੰਦਾ ਬਹਾਦਰ, ਜੋ ਇਧਰ ਸਤਲੁਜ ਦਰਿਆ ਪਾਰ ਕਰਕੇ ਸ਼ਿਵਾਲਿਕ ਦੀਆਂ ਪਹਾੜੀਆਂ (ਕਟਾਰ ਧਾਰ) ਵਿਚ ਡੇਰਾ ਜਮਾ ਚੁਕਾ ਸੀ, ਨੇ ਪੁਰਾਣੇ ਹੁਸ਼ਿਆਰਪੁਰ ਖੇਤਰ ਦੇ ਵੱਡੇ ਖਿੱਤੇ ਸਮੇਤ ਜਲੰਧਰ ਦੁਆਬ ਦੇ ਰਾਹੋਂ ਉਤੇ ਵੀ ਕਬਜ਼ਾ ਕਰ ਲਿਆ, ਪ੍ਰੰਤੂ ਉਸ ਦੇ ਸਿਪਾਹਸਾਲਾਰ ਬਾਜ਼ ਸਿੰਘ ਵੱਲੋਂ ਰਾਹੋਂ ਉਤੇ ਕਬਜ਼ਾ ਕਰਨ ਤੋਂ ਕਿਤੇ ਪਹਿਲਾਂ ਕੁਝ ਸਿੱਖ ਜਥਿਆਂ ਨੇ ਨਾਕਾਮ ਕੋਸ਼ਿਸ਼ਾਂ ਵੀ ਕੀਤੀਆਂ ਸਨ, ਜੋ ਆਧਾਰ ਸਾਬਤ ਹੋਈਆਂ, ਭਾਵੇਂ ਕਿ ਰਾਜ ਦੀ ਬਜਾਏ ਉਨ੍ਹਾਂ ਜਥਿਆਂ ਦੀ ਮਨਸ਼ਾ ਮਾਲ-ਅਸਬਾਬ ਹਥਿਆਉਣਾ ਹੀ ਸੀ।

ਦਰਅਸਲ 1708 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਨੇ ਬਾਬਾ ਬੰਦਾ ਬਹਾਦਰ ਨੂੰ ਪੰਜਾਬ ਤੋਰਿਆ ਤਾਂ ਉਸ ਆਪਣੇ ਸਿਰਲੱਥ ਨਿਸ਼ਕਾਮ ਸਿੱਖ ਯੋਧਿਆਂ ਨਾਲ ਭੁਵਾ (ਕੈਥਲ), ਸੋਨੀਪਤ, ਸਮਾਣਾ, ਘੁੜਾਮ, ਕਪੂਰੀ, ਚੱਪੜਚਿੜੀ ਦਾ ਮੈਦਾਨ ਫਤਿਹ ਕਰਨ ਉਪਰੰਤ ਜਾ ਸਰਹਿੰਦ ਤਬਾਹ ਕੀਤੀ। ਛੋਟੀਆਂ ਮੋਟੀਆਂ ਝੜਪਾਂ 'ਚ ਜਿੱਤ ਮਗਰੋਂ ਦਸੰਬਰ 1710 ਵਿਚ ਸਢੌਰੇ ਦੇ ਯੁੱਧ ਸਮੇਂ ਸ਼ਾਹੀ ਫੌਜਾਂ ਦਾ ਜੋਰ ਪੈ ਜਾਣ ਕਾਰਨ ਬੰਦਾ ਬਹਾਦਰ ਨੂੰ ਲੋਹਗੜ੍ਹ ਕਿਲ੍ਹੇ ਵਿਚ ਪਨਾਹ ਲੈਣੀ ਪਈ। ਫਿਰ ਅਣਸਾਵੀਂ ਤਾਕਤ ਕਾਰਨ ਉਹ ਨਾਹਨ ਦੀਆਂ ਪਹਾੜੀਆਂ 'ਚ ਛੁਪਣ-ਛੋਤ ਹੋ ਜਾਣ ਲਈ ਮਜਬੂਰ ਹੋ ਗਿਆ, ਮਗਰੋਂ ਕਹਿਲੂਰ-ਬਿਲਾਸਪੁਰ ਦੇ ਰਾਜਿਆਂ ਨਾਲ ਝੜਪਾਂ ਉਪਰੰਤ ਉਹ ਜਨਵਰੀ 1711 'ਚ ਆਪਣੇ ਬਚੇ-ਖੁਚੇ ਯੋਧਿਆਂ ਸਮੇਤ ਰੋਪੜੋਂ ਦਰਿਆ ਪਾਰ ਕਰਕੇ ਹੁਣ ਦੇ ਰੈਲਮਾਜਰਾ ਨੇੜੇ ਉਦੋਂ ਘੁੱਗ ਵਸਦੇ ਪਰ ਹੁਣ ਥੇਹ ਹੋ ਚੁਕੇ ਪਿੰਡ ਜਿਮ ਕਿਹਰ ਆ ਟਿਕਿਆ, ਜਿਥੇ ਉਸ ਨਾਲ ਰਾਹੋਂ ਯੁੱਧ ਦੇ ਦਬੱਲੇ ਸਿੱਖ ਜਥੇ ਆਣ ਸ਼ਾਮਲ ਹੋਏ।

ਰਾਹੋਂ 'ਤੇ ਬੱਝਵਾਂ ਹਮਲਾ ਕਰਨ ਅਤੇ ਦਰਿਆ ਪਾਰਲੀ ਸ਼ਾਹੀ ਫੌਜ ਤੋਂ ਬਚਾਅ ਹਿੱਤ ਪੱਕੇ ਪੈਰੀਂ ਹੋਣ ਲਈ ਉਸ ਨੇ ਕਟਾਰ ਧਾਰ ਦੀਆਂ ਜਿਮ ਕਿਹਰ ਦੀਆਂ ਦੁਰਾਡੀਆਂ ਪਹਾੜੀਆਂ ਨੂੰ ਗੁਫਾ ਨੁਮਾ ਖੋਦ-ਖੁਦਾਅ ਕੇ ਜੰਗੀ ਮੋਰਚੇ ਅਤੇ ਛੁਪਣਗਾਹਾਂ ਸਥਾਪਤ ਕੀਤੀਆਂ, ਜੋ ਉਪਰੋਂ ਵੇਖਿਆਂ ਪਹਾੜੀ-ਜੰਗਲ ਵੇਲਾਂ ਹੀ ਜਾਪਦੀਆਂ। ਗੁਫਾਵਾਂ ਦੇ ਪਰਵੇਸ਼ ਦੁਆਰ ਹਰਿਆਵਲ ਨਾਲ ਢਕੇ ਹੋਣ ਕਾਰਨ ਦੁਸ਼ਮਣ ਇਨ੍ਹਾਂ ਦੀ ਥਾਹ ਨਹੀਂ ਸੀ ਪਾ ਸਕਦਾ। ਇੱਕ ਗੁਫਾ ਵਿਚ ਇੱਕ ਵੱਡ-ਅਕਾਰੀ ਕਮਰਾ, ਜੋ ਮਨੁੱਖੀ ਮਿਹਨਤ ਦਾ ਕਮਾਲ ਸੀ, ਬੰਦਾ ਬਹਾਦਰ ਦਾ ਸਦਰ-ਮੁਕਾਮ ਬਣਿਆ।

ਜਦੋਂ 1759 ਤਾਈਂ ਮਿਸਲਾਂ ਦਾ ਜ਼ੋਰ ਵਧਣਾ ਸ਼ੁਰੂ ਹੋ ਗਿਆ, ਤਦ 1760 ਵਿਚ ਡੱਲੇਵਾਲੀਆ ਮਿਸਲ ਦੇ ਤਾਰਾ ਸਿੰਘ ਗੈਬਾ ਨੇ ਮਾਛੀਵਾੜਾ ਵੱਲੋਂ ਮੁੜ ਸਤਲੁਜ ਪਾਰ ਕਰਕੇ ਦੁਆਬੇ ਅੰਦਰ ਦਰਿਆ ਦੇ ਨਾਲ-ਨਾਲ ਚਾਰ ਛੋਟੀਆਂ ਰਿਆਸਤਾਂ, ਜਿਨ੍ਹਾਂ 'ਚ ਰਾਹੋਂ ਤੇ ਕਾਠਗੜ੍ਹ ਵੀ ਸ਼ੁਮਾਰ ਸਨ, ਅਫਗਾਨਾਂ ਤੋਂ ਖੋਹ ਕੇ ਬੰਗਾ ਤੇ ਨਵਾਂ ਸ਼ਹਿਰ 'ਚ ਆਪਣਾ ਰਾਜ ਕਾਇਮ ਕਰਕੇ ਰਾਹੋਂ ਨੂੰ ਮੁੱਖ ਕੇਂਦਰ ਬਣਾਇਆ। ਉਸ ਨੇ ਕਾਠਗੜ੍ਹ 'ਚ ਸਰਦਾਰ ਝੰਡਾ ਸਿੰਘ ਨੂੰ ਅਤੇ ਧਰਮ ਸਿੰਘ ਖੱਤਰੀ ਨੂੰ ਬੰਗਾ ਦਾ ਮੁਖੀ ਥਾਪਿਆ। ਧਰਮ ਸਿੰਘ ਨੇ ਬੰਗਾ ਖੇਤਰ ਦੇ 240 ਪਿੰਡ ਹੋਰ ਜਿੱਤ ਕੇ ਬਹੁਤੇ ਬੰਗਾ ਅਤੇ ਕੁਝ ਨਵਾਂ ਸ਼ਹਿਰ ਨਾਲ ਜੋੜ ਦਿੱਤੇ। ਕਾਠਗੜ੍ਹੀਆ ਝੰਡਾ ਸਿੰਘ 1797 ਨੂੰ ਫੌਤ ਹੋ ਗਿਆ। ਉਸ ਦੇ ਪੁੱਤਰ ਤਾਰਾ ਸਿੰਘ ਨੇ ਗੁੱਪ-ਚੁੱਪ ਰਣਜੀਤ ਸਿੰਘ ਨਾਲ ਸਬੰਧ ਜੋੜ ਲਏ ਅਤੇ ਬਜ਼ੁਰਗ ਤਾਰਾ ਸਿੰਘ ਦੀ ਆਗਿਆ ਬਗੈਰ ਹੀ ਕਾਠਗੜ੍ਹ ਦਾ ਜਗੀਰਦਾਰ ਬਣ ਬੈਠਾ। ਨਵਾਂ ਸ਼ਹਿਰ ਇਲਾਕਾ ਭਾਵੇਂ ਡੱਲੇਵਾਲੀਆ ਹੇਠ ਮੁੱਖ ਕੇਂਦਰ ਵਜੋਂ ਉਭਰਨਾ ਸ਼ੁਰੂ ਹੋ ਗਿਆ ਸੀ, ਪਰ ਇਸ ਦਾ ਇੱਕ ਸਬਜ਼ ਖਿੱਤਾ ਸਰਹਾਲ ਕਾਜ਼ੀਆਂ ਕਰੋੜਾ ਸਿੰਘ ਕਲਸੀਆਂ ਮਿਸਲ ਹੇਠ ਹੀ ਰਿਹਾ, ਕਿਉਂਕਿ ਸਰਦਾਰ ਕਲਸੀਆਂ ਸਰਹਾਲ ਕਾਜ਼ੀਆਂ ਵਿਖੇ ਹੀ ਡੇਰਾ ਲਾਈ ਬੈਠਾ ਰਿਹਾ।

ਰਾਹੋਂ ਦਾ ਸਰਦਾਰ ਤਾਰਾ ਸਿੰਘ ਗੈਬਾ ਜਦ ਬੁੱਢਾ ਹੋ ਰਿਹਾ ਸੀ, ਤਦ ਤੱਕ ਰਣਜੀਤ ਸਿੰਘ ਦੀ ਚੜ੍ਹਤ ਦਾ ਦੌਰ ਸ਼ੁਰੂ ਹੋ ਗਿਆ ਸੀ, ਜੋ ਮੁਸਲਿਮ ਖੇਤਰਾਂ ਸਣੇ ਸਿੱਖ ਮਿਸਲਾਂ ਦਾ ਵੀ ਕੇਂਦਰੀਕਰਨ ਕਰੀ ਜਾ ਰਿਹਾ ਸੀ। ਤਾਰਾ ਸਿੰਘ ਦੀ ਡੱਲੇਵਾਲੀਆ ਮਿਸਲ ਉਤੇ ਵੀ ਅੱਖ ਸੀ। ਮੁੱਕਦੀ ਗੱਲ, ਉਸ ਸਮੇਂ ਰਣਜੀਤ ਸਿੰਘ ਸਾਰੀਆਂ ਮਿਸਲਾਂ ਨੂੰ ਹਰ-ਹਰਬੇ ਸਣੇ ਨਿਗਲੀ ਜਾਂਦਾ ਸੀ। ਹਾਲਾਤ ਵੀ ਉਸ ਦੇ ਪੱਖ 'ਚ ਸਨ। ਭਾਵੇਂ 1807 ਵਿਚ ਤਾਰਾ ਸਿੰਘ ਨੇ ਬੁੱਢ ਵਰੇਸੇ ਰਣਜੀਤ ਸਿੰਘ ਨਾਲ ਨਰਾਇਣਗੜ੍ਹ (ਹੁਣ ਹਰਿਆਣਾ) ਦੀ ਚੜ੍ਹਾਈ ਵਿਚ ਸ਼ਾਮਲ ਹੋ ਕੇ ਜਾਨ-ਹੁਲਵੀਂ ਮਦਦ ਕੀਤੀ, ਨਰਾਇਣਗੜ੍ਹ ਜਿੱਤਿਆ ਵੀ ਗਿਆ, ਪਰ ਰਣਜੀਤ ਸਿੰਘ ਉਸ ਪ੍ਰਤੀ ਅਹਿਸਾਨਮੰਦ ਨਾ ਨਿਕਲਿਆ। ਸਦਰ ਮੁਕਾਮ ਤੋਂ ਬਾਹਰ ਗਿਆ, ਇੱਕ ਸਦੀ ਤੋਂ ਕੁਝ ਵੱਧ ਉਮਰ ਦਾ ਤਾਰਾ ਸਿੰਘ ਜਦ ਅਚਾਨਕ ਫੌਤ ਹੋ ਗਿਆ ਤਾਂ ਉਸ ਦੇ ਵਫਾਦਾਰਾਂ ਨੇ ਉਸ ਦੀ ਦੇਹ ਰਾਹੋਂ ਲਿਆ ਕੇ ਚੁੱਪ-ਚੁਪੀਤੇ ਸਸਕਾਰ ਕਰ ਦਿੱਤਾ। ਭੇਤੀਆਂ ਤੋਂ ਪਤਾ ਲੱਗਣ 'ਤੇ ਰਣਜੀਤ ਸਿੰਘ ਵੀ ਅਫਸੋਸ ਦੇ ਬਹਾਨੇ ਫੌਜਾਂ ਸਣੇ ਪੁੱਜ ਗਿਆ। ਭਾਣਾ ਵਰਤ ਜਾਣ ਦੇ ਡਰੋਂ ਤਾਰਾ ਸਿੰਘ ਦੀ ਵਿਧਵਾ ਰਤਨ ਕੌਰ ਨੇ ਸੋਗੀ ਮਾਹੌਲ ਅਤੇ ਸੀਮਤ ਸਮਰੱਥਾ ਦੇ ਬਾਵਜੂਦ ਰਣਜੀਤ ਸਿੰਘ ਨੂੰ ਇੱਕ ਹਾਥੀ, ਪੰਜ ਘੋੜੇ ਤੇ ਛੇ ਲੱਖ ਰੁਪਏ ਬਤੌਰ ਨਜ਼ਰਾਨਾ ਭੇਟ ਕੀਤੇ, ਪਰ ਰਣਜੀਤ ਸਿੰਘ ਦੀ ਮਨਸ਼ਾ ਤਾਂ ਕੁਝ ਹੋਰ ਸੀ। ਉਹ ਕਿਲ੍ਹੇ ਅੰਦਰ ਜਾਣਾ ਚਾਹੁੰਦਾ ਸੀ। ਰਤਨ ਕੌਰ ਨੇ ਮਾਲਕਾਨਾ, ਗੈਰਤ ਕਾਰਨ ਅਜਿਹਾ ਨਾ ਹੋਣ ਦਿੱਤਾ, ਲੜਾਈ ਸ਼ੁਰੂ ਹੋ ਗਈ। ਪਟਿਆਲਾ ਰਿਆਸਤ ਦੀ ਧੀ ਹੋਣ ਕਾਰਨ ਰਤਨ ਕੌਰ ਰਾਜਿਆਂ ਵਾਂਗ ਲੜੀ। ਉਨ੍ਹਾਂ ਵੇਲਿਆਂ ਵਿਚ ਰਣਜੀਤ ਸਿੰਘ ਨੇ ਦੁਆਬੇ ਦੇ ਹੋਰ ਇਲਾਕੇ ਵੀ 'ਜਿੱਤ' ਕੇ ਦੀਵਾਨ ਮੋਹਕਮ ਚੰਦ ਨੂੰ ਜਲੰਧਰ ਦੁਆਬ ਦਾ ਮੁਖੀ ਥਾਪ ਦਿੱਤਾ ਤੇ ਖੁਸ਼ਹਾਲ ਸਿੰਘ ਨੂੰ ਨਵਾਂ ਸ਼ਹਿਰ ਦਾ ਆਹਲਾ ਜਮਾਂਦਾਰ।

ਜਮਾਂਦਾਰ ਖੁਸ਼ਹਾਲ ਸਿੰਘ ਵੇਲੇ ਨਵਾਂ ਸ਼ਹਿਰ ਰਾਹੋਂ ਦੇ ਮੁਕਾਬਲੇ ਹੋਰ ਵੀ ਤੇਜ਼ੀ ਨਾਲ ਉਭਰਿਆ। ਕਿਹਾ ਜਾਂਦਾ ਹੈ ਕਿ ਉਸ ਨੇ ਇੱਕ ਆਲੀਸ਼ਾਨ ਬਾਰਾਂਦਰੀ ਬਣਾਈ, ਜਿਸ ਦੇ ਬਾਰਾਂ ਦਰਵਾਜ਼ੇ ਸਨ, ਹਰ ਕੋਨੇ ਵਿਚ ਉਚਾ ਗੁੰਬਦ। ਬਾਰਾਂਦਰੀ ਅੱਜ ਵੀ ਸਾਬਤ-ਸਬੂਤੀ ਖੜ੍ਹੀ ਹੈ। ਗਜ਼ਟੀਅਰ ਆਫ ਇੰਡੀਆ (ਪੰਜਾਬ) ਜ਼ਿਲ੍ਹਾ ਜਲੰਧਰ (ਮਾਲ ਵਿਭਾਗ), ਪੰਜਾਬ ਅਨੁਸਾਰ ਇਹ ਬਾਰਾਂਦਰੀ ਮੁਹੰਮਦ ਸਾਦਿਕ ਨੇ ਬਣਵਾਈ ਸੀ। ਆਖਦੇ ਹਨ ਕਿ ਮੁਹੰਮਦ ਸਾਦਿਕ, ਜਿਸ ਦਾ ਪਹਿਲਾਂ ਨਾਂ ਭਿਖਾਰੀ ਮੱਲ ਸੀ, ਹਿੰਦੂ ਉਮਟ ਖੱਤਰੀ, ਪਸਰੂਰ




ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਦਾ ਰਹਿਣ ਵਾਲਾ ਸੀ। ਉਹ ਖੱਤਰੀ ਧਰਮ ਸਿੰਘ ਬੰਗਾ ਦੀ ਪ੍ਰੇਰਨਾ ਨਾਲ ਨਵਾਂ ਸ਼ਹਿਰ ਆ ਵਸਿਆ। ਮੁਕਾਬਲੇਬਾਜ਼ੀ ਕਾਰਨ ਉਸ ਦੀ ਇਥੋਂ ਦੇ ਭੁੱਚਰ ਖੱਤਰੀਆਂ ਨਾਲ ਲੜਾਈ ਹੋ ਗਈ। ਬੜੀ ਮਾਰ-ਧਾੜ ਹੋਈ, ਰੋਸ ਵਜੋਂ ਉਹ ਆਪਣਾ ਕੁਨਬਾ ਵੀ ਛੱਡ ਗਿਆ ਅਤੇ ਹਿੰਦੂ ਧਰਮ ਵੀ। ਪ੍ਰਸਥਿਤੀਆਂ ਵੱਸ ਮੁਸਲਿਮ ਹੋ ਗਿਆ, ਜੋ ਮਗਰੋਂ ਮੁਹੰਮਦ ਸਾਦਿਕ ਦਾਨਾ ਵਪਾਰੀ ਵਜੋਂ ਪ੍ਰਸਿੱਧ ਹੋਇਆ। ਸਦੀਵੀ ਪਛਾਣ ਲਈ ਉਸ ਨੇ ਬਾਰਾਂਦਰੀ ਬਣਾਈ, ਆਪਣੇ ਲਈ ਹੀ ਨਹੀਂ, ਹੋਰਨਾਂ ਦੀ ਸੈਰਗਾਹ ਲਈ ਵੀ। ਨਵਾਂ ਸ਼ਹਿਰ ਦੀ ਇੱਕ ਹੋਰ ਪ੍ਰਾਚੀਨ ਇਮਾਰਤ 'ਸ਼ਿਵਾਲਾ ਬੰਨ੍ਹਾ ਮੱਲ' ਵੀ ਬੜੀ ਮਸ਼ਹੂਰ ਤੇ ਵਿਲੱਖਣ ਹੈ। ਧਾਰਨਾ ਅਨੁਸਾਰ ਦੀਵਾਨ ਬੰਨਾ ਮੱਲ ਸਿੱਖ ਉਥਾਨ ਸਮੇਂ ਕਪੂਰਥਲਾ ਤੋਂ ਇਥੇ ਆ ਵਸਿਆ ਸੀ। ਕਿਹਾ ਜਾਂਦਾ ਹੈ, ਜਦ ਉਹ ਕਪੂਰਥਲਾ ਰਿਆਸਤ ਦਾ ਦੀਵਾਨ ਸੀ, ਉਸ ਨੇ ਇਸੇ ਵਰਗਾ ਇੱਕ ਸ਼ਿਵਾਲਾ ਕਪੂਰਥਲੇ ਵੀ ਬਣਵਾਇਆ ਸੀ।

'ਦਾ ਇੰਪੀਰੀਅਲ ਗਜ਼ਟੀਅਰ ਆਫ ਇੰਡੀਆ' ਜਿਲਦ-18, ਸਫਾ-429 ਅਨੁਸਾਰ ਨਵਾਂ ਸ਼ਹਿਰ, ਕਿਸੇ ਸਮੇਂ ਸ਼ਕਤੀਸ਼ਾਲੀ ਸਿੱਖ ਯੋਧੇ ਤਾਰਾ ਸਿੰਘ ਗੈਬਾ ਦੀ ਮਲਕੀਅਤ ਸੀ, ਜੋ ਉਸ ਦੀ ਮੌਤ ਪਿੱਛੋਂ ਰਣਜੀਤ ਸਿੰਘ ਨੇ ਹਥਿਆ ਲਿਆ। ਉਦੋਂ ਇਸ ਦੀ ਵਪਾਰਕ ਮਹੱਤਤਾ ਨਹੀਂ ਸੀ। 1867 ਵਿਚ ਇਥੇ ਮਿਊਂਸਪੈਲਟੀ ਬਣਾਈ ਗਈ, ਜੋ ਇਥੇ ਐਂਗਲੋ-ਵੈਰਨਕੂਲਰ ਮਿਡਲ ਸਕੂਲ ਵੀ ਚਲਾਉਣ ਲੱਗੀ। 1901 ਤਾਈਂ ਇਸ ਦੀ ਆਬਾਦੀ ਸਿਰਫ 5641 ਸੀ।

ਭਾਵੇਂ ਰਾਹੋਂ ਪੁਰਾਤਨ ਸ਼ਹਿਰ ਸੀ, ਪਰ ਕਈ ਕਾਰਨਾਂ ਕਰਕੇ 20ਵੀਂ ਸਦੀ ਦੇ ਸ਼ੁਰੂ ਤੋਂ ਹੀ ਨਵਾਂ ਸ਼ਹਿਰ ਜ਼ਿਆਦਾ ਤਰੱਕੀ ਕਰਨ ਲੱਗਾ। 1915 ਵਿਚ ਇਥੇ ਦਾਣਾ ਮੰਡੀ ਬਣੀ। ਇੱਕ ਦਹਾਕੇ ਵਿਚ ਹੀ ਇਹ ਥੋਕ ਵਪਾਰ ਦੀ ਮੰਡੀ ਵੀ ਬਣ ਗਈ। 1926 ਵਿਚ ਇਥੇ ਵਿਸ਼ਾਲ ਸਬਜ਼ੀ ਮੰਡੀ ਅਤੇ ਪੁਲਿਸ ਚੌਂਕੀ 1927 ਵਿਚ ਹੋਂਦ 'ਚ ਆਈ, ਪਰ ਇਸ ਸਭ ਤੋਂ ਕਿਤੇ ਪਹਿਲਾਂ 1911-12 ਵਿਚ ਅੰਗਰੇਜ਼ ਫੌਜ ਨੇ ਨਵਾਂ ਸ਼ਹਿਰ-ਬਲਾਚੌਰ ਮਾਰਗ ਉਤੇ ਸ਼ਹਿਰ ਤੋਂ ਮੀਲ ਕੁ ਪਰ੍ਹੇ ਬਲਾਚੌਰ ਤਰਫ ਵੱਡਾ ਕੈਂਪਿੰਗ ਮੈਦਾਨ ਬਣਾਇਆ। ਅੱਜ ਦੇ ਸਾਰੇ ਪ੍ਰਬੰਧਕੀ ਕੰਪਲੈਕਸ ਅਤੇ ਕੁਝ ਵਿੱਦਿਅਕ ਅਦਾਰੇ ਇਥੇ ਹੀ ਹਨ। ਮਾਰਚ 1936 ਵਿਚ ਜਲੰਧਰ ਦੇ ਡਿਪਟੀ ਕਮਿਸ਼ਨਰ ਨੇ 'ਬਾਹਰਲੀ ਮੰਡੀ' ਕਰਕੇ ਮਕਬੂਲ ਹੋਈ ਨਵੀਂ ਮੰਡੀ ਵਿਚ 'ਸਰਾਂ ਭੁੱਚਰਾਂ' ਦਾ ਉਦਘਾਟਨ ਕੀਤਾ, ਜਿਸ ਨਾਲ ਰੇਲਵੇ ਰੋਡ ਖਹਿ ਕੇ ਲੰਘਦੀ ਹੈ। ਸਰਾਂ ਤੋਂ ਟੇਸ਼ਨ ਨੂੰ ਜਾਂਦੀ ਇਸ ਸੜਕ ਉਤੇ 1914 ਵਿਚ ਹੀ ਰੇਲਵੇ ਸਟੇਸ਼ਨ ਬਣ ਗਿਆ ਸੀ, ਕਿਉਂਕਿ ਜਲੰਧਰ-ਨਵਾਂ ਸ਼ਹਿਰ-ਜੇਜੋਂ ਰੇਲਵੇ, ਜੋ ਨਾਰਥ ਵੈਸਟ ਰੇਲਵੇ ਦੀ ਸ਼ਾਖ ਹੈ, ਗੋਰਿਆਂ ਨੇ ਸੁਪ੍ਰਸਿੱਧ ਜੇਜੋਂ ਵਪਾਰਕ ਦੱਰੇ ਲਾਗਲੇ ਸ਼ਿਵਾਲਿਕ ਪਹਾੜਾਂ ਦੀਆਂ ਕੁਦਰਤੀ ਉਪਜਾਂ ਨਾਲ ਲਬਰੇਜ਼ ਪਰਤਾਂ ਦੀ ਲੁੱਟ-ਚੋਘ ਕਰਨ ਲਈ ਬਣਵਾਈ ਸੀ। ਢੋਆ-ਢੁਆਈ ਲਈ ਰੇਲ ਲਾਈਨ ਦਾ ਕਾਰਜ 1913 ਦੇ ਅਖੀਰ ਤੱਕ ਮੁਕਾਅ ਲਿਆ ਗਿਆ ਸੀ, ਪਰ ਨਵਾਂ ਸ਼ਹਿਰ ਦਾ ਟੇਸ਼ਨ 1914 'ਚ ਬਣਿਆ।

ਉਨ੍ਹਾਂ ਵਕਤਾਂ ਵਿਚ ਸਟੇਸ਼ਨ ਤੋਂ ਲੈ ਕੇ ਧੁਰ ਚੰਡੀਗੜ੍ਹ ਚੌਂਕ ਤੱਕ ਸੁੰਨ-ਮਸਾਨ ਸੀ। ਹੁਣ ਦਾ ਨਵਾਂ ਸ਼ਹਿਰ ਤਾਂ ਜ਼ਿਲ੍ਹਾ ਸਦਰ-ਮੁਕਾਮ ਬਣਨ ਤੋਂ ਕਿਤੇ ਪਹਿਲਾਂ ਹੀ ਬੜਾ ਫੈਲ ਚੁਕਾ ਸੀ, ਪਰ ਉਹ ਵੀ ਦਿਨ ਸਨ, ਜਦ ਸ਼ਹਿਰ ਦੇ ਵਿਚਕਾਰ ਮਹੱਲਾ ਲਲੋਟੀਆ 'ਚ ਮਨਿਆਰੀ ਦੀ ਇੱਕੋ ਦੁਕਾਨ ਹੁੰਦੀ ਸੀ। ਪੰਸਾਰੀ ਦੀਆਂ ਕੁਝ ਦੁਕਾਨਾਂ ਬੱਝਵੇਂ ਥਾਂ, ਪਰ ਕਿਤੇ-ਕਿਤੇ ਵੱਸੋਂ 'ਚ ਛੋਟੀਆਂ-ਮੋਟੀਆਂ ਪ੍ਰਚੂਨ ਦੁਕਾਨਾਂ ਸਨ। ਹੁਣ ਦੇ ਲਾਲ ਚੌਂਕ ਨੂੰ ਪੰਸਾਰੀਏ ਗੰਡੂ ਦੀ ਮਸ਼ਹੂਰ ਥੋਕ ਹੱਟੀ ਕਾਰਨ 'ਚੌਂਕ ਗੰਡੂ ਸ਼ਾਹ' ਕਿਹਾ ਜਾਂਦਾ ਸੀ। 'ਟੇਸ਼ਨ' ਤੋਂ ਲੈ ਕੇ ਤੋਂ ਹੁਣ ਦੇ ਬੱਸ ਅੱਡੇ ਤੀਕ ਕੋਈ ਦੁਕਾਨ ਜਾਂ ਵਸੋਂ ਨਹੀਂ ਸੀ ਹੁੰਦੀ। ਰਾਹੋਂ ਰੋਡ, ਰੇਲਵੇ ਰੋਡ, ਚੰਡੀਗੜ੍ਹ ਰੋਡ, ਕੋਠੀ ਰੋਡ-ਗੱਲ ਕੀ, ਕਿਧਰੇ ਵੀ ਕੋਈ ਮਕਾਨ-ਢਾਰਾ ਨਹੀਂ ਸੀ। ਹਾਂ, ਵਿਚਾਲੇ ਜਿਹੇ ਇੱਕ ਝੁਗੀ ਨੁਮਾ ਚਾਹ-ਲੱਸੀ ਦੀ ਦੁਕਾਨ ਹੀ ਸੀ, ਜਿਥੇ ਹੁਣ ਆਲੀਸ਼ਾਨ ਬਾਜ਼ਾਰ ਹਨ। ਕਦੇ ਇਥੇ ਛੋਟਾ ਜਿਹਾ ਦੁਕਾਨ ਸਮੂਹ ਸੀ, ਜਿਸ ਨੂੰ ਬੜਾ ਬਾਜ਼ਾਰ ਕਿਹਾ ਜਾਂਦਾ ਸੀ। ਦਰਅਸਲ ਉਹ ਰੇੜ੍ਹੀਆਂ ਵਾਲਾ ਬਾਜ਼ਾਰ ਸੀ। ਬੰਗਾ, ਗੜ੍ਹਸ਼ੰਕਰ, ਬਲਾਚੌਰ, ਫਿਲੌਰ ਨੂੰ ਜਾਂਦੀਆਂ ਸੜਕਾਂ ਪਹੇ ਨੁਮਾ ਸਨ, ਮਿੱਟੀ-ਘੱਟੇ ਅਤੇ ਮੀਂਹਾਂ 'ਚ ਗਾਰੇ ਨਾਲ ਲੱਥਪੱਥ। ਆਵਾਜਾਈ ਲਈ ਟਾਂਗੇ ਸਨ, ਸਾਈਕਲ ਕਿਸੇ ਵਿਰਲੇ ਕੋਲ ਹੀ ਸੀ। ਫਿਰ ਲੰਬੂਤਰੇ ਮੂੰਹ ਵਾਲੀਆਂ ਕੋਲੇ ਨਾਲ ਚੱਲਣ ਵਾਲੀਆਂ ਲਾਰੀਆਂ ਚੱਲ ਪਈਆਂ। ਡਰੈਵਰ ਘੰਟਿਆਂਬੱਧੀ ਸਵਾਰੀਆਂ ਨੂੰ 'ਵਾਜ਼ਾਂ ਮਾਰਦੇ ਰਹਿੰਦੇ। ਨੇੜੇ ਜਾਣ ਵਾਲੀਆਂ ਸਵਾਰੀਆਂ ਟਾਂਗੇ ਵਾਲੇ ਨਾ ਲੱਦਣ ਦਿੰਦੇ। ਕਈ ਵਾਰ ਡਾਂਗ-ਸੋਟਾ ਚੱਲ ਜਾਂਦਾ। 1947 ਤੀਕ ਉਂਕਾਰ ਬੱਸ ਵਾਲਿਆਂ ਦੀ ਝੰਡੀ ਹੋ ਗਈ, ਫਿਰ ਤਾਂ ਚੱਲ ਸੋ ਚੱਲ। ਉਦੋਂ ਬਾਰਾਂਦਰੀ ਜਿਸ ਨੂੰ ਪੱਕਾ ਬਾਗ ਵੀ ਕਿਹਾ ਜਾਂਦਾ, ਵੀ ਸ਼ਹਿਰੋਂ ਬਾਹਰ ਸੀ। 1867 ਤੱਕ ਇਥੇ ਇੱਕ ਸਮਾਲ ਟਾਊਨ ਕਮੇਟੀ, ਜਿਸ ਦੇ ਚਾਰ ਮੈਂਬਰ ਸਨ, ਸ਼ਹਿਰ ਦੀ ਦੇਖ-ਭਾਲ ਕਰਦੀ ਸੀ।

ਨਵਾਂ ਸ਼ਹਿਰ ਮੰਡੀ ਚਾਲੂ ਬੇਸ਼ੱਕ 1918 ਵਿਚ ਹੋਈ, ਪਰ ਨਵੰਬਰ 1915 ਵਿਚ ਜਦੋਂ ਦੁਕਾਨਾਂ ਲਈ ਥਾਂ ਦੀ ਬੋਲੀ ਹੋਈ ਤਾਂ ਭਾਅ 20 ਰੁਪਏ ਮਰਲਾ ਤੋਂ ਨਹੀਂ ਸੀ ਟੱਪਿਆ, ਤਾਂ ਵੀ ਇਹ ਬਹੁਤ ਮਹਿੰਗਾ ਸਮਝਿਆ ਗਿਆ। ਇੱਟ ਦਾ ਭਾਅ ਉਦੋਂ ਪੰਜ ਰੁਪਏ ਹਜ਼ਾਰ ਸੀ। ਮਜ਼ਦੂਰ ਦੀ ਦਿਹਾੜੀ ਦੁਆਨੀ ਹੁੰਦੀ ਸੀ। ਦੋਮ ਰਾਜ ਮਿਸਤਰੀ ਦੁਆਨੀ ਅਤੇ ਆਹਲਾ ਤਾਮੀਰਕਾਰ ਅਠਿਆਨੀ ਦਿਹਾੜੀ 'ਤੇ ਕੰਮ ਕਰਦਾ ਸੀ। 1928 ਵਿਚ ਦੂਸਰੀ ਮੰਡੀ, ਜਿਸ ਨੂੰ ਬਾਹਰਲੀ ਆਖਦੇ ਹਨ, ਬਣੀ। ਇਸ ਦੇ ਸਾਹਮਣੇ ਇੱਕ ਧਰਮ-ਅਰਥ ਧਰਮਸ਼ਾਲਾ ਬਣੀ, 'ਸਰਾਂ ਭੁੱਚਰਾਂ', ਜਿਸ ਨੂੰ ਟੇਸ਼ਨ ਵਾਲੀ ਵੱਡੀ ਧਰਮਸ਼ਾਲਾ ਵੀ ਕਿਹਾ ਜਾਂਦਾ ਸੀ। ਲਾਗਲੇ ਪਿੰਡਾਂ ਦੇ ਲੋਕ ਜਿਨ੍ਹਾਂ ਜਲੰਧਰੋਂ ਗੱਡੀ ਫੜਨੀ ਹੁੰਦੀ, ਰਾਤ ਇਥੇ ਕੱਟਦੇ। ਉਪਰਲੇ ਹਿਮਾਚਲ ਤੱਕ, ਧੁਰ ਕਬਾਇਲੀ ਖਿੱਤੇ ਦਾ ਵਪਾਰੀ ਆਪਣੇ ਮਾਲ-ਅਸਬਾਬ ਨਾਲ ਇਥੇ ਆ ਠਹਿਰਦਾ। ਵੱਡੀਆਂ ਬਰਾਤਾਂ ਵੀ ਇਸੇ ਧਰਮਸ਼ਾਲਾ ਵਿਚ ਠਹਿਰਾਉਂਦੇ। ਅੱਠੇ ਪਹਿਰ ਰੌਣਕ ਮੇਲਾ ਲੱਗਾ ਰਹਿੰਦਾ। 'ਭੁੱਚਰਾਂ ਦੀ ਧਰਮ ਅਰਥ ਸਰਾਂ' ਵਜੋਂ ਪ੍ਰਸਿੱਧ ਰਹੀ ਇਹ ਧਰਮਸ਼ਾਲਾ ਭੁੱਚਰ ਖੱਤਰੀ ਪਰਿਵਾਰ ਦੇ ਚਾਰ ਬਜ਼ੁਰਗਾਂ, ਜੋ ਆਪੋ ਵਿਚੀ ਸਕੇ-ਸੋਧਰੇ ਸਨ, ਨੇ ਬਣਵਾਈ ਸੀ। ਲੰਮਾ ਸਮਾਂ ਲੋਕ-ਭਲੇ ਲਈ ਵਰਤੀਂਦੀ ਰਹੀ ਇਹ ਇਮਾਰਤ ਅਗਲੀਆਂ ਪੀੜ੍ਹੀਆਂ ਦੇ ਲਾਲਚ ਦਾ ਸ਼ਿਕਾਰ ਹੋ ਕੇ ਕਦੋਂ ਦੀ ਇਤਿਹਾਸਕ ਸਾਰਥਕਤਾ ਗੁਆ ਬੈਠੀ ਹੈ।

1927 ਤੱਕ ਸ਼ਹਿਰ ਵਿਚ ਸਰਾਵਾਂ ਤਾਂ ਸਨ, ਪਰ ਮੁਸਾਫਰਾਂ ਲਈ ਲੰਗਰ ਨਹੀਂ ਸੀ। 1928 ਵਿਚ ਕੁਝ ਭਲੇ ਪੁਰਸ਼ਾਂ ਨੇ ਇੱਕ 25 ਮੈਂਬਰੀ ਕਮੇਟੀ ਬਣਾ ਕੇ ਗੁਰਦੁਆਰਾ ਸਿੰਘ ਸਭਾ ਬਣਾਉਣ ਦਾ ਫੈਸਲਾ ਕੀਤਾ, ਜਿਥੇ ਅੱਠੇ ਪਹਿਰ ਲੰਗਰ-ਪਾਣੀ ਵੀ ਚੱਲਣਾ ਸੀ। ਦੂਰ ਅੰਦੇਸ਼ੀ ਕਮੇਟੀ ਵਿਚ ਸ਼ਹਿਰ ਦੇ ਸਿਰਫ ਪੰਜ ਮੈਂਬਰ ਲਏ ਗਏ, ਬਾਕੀ ਵੀਹ ਲਾਗਲੇ ਪਿੰਡਾਂ ਦੇ ਮੋਹਤਬਰ ਸਨ। ਇਨ੍ਹਾਂ 'ਚ ਕੁਝ ਹਿੰਦੂ ਤੇ ਦੋ-ਚਾਰ ਮੁਸਲਿਮ ਵੀ ਸਨ। ਮੁਸਲਮ ਤਹਿਸੀਲਦਾਰ ਦੀ ਹਿੰਮਤ ਅਤੇ ਕਮੇਟੀ ਮੈਂਬਰਾਂ ਇੰਸਪੈਕਟਰ ਭਗਤ ਸਿੰਘ, ਵਕੀਲ ਭੀਮ ਸੈਨ, ਡਾ. ਜਸਵੰਤ ਸਿੰਘ ਤੇ ਲਾਲਾ ਗੋਪਾਲ ਦਾਸ ਦੇ ਸਿਰੜ ਨਾਲ ਜਗ੍ਹਾ ਖਰੀਦ ਕੇ ਇਸ ਦੀ ਸਰਕਲ (ਕੁਰਸੀ) ਸਵਾ ਛੇ ਹੱਥ ਉਚੀ ਰੱਖੀ ਗਈ। ਮੀਰਜ਼ਾਦਿਆਂ (ਮਰਾਸੀਆਂ) ਨੇ ਸਲੋਤਰਖਾਨੇ ਲਾਗਲੀ ਆਪਣੀ ਸਾਂਝੀ ਬਗੀਚੀ ਦੀ ਮਿੱਟੀ ਭਰਤ ਲਈ ਪੁਟਾ ਦਿੱਤੀ। ਅਰਾਈਂ ਮੁਸਲਮਾਨਾਂ ਆਪਣੇ ਗੱਡੇ, ਬਲਦ ਇਸ ਕਾਰਜ ਲਈ ਦਿੱਤੇ। ਇਸਲਾਮੀਆ ਸਕੂਲ ਦੇ ਭਿੱਤਾ (ਕੱਚੀਆਂ-ਪੱਕੀਆਂ, ਮਿੱਟੀ ਦੀਆਂ ਧੜਵੈਲ ਦੀਵਾਰਾਂ) ਦੇ ਖੰਡਰਾਤ ਗਾਰੇ-ਰੋੜੀ ਜਾਂ ਫਰਸ਼ਾਂ ਦੇ ਕੰਮ ਆਏ। ਹਿੰਦੂਆਂ-ਮੁਸਲਮਾਨਾਂ-ਸਿੱਖਾਂ ਦਾ ਇਹ ਸਾਂਝਾ ਕਾਰਜ, ਅੱਜ ਦੇ ਫਿਰਕਾਪ੍ਰਸਤ-ਕੱਟੜਪੰਥੀਆਂ ਲਈ ਵਦਾਨੀ ਸੱਟ ਹੈ। ਮੁਸਲਮਾਨ ਭਾਵੇਂ ਸੰਤਾਲੀ 'ਚ ਹੁੱਬਕੀ ਰੋਂਦਿਆਂ ਪਾਕਿਸਤਾਨ ਤੁਰ ਗਏ, ਪਰ ਇਹ ਥਾਂ ਆਪਸੀ ਅਪਣੱਤ ਦਾ ਮੂਕ ਹੀ ਸਹੀ, ਬੁਲੰਦ ਸੁਨੇਹਾ ਹੈ। ਇਹ ਮਹਾਂ-ਕੁੰਭ ਸਿਰਫ ਲੰਗਰ ਖਾਨਾ ਹੀ ਨਹੀਂ, ਰਿਹਾਇਸ਼ੀ ਕਮਰਿਆਂ ਸਣੇ ਵਾਸ਼ਰੂਮ ਅਤੇ ਇੱਕ ਨਿੱਕਾ ਸਕੂਲ ਵੀ ਚਲਾਉਣ ਲੱਗਾ, ਜਿਥੇ ਤਾਅ ਧਰਮ-ਕੌਮਾਂ ਅੱਖਰ ਗਿਆਨ ਲੈਂਦੀਆਂ ਰਹੀਆਂ।

ਨਵਾਂ ਸ਼ਹਿਰੀਆਂ ਨੇ ਜੰਗ-ਏ-ਆਜ਼ਾਦੀ 'ਚ ਵੀ ਪ੍ਰਮੁੱਖ ਹਿੱਸਾ ਪਾਇਆ 1942 ਦੇ ਭਾਰਤ ਛੱਡੋ ਅੰਦੋਲਨ ਅਤੇ ਸਵਦੇਸ਼ੀ ਸੱਤਿਆਗ੍ਰਹਿ ਵਿਚ ਇਥੋਂ ਦੇ ਮੋਹਨ ਲਾਲ ਪੁੱਤਰ ਜੀਵਨ, ਮਹਾਰਾਜ ਪੁੱਤਰ ਕਿਸ਼ਨ, ਸਾਈਂਦਾਸ ਪੁੱਤਰ ਜਗਤ ਰਾਮ ਅਤੇ ਗੁਰਬਚਨ ਸਿੰਘ ਨੇ ਤਸੀਹੇ ਤੇ ਕੈਦਾਂ ਕੱਟੀਆਂ। ਉਸ ਤੋਂ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ (1920-22), ਜੋ ਆਜ਼ਾਦੀ ਦੀ ਅਹਿਮ ਕੜੀ ਮੰਨੀ ਗਈ, ਵਿਚ ਇਸ ਦੇ ਇੱਕ ਸਪੁਤ ਉਜਾਗਰ ਸਿੰਘ ਪੁੱਤਰ ਬਸੰਤਾ ਨੇ ਭਾਈ ਫੇਰੂ ਮੋਰਚੇ ਵਿਚ ਤਸ਼ੱਦਦ ਅਤੇ ਕੈਦ ਕੱਟੀ। ਆਜ਼ਾਦ ਹਿੰਦ ਫੌਜ (1942-45) ਦੀ ਰੱਤ-ਡੋਲ੍ਹਵੀਂ ਲੜਾਈ ਵਿਚ ਤਨਹਾਈ ਕੈਦ ਕੱਟਣ ਵਾਲਿਆਂ ਵਿਚ ਇਥੋਂ ਦਾ ਇੱਕ ਯੋਧਾ ਕਰਮ ਸਿੰਘ ਪੁੱਤਰ ਦਲੀਪ ਸਿੰਘ ਸ਼ੁਮਾਰ ਸੀ। 1857 ਦੇ ਗਦਰ ਤੋਂ ਲੈ ਕੇ ਤੋਰ 1947 ਤੱਕ, ਤਾਅ ਕਿਸਮ ਦੇ ਆਜ਼ਾਦੀ ਅੰਦੋਲਨ ਵਿਚ ਨਵਾਂ ਸ਼ਹਿਰ ਦੀ ਖਲਕਤ ਨੇ ਜਾਤਾਂ-ਧਰਮਾਂ, ਕੌਮਾਂ ਅਤੇ ਖਿੱਤੇ ਤੋਂ ਉਪਰ ਉਠ ਕੇ ਫਖਰਯੋਗ ਹਿੱਸਾ ਪਾਇਆ।

ਹੁਣ ਨਵਾਂ ਸ਼ਹਿਰ ਪੰਜਾਬ ਦੇ ਨਾਮਣੇ ਵਾਲੇ ਸ਼ਹਿਰਾਂ ਵਿਚ ਸ਼ੁਮਾਰ ਹੈ। ਦੁਨੀਆਂ ਵਿਚ ਆਪਣੇ ਇੱਕ ਕਰਮਯੋਗੀ ਅਧਿਕਾਰੀ ਕ੍ਰਿਸ਼ਨ ਕੁਮਾਰ ਆਈ. ਏ. ਐਸ. ਕਾਰਨ ਬੜਾ ਚਰਚਿਤ ਹੋਇਆ ਸੀ ਇਹ ਸ਼ਹਿਰ। ਵੇਲੇ ਦੇ ਹਾਕਮਾਂ ਨੂੰ ਭਾਵੇਂ ਆਪਣੇ ਲੋਕ-ਹਿੱਤੂ, ਨਿਵੇਕਲੇ ਤੇ ਦੂਰ-ਰਸ ਸਿੱਟੇ ਕੱਢਣ ਵਾਲੇ ਕਾਰਜਾਂ ਅਤੇ ਬਣਦੀ ਡਿਊਟੀ ਨਿਭਾਉਣ ਵਾਲਾ, ਉਹ ਸਾਦ-ਮੁਰਾਦਾ ਅਧਿਕਾਰੀ ਪਸੰਦ ਨਹੀਂ ਸੀ ਆਇਆ, ਪਰ ਉਸ ਦੀ ਅਗਵਾਈ ਹੇਠ ਨਵਾਂ ਸ਼ਹਿਰੀਆਂ ਦੇ ਧੀਆਂ-ਧਿਆਣੀਆਂ ਨੂੰ ਬਚਾਉਣ-ਪੜ੍ਹਾਉਣ ਅਤੇ ਰੁੱਖ-ਤ੍ਰਿਵੈਣੀਆਂ ਉਗਾਉਣ ਵਰਗੇ ਕਾਰਜਾਂ ਕਰਕੇ ਅੱਜ ਸੰਸਾਰ ਪੱਧਰ 'ਤੇ 'ਨਵਾਂ ਸ਼ਹਿਰ ਮਾਡਲ' ਵੱਲੋਂ ਸੁਪ੍ਰਸਿੱਧ ਅਤੇ ਕਾਰਜਸ਼ੀਲ ਹਨ। ਸਮੁੱਚੇ ਸੰਸਾਰ ਵੱਲੋਂ ਅਪਨਾਇਆ ਗਿਆ 'ਨਵਾਂ ਸ਼ਹਿਰ ਮਾਡਲ' ਵਰਗਾ ਮਾਣ, ਭਲਾ ਭਾਰਤ ਦੇ ਹੋਰ ਕਿਹੜੇ ਸ਼ਹਿਰ ਦੇ ਹਿੱਸੇ ਆਇਆ?

ਕਹਾਣੀ

# ਸਕੂਲ ਦੀ ਬਿਲਡਿੰਗ

**ਜੇ.ਬੀ.ਸਿੰਘ ਕੈਂਟ (ਵਾਸ਼ਿੰਗਟਨ)**
**E-mail: jupneja@gmail.com**

ਇਕ ਛੋਟਾ ਜਿਹਾ ਕਸਬਾ-ਦੋ ਮੰਦਿਰ, ਤਿੰਨ ਮਸਜਿਦਾਂ ਤੇ ਚਾਰ ਗੁਰਦੁਆਰੇ। ਚਾਣਚੱਕ, ਉਥੋਂ ਲੰਘ ਰਹੇ ਤਿੰਨ ਸਮਾਜ ਸੁਧਾਰਕਾਂ ਨੂੰ ਰਾਤ ਰਹਿਣ ਦੀ ਲੋੜ ਪੈ ਗਈ। ਉਹ ਸਭ ਥਾਂਵੀਂ ਗਏ ਪਰ ਕਿਸੇ ਨੇ ਇੱਕਠਿਆਂ ਰਹਿਣ ਲਈ ਥਾਂ ਨਾ ਦਿੱਤੀ, ਕਿਉਂਕਿ ਗੁਰਦੁਆਰੇ ਵਿਚ ਕੇਵਲ ਸਿੱਖ, ਮੰਦਿਰ ਵਿਚ ਹਿੰਦੂ ਤੇ ਮਸਜਿਦ ਵਿਚ ਕੇਵਲ ਮੁਸਲਮਾਨ ਹੀ ਰਹਿ ਸਕਦੇ ਸਨ, ਤੇ ਉਹ ਤਿੰਨੇ ਹੀ ਅਲੱਗ ਅਲੱਗ ਧਰਮਾਂ ਦੇ ਸਨ।

ਉਹ ਕਸਬਾ ਛੱਡ ਕੇ ਅੱਗੇ ਜਾਣ ਹੀ ਲੱਗੇ ਸਨ ਕਿ ਦੂਰ ਕਿਸੇ ਘਰ 'ਚ ਮੱਧਮ ਜਿਹੀ ਰੋਸ਼ਨੀ ਦਿਸੀ। ਉਨ੍ਹਾਂ ਜਾ ਦਰਵਾਜ਼ਾ ਖੜਕਾਇਆ। ਘਰ ਦੇ ਮਾਲਕ ਨੇ ਦਰਵਾਜ਼ਾ ਖੋਲ੍ਹਿਆ, "ਧੰਨ ਭਾਗ ਸਾਡੇ, ਜੋ ਅੱਜ ਕਿਸੇ ਨੇ ਸਾਡੇ ਬੂਹੇ ਵੀ ਦਸਤਕ ਦਿੱਤੀ।" ਫਿਰ ਤਿੰਨਾਂ ਨੂੰ ਆਦਰ ਸਤਿਕਾਰ ਨਾਲ ਅੰਦਰ ਬੁਲਾਇਆ। ਖੂਬ ਮਹਿਮਾਨ ਨਿਵਾਜ਼ੀ ਕੀਤੀ ਤੇ ਸੌਣ ਲਈ ਨਵੇਂ ਬਿਸਤਰੇ ਵੀ ਦਿੱਤੇ। ਅਗਲੀ ਸਵੇਰ ਜਦ ਉਹ ਤੁਰਨ ਲੱਗੇ ਤਾਂ ਉਸ ਨੇ ਕਿਹਾ, "ਮੁਆਫ ਕਰਨਾ ਜੀ, ਰਾਤ ਇਥੋਂ ਦੇ ਲੋਕਾਂ ਤੁਹਾਡਾ ਸਤਿਕਾਰ ਨਹੀਂ ਕੀਤਾ।"

ਮਹਿਮਾਨ ਹੈਰਾਨ ਹੋਏ, "ਪਰ ਤੁਹਾਨੂੰ ਕਿਵੇਂ ਪਤਾ ਲੱਗਾ?"

"ਜੇ ਤੁਹਾਨੂੰ ਕਿਸੇ ਗੁਰਦੁਆਰੇ, ਮੰਦਿਰ ਜਾਂ ਮਸਜਿਦ ਥਾਂ ਮਿਲੀ ਹੁੰਦੀ ਤਾਂ ਤੁਸੀਂ ਮੇਰੇ ਜਿਹੇ ਗਰੀਬ ਦਾ ਬੂਹਾ ਨਾ ਖੜਕਾਉਂਦੇ।"

ਤਿੰਨਾਂ ਮਹਿਮਾਨਾਂ ਨੇ ਉਸ ਦੀ ਸਮਝ ਅੱਗੇ ਸਿਰ ਝੁਕਾਇਆ।

"ਕਾਸ਼! ਜੇ ਅਸੀਂ ਸਾਰੇ ਇਕੋ ਧਰਮ ਦੇ ਹੁੰਦੇ ਤਾਂ ਤੁਹਾਨੂੰ ਤਕਲੀਫ ਨਾ ਝੱਲਣੀ ਪੈਂਦੀ।" ਸਿੱਖ ਮਹਿਮਾਨ ਬੋਲਿਆ।

"ਨਹੀਂ ਜੀ, ਫਿਰ ਵੀ ਸ਼ਾਇਦ ਤੁਹਾਨੂੰ ਉਥੇ ਥਾਂ ਨਾ ਮਿਲਦੀ। ਸਿੱਖ ਹੁੰਦੇ ਤਾਂ ਜੱਟ ਤੇ ਭਾਪੇ; ਹਿੰਦੂ ਹੁੰਦੇ ਤਾਂ ਵੈਸ਼ਨਵ ਜਾਂ ਸਨਾਤਨੀ; ਮੁਸਲਮਾਨ ਹੁੰਦੇ ਤਾਂ ਸ਼ੀਆ ਜਾਂ ਸੁੰਨੀ ਜਿਹੇ ਸਵਾਲ ਪੁੱਛਦੇ।"

ਮਹਿਮਾਨਾਂ ਨੂੰ ਬੰਦਾ ਸਿਆਣਾ ਲੱਗਾ। ਉਹ ਫਿਰ ਬੈਠ ਗਏ ਤੇ ਮੇਜ਼ਬਾਨ ਤੋਂ ਕਸਬੇ ਬਾਰੇ ਪੂਰੀ ਜਾਣਕਾਰੀ ਲਈ। ਉਨ੍ਹਾਂ ਨੂੰ ਦੁੱਖ ਲੱਗਾ ਕਿ ਅਜੇ ਤਕ ਬੰਦਾ ਇਨ੍ਹਾਂ ਵੰਡੀਆਂ 'ਚੋਂ ਨਿਕਲਿਆ ਨਹੀਂ।

"ਕੀ ਇਨ੍ਹਾਂ ਨੇ ਆਪਣੇ ਬੱਚਿਆਂ ਲਈ ਸਕੂਲ ਵੀ ਆਪਣੇ ਧਰਮਾਂ ਦੇ ਆਧਾਰ 'ਤੇ ਬਣਾਏ ਹੋਏ ਹਨ?" ਇਕ ਸੁਧਾਰਕ ਨੇ ਪੁੱਛਿਆ।

"ਸਕੂਲ ਤਾਂ ਇਸ ਕਸਬੇ ਵਿਚ ਹੈ ਹੀ ਨਹੀਂ। ਇਕ ਪੁਰਾਣੀ ਇਮਾਰਤ ਖੜ੍ਹੀ ਹੈ। ਲਗਦਾ ਏ ਜਿਵੇਂ ਪੰਜ-ਛੇ ਸੌ ਸਾਲ ਪਹਿਲਾਂ ਕਿਸੇ ਨੇ ਖੜ੍ਹੀ ਕੀਤੀ ਹੋਵੇ ਤੇ ਫਿਰ ਕਿਸੇ ਨੇ ਵੀ ਉਸ ਵੱਲ ਧਿਆਨ ਨਾ ਦਿੱਤਾ ਹੋਵੇ।"

"ਕਿਉਂ ਨਾ ਉਸੇ ਬਿਲਡਿੰਗ ਦੀ ਮੁਰੰਮਤ ਕਰਕੇ, ਉਥੇ ਇਕ ਸਾਂਝਾ ਸਕੂਲ ਬਣਾਇਆ ਜਾਵੇ। ਘੱਟੋ ਘੱਟ ਆਉਣ ਵਾਲੀਆਂ ਪੀੜ੍ਹੀਆਂ ਤਾਂ ਗੁਮਰਾਹ ਨਾ ਹੋਣ।" ਸੁਧਾਰਕਾਂ ਨੇ ਕਿਹਾ।

"ਪਰ ਇਸ ਲਈ ਪੈਸੇ ਕਿਥੋਂ ਆਉਣਗੇ? ਸਾਡੀ ਬਸਤੀ ਵਿਚ ਤਾਂ ਸਾਰੇ ਛੋਟੀ ਜਾਤ ਦੇ ਲੋਕ ਰਹਿੰਦੇ ਹਨ। ਅਸੀਂ ਤਾਂ ਇਨ੍ਹਾਂ ਦੇ ਘਰਾਂ 'ਚ ਨਿੱਕੇ ਮੋਟੇ ਕੰਮ ਕਰ ਕੇ ਗੁਜ਼ਾਰਾ ਕਰਦੇ ਹਾਂ। ਸਾਨੂੰ ਇਹ ਅਛੂਤ ਮੰਨਦੇ ਨੇ। ਜੇ ਇਨ੍ਹਾਂ ਨੂੰ ਇੰਨਾ ਵੀ ਪਤਾ ਲੱਗ ਗਿਆ ਕਿ ਤੁਸੀਂ ਸਾਡੀ ਬਸਤੀ ਵਿਚ ਠਹਿਰੇ ਹੋ ਤਾਂ ਇਹ ਤੁਹਾਨੂੰ ਵੀ ਮੂੰਹ ਨਹੀਂ ਲਾਉਣਗੇ। ਪਰ ਹਾਂ, ਅਸੀਂ ਹਰ ਘਰ ਦੇ ਭੇਤੀ ਜਰੂਰ ਹਾਂ। ਕਦੇ ਕਦੇ ਸਾਨੂੰ ਦੂਜੇ ਦੇ ਢਿੱਡ ਦੀ ਗੱਲ ਪਤਾ ਕਰਨ ਲਈ ਵੀ ਵਰਤਿਆ ਜਾਂਦਾ ਹੈ।"

ਉਨ੍ਹਾਂ ਸੁਧਾਰਕਾਂ ਨੇ ਰਲ ਕੇ ਤਰਕੀਬ ਸੋਚੀ। ਸਿੱਖ ਸੁਧਾਰਕ ਗੁਰਦੁਆਰੇ ਗਿਆ ਤੇ ਪ੍ਰਧਾਨ ਤੋਂ ਗੁਰਦੁਆਰੇ ਵਿਚ ਬੱਚਿਆਂ ਦੀਆਂ ਕਲਾਸਾਂ ਸ਼ੁਰੂ ਕਰਨ ਦੀ ਇਜਾਜ਼ਤ ਮੰਗੀ।

"ਪਰ ਸਾਨੂੰ ਇਸ ਦਾ ਕੀ ਫਾਇਦਾ?" ਪ੍ਰਧਾਨ ਨੇ ਸਵਾਲ ਕੀਤਾ।

ਸਿੱਖ ਸੁਧਾਰਕ ਸਿਆਣਾ ਸੀ, ਕਹਿਣ ਲੱਗਾ, "ਲੋਕ ਆਪਣੇ ਬੱਚਿਆਂ ਨੂੰ ਪੜ੍ਹਨ ਭੇਜਣਗੇ। ਸੰਗਤ ਵੱਧ ਆਊ ਤੇ ਗੁਰਦੁਆਰੇ ਨੂੰ ਵੱਧ ਚੜ੍ਹਾਵਾ ਚੜ੍ਹੇਗਾ।"

ਪ੍ਰਧਾਨ ਨੂੰ ਗੱਲ ਜੱਚ ਗਈ ਤੇ ਉਸ ਨੇ ਇਜਾਜ਼ਤ ਦੇ ਦਿੱਤੀ।

ਬਾਕੀਆਂ ਨੇ ਵੀ ਇਉਂ ਹੀ ਕੀਤਾ। ਸਾਰੇ ਧਰਮ ਅਸਥਾਨਾਂ 'ਤੇ ਕਲਾਸਾਂ ਸ਼ੁਰੂ ਹੋ ਗਈਆਂ। ਸਾਲ ਕੁ ਲੰਘ ਗਿਆ। ਬੱਚਿਆਂ ਨੂੰ ਸੋਝੀ ਆਉਣ ਲੱਗੀ। ਉਨ੍ਹਾਂ ਨੇ ਸਾਰੇ ਧਰਮਾਂ ਨੂੰ ਬਰਾਬਰ ਮੰਨਣਾ ਸ਼ੁਰੂ ਕਰ ਦਿੱਤਾ। ਪਰ ਹੁਣ ਇਨ੍ਹਾਂ ਧਰਮ ਅਸਥਾਨਾਂ ਦੇ ਆਗੂ ਦੁਖੀ ਹੋ ਗਏ। ਉਹ ਆਪਣੇ ਧਰਮ ਦੇ ਸਰਵੋਤਮ ਹੋਣ ਦਾ ਦਾਅਵਾ ਕਰਦੇ ਸੀ, ਪਰ ਇਨ੍ਹਾਂ ਸੁਧਾਰਕਾਂ ਉਲਟ ਪੱਟੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਸੁਧਾਰਕਾਂ ਨੂੰ ਆਪਣੇ ਆਪਣੇ ਧਰਮ ਅਸਥਾਨ ਤੋਂ ਬਾਹਰ ਕੱਢ ਦਿੱਤਾ। ਕਲਾਸਾਂ ਬੰਦ ਹੋ ਗਈਆਂ।

ਸੁਧਾਰਕ ਖੁਸ਼ ਸਨ ਕਿ ਉਨ੍ਹਾਂ ਨਾਲ ਹੁਣ ਕੁਝ ਕੁ ਬੱਚੇ ਤੇ ਉਨ੍ਹਾਂ ਦੇ ਮਾਪੇ ਵੀ ਰਲ ਗਏ ਸਨ। ਸਭ ਨੇ ਰਲ ਕੇ ਸਕੂਲ ਦੀ ਬਿਲਡਿੰਗ ਨਵੇਂ ਸਿਰਿਓਂ ਉਸਾਰਨ ਲਈ ਚੰਦਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।

ਧਰਮ ਅਸਥਾਨਾਂ ਦੇ ਆਗੂਆਂ ਨੂੰ ਪਿੱਸੂ ਪੈ ਗਏ। ਜਿਹੜੀ ਮਾਇਆ ਉਨ੍ਹਾਂ ਦੀਆਂ ਗੋਲਕਾਂ ਵਿਚ ਪੈਣੀ ਸੀ, ਉਹ ਸਕੂਲ ਦੇ ਚੰਦਿਆਂ ਵਿਚ ਜਾ ਰਹੀ ਸੀ। ਉਨ੍ਹਾਂ ਨਵੇਂ ਬਣਨ ਵਾਲੇ ਸਕੂਲ ਤੇ ਉਨ੍ਹਾਂ ਸੁਧਾਰਕਾਂ ਵਿਰੁਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਹੋਇਆ ਕੀ? ਜਿਨ੍ਹਾਂ ਲੋਕਾਂ ਨੂੰ ਉਨ੍ਹਾਂ ਸੁਧਾਰਕਾਂ ਬਾਰੇ ਪਤਾ ਵੀ ਨਹੀਂ ਸੀ, ਉਨ੍ਹਾਂ ਨੂੰ ਵੀ ਪਤਾ ਲੱਗ ਗਿਆ। ਘਰ ਘਰ ਚਰਚਾ ਹੋਣ ਲੱਗੀ। ਪਰ ਲੋਕ ਅਜੇ ਵੀ ਦੁਚਿੱਤੀ 'ਚ ਸਨ, ਚੰਦਾ ਦੇਈਏ ਕਿ ਨਾ।

ਸੁਧਾਰਕਾਂ ਨੂੰ ਉਸ ਅਛੂਤ ਨੇ ਦੱਸਿਆ ਕਿ ਕਸਬੇ ਦੇ ਨੇਤਾ ਨੂੰ ਨਾਲ ਲਓ। ਨੇਤਾ ਪੜ੍ਹਿਆ-ਲਿਖਿਆ ਤੇ ਚਲਾਕ ਸੀ। ਵੈਸੇ ਤਾਂ ਉਹ ਖੁਦ ਨਹੀਂ ਸੀ ਚਾਹੁੰਦਾ ਕਿ ਅਜਿਹਾ ਕੋਈ ਸਕੂਲ ਹੋਵੇ ਜਿਥੇ ਸਭ ਧਰਮਾਂ ਦੇ ਬੱਚੇ ਇਕੱਠੇ ਪੜ੍ਹਨ ਪਰ ਅਜਿਹੀ ਗੱਲ ਉਹ ਮੂੰਹੋਂ ਨਹੀਂ ਸੀ ਕੱਢ ਸਕਦਾ। ਉਸ ਕੋਲ ਜਿਸ ਧਰਮ ਦਾ ਵੀ ਬੰਦਾ ਜਾਂਦਾ, ਉਸ ਸਾਹਮਣੇ ਉਸੇ ਧਰਮ ਨੂੰ ਸਰਵੋਤਮ ਕਹਿ ਦਿੰਦਾ। ਕਹਾਣੀਆਂ ਸੁਣਾਉਣ ਵਿਚ ਉਹ ਬਹੁਤ ਮਾਹਿਰ ਸੀ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਉਹਨੇ ਅੰਗਰੇਜਾਂ ਤੋਂ ਸਿੱਖੀ ਹੋਈ ਸੀ ਤੇ ਆਪਣੀ ਨੇਤਾਗਿਰੀ ਕਾਇਮ ਰੱਖੀ ਹੋਈ ਸੀ। ਸਾਰੇ ਉਸ 'ਤੇ ਯਕੀਨ ਕਰਦੇ ਤੇ ਉਹਦੀ ਹਰ ਗੱਲ 'ਤੇ ਫੁੱਲ ਚੜ੍ਹਾਉਂਦੇ।

ਜਦ ਤਿੰਨੇ ਸੁਧਾਰਕ ਉਹਦੇ ਘਰ ਗਏ ਤਾਂ ਉਹਨੇ ਬੜੀ ਆਓ ਭਗਤ ਕੀਤੀ। ਉਨ੍ਹਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਨੌਕਰ ਨੂੰ ਚਾਹ ਲਿਆਉਣ ਦਾ ਹੁਕਮ ਵੀ ਕਰ ਦਿੱਤਾ। ਉਹਨੂੰ ਪਤਾ ਸੀ, ਉਹ ਕਿਸ ਮਕਸਦ ਨਾਲ ਆਏ ਹਨ।

"ਸਕੂਲ ਦੀ ਬਿਲਡਿੰਗ ਉਸਾਰਨ ਦੀ ਪ੍ਰੇਰਣਾ ਤੁਹਾਨੂੰ ਕਿਥੋਂ ਮਿਲੀ? ਇਹਦੀ ਲੋੜ ਕੀ ਹੈ ਤੇ ਤੁਹਾਡਾ ਆਪਣਾ ਮਕਸਦ ਕੀ ਹੈ?" ਨੇਤਾ ਨੇ ਸਵਾਲ ਕੀਤਾ। ਉਹਨੂੰ ਸ਼ੱਕ ਸੀ ਕਿ ਸੁਧਾਰਕਾਂ ਨੂੰ ਕੋਈ ਲਾਲਚ ਹੋਵੇਗਾ, ਜੋ ਪਤਾ ਲੱਗਣ 'ਤੇ ਰੋੜਾ ਅਟਕਾ ਸਕਦਾ ਸੀ।

ਹਰ ਸੁਧਾਰਕ ਨੇ ਆਪਣੇ ਮਜਹਬ 'ਚ ਹੋ ਰਹੇ ਪ੍ਰਚਾਰ ਦੀਆਂ ਖਾਮੀਆਂ ਦੱਸੀਆਂ। ਸਿੱਖ ਸੁਧਾਰਕ ਗੁਰਦੁਆਰਿਆਂ ਵਿਚ ਪਾਠਾਂ ਦੀਆਂ ਲੜੀਆਂ, ਰੁਮਾਲਿਆਂ ਦੀ ਦੁਰਵਰਤੋਂ, ਵਹਿਮ-ਭਰਮ, ਪਖੰਡ ਦੇ ਵਿਰੁਧ ਬੋਲ ਰਿਹਾ ਸੀ। ਹਿੰਦੂ ਸੁਧਾਰਕ ਮੰਦਿਰਾਂ ਦੀਆਂ, ਤੇ ਮੁਸਲਮਾਨ ਮਸਜਿਦਾਂ ਦੀਆਂ ਕਮੀਆਂ ਦਸ ਰਿਹਾ ਸੀ।

"ਵੱਡੀ ਗੱਲ ਤਾਂ ਇਹ ਹੈ ਕਿ ਅੱਜ ਦਾ ਢਾਂਚਾ ਸਾਡੇ ਬੱਚਿਆਂ ਨੂੰ ਭੰਬਲਭੂਸੇ ਵਿਚ ਪਾ ਰਿਹਾ ਹੈ। ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ। ਸਾਡਾ ਉਦੇਸ਼ ਤਾਂ ਕੇਵਲ ਬੱਚਿਆਂ ਨੂੰ ਐਜੂਕੇਟ ਕਰਨਾ ਏ, ਤੇ ਉਸ ਲਈ ਸਕੂਲ ਦੀ ਲੋੜ ਹੈ।" ਤਿੰਨਾਂ ਨੇ ਸਪਸ਼ਟ ਕੀਤਾ।

ਕਿਉਂਕਿ ਸੁਧਾਰਕ ਕੇਵਲ ਬੱਚਿਆਂ ਦੇ ਭਵਿੱਖ ਦੀ ਗੱਲ ਕਰ ਰਹੇ ਸਨ ਤੇ ਆਪਣੇ ਆਪਣੇ ਧਰਮ ਦੀਆਂ ਖਾਮੀਆਂ ਬਾਰੇ ਬੋਲ ਰਹੇ ਸਨ, ਨੇਤਾ ਨੂੰ ਲੱਗਿਆ, ਉਸ ਦੀ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਤਾਂ ਇਥੇ ਚੱਲੇਗੀ ਨਹੀਂ। ਸੋ, ਉਹ ਆਪਣੀ ਕਹਾਣੀ ਕਲਾ ਅਜਮਾਉਣ ਲੱਗਾ, "ਸੋਚ ਤਾਂ ਤੁਹਾਡੀ ਕਾਬਿਲੇ ਤਾਰੀਫ ਹੈ। ਸੁਪਨਾ ਵੀ ਬਹੁਤ ਵੱਡਾ ਹੈ। ਨਿਰਸੰਦੇਹ ਬੱਚਿਆਂ ਦਾ ਭਵਿੱਖ ਉਜਲਾ ਹੋਣਾ ਚਾਹੀਦਾ ਹੈ। ਧਰਮਾਂ ਦੀਆਂ ਲੜਾਈਆਂ ਖਤਮ ਹੋਣੀਆਂ ਚਾਹੀਦੀਆਂ ਹਨ। ਅਨਪੜ੍ਹਤਾ ਦੂਰ ਹੋਣੀ ਚਾਹੀਦੀ ਹੈ, ਪਰ ਹੈ ਤਾਂ ਕੇਵਲ ਸੁਪਨਾ ਹੀ ਨਾ। ਹਕੀਕਤ ਵਿਚ ਤਾਂ ਇਹਨੂੰ ਵੱਡੀਆਂ ਵੱਡੀਆਂ ਸਰਕਾਰਾਂ ਵੀ ਨਹੀਂ ਬਦਲ ਸਕੀਆਂ। ਅਸੀਂ ਚੰਦ ਕੁ ਬੰਦੇ ਕੀ ਕਰ ਸਕਦੇ ਹਾਂ? ਸਾਨੂੰ ਕੋਈ ਕਦਮ ਚੁੱਕਣ ਲੱਗਿਆਂ ਆਪਣੇ ਇਤਿਹਾਸ ਜਾਂ ਸਾਹਿਤ ਤੋਂ ਕੁਝ ਅਗਵਾਈ ਲੈਣੀ ਚਾਹੀਦੀ ਹੈ।"

ਤੇ ਫਿਰ ਇਕ ਪਲ ਰੁਕ ਕੇ ਨੇਤਾ ਨੇ ਪੁੱਛਿਆ, "ਹਾਂ, ਤੁਸਾਂ ਕਦੇ ਐਚ. ਜੀ. ਵੈਲਜ਼ ਦੀ ਕਹਾਣੀ 'ਅੰਨ੍ਹਿਆਂ ਦਾ ਦੇਸ਼' (The Country of the Blind) ਪੜ੍ਹੀ ਹੈ?"

ਤਿੰਨਾਂ ਸੁਧਾਰਕਾਂ ਨੇ ਉਸ ਵੱਲ ਹੈਰਾਨੀ ਨਾਲ ਤੱਕਿਆ। 'ਚੰਦੇ ਜਾਂ ਸਕੂਲ ਨਾਲ ਕਿਸੇ ਕਹਾਣੀ ਦਾ ਕੀ ਸਬੰਧ?'

ਪਰ ਨੇਤਾ ਨੇ ਉਨ੍ਹਾਂ ਦੀ 'ਹਾਂ ਜਾਂ ਨਾਂਹ' ਸੁਣਨ ਤੋਂ ਪਹਿਲਾਂ ਹੀ ਆਪਣੀ ਕਹਾਣੀ ਸ਼ੁਰੂ ਕਰ ਦਿੱਤੀ: ਇਕ ਵਾਰ, ਬਹੁਤ ਉਚੇ ਪਹਾੜਾਂ ਵਿਚ ਘਿਰੀ ਇਕ ਛੋਟੀ ਜਿਹੀ ਵਾਦੀ ਵਿਚ ਕੋਈ ਅਜਿਹੀ ਬਿਮਾਰੀ ਫੈਲ ਗਈ, ਜਿਸ ਨਾਲ ਸਾਰੇ ਬੱਚੇ ਜਨਮ ਤੋਂ ਹੀ ਜੋਤਹੀਣ ਪੈਦਾ ਹੋਣੇ ਸ਼ੁਰੂ ਹੋ ਗਏ। ਇਕ ਦਿਨ ਐਸਾ ਆਇਆ ਕਿ ਨੇਤਰਾਂ ਵਾਲੇ ਬੰਦੇ ਤਾਂ ਸਾਰੇ




ਖਤਮ ਹੋ ਗਏ, ਤੇ ਸਾਰੀ ਵਾਦੀ ਅੰਨ੍ਹਿਆਂ ਦੀ ਨਗਰੀ ਬਣ ਗਈ। ਫਿਰ ਲੋਕ ਅੱਖਾਂ ਤੋਂ ਬਿਨਾ ਹੀ ਕੰਮ ਕਰਨ ਦੇ ਆਦੀ ਹੋ ਗਏ। ਸਮੇਂ ਨਾਲ ਉਹ ਇਹ ਭੀ ਭੁਲ ਗਏ ਕਿ 'ਦੇਖਣਾ' ਭੀ ਕੋਈ ਕ੍ਰਿਆ ਹੁੰਦੀ ਹੈ।

ਇਹੀ ਹਾਲ ਏ, ਅਜ ਇਸ ਬਸਤੀ ਦਾ। ਉਸ ਵਾਦੀ ਦੇ ਬੰਦੇ ਨੇਤਰਹੀਣ ਸਨ। ਇਸ ਨਗਰੀ ਦੇ ਬੰਦੇ 'ਗਿਆਨ' ਦੀਆਂ ਅੱਖਾਂ ਤੋਂ ਵਾਂਝੇ ਹਨ। ਹੋਇਆ ਕੀ! ਕਿਸੇ ਗਵਾਂਢ ਦੇਸ਼ ਦਾ ਬੰਦਾ ਨੁਨੈਜ਼ ਉਸ ਉਚੀ ਪਹਾੜੀ ਨੂੰ ਸਰ ਕਰਨ ਲਈ ਉਪਰ ਚੜ੍ਹਿਆ, ਪਰ ਜਦ ਚੋਟੀ 'ਤੇ ਪਹੁੰਚਾ ਤਾਂ ਪੈਰ ਤਿਲਕ ਗਿਆ ਤੇ ਅੰਨ੍ਹਿਆਂ ਦੀ ਨਗਰੀ ਵਿਚ ਜਾ ਡਿੱਗਾ।

ਹੁਣ ਉਹ ਬੰਦਾ ਆਖੇ, ਤੁਸੀਂ ਸਭ ਅੰਨ੍ਹੇ ਹੋ ਤੇ ਮੈਂ ਦੇਖ ਸਕਦਾ ਹਾਂ। ਅੰਨ੍ਹਿਆਂ ਨੂੰ ਪਤਾ ਨਾ ਲਗੇ ਕਿ 'ਦੇਖਣਾ' ਹੁੰਦਾ ਕੀ ਏ? ਉਹਨੇ ਮਿਸਾਲਾਂ ਦੇ ਕੇ ਸਮਝਾਇਆ ਕਿ ਦੇਖੋ ਚੰਦ ਹਨ, ਤਾਰੇ ਹਨ, ਸੂਰਜ ਹੈ, ਦੂਰ ਪਹਾੜੀਆਂ ਵਿਚ ਖੂਬਸੂਰਤ ਫੁੱਲ ਹਨ-ਜੋ ਮੈਂ ਦੇਖ ਰਿਹਾ ਹਾਂ। ਪਰ ਤੁਹਾਡੀਆਂ ਅੱਖਾਂ ਨਹੀਂ ਹਨ।

ਅੰਨ੍ਹਿਆਂ ਨੂੰ ਲੱਗਾ, ਇਹ ਬੰਦਾ ਦਿਮਾਗੀ ਤੌਰ 'ਤੇ ਠੀਕ ਨਹੀਂ। ਯੱਭਲੀਆਂ ਮਾਰਦਾ ਏ, ਜੋ ਕਿਸੇ ਨੇ ਪਹਿਲਾਂ ਸੁਣੀਆਂ ਹੀ ਨਹੀਂ। ਉਨ੍ਹਾਂ ਨੇ ਤਦ ਤਕ ਉਹਨੂੰ ਨਾ ਕੁਝ ਖਾਣ ਨੂੰ ਦਿੱਤਾ, ਨਾ ਪੀਣ ਨੂੰ, ਤੇ ਨਾ ਹੀ ਕਿਸੇ ਘਰ ਰਹਿਣ ਲਈ ਜਗ੍ਹਾ ਦਿੱਤੀ, ਜਦ ਤਕ ਉਹ ਇਹ ਨਹੀਂ ਮੰਨ ਗਿਆ ਕਿ ਉਹ (ਅੰਨ੍ਹੇ) ਸਭ ਠੀਕ ਹਨ ਤੇ ਨੁਨੈਜ਼ ਖੁਦ ਗਲਤ ਹੈ। ਅੰਤ ਵਿਚ ਉਹਨੂੰ ਅੰਨ੍ਹਿਆਂ ਵਿਚ ਅੰਨ੍ਹਾ ਬਣ ਕੇ ਹੀ ਰਹਿਣਾ ਪਿਆ।

"ਤੁਸੀਂ ਸਮਝ ਰਹੇ ਹੋ ਨਾ, ਮੈ ਕੀ ਕਹਿ ਰਿਹਾਂ ਹਾਂ।" ਨੇਤਾ ਨੇ ਆਪਣੀ ਕਹਾਣੀ ਨੂੰ ਕੱਟ ਕੇ ਪੁਛਿਆ। ਸੁਧਾਰਕਾਂ ਨੇ 'ਹਾਂ' ਵਿਚ ਸਿਰ ਹਿਲਾਇਆ।

ਨੇਤਾ ਫਿਰ ਸ਼ੁਰੂ ਹੋ ਗਿਆ, "ਰੱਬ ਦੀ ਕੁਦਰਤ, ਉਸ ਨੂੰ ਉਥੇ ਰਹਿੰਦਿਆਂ ਕਬੀਲੇ ਦੀ ਇਕ ਲੜਕੀ ਮੈਡਾਈਨਾ ਨਾਲ ਪਿਆਰ ਹੋ ਗਿਆ। ਸ਼ਾਦੀ ਦੀ ਗੱਲ ਚੱਲੀ ਤਾਂ ਸਾਰੇ ਕਬੀਲੇ ਨੇ ਨਾਂਹ ਕਰ ਦਿੱਤੀ। ਕਹਿਣ ਲੱਗੇ, 'ਜਦ ਤਕ ਇਹ ਪੂਰੀ ਤਰ੍ਹਾਂ ਠੀਕ ਨਹੀਂ ਹੁੰਦਾ, ਅਸੀਂ ਆਪਣੀ ਲੜਕੀ ਦਾ ਹੱਥ ਇਹਨੂੰ ਨਹੀਂ ਦਿਆਂਗੇ। ਵਿਆਹ ਤੋਂ ਪਹਿਲਾਂ ਇਹਦੀ ਦੇਖਣ ਦੀ ਬਿਮਾਰੀ ਦਾ ਪੂਰੀ ਤਰ੍ਹਾਂ ਇਲਾਜ ਹੋਣਾ ਜਰੂਰੀ ਹੈ।' ਸੁਭਾਵਕ ਸੀ, ਕਦੇ ਕਦੇ ਗਲਤੀ ਨਾਲ ਉਹਦੇ ਮੂੰਹੋਂ ਸੁਜਾਖਿਆਂ ਵਾਲੀ ਗੱਲ ਨਿਕਲ ਜਾਂਦੀ ਤੇ ਸਭ ਕਹਿੰਦੇ, ਅਜੇ ਕਸਰ ਬਾਕੀ ਏ।

ਮੈਡਾਈਨਾ ਉਸ ਨੂੰ ਆਪਣੇ ਕਬੀਲੇ ਦੇ ਡਾਕਟਰ ਕੋਲ ਲੈ ਗਈ। ਅੰਨ੍ਹੇ ਡਾਕਟਰ ਨੇ ਉਸ ਦਾ ਸਰੀਰ ਟੋਹ ਕੇ ਮੁਆਇਨਾ ਕੀਤਾ ਤੇ ਦੱਸਿਆ ਕਿ ਉਸ ਦਾ ਇਲਾਜ ਸੰਭਵ ਹੈ। ਛੋਟੀ ਜਿਹੀ ਸਰਜਰੀ ਦੀ ਲੋੜ ਹੈ। ਇਹਦੇ ਚਿਹਰੇ 'ਤੇ ਜੋ ਦੋ ਟੋਏ (ਅੱਖਾਂ) ਹਨ, ਉਨ੍ਹਾਂ ਨੂੰ ਕੱਢਣਾ ਪਵੇਗਾ।

ਮੈਡਾਈਨਾ ਖੁਸ਼ ਹੋ ਗਈ ਪਰ ਨੁਨੈਜ਼ ਘਬਰਾ ਗਿਆ। ਮੈਡਾਈਨਾ ਨੇ ਬਹੁਤ ਮਿੰਨਤ ਕੀਤੀ ਕਿ ਉਹ ਉਸ ਲਈ ਇੰਨਾ ਵੀ ਨਹੀਂ ਕਰ ਸਕਦਾ। ਪਰ ਉਹ ਅਜਿਹੀ ਸਰਜਰੀ ਕਰਾਉਣ ਦੀ ਜੁਰੱਅਤ ਨਾਂ ਕਰ ਸਕਿਆ ਤੇ ਅਲਵਿਦਾ ਕਹਿ ਕੇ ਆਪਣੇ ਵਤਨ ਵਾਪਸ ਜਾਣ ਲਈ ਉਸੇ ਪਹਾੜ ਵਲ ਚਲਾ ਗਿਆ, ਜਿਥੋਂ ਡਿਗਿਆ ਸੀ। ਕਿਉਂਕਿ ਉਹਦੇ ਵਤਨ 'ਚ 'ਦੇਖਣਾ' ਬਿਮਾਰੀ ਨਹੀਂ, ਸੌਗਾਤ ਮੰਨੀ ਜਾਂਦੀ ਸੀ।"

ਤਦ ਤਕ ਚਾਹ ਆ ਗਈ। "ਲਓ ਤੁਸੀਂ ਚਾਹ ਪੀਓ।" ਨੇਤਾ ਨੇ ਚਾਹ ਵੱਲ ਇਸ਼ਾਰਾ ਕਰਦਿਆਂ ਕਿਹਾ ਤੇ ਫਿਰ ਕਹਾਣੀ ਦਾ ਸਿੱਟਾ ਸਮਝਾਉਣ ਲੱਗਾ, "ਦੇਖੋ, ਇਹ ਤਾਂ ਬਹੁਤ ਖੁਸ਼ੀ ਦੀ ਗੱਲ ਏ, ਤੁਸੀਂ ਪੜ੍ਹੇ-ਲਿਖੇ, ਵਿਦਵਾਨ ਸੁਧਾਰਕ, ਨਿਸ਼ਕਾਮ ਸੇਵਾ ਲਈ ਅੱਗੇ ਵਧੇ ਹੋ, ਪਰ ਜਿਨ੍ਹਾਂ ਲੋਕਾਂ ਦੀਆਂ ਅੱਖਾਂ ਅਨਪੜ੍ਹਤਾ ਨੇ ਖੋਹ ਲਈਆਂ ਹਨ, ਉਨ੍ਹਾਂ ਦਾ ਇਲਾਜ ਤਾਂ ਸਾਡੇ ਪੀਰ-ਪੈਗੰਬਰ ਵੀ ਨਹੀਂ ਕਰ ਸਕੇ। ਕੀ ਇਹ ਲੋਕ ਤੁਹਾਡਾ ਸਾਥ ਦੇਣਗੇ? ਇਹ ਤਾਂ ਦੂਜਿਆਂ ਨੂੰ ਭੀ ਚੰਦਾ ਦੇਣ ਤੋਂ ਰੋਕਣਗੇ। ਇੰਜ ਹੀ ਅੱਗੇ ਹੁੰਦਾ ਆਇਆ ਹੈ। ਸਾਨੂੰ ਵਿਦਵਾਨਾਂ ਨੂੰ ਤਾਂ ਆਪਣੀਆਂ ਗਿਆਨ ਰੂਪੀ ਅੱਖਾਂ ਦੀ ਸਰਜਰੀ ਕਰਾਉਣੀ ਹੀ ਠੀਕ ਰਹੇਗੀ।"

ਇਸ ਵਾਰ ਉਹਨੇ ਆਪਣੇ ਆਪ ਨੂੰ ਵੀ ਉਨ੍ਹਾਂ ਸੁਧਾਰਕਾਂ ਦੇ ਨਾਲ ਮਿਲਾ ਲਿਆ।

ਨੇਤਾ ਨੂੰ ਉਮੀਦ ਸੀ, ਇੰਨੀ ਵਡਿਆਈ ਸੁਣ ਕੇ, ਉਨ੍ਹਾਂ ਵਿਚੋਂ ਕੋਈ ਨਾ ਕੋਈ ਤਾਂ ਜਰੂਰ ਬੋਲੂ, "ਜੀ ਹਾਂ, ਹੈ ਤਾਂ ਇਹ ਅਕਲ ਦੇ ਅੰਨ੍ਹੇ ਈ ਨੇ" ਤੇ ਕਿਸੇ ਸੁਧਾਰਕ ਦੇ ਮੂੰਹੋਂ ਨਿਕਲਿਆ ਅਜਿਹਾ ਇਕ ਸ਼ਬਦ ਵੀ ਨੇਤਾ ਲਈ ਕਾਫੀ ਸੀ, ਸਾਰੇ ਕਸਬੇ ਨੂੰ ਸੁਧਾਰਕਾਂ ਦੇ ਵਿਰੁਧ ਉਕਸਾਉਣ ਲਈ।

ਸੁਧਾਰਕਾਂ ਵਿਚੋਂ ਕਿਸੇ ਨੇ ਵੀ ਅਜਿਹਾ ਸ਼ਬਦ ਨਹੀਂ ਬੋਲਿਆ। ਬਲਕਿ ਇਕ ਨੇ ਤਾਂ ਉਲਟੀ ਗੱਲ ਨੇਤਾ 'ਤੇ ਪਾ ਦਿੱਤੀ, "ਨੇਤਾ ਜੀ, ਤੁਸੀਂ ਸਾਨੂੰ ਚੰਦਾ ਦਿਓ ਜਾਂ ਨਾ, ਪਰ ਕਿਸੇ ਨੂੰ ਅਕਲ ਦਾ ਅੰਨ੍ਹਾ ਤਾਂ ਨਾ ਕਹੋ। ਆਖਰ ਉਹ ਵੀ ਸਾਡੇ ਭਰਾ ਨੇ।"

ਨੇਤਾ ਸਹਿਮ ਗਿਆ। ਜੇ ਇਹ ਗੱਲ ਪਬਲਿਕ ਵਿਚ ਫੈਲ ਜਾਂਦੀ ਤਾਂ ਹਿੰਦੂ, ਸਿੱਖ, ਇਸਾਈ-ਸਭ ਨੇਤਾ ਦੇ ਵਿਰੁਧ ਹੋ ਖੜ੍ਹਦੇ।

ਦੋਹਾਂ ਵਿਚ ਕਿਤੇ ਬਹਿਸ ਨਾ ਚੱਲ ਪਵੇ, ਇਸ ਡਰੋਂ ਦੂਜਾ ਸੁਧਾਰਕ ਬੋਲਿਆ, "ਨੇਤਾ ਜੀ, ਤੁਹਾਨੂੰ ਜਰੂਰ ਪਤਾ ਹੋਵੇਗਾ ਕਿ ਐਚ. ਜੀ. ਵੈਲਜ਼ ਨੇ ਇਸ ਕਹਾਣੀ ਨੂੰ ਬਾਅਦ ਵਿਚ ਐਡਿਟ ਕਰ ਕੇ ਇਸ ਦਾ ਅੰਤ ਬਦਲ ਦਿੱਤਾ ਸੀ।"

"ਨਹੀਂ, ਮੈਂ ਸੋਧੀ ਹੋਈ ਕਹਾਣੀ ਨਹੀਂ ਪੜ੍ਹੀ।" ਸਹਿਮੇ ਹੋਏ ਨੇਤਾ ਨੇ ਕਿਹਾ।

"ਪਰ ਮੈਂ ਪੜ੍ਹੀ ਹੈ। ਸੋਧੀ ਕਹਾਣੀ ਵਿਚ ਨੁਨੈਜ਼ ਆਪਣੀ ਮੈਡਾਈਨਾ ਨੂੰ ਵੀ ਆਪਣੇ ਨਾਲ ਵਤਨ ਲੈ ਜਾਂਦਾ ਹੈ। ਇਹ ਸੋਚ ਕੇ ਕਿ ਮੈਡਾਈਨਾ ਤੋਂ ਪੈਦਾ ਹੋਣ ਵਾਲੀ ਨਸਲ ਤਾਂ ਸੁਜਾਖੀ ਹੋਵੇ। ਅਸੀਂ ਤਾਂ ਇਹ ਉਮੀਦ ਕਰਦੇ ਹਾਂ ਕਿ ਜੇ ਤੁਸੀਂ ਸਾਡੇ ਨਾਲ ਰਹੋਗੇ ਤਾਂ ਉਹ ਵੀ ਸਾਡੇ ਨਾਲ ਹੋ ਤੁਰਨਗੇ।"

ਨੇਤਾ ਨੂੰ ਲੱਗਾ, ਅੱਜ ਉਸ ਦੀ ਕਹਾਣੀ ਕਲਾ ਵੀ ਕੰਮ ਨਹੀਂ ਸੀ ਕਰ ਰਹੀ। ਹਾਰ ਕੇ ਮੇਜ 'ਤੇ ਪਈ ਚੈਕ ਬੁੱਕ ਵਿਚੋਂ ਚੈਕ ਲਿਖ ਕੇ ਸੁਧਾਰਕ ਦੀ ਤਲੀ 'ਤੇ ਰੱਖ ਦਿੱਤਾ।

"ਨੇਤਾ ਜੀ, ਕੇਵਲ ਇਕਵੰਜਾ ਰੁਪਈਆਂ ਦਾ ਚੈਕ?" ਸੁਧਾਰਕ ਨੇ ਹੈਰਾਨ ਹੋ ਕੇ ਪੁੱਛਿਆ।

"ਜੇ ਹਰ ਬੰਦਾ 51-51 ਰੁਪਏ ਵੀ ਦੇ ਦੇਵੇ, ਤਾਂ ਵੀ ਬੱਚਿਆਂ ਦੇ ਸਕੂਲ ਦੀ ਬਿਲਡਿੰਗ ਖੜ੍ਹੀ ਹੋ ਜਾਣੀ ਹੈ।"

ਨੇਤਾ ਨੇ ਭਾਵੇਂ ਇਹ ਗੱਲ ਮਜ਼ਾਕ ਵਜੋਂ ਕਹੀ ਸੀ ਪਰ ਸੁਧਾਰਕਾਂ ਦੇ ਕੰਮ ਆ ਗਈ। ਉਨ੍ਹਾਂ ਨੇ ਨੇਤਾ ਦੇ ਮਹਾਂ ਵਾਕ ਨੂੰ ਉਨ੍ਹਾਂ ਦਾ ਆਦੇਸ਼ ਬਣਾ ਕੇ ਹਰ ਕਸਬਾ ਨਿਵਾਸੀ ਤਕ ਪਹੁੰਚਾਇਆ।

ਨੇਤਾ ਦੀ ਗੱਲ ਕੌਣ ਟਾਲਦਾ। ਹਰ ਇਕ ਨੇ ਦਿਲ ਖੋਲ੍ਹ ਕੇ ਚੰਦਾ ਦਿੱਤਾ। ਦੇਖਦੇ ਹੀ ਦੇਖਦੇ ਸਕੂਲ ਦੀ ਬਿਲਡਿੰਗ ਖੜ੍ਹੀ ਹੋ ਗਈ।

## ਬਸਰਾ

ਕੋਈ ਬੋਲੇ ਅੱਲਾ ਅੱਲਾ
ਕੋਈ ਬੋਲੇ ਰਾਮ ਰਾਮ।
ਕੋਈ ਕਹਿੰਦਾ ਵਾਹਿਗੁਰੂ
ਕੋਈ ਕਹਿੰਦਾ ਹੈ ਸ਼ਾਮ।

ਆਲਮ ਫਾਜ਼ਲ ਫਿੱਕੇ ਪੈ ਗਏ
ਤਾਲਿਬਾਨਾਂ ਦੇ ਅੱਗੇ,
ਕੋਈ ਕਹੇ ਈਸਾਈਅਤ ਵੱਡੀ
ਕੋਈ ਕਹੇ ਇਸਲਾਮ।

ਸ਼ੈਤਾਨਾਂ ਦੀ ਆਂਤ ਦੇ ਵਾਂਗੂੰ
ਵਧਦਾ ਜਾਏ ਹਨੇਰਾ,
ਚੌਵੀ ਘੰਟੇ ਇਹੀ ਸੋਚੀਦਾ
ਕਦ ਲੱਗੂ ਵਿਸ਼ਰਾਮ!

ਖਤਰੇ ਵਿਚ ਸੁਹਾਗਣਾਂ
ਹਾਲਤ ਬੜੇ ਗੰਭੀਰ,
ਮੁੜ ਕੇ ਲੱਗ ਗਈ ਫੇਰ ਹੈ
ਅੱਜ ਬਸਰੇ ਦੀ ਲਾਮ।

'ਬਸਰਾ' ਇੱਥੇ ਬਣ ਗਿਆ
ਕੋਈ ਨਾ ਸੁਣਦਾ ਚੀਕ,
ਗਲੀਆਂ ਦੇ ਵਿਚ ਵਿਲਕਦਾ
ਅਜੇ ਆਦਮੀ ਆਮ।

*-ਹਰਜਿੰਦਰ ਗੁੱਲਪੁਰ*
*ਫੋਨ: 91-98722-38981*

---

## ਘਰ

ਪਹਿਲਾ ਘਰ ਮੇਰੇ ਬਾਬੁਲ ਦਾ ਸੀ
ਜੋ ਬਣਿਆ ਮੇਰੇ ਵੀਰ ਦਾ ਘਰ।

ਦੂਜਾ ਮੇਰੇ ਪਤੀ ਦਾ ਘਰ ਸੀ
ਜੋ ਲੱਭਿਆ ਮੇਰੇ ਬਾਬੁਲ ਵਰ।

ਪਹਿਲਾ ਛੁਟਿਆ, ਦੂਜਾ ਛੁਟਿਆ
ਤੀਜਾ ਸੀ ਮੇਰੇ ਪੁੱਤ ਦਾ ਘਰ।

ਧੱਕੇ ਖਾਂਦੀ ਰੋਂਦੀ ਫਿਰਦੀ
ਮਮਤਾ ਇਸ ਦਰ ਤੋਂ ਉਸ ਦਰ।

ਬੁੱਲ੍ਹੀਂ ਹਾਸਾ, ਅੱਖੀਏਂ ਪਾਣੀ
ਸਭ ਪੀੜਾਂ ਮੈਂ ਜਾਵਾਂ ਜਰ।

ਡਾਢੀ ਸਖਤ ਜਾਨ ਹੈ ਮੇਰੀ
ਆਪਣਾ ਨਾ ਕਦੀ ਕਰਾਂ ਫਿਕਰ।

ਤੁਪਕਾ ਤੁਪਕਾ ਮਰਦੀ ਮਰਦੀ
ਹੌਲੀ ਹੌਲੀ ਜਾਵਾਂ ਮਰ।

ਕਿਉਂ 'ਸੁਰਜੀਤ' ਕਦੀ ਨਾ ਬਣਦਾ
ਔਰਤ ਦਾ ਕੋਈ ਆਪਣਾ ਘਰ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਛਾਂਵੇਂ-ਛਾਂਵੇਂ...

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬਾਪ ਦੇ ਬੱਚਿਆਂ ਪ੍ਰਤੀ ਮੋਹ ਅਤੇ ਬਾਪ ਦੀ ਬੱਚਿਆਂ ਉਪਰ ਬੋਹੜ ਜਿਹੀ ਸੰਘਣੀ ਛਾਂ ਦੀ ਗੱਲ ਕਰਦਿਆਂ ਕਿਹਾ ਸੀ, "ਬਾਪ ਇਕ ਬਿਰਖ, ਜਿਸ ਦੀ ਛਾਂਵੇਂ ਬਹਿ ਕੇ ਸੁਖਨ ਦਾ ਹੁਲਾਰ, ਹਰ ਪਲ ਵਧਦਾ-ਫੁਲਦਾ ਅਤੇ ਪਨਪਦਾ ਪਿਆਰ ਹੈ।" ਹਥਲੇ ਲੇਖ ਵਿਚ ਉਨ੍ਹਾਂ ਬੋਹੜ ਜਿਹੇ ਵੱਡੇ ਦਰਖਤਾਂ ਦੇ ਹਵਾਲੇ ਨਾਲ ਮਾਪਿਆਂ ਦੀ ਬੱਚਿਆਂ ਉਪਰ ਛਾਂ ਜਾਂ ਆਸਰੇ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਮਾਂ ਦੀ ਛਾਂ ਮਾਣਨ ਵਾਲੇ ਬੱਚੇ ਤਿੱਖੜ ਦੁਪਹਿਰਾਂ 'ਚ ਵੀ ਠੰਢੜੀ ਛਾਂ ਮਾਣਦੇ ਨੇ। ਬਜ਼ੁਰਗੀ ਪਰਛਾਂਵੇਂ 'ਚ ਤੁਰੇ ਜਾਂਦੇ ਅਲੂੰਏਂ ਜੁਆਕ ਨੂੰ ਸਿਰ 'ਤੇ ਆਇਆ ਸੂਰਜ ਵੀ ਨਹੀਂ ਪਿਘਲਾ ਸਕਦਾ। ਡਾ. ਭੰਡਾਲ ਆਖਦੇ ਹਨ, "ਉਹ ਲੋਕ ਬਹੁਤ ਮਹਾਨ ਹੁੰਦੇ ਨੇ ਜੋ ਛਾਂ ਬਣਨ ਲਈ ਪਿੰਡਾ ਲੂੰਹਦੇ ਨੇ, ਛੱਤਰੀ ਬਣਨ ਲਈ ਸਿਰ ਦੇ ਕੱਜਣ ਦੀ ਓਟ ਸਿਰਜਦੇ ਨੇ, ਠਾਹਰ ਬਣਨ ਲਈ ਜਿਸਮ ਦੀ ਝੌਂਪੜੀ ਬਣਾ ਲੈਂਦੇ ਨੇ, ਗਰੀਬ ਮਜ਼ਲੂਮ ਦੀ ਰਾਖੀ ਲਈ ਵੰਗਾਰ ਬਣਦੇ ਅਤੇ ਹਨੇਰਿਆਂ ਨੂੰ ਚੀਰਨ ਲਈ ਮਸ਼ਾਲ ਬਣਨ ਤੋਂ ਵੀ ਨਹੀਂ ਝਿਜਕਦੇ।" -ਸੰਪਾਦਕ**

ਛਾਂਵੇਂ-ਛਾਂਵੇਂ ਤੁਰਨ ਵਾਲੇ ਲੋਕਾਂ ਦੇ ਪੈਰਾਂ ਦੀਆਂ ਤਲੀਆਂ 'ਚ ਸੇਕ ਨਹੀਂ ਉਗਦਾ ਅਤੇ ਨਾ ਹੀ ਉਨ੍ਹਾਂ ਦੇ ਸਿਰਾਂ 'ਤੇ ਅੱਗ ਵਰ੍ਹਦੀ ਏ। ਉਹ ਜੀਵਨ-ਰਾਹ 'ਤੇ ਅਨੰਦਤ ਪਲਾਂ ਦਾ ਵੱਸਦਾ ਗਰਾਂ ਹੁੰਦੇ ਅਤੇ ਉਨ੍ਹਾਂ ਦੀ ਕਰਮ-ਜਾਚਨਾ 'ਚ ਜ਼ਿੰਦਗੀ ਦੇ ਸੂਖਮ ਤੇ ਸੁਹਜ ਪਲਾਂ ਦਾ ਵਰਤਾਰਾ ਹੁੰਦਾ ਹੈ।

ਛਾਂਵੇਂ-ਛਾਂਵੇਂ ਤੁਰਨ ਵਾਲੇ ਲੋਕਾਂ ਨੂੰ ਤਿੱਖੜ ਦੁਪਹਿਰਾਂ 'ਚ ਫਲ੍ਹੇ ਵਾਹੁੰਦੇ, ਵਾਢੀਆਂ ਕਰਦੇ ਅਤੇ ਕਣਕ ਦੇ ਵੱਢ 'ਚ ਮੱਚਦੇ ਨੰਗੇ ਪੈਰਾਂ ਦੀ ਕੋਈ ਸਾਰ ਨਹੀਂ ਹੁੰਦੀ। ਨਾ ਹੀ ਉਨ੍ਹਾਂ ਨੂੰ ਕੱਕੀ ਰੇਤ ਵਿਚ ਸੱਸੀ ਦੀ ਗੁੰਮ ਰਹੀ ਪੈੜ-ਨਕਾਸ਼ੀ ਅਤੇ ਪੰਖੇਰੂ-ਪ੍ਰਾਣਾਂ ਦੀ ਪਰਵਾਜ਼ ਦਾ ਅਹਿਸਾਸ ਹੋ ਸਕਦਾ ਏ?

ਕਦੇ ਕਦਾਈਂ ਛਾਂਵੇਂ-ਛਾਂਵੇਂ ਤੁਰਨ ਵਾਲੇ ਲੋਕਾਂ ਨੂੰ ਛਾਂ ਤੇ ਧੁੱਪ ਦਾ ਫਰਕ ਪਤਾ ਨਹੀਂ ਲੱਗਦਾ ਅਤੇ ਉਹ ਇਸ ਛਾਂ 'ਚੋਂ ਵੀ ਪਿੰਡੇ ਹੰਢਾਈ ਧੁੱਪ ਦਾ ਮੁਲਾਂਕਣ ਕਰਨ ਬੈਠ ਜਾਂਦੇ ਹਨ।

ਛਾਂਵੇਂ-ਛਾਂਵੇਂ ਤੁਰਨ ਵਾਲਿਆਂ ਨੂੰ ਕਦੇ ਵੀ ਅਹਿਸਾਸ ਨਹੀਂ ਹੋ ਸਕਦਾ ਕਿ ਧੁੱਪ ਦੀ ਜੂਨੇ ਆਇਆਂ ਲਈ ਰੱਕੜ, ਮਾਰੂਥਲ ਤੇ ਵੈਰਾਨੀ ਦਾ ਪੀਹੜਾ ਹਰਦਮ ਡਾਹੁਣਾ ਪੈਂਦਾ ਏ।

ਮਾਪਿਆਂ ਦੀ ਛਾਂ ਹੇਠ ਤੁਰਨ ਵਾਲੇ ਅਤੇ ਇਸ ਛਾਂ ਨੂੰ ਆਪਣੇ ਅੰਤਰੀਵ ਵਿਚ ਸਮਾਉਣ ਵਾਲੇ ਲੋਕ ਹੀ ਛਾਂ ਦੀ ਅਹਿਮੀਅਤ ਨੂੰ ਸਮਝ ਸਕਦੇ ਨੇ।

ਬਾਪ ਦੀ ਪਰਨੇ ਦੀ ਚਿੱਤਕਬਰੀ ਛਾਂ ਹੇਠ ਤੁਰਨ ਵਾਲੇ ਮਲੂਕ ਪੈਰਾਂ ਨੂੰ ਕੱਚੇ ਰਾਹਾਂ ਦੀ ਧੁੱਧਲ ਦਾ ਸੇਕ ਨਹੀਂ ਪਾਹੁੰਦਾ ਅਤੇ ਉਹ ਸਾਬਤ ਕਦਮੀਂ ਮੰਜ਼ਲ ਦਾ ਸਿਰਨਾਵਾਂ ਬਣ ਜਾਂਦੇ ਨੇ।

ਮਾਂ ਦੀ ਛਾਂ ਮਾਣਨ ਵਾਲੇ ਬੱਚੇ ਤਿੱਖੜ ਦੁਪਹਿਰਾਂ 'ਚ ਵੀ ਠੰਢੜੀ ਛਾਂ ਮਾਣਦੇ ਨੇ। ਬਜ਼ੁਰਗੀ ਪਰਛਾਂਵੇਂ 'ਚ ਤੁਰੇ ਜਾਂਦੇ ਅਲੂੰਏਂ ਜੁਆਕ ਨੂੰ ਸਿਰ 'ਤੇ ਆਇਆ ਸੂਰਜ ਵੀ ਨਹੀਂ ਪਿਘਲਾ ਸਕਦਾ।

ਮਾਪਿਆਂ ਦੀ ਛਾਂ ਵਿਚ ਤੁਰਨ ਵਾਲੀ ਔਲਾਦ ਨੂੰ ਦੁਨੀਆਂਦਾਰੀ ਦੇ ਝਮੇਲਿਆਂ ਤੋਂ ਰਾਹਤ ਵੀ ਮਿਲਦੀ ਅਤੇ ਸਮਾਜਕ ਸਰੋਕਾਰਾਂ ਦੀ ਸੋਝੀ ਹੋਣ ਦੇ ਨਾਲ-ਨਾਲ ਜੀਵਨ ਦੇ ਮਾਰੂਥਲੀ ਰਾਹਾਂ ਨੂੰ ਸਰ ਕਰਨ ਦਾ ਹੀਆ ਤੇ ਸਬਰ ਵੀ ਹੁੰਦਾ ਏ।

ਆਪਣੇ ਵਿਰਸੇ ਦੀ ਛਾਂ ਮਾਣਨ ਵਾਲੇ ਲੋਕ ਆਪਣੇ ਬੀਤੇ 'ਤੇ ਮਾਣ ਕਰਦੇ ਨੇ ਅਤੇ ਭੂਤ ਨੂੰ ਪੱਲੇ ਬੰਨ ਕੇ ਨਵੇਂ ਦਿਸਹੱਦਿਆਂ ਦਾ ਨਾਮਕਰਨ ਵੀ ਕਰਦੇ ਨੇ, ਤੇ ਆਪਣੇ ਮੂਲ ਨਾਲ ਵੀ ਜੁੜੇ ਰਹਿੰਦੇ ਨੇ।

ਬਾਬੇ ਬਿਰਖਾਂ ਦੀ ਛਾਂ 'ਚ ਸ਼ੁਕਰ, ਸਕੂਨ ਅਤੇ ਸਬਰ ਦੀ ਮੁਹਾਰਨੀ ਪੜ੍ਹੀ ਜਾਂਦੀ ਏ। ਇਸ ਦੀ ਛਾਂ 'ਚ ਜਦ ਰਾਹੀਆਂ ਦੀ ਥਕਾਵਟ ਦੂਰ ਹੁੰਦੀ ਅਤੇ ਉਨ੍ਹਾਂ ਦੇ ਪਿੰਡੇ ਤੋਂ ਵਾਸ਼ਪ ਹੋਇਆ ਮੁੜਕਾ ਹਵਾ 'ਚ ਤਰਲਤਾ ਬੀਜਦਾ ਏ ਤਾਂ ਬਿਰਖ ਦੇ ਸਾਹਾਂ ਵਿਚ ਰਵਾਨੀ ਭਰੀ ਜਾਂਦੀ ਏ।

> **ਛਾਂ, ਛਾਂ ਹੀ ਹੁੰਦੀ ਏ। ਛਾਂ ਬਹੁ-ਭਾਂਤੀ। ਸ਼ਾਬਦਿਕ ਅਰਥ ਤੋਂ ਬਾਹਰ ਝਾਕੋ, ਤੁਹਾਨੂੰ ਇਸ ਦੀ ਭਿੰਨਤਾ ਅਤੇ ਬਹੁ-ਰੂਪਤਾ ਅਚੰਭਿਤ ਕਰ ਦੇਵੇਗੀ।...ਛਾਂ, ਬਾਬੇ ਦੇ ਹੱਥੀਂ ਲਾਏ ਪਿੱਪਲ ਦੀ ਹੋਵੇ, ਬਾਪ ਦੀ ਸੁਲੱਖਣੀ ਮੱਤ ਦੀ ਹੋਵੇ, ਮਾਂ ਦੀ ਮਮਤਾਈ ਲੋਰ ਵਿਚ ਦਿੱਤੀਆਂ ਨਸੀਹਤਾਂ ਦੀ ਹੋਵੇ, ਟੀਚਰਾਂ ਵਲੋਂ ਮਿਲੀਆਂ ਝਿੜਕਾਂ ਤੇ ਪੁੱਠੇ ਹੱਥਾਂ 'ਤੇ ਖਾਧੀਆਂ ਸੋਟੀਆਂ ਦੀ ਹੋਵੇ, ਜੀਵਨ ਦੇ ਸਰਾਪੇ ਪੜਾਅ 'ਤੇ ਕਿਸੇ ਰਹਿਬਰ ਦੀ ਹੋਵੇ, ਖੁਰਦਰੇ ਰਾਹਾਂ 'ਤੇ ਮਿਲੇ ਕਿਸੇ ਸੁਖਨਵਰ ਦੀ ਹੋਵੇ ਜਾਂ ਪੀੜਾਂ ਪਰੁੱਚੇ ਪਲਾਂ ਵਿਚ ਕੀਤੀ ਮੱਠੀ ਜਿਹੀ ਟਕੋਰ ਤੇ ਲਾਈ ਮਰਹਮ ਦੀ ਹੋਵੇ।**

ਬਜ਼ੁਰਗਾਂ ਦੀ ਸਿਆਣਪੀ ਛਾਂ ਵਿਚ ਪ੍ਰਵਾਨ ਚੜ੍ਹੇ ਬੱਚਿਆਂ ਦੇ ਮਨਾਂ ਵਿਚ ਅਚੇਤ ਹੀ ਮਾਨਵੀ ਕਦਰਾਂ-ਕੀਮਤਾਂ, ਸੰਤੁਲਿਤ ਜੀਵਨ ਸ਼ੈਲੀ ਅਤੇ ਆਪਣੀ ਬੋਲੀ ਤੇ ਧਰਮ ਪ੍ਰਤੀ ਮੋਹ ਪੈਦਾ ਹੋ ਜਾਂਦਾ ਏ। ਉਨ੍ਹਾਂ ਦੇ ਮਨਾਂ ਵਿਚ ਅਦਬ, ਸਤਿਕਾਰ ਅਤੇ ਅਧੀਨਗੀ ਭਰਿਆ ਲਹਿਜ਼ਾ ਜੀਵਨ-ਜਾਚ ਦਾ ਸੁਚੱਜਾ ਮਾਰਗ ਬਣ ਜਾਂਦਾ ਏ।

ਮਹਾਂ-ਬਿਰਖਾਂ ਦੀ ਛਾਂ ਕਈ ਵਾਰ ਨਿੱਕੇ ਨਿੱਕੇ ਬਿਰਖਾਂ ਦੇ ਮੌਲਣ ਅਤੇ ਵਿਗਸਣ ਲਈ ਸਰਾਪ ਵੀ ਬਣ ਜਾਂਦੀ ਏ ਕਿਉਂਕਿ ਹਰ ਬਿਰਖ ਲਈ ਵਧਣ-ਫੁਲਣ ਵਾਸਤੇ ਧੁੱਪ ਦਾ ਸਾਥ ਮਾਣਨਾ, ਲੂਆਂ ਨਾਲ ਆਢਾ ਲਾਉਣਾ ਅਤੇ ਮੋਹਲੇਧਾਰ ਬਾਰਸ਼ 'ਚ ਸਮੁੱਚ ਨੂੰ ਭਿੱਜਣਾ ਜਰੂਰੀ ਹੁੰਦਾ ਏ। ਅਜਿਹੇ ਬਿਰਖ ਵਰਜਣਾ ਹੰਢਾਉਂਦੇ ਬੋਹੜਾਂ ਤੇ ਪਿੱਪਲਾਂ ਵਾਂਗ ਮਹਿਲਾਂ ਦੇ ਬੋਡੇ ਕਿੰਗਰਿਆਂ ਅਤੇ ਵੱਡੇ ਬਿਰਖਾਂ ਦੀਆਂ ਖੋੜਾਂ ਵਿਚ ਆਪਣਾ ਘਰ ਬਣਾ ਲੈਂਦੇ ਅਤੇ ਆਪਣੀ ਹੋਂਦ ਦਾ ਪਰਚਮ ਝੁਲਾਉਂਦੇ। ਲੋੜ ਹੈ, ਹਰ ਬਿਰਖ ਨੂੰ ਖੁਦ ਆਪਣੇ ਦਿਸਹੱਦੇ ਨਿਸ਼ਚਿਤ ਕਰਨ, ਆਪਣੀਆਂ ਸੀਮਾਵਾਂ ਪਹਿਲਾਂ ਨਿਰਧਾਰਤ ਕਰਨ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਮੌਕਾ ਦਿੱਤਾ ਜਾਵੇ। ਵਲਗਣਾਂ ਵਿਚ ਵਲੀ ਹੋਈ ਵੇਲ ਵੀ ਬਨੇਰਿਆਂ ਤੋਂ ਬਾਹਰ ਨੂੰ ਅਹੁਲਦੀ ਹੈ।

ਬਹੁਤਿਆਂ ਲਈ ਛਾਂ ਦੇ ਕੋਈ ਅਰਥ ਨਹੀਂ। ਪਰ ਕਦੇ ਉਸ ਬੱਚੇ ਨੂੰ ਛਾਂ ਦੇ ਮਾਇਨੇ ਪੁੱਛਣੇ ਜੋ ਹਰ ਰੋਜ਼ ਜੇਠ-ਹਾੜ 'ਚ ਨੰਗੇ ਪੈਰੀਂ ਹੱਲ ਵਾਹੁੰਦੇ ਬਾਪ ਲਈ ਦੁਪਹਿਰਾ ਲੈ ਕੇ ਗਿਆ ਹੋਵੇ, ਜਿਸ ਨੇ ਹਰ ਰੋਜ਼ ਦਸ ਮੀਲ ਦਾ ਵਾਪਸੀ ਸਕੂਲੀ-ਸਫਰ ਪੈਰਾਂ ਹੇਠ ਬੋਰੀ ਦਾ ਟੋਟਾ ਬੰਨ ਕੇ ਕੀਤਾ ਹੋਵੇ, ਕਦੇ ਉਸ ਬਚਪਨੇ ਨੂੰ ਪੁੱਛਣਾ ਜਿਸ ਦੀ ਮਾਂ ਉਸ ਨੂੰ ਸੜਕ ਕਿਨਾਰੇ ਲਿਟਾ ਕੇ ਰੋੜੀ ਕੁੱਟਦੀ, ਪੇਟ ਦੀ ਅੱਗ ਨੂੰ ਝੁਲਸਦੀ ਹੋਵੇ ਜਾਂ ਜਿਨ੍ਹਾਂ ਲਈ ਮਾਪਿਆਂ ਦੀ ਛਾਂ ਦੀ ਅਣਹੋਂਦ ਉਨ੍ਹਾਂ ਨੂੰ ਅੱਖਰ ਗਿਆਨ ਤੋਂ ਵਿਰਵਾ ਕਰ ਗਈ ਹੋਵੇ ਅਤੇ ਉਹ ਆਪਣਾ ਬਚਪਨਾ, ਝਿੜਕਾਂ 'ਚ ਵਿਹਾਜ ਕੇ ਸਾਹਾਂ ਦੀ ਸਲਾਮਤੀ ਮੰਗਦੇ ਹੀ ਜਹਾਨੋਂ ਤੁਰ ਗਏ ਹੋਣ।

ਛਾਂ, ਛਾਂ ਹੀ ਹੁੰਦੀ ਏ। ਛਾਂ ਬਹੁ-ਭਾਂਤੀ। ਸ਼ਾਬਦਿਕ ਅਰਥ ਤੋਂ ਬਾਹਰ ਝਾਕੋ, ਤੁਹਾਨੂੰ ਇਸ ਦੀ ਭਿੰਨਤਾ ਅਤੇ ਬਹੁ-ਰੂਪਤਾ ਅਚੰਭਿਤ ਕਰ ਦੇਵੇਗੀ।

ਛਾਂ, ਬਾਬੇ ਦੇ ਹੱਥੀਂ ਲਾਏ ਪਿੱਪਲ ਦੀ ਹੋਵੇ, ਬਾਪ ਦੀ ਸੁਲੱਖਣੀ ਮੱਤ ਦੀ ਹੋਵੇ, ਮਾਂ ਦੀ ਮਮਤਾਈ ਲੋਰ ਵਿਚ ਦਿੱਤੀਆਂ ਨਸੀਹਤਾਂ ਦੀ ਹੋਵੇ, ਟੀਚਰਾਂ ਵਲੋਂ ਮਿਲੀਆਂ ਝਿੜਕਾਂ ਤੇ ਪੁੱਠੇ ਹੱਥਾਂ 'ਤੇ ਖਾਧੀਆਂ ਸੋਟੀਆਂ ਦੀ ਹੋਵੇ, ਜੀਵਨ ਦੇ ਸਰਾਪੇ ਪੜਾਅ 'ਤੇ ਕਿਸੇ ਰਹਿਬਰ ਦੀ ਹੋਵੇ, ਖੁਰਦਰੇ ਰਾਹਾਂ 'ਤੇ ਮਿਲੇ ਕਿਸੇ ਸੁਖਨਵਰ ਦੀ ਹੋਵੇ ਜਾਂ ਪੀੜਾਂ ਪਰੁੱਚੇ ਪਲਾਂ ਵਿਚ ਕੀਤੀ ਮੱਠੀ ਜਿਹੀ ਟਕੋਰ ਤੇ ਲਾਈ ਮਰਹਮ ਦੀ ਹੋਵੇ।

ਛਾਂ ਮਸਨੂਈ ਵੀ ਹੁੰਦੀ ਤੇ ਅਪਣੱਤ ਭਰਪੂਰ ਵੀ, ਕਠੋਰ ਵੀ ਹੁੰਦੀ ਤੇ ਕੋਮਲਤਾ ਨਾਲ ਪਰੁੱਚੀ ਵੀ ਅਤੇ ਭਟਕਣ 'ਚ ਰੁੱਝੀ ਵੀ, ਤੇ ਸਹਿਜ ਨਾਲ ਲਬਰੇਜ਼ ਵੀ। ਕਦੇ ਠੰਢਕ ਪਹੁੰਚਾਉਂਦੀ ਪਰ ਕਦੇ ਕਦਾਈਂ ਤਪਸ਼ ਵੀ ਤਰੌਂਕਦੀ। ਪਰ ਬਹੁਤੀ ਵਾਰ ਇਹ ਛਾਂ ਤੁਹਾਡਾ ਭਲਾ ਮੰਗਦੀ, ਆਪਣੇ ਹਰ ਰੂਪ 'ਚ, ਤੁਹਾਡੇ ਪੈਰਾਂ ਦੇ ਨਾਮ ਸਦੀਵਤਾ ਦਾ ਨਾਮਕਰਨ ਕਰਦੀ।

ਛਾਂ ਤਾਂ ਆਪਣੀ ਵੀ ਹੁੰਦੀ ਏ। ਪਰ ਸਭ ਤੋਂ ਔਖਾ ਹੁੰਦਾ ਏ ਛਾਂ ਬਣਨਾ ਅਤੇ ਇਸ ਦੀ ਛਾਂਵੇਂ-ਛਾਂਵੇਂ ਤੁਰ ਕੇ ਜੀਵਨ-ਪੈਂਡਿਆਂ ਦੇ ਮੱਥੇ 'ਤੇ ਸੁਰਖ ਸਿਰਨਾਵਾਂ ਸਿਰਜਣਾ।



ਜਦ ਕੋਈ ਛਾਂ ਬਣ ਕੇ ਸਾਡੀ ਸੋਚ, ਸਾਧਨਾ ਅਤੇ ਸਮਰਪਣ ਦਾ ਹਿੱਸਾ ਬਣਦਾ ਏ ਤਾਂ ਜੀਵਨ ਦੇ ਨਾਂਵੇਂ ਸੁਪਨਿਆਂ ਦਾ ਸੱਚ ਹੁੰਦਾ ਏ। ਪਰ ਕਦੇ ਵੀ ਇਹ ਛਾਂ ਕੁਲਹਿਣੀ ਨਾ ਹੋਵੇ ਜਿਸ ਹੇਠ ਦਮ ਘੁਟਦਾ ਹੋਵੇ ਅਤੇ ਜਿਸ ਦੇ ਨੈਣ ਵਿਚੋਂ ਸਿਸਕੀਆਂ ਤੇ ਆਹਾਂ ਦੀ ਹੂਕ ਪੈਦਾ ਹੋਵੇ। ਅਜਿਹੀਆਂ ਛਾਂਵਾਂ ਬਦਹਵਾਸੀਆਂ ਹੁੰਦੀਆਂ ਨੇ, ਜਿਨ੍ਹਾਂ ਦੇ ਮੱਥੇ 'ਤੇ ਕੁਲੱਛਣੇ ਪਲਾਂ ਦੀ ਤਿਊੜੀ ਉਕਰੀ ਹੁੰਦੀ ਏ।

ਛਾਂ ਹਰ ਕੋਈ ਨਹੀਂ ਬਣ ਸਕਦਾ। ਕੁਝ ਕੁ ਲੋਕ ਹੀ ਛਾਂਵਾਂ ਬਣਦੇ ਨੇ ਅਤੇ ਉਨ੍ਹਾਂ ਵਿਚੋਂ ਵਿਰਲੇ ਹੀ ਹੋਰਨਾਂ ਦੁਆਵਾਂ ਅਤੇ ਅਸੀਸਾਂ ਭਰਪੂਰ ਛਾਂਵਾਂ ਬਣਦੇ ਨੇ, ਜਿਨ੍ਹਾਂ ਦੀ ਬੁੱਕਲ ਵਿਚ ਆਇਆਂ ਦੇ ਭਾਗਾਂ ਵਿਚ ਲਿਸ਼ਕੋਰ ਪੈਦਾ ਹੁੰਦੀ ਏ।

ਜ਼ਿੰਦਗੀ ਸਿਰਫ ਇਕ ਵੇਰਾਂ ਮਿਲਦੀ ਏ। ਅਸੀਂ ਜੇ ਇਸ ਜ਼ਿੰਦਗੀ ਦੇ ਨਾਂਵੇਂ ਛਾਂਵਾਂ ਵੰਡਣ ਦੀ ਸਫਾ ਲਾਵਾਂਗੇ ਤਾਂ ਜੀਵਨ ਦੀ ਸੁਹਿਰਦਤਾ ਤੁਹਾਡਾ ਹਾਸਲ ਹੋਵੇਗੀ ਅਤੇ ਤੁਹਾਡੀ ਛਾਂ ਵਿਚ ਪ੍ਰਵਾਨ ਚੜ੍ਹੀ ਸ਼ਖਸੀਅਤ ਤੁਹਾਡੀ ਸ਼ੋਭਨੀਕ ਵਿਰਾਸਤ ਦਾ ਮਾਣ ਵੀ ਬਣ ਸਕਦੀ ਏ। ਉਹ ਲੋਕ ਬਹੁਤ ਮਹਾਨ ਹੁੰਦੇ ਨੇ ਜੋ ਛਾਂ ਬਣਨ ਲਈ ਪਿੰਡਾ ਲੂੰਹਦੇ ਨੇ, ਛੱਤਰੀ ਬਣਨ ਲਈ ਸਿਰ ਦੇ ਕੱਜਣ ਦੀ ਓਟ ਸਿਰਜਦੇ ਨੇ, ਠਾਹਰ ਬਣਨ ਲਈ ਜਿਸਮ ਦੀ ਝੌਂਪੜੀ ਬਣਾ ਲੈਂਦੇ ਨੇ, ਗਰੀਬ ਮਜ਼ਲੂਮ ਦੀ ਰਾਖੀ ਲਈ ਵੰਗਾਰ ਬਣਦੇ ਅਤੇ ਹਨੇਰਿਆਂ ਨੂੰ ਚੀਰਨ ਲਈ ਮਸ਼ਾਲ ਬਣਨ ਤੋਂ ਵੀ ਨਹੀਂ ਝਿਜਕਦੇ।

ਕਦੇ ਤੁਸੀਂ ਛਾਂ ਬਣੋ ਜੇ ਜਾਂ ਕਿਸੇ ਅਬਲਾ ਤੇ ਮਾਸੂਮ ਲਈ ਛਾਂ ਬਣਨ ਦੀ ਕਾਮਨਾ ਮਨ ਵਿਚ ਪੈਦਾ ਹੋਈ ਹੋਵੇ ਤਾਂ ਤੁਸੀਂ ਮਨੁੱਖਤਾ ਦਾ ਸੁੱਚਾ ਹਰਫ ਹੋ।

ਕਦੇ ਅਜਿਹੀ ਛਾਂ ਦੀ ਤਫਸੀਲ ਆਪਣੇ ਜ਼ਿਹਨ ਵਿਚ ਉਤਾਰਨਾ, ਤੁਹਾਡੇ ਸੋਚ-ਕਿਵਾੜ ਵਿਚ ਭਲੇ ਵਿਚਾਰਾਂ ਦੀ ਦਸਤਕ ਜਰੂਰ ਹੋਵੇਗੀ।

## ਕਾਵਿ ਜਗਤ

### ਨਵੇਂ ਸਾਲ 'ਤੇ ਵਧਾਈਆਂ

ਕਲੀ ਨੂੰ ਵਧਾਈਆਂ ਤੇ ਗੁਲਾਬ ਨੂੰ ਵਧਾਈਆਂ
ਦੇਵਾਂ ਨਵੇਂ ਸਾਲ 'ਤੇ ਪੰਜਾਬ ਨੂੰ ਵਧਾਈਆਂ।
ਗੁਰੂਆਂ ਦੀ ਧਰਤੀ ਇਹ ਧਰਤੀ ਫਕੀਰਾਂ ਦੀ
ਮੀਆਂ ਮੀਰ, ਭੀਖਨ ਸ਼ਾਹ ਰੱਬ ਜਿਹੇ ਪੀਰਾਂ ਦੀ
ਰੱਬ ਸੋਹਣੇ ਦਿੱਤਾ ਜੋ ਸਬਾਬ ਨੂੰ ਵਧਾਈਆਂ।

ਸਿੱਖ ਜਾਂ ਈਸਾਈ, ਹਿੰਦੂ ਜਾਂ ਮੁਸਲਮਾਨ ਨੇ
ਗੁਰੂ ਗ੍ਰੰਥ, ਗੀਤਾ ਜਾਂ ਉਹ ਪੜ੍ਹਦੇ ਕੁਰਾਨ ਨੇ
ਸਤਿ ਸਿਰੀ ਅਕਾਲ ਤੇ ਆਦਾਬ ਨੂੰ ਵਧਾਈਆਂ।

ਲਹਿੰਦਾ ਅਤੇ ਚੜ੍ਹਦਾ ਪੰਜਾਬ ਦੋਵੇਂ ਮੇਰੇ ਨੇ
ਐਵੇਂ ਵਿੱਥਾਂ ਪਾਈਆਂ ਸਾਡੇ ਦਿਲਾਂ ਦੇ ਹਨੇਰੇ ਨੇ
ਸਤਲੁਜ, ਬਿਆਸ ਤੇ ਝਨਾਬ ਨੂੰ ਵਧਾਈਆਂ...।

ਗਿੱਧੇ ਅਤੇ ਭੰਗੜੇ ਦੇ ਨਾਲ ਲੋਕ ਗੀਤਾਂ ਨੂੰ
ਭਲੇ ਸਰਬੱਤ ਦੇ ਨੂੰ, ਸੱਚੀਆਂ ਪ੍ਰੀਤਾਂ ਨੂੰ
ਮਾਝੇ ਨਾਲ ਮਾਲਵੇ ਦੁਆਬੇ ਨੂੰ ਵਧਾਈਆਂ...।

ਦੇਵਾਂ ਨਾ ਵਧਾਈ ਕੌਮ ਦਿਆਂ ਜਥੇਦਾਰਾਂ ਨੂੰ
ਗੋਲਕਾਂ ਨੂੰ ਲੁੱਟ ਰਹੇ ਮੱਕਾਰਾਂ ਤੇ ਗੱਦਾਰਾਂ ਨੂੰ
ਬਾਦਲਾਂ ਤੋਂ ਲੈਣ ਜੋ ਹਿਸਾਬ ਨੂੰ ਵਧਾਈਆਂ...।

ਅੱਜ ਸਾਰੀ ਦੁਨੀਆਂ 'ਚ ਵੱਸਦੇ ਪੰਜਾਬੀ ਨੇ
ਕਰਦੇ ਨੇ ਮਿਹਨਤਾਂ ਤੇ ਠਾਠ ਵੀ ਨਵਾਬੀ ਨੇ
ਸੱਚੇ ਸੁੱਚੇ ਇਨ੍ਹਾਂ ਦੇ ਖਵਾਬ ਨੂੰ ਵਧਾਈਆਂ...।

ਉਠੋ ਵੇ ਪੰਜਾਬੀਓ, ਪੰਜਾਬ ਨੂੰ ਬਚਾਓ ਵੇ
ਛੱਡੋ ਪੱਗਾਂ ਲਾਹੁਣੀਆਂ ਤੇ ਇੱਜ਼ਤਾਂ ਬਣਾਓ ਵੇ
ਗੈਰਤਾਂ ਤੇ ਅਣਖਾਂ ਦੀ ਦਾਬ ਨੂੰ ਵਧਾਈਆਂ...।

ਕਰੋ 'ਸੁਰਜੀਤ' ਹੁਣ ਮਰੀਆਂ ਜ਼ਮੀਰਾਂ ਨੂੰ
ਬਦਲੋ ਪੰਜਾਬ ਦੀਆਂ ਆਪ ਤਕਦੀਰਾਂ ਨੂੰ
ਬਾਣੀ ਨਾਲ ਵੱਜਦੀ ਰਬਾਬ ਨੂੰ ਵਧਾਈਆਂ...।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

### ਏਦਾਂ ਵੀ ਨਵਾਂ ਸਾਲ ਮੁਬਾਰਕ ਹੀ ਹੈ...

ਕੁਝ ਵੀ ਨਵਾਂ ਨਹੀਂ ਹੋਵੇਗਾ
ਫਿਰ ਵੀ ਨਵਾਂ ਸਾਲ ਮੁਬਾਰਕ

ਕਈਆਂ ਨੂੰ ਬੁਰਾ ਵੀ ਲੱਗੇਗਾ
ਕਿ ਅੱਜ ਦੇ ਦਿਨ ਆਹ ਕੀ?
ਪਰ ਕੀ ਕਰਾਂ...!

ਅਮਰੀਕਾ ਲੰਬੜਦਾਰ ਰਹੇਗਾ
ਪਾਕਿਸਤਾਨ ਉਵੇਂ ਅੱਖੀਂ ਘੱਟਾ ਪਾਏਗਾ
ਕਸ਼ਮੀਰ ਜ਼ਖਮੀ ਹੋਵੇਗਾ
ਚੀਨ ਮਾਲ ਵੇਚੇਗਾ
ਉਤਰੀ ਕੋਰੀਆ ਤੀਘੜੇਗਾ
ਪ੍ਰਮਾਣੂ ਖਤਰਾ ਨਹੀਂ ਟਲੇਗਾ
ਧਰਤੀ ਹੋਰ ਖਫਾ ਹੋਵੇਗੀ।
ਫਿਰ ਵੀ ਵਧਾਈਆਂ ਨਵੇਂ ਸਾਲ ਦੀਆਂ।

ਉਵੇਂ ਦਿਨ ਚੜ੍ਹੇਗਾ
ਉਵੇਂ ਰਾਤ ਪਵੇਗੀ
ਉਵੇਂ ਕਿਸਾਨ ਵਿਲਕੇਗਾ
ਉਵੇਂ ਮਜ਼ਦੂਰ ਰੋਵੇਗਾ
ਲੋਕ ਰੱਜ ਕੇ ਪੀਣਗੇ
ਖਾਣਗੇ ਵੀ
ਮਾਂ ਢਿੱਡ 'ਚ ਮੁਕੀਆਂ ਦੇਵੇਗੀ
ਜਦੋਂ ਅੱਜ ਵੀ ਪੁੱਤ
ਹੋਰ ਚਿੱਟਾ ਪੀ ਕੇ ਪਰਤੇਗਾ।
ਚਲੋ ਨਵਾਂ ਸਾਲ ਮੁਬਾਰਕ ਹੈ ਫਿਰ ਵੀ!

ਥਾਣਿਆਂ 'ਚ ਅੱਜ ਵੀ ਰੌਣਕ ਹੋਵੇਗੀ
ਪਟਵਾਰੀ ਕਾਨੂੰਗੋ ਪੁਰਾਣੇ ਹੀ ਹੋਣਗੇ
ਤਹਿਸੀਲਦਾਰ ਵੀ ਉਹੀ
ਦੋਧੀ ਦੁੱਧ 'ਚ ਅੱਜ ਵੀ
ਉਹੀ ਕੁਝ ਪਾਏਗਾ
ਲੋਕੀਂ ਖਾਣਗੇ ਵੀ ਉਹੀ
ਪੀਣਗੇ ਵੀ ਉਹੀ
ਨੇਤਾ ਅੱਜ ਵੀ ਚਿੱਟੇ ਲਿਬਾਸ 'ਚ ਹੋਊ
ਹਾਂ, ਪਰ ਅੱਜ ਸ਼ਾਇਦ ਥੱਕਿਆ ਵੀ ਹੋਵੇਗਾ
ਨਵੇਂ ਸਾਲ ਦੇ ਜਸ਼ਨਾਂ 'ਚ।
ਪਰਜਾ ਪਹਿਲਾਂ ਵਾਂਗ ਅੱਜ ਵੀ
ਸਮਾਰਟ ਫੋਨ
ਘਰ ਘਰ ਰੁਜ਼ਗਾਰ ਉਡੀਕੇਗੀ
ਧੀ ਅੱਜ ਵੀ ਘਰੋਂ ਡਰ ਕੇ ਨਿਕਲੇਗੀ।
ਗਰੀਬ ਸਾਗ ਹੀ ਖਾਣਗੇ
ਬੱਕਰੇ-ਮੁਰਗੇ ਅੱਜ ਵੀ ਉਥੇ ਰਿੱਝਣਗੇ
ਜਿੱਥੇ ਪਹਿਲਾਂ ਗਲਾਸੀਆਂ ਨਾਲ
ਪਰੋਸੇ ਹੁੰਦੇ ਹਨ।
ਫਿਰ ਵੀ ਨਵੇਂ ਸਾਲ ਦੀ ਵਧਾਈ ਹੋਵੇ
ਕਿਉਂਕਿ ਅੱਜ
ਸੰਨ ਬਦਲੇਗਾ, ਸਾਲ ਵੀ
ਲੋਕ ਵਧਾਈਆਂ ਦੀ ਵਾਛੜ ਕਰਨਗੇ
ਕੁਝ ਨ੍ਹੀਂ ਬਦਲੇਗਾ
ਉਹੀ ਸਵੇਰੇ ਮਿਲਣਗੇ
ਜੋ ਰਾਤ ਮਿਲੇ ਸੀ
ਅੱਗ ਲਾਉਣ ਵਾਲੇ ਅੱਗ ਲਾਉਣਗੇ
ਚੁਗਲੀ ਨਾਲ ਹੀ
ਕਈਆਂ ਦਾ ਦਿਨ ਚੜ੍ਹੇਗਾ
ਈਰਖਾ ਵਾਲੇ ਅੱਜ ਵੀ ਸੜਨਗੇ
ਅੱਜ ਵੀ ਕਈ ਜੰਮਣਗੇ
ਤੇ ਮੌਤ ਅੱਜ ਵੀ ਨਹੀਂ ਰੁਕੇਗੀ
ਚਲੋ! ਨਵਾਂ ਸਾਲ ਫਿਰ ਵੀ ਮੁਬਾਰਕ
ਇਸ ਕਰਕੇ ਕਿ
ਹੁਣ ਅਗਲਾ ਸਾਲ ਤੁਹਾਡੇ ਲਈ
ਸੁਭ, ਤੰਦਰੁਸਤ, ਤਰੱਕੀ
ਤੇ ਖੁਸ਼ਹਾਲੀ ਵਾਲਾ ਹੋਵੇ
ਕੋਈ ਸਾਧ ਤੇ ਨੇਤਾ ਜਾਂ
ਧਰਮ ਦੇ ਚੋਲੇ ਹੇਠੋਂ
ਸਾਨ੍ਹ ਨਾ ਨਿਕਲੇ
ਯੁੱਗ ਯੁੱਗ ਜੀਓ
ਸਭ ਨੂੰ ਨਵਾਂ ਸਾਲ ਮੁਬਾਰਕ ਹੋਵੇ।

**-ਐਸ. ਅਸ਼ੋਕ ਭੌਰਾ**

---

### ਜੀਵਨ-ਤੱਤ

ਪੁੱਤਰ ਤੇ ਘੋੜੇ ਦੀ ਲਗਾਮ ਰੱਖੋ ਖਿੱਚ ਕੇ
ਧੀਆਂ ਨੂੰ ਕਦੇ ਬਹੁਤਾ ਲਾਡ ਨਹੀਂ ਲਡਾਈਦਾ।
ਚੋਰ, ਲੰਡੂ, ਗੱਪੀ ਯਾਰ ਕੋਲ ਕਦੇ ਬੈਠੋ ਨਾ
ਜੂਏਬਾਜ਼ ਕਦੇ ਵੀ ਜਵਾਈ ਨਹੀਂ ਬਣਾਈਦਾ।
ਸਫਰ ਦੌਰਾਨ ਬੱਸ ਚੁਪਚਾਪ ਬੈਠੇ ਰਹੀਏ
ਫਾਲਤੂ ਦੀ ਬਹਿਸ 'ਚ ਸਮਾਂ ਨਹੀਂ ਗਵਾਈਦਾ।
ਰੁੱਖੀ-ਮਿੱਸੀ ਲਾਲੋ ਦੀ ਪਿਆਰ ਨਾਲ ਛਕੀਏ
ਮਲਿਕ ਭਾਗੋ ਦਾ ਕੜਾਹ ਵੀ ਨਹੀਂਓਂ ਖਾਈਦਾ।

ਸ਼ਕਲਾਂ ਦੀ ਜਗ੍ਹਾ ਅਕਲਾਂ ਨੂੰ ਪਹਿਲ ਦੇਵੋ
ਫੈਸ਼ਨਾਂ ਦੀ ਪੱਟੀ ਨੂੰ ਨੂੰਹ ਨਹੀਂ ਬਣਾਈਦਾ।
ਬਾਪੂ ਦੀ ਪਗੜੀ ਬੇਦਾਗ ਜੇ ਰੱਖਣੀ ਏ
ਧੀ ਨੂੰ ਬਨੇਰੇ ਸੱਜ ਬੈਠਣੋਂ ਹਟਾਈਦਾ।
ਕਦਰ ਭਰਾਵਾਂ ਦੀ ਉਹ ਭੈਣ ਕਰੇ ਨਾ
ਨਾਨਕੇ ਘਰ ਭੇਜ ਜਿਸ ਨੂੰ ਪੜ੍ਹਾਈਦਾ।

**-ਜੁਗਰਾਜ ਗਿੱਲ, ਯੌਰਕ**
**ਫੋਨ: 704-257-6693**

# ਅਰਿਜ ਫਾਤਮਾ ਦਾ ਫੁੰਮਣ



**ਆਮਨਾ ਕੌਰ**

ਪਾਕਿਸਤਾਨ ਦੀ ਉਘੀ ਟੈਲਵਿਜ਼ਨ ਅਦਾਕਾਰਾ ਅਰਿਜ ਫਾਤਮਾ ਦੀ ਚਰਚਾ 'ਇਸ਼ਕ ਪ੍ਰਸਤ' ਲੜੀਵਾਰ ਨਾਲ ਹੋਈ ਸੀ। ਆਪਣੇ ਕਰੀਅਰ ਦੀ ਸ਼ੁਰੂਆਤ ਉਸ ਨੇ 2012 ਵਿਚ ਜੀਓ ਟੀ.ਵੀ. ਉਤੇ ਨਸ਼ਰ ਹੋਏ ਲੜੀਵਾਰ 'ਕਿਸ ਦਿਨ ਮੇਰਾ ਵਿਆਹ ਹੋਵੇਗਾ-2' ਨਾਲ ਕੀਤੀ ਗਈ। ਇਸ ਲੜੀਵਾਰ ਵਿਚ ਉਸ ਦੀ ਅਦਾਕਾਰੀ ਨੂੰ ਖੂਬ ਸਲਾਇਆ ਗਿਆ। ਇਸੇ ਹੀ ਸਾਲ ਉਸ ਨੂੰ ਪੰਜ ਹੋਰ ਲੜੀਵਾਰ ('ਹਜ਼ਾਰੋਂ ਸਾਲ', 'ਸਬਜ਼ ਕਦਮ', 'ਸਬਜ਼ ਪਰੀ ਲਾਲ ਕਬੂਤਰ', 'ਮਾਹੀ ਆਏਗਾ' ਤੇ 'ਮਰ ਜਾਏਂ ਵੀ ਤੋ ਕਯਾ') ਜੀਓ ਟੀ.ਵੀ., ਏ.ਆਰ.ਵਾਈ ਡਿਜ਼ਟਲ ਅਤੇ ਹਮ ਟੀ.ਵੀ. ਤੋਂ ਨਸ਼ਰ ਹੋਏ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਹ ਸਫਲਤਾ ਦੀਆਂ ਪੌੜੀਆਂ ਚੜ੍ਹਦੀ ਗਈ। ਉਹ ਹੁਣ ਤੱਕ 25 ਤੋਂ ਵੱਧ ਲੜੀਵਾਰਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾ ਚੁੱਕੀ ਹੈ। ਸਾਲ 2017 ਵਿਚ ਉਸ ਦੇ ਦੋ ਲੜੀਵਾਰ 'ਯਾਰ-ਏ-ਬੇਵਫਾ' ਅਤੇ 'ਦਿਲ-ਏ-ਬੇਖ਼ਬਰ' ਨਸ਼ਰ ਹੋਏ ਹਨ।

7 ਨਵੰਬਰ 1989 ਨੂੰ ਜਨਮੀ ਅਰਿਜ ਫਾਤਮਾ ਦਾ ਜਨਮ ਉਤਰੀ ਕੈਰੋਲਾਇਨਾ (ਅਮਰੀਕਾ) ਵਿਚ ਹੋਇਆ ਸੀ। ਅਮਰੀਕਾ ਵਿਚ ਉਸ ਨੇ ਕੋਈ ਖਾਸ ਸਿੱਖਿਆ ਹਾਸਲ ਨਹੀਂ ਸੀ ਕੀਤੀ। ਬਾਅਦ ਵਿਚ ਉਸ ਨੇ ਪਾਕਿਸਤਾਨ ਪੁੱਜ ਕੇ ਲਾਹੌਰ ਅਤੇ ਕਰਾਚੀ ਤੋਂ ਸੀਨੀਅਰ ਸੈਕੰਡਰੀ ਪਾਸ ਕੀਤੀ ਸੀ। ਜਨਵਰੀ 2014 ਵਿਚ ਉਸ ਦਾ ਵਿਆਹ ਫਰਾਜ਼ ਖਾਨ ਨਾਲ ਹੋਇਆ, ਪਰ ਇਹ ਵਿਆਹ ਸਿਰਫ ਦਸ ਦਿਨ ਹੀ ਚੱਲ ਸਕਿਆ। ਇਸ ਤੋਂ ਬਾਅਦ ਉਨ੍ਹਾਂ ਵਿਚਕਾਰ ਤਲਾਕ ਹੋ ਗਿਆ। ਉਸ ਵੇਲੇ ਇਸ ਵਿਆਹ ਅਤੇ ਤਲਾਕ ਬਾਰੇ ਬਹੁਤ ਖ਼ਬਰਾਂ ਨਸ਼ਰ ਹੋਈਆਂ ਸਨ, ਪਰ ਫਾਤਮਾ ਨੇ ਤਲਾਕ ਦਾ ਕੋਈ ਕਾਰਨ ਨਹੀਂ ਸੀ ਦੱਸਿਆ। ਬਾਅਦ ਵਿਚ ਖ਼ਬਰਾਂ ਆਉਂਦੀਆਂ ਰਹੀਆਂ ਕਿ ਉਸ ਦਾ ਪਤੀ ਸਮਲਿੰਗੀ ਸੀ ਅਤੇ ਇਹ ਗੱਲ ਫਾਤਮਾ ਨੂੰ ਸਵੀਕਾਰ ਨਹੀਂ ਸੀ ਅਤੇ ਉਸ ਨੇ ਤਲਾਕ ਬਾਰੇ ਤੁਰੰਤ ਫੈਸਲਾ ਕਰ ਲਿਆ। ਆਪਣੇ ਇਸ ਰਿਸ਼ਤੇ ਬਾਰੇ ਆਮ ਕਰ ਕੇ ਉਹ ਉਕਾ ਕੋਈ ਗੱਲ ਨਹੀਂ ਕਰਦੀ, ਪਰ ਆਪਣੀਆਂ ਸਖੀਆਂ-ਸਹੇਲੀਆਂ ਨਾਲ ਗੱਲਾਂ ਕਰਦਿਆਂ ਉਹ ਕਹਿ ਦਿੰਦੀ ਹੈ ਕਿ ਤਿਲ ਤਿਲ ਜੀਣ ਨਾਲੋਂ ਇਉਂ ਵੱਖ ਹੋਣਾ ਕਿਤੇ ਬਿਹਤਰ ਹੈ।





# ਸੁਧੀਰ ਦੀ 'ਦਾਸਦੇਵ'

**ਗੁਰਜੰਟ ਸਿੰਘ**

ਉਘੇ ਫਿਲਮਸਾਜ਼ ਸੁਧੀਰ ਮਿਸ਼ਰਾ ਦੀ ਨਵੀਂ ਫਿਲਮ 'ਦਾਸਦੇਵ' 16 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਪੁਰਾਣੇ ਦੇਵਦਾਸ ਦੀ ਹੀ ਕਹਾਣੀ ਹੈ ਜਿਸ ਨੂੰ ਉਲਟਾ ਕੇ ਸੁਧੀਰ ਮਿਸ਼ਰਾ ਨੇ ਦਾਸਦੇਵ ਬਣਾ ਲਿਆ ਹੈ। ਇਸ ਫਿਲਮ ਵਿਚ ਰਿਚਾ ਚੱਢਾ ਅਤੇ ਅਦਿਤੀ ਰਾਓ ਹੈਦਰੀ ਤੋਂ ਇਲਾਵਾ ਰਾਹੁਲ ਭੱਟ ਵਰਗੇ ਹੰਢੇ ਅਦਾਕਾਰ ਨੇ ਕੰਮ ਕੀਤਾ ਹੈ। ਸੁਧੀਰ ਮਿਸ਼ਰਾ ਮੁਤਾਬਕ, ਇਸ ਫਿਲਮ ਵਿਚ ਦੇਵਦਾਸ ਦੀ ਕਹਾਣੀ ਅੱਜ ਦੀ ਸਿਆਸਤ ਨਾਲ ਜੋੜ ਕੇ ਪੇਸ਼ ਕੀਤੀ ਹੈ। ਫਿਲਮ ਦਾ ਸਮੁੱਚਾ ਪਲਾਟ ਸ਼ਰਤ ਚੰਦਰ ਦੇ ਨਾਵਲ 'ਦੇਵਦਾਸ' ਦੇ ਉਲਟ ਦਾਅ ਚਲਦਾ ਹੈ। ਇਸ ਵਿਚ ਸੁਧੀਰ ਨੇ ਪਿਆਰ ਅਤੇ ਪਾਵਰ ਦਾ ਮਿਸ਼ਰਨ ਬਾਖੂਬੀ ਪੇਸ਼ ਕੀਤਾ ਹੈ। ਯਾਦ ਰਹੇ ਕਿ ਦੇਵਦਾਸ ਨਾਵਲ ਉਤੇ ਹੁਣ ਤੱਕ ਕਈ ਫਿਲਮਾਂ ਬਣ ਚੁੱਕੀਆਂ ਹਨ। ਇਹ ਬੰਗਲਾ ਨਾਵਲ 1917 ਵਿਚ ਛਪਿਆ ਸੀ ਅਤੇ ਅੱਜ ਤੱਕ ਚਰਚਾ ਵਿਚ ਹੈ।

ਸੁਧੀਰ ਮਿਸ਼ਰਾ ਦੱਸਦਾ ਹੈ ਕਿ ਉਸ ਨੇ ਨਾਵਲ ਦੀ ਕਹਾਣੀ ਅਤੇ ਪੇਸ਼ਕਾਰੀ ਵਿਚ ਪੂਰੀ ਖੁੱਲ੍ਹ ਲਈ ਹੈ। ਉਸ ਨੇ ਇਕ ਤਰ੍ਹਾਂ ਨਾਲ ਦੇਵਦਾਸ ਨੂੰ ਇਸ ਰਚਨਾ ਤੋਂ ਆਜ਼ਾਦ ਕਰ ਦਿੱਤਾ ਹੈ। ਫਿਲਮ ਵਿਚ ਪੇਸ਼ ਪਾਰੋ, ਸ਼ਰਤ ਚੰਦਰ ਦੇ ਨਾਵਲ ਵਾਲੀ ਪਾਰੋ ਨਹੀਂ। ਇਸ ਫਿਲਮ ਵਾਲੀ ਪਾਰੋ ਵੱਡੇ ਗੇਟ ਦੇ ਪਿੱਛੇ ਫਸੀ ਪਤਨੀ ਨਹੀਂ ਹੈ, ਸਗੋਂ ਅੱਜ ਵਾਲੀ ਉਹ ਔਰਤ ਹੈ ਜੋ ਮਰਦ ਨਾਲ ਆਢਾ ਲਾਉਂਦੀ ਹੈ। ਹੁਣ ਸਾਰਿਆਂ ਦੀ ਉਤਕਸੁਕਤਾ ਇਸ ਨੁਕਤੇ 'ਤੇ ਟਿਕੀ ਹੋਈ ਹੈ ਕਿ ਸੁਧੀਰ ਮਿਸ਼ਰਾ ਨੇ ਇਸ ਫਿਲਮ ਦੀ ਕਹਾਣੀ ਕਿਸ ਢੰਗ ਨਾਲ ਸੁਣਾਈ ਹੈ। ਸੁਧੀਰ ਦੀ ਪ੍ਰਤਿਭਾ 'ਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਉਹ 'ਹਜ਼ਾਰੋਂ ਖਵਾਇਸ਼ੇ ਐਸੀ' ਵਰਗੀ ਫਿਲਮ ਬਣਾ ਕੇ ਲੋਹਾ ਮੰਨਵਾ ਚੁੱਕਾ ਹੈ। 1983 ਵਿਚ ਆਈ ਫਿਲਮ 'ਜਾਨੇ ਭੀ ਦੋ ਯਾਰੋ' ਜੋ ਦੀ ਪਟਕਥਾ ਸੁਧੀਰ ਮਿਸ਼ਰਾ ਦੀ ਹੀ ਲਿਖੀ ਹੋਈ ਹੈ।

# ਨਿਊਟਨ: ਗਣਤੰਤਰ ਬਨਾਮ ਗੰਨਤੰਤਰ

ਭਾਰਤ ਦਾ ਹਰ ਨਾਗਰਿਕ ਦੇਸ਼ ਦੀ ਫ਼ੌਜ 'ਤੇ ਇਸ ਗੱਲੋਂ ਮਾਣ ਕਰਦਾ ਹੈ ਕਿ ਉਹ ਬਾਹਰੀ ਮੁਲਕਾਂ ਤੋਂ ਸਾਡੀ ਸੁਰੱਖਿਆ ਕਰਦੀ ਹੈ; ਪਰ ਜਦੋਂ ਸਾਡੇ ਜਵਾਨ, ਆਪਣੇ ਹੀ ਲੋਕਾਂ ਦੇ ਇਕ ਹਿੱਸੇ ਨੂੰ ਵੱਖਰਾ ਕਰ ਦੇਣ, ਉਨ੍ਹਾਂ ਦੇ ਘਰ-ਵਾਰ ਫੂਕ ਦੇਣ, ਉਨ੍ਹਾਂ ਦੀਆਂ ਔਰਤਾਂ ਨਾਲ ਬਲਾਤਕਾਰ ਕਰਨ ਅਤੇ ਜੰਗਲਾਂ ਵਿਚ ਭੱਜੇ ਆਦਿਵਾਸੀਆਂ ਨੂੰ ਫੜ ਕੇ ਮਾਓਵਾਦੀ ਗਰਦਾਨ ਕੇ ਮਾਰ ਦੇਣ ਅਤੇ ਆਦਿਵਾਸੀਆਂ ਦੇ ਅੰਦਰੂਨੀ ਜੰਗਲੀ ਹਿੱਸੇ ਨੂੰ 'ਪਾਕਿਸਤਾਨ' ਕਹਿਣ ਤਾਂ ਉਸ ਨੂੰ ਆਪਣੀ ਫ਼ੌਜ 'ਤੇ ਸ਼ੰਕੇ ਖੜ੍ਹੇ ਹੋਣੇ ਸੁਭਾਵਿਕ ਹੀ ਹਨ। ਅਮਿਤ ਵੀ. ਮਸੂਰਕਰ ਦੀ ਫ਼ਿਲਮ 'ਨਿਊਟਨ' ਇਸੇ ਵਿਸ਼ੇ ਦੁਆਲੇ-ਘੁੰਮਦੀ ਹੈ। 'ਸੁਲੇਮਾਨੀ ਕੀੜਾ' ਤੋਂ ਬਾਅਦ ਅਮਿਤ ਮਸੂਰਕਰ ਦੀ ਇਹ ਦੂਜੀ ਫ਼ਿਲਮ ਹੈ। ਸਮਾਜਿਕ ਮੁੱਦਿਆਂ ਦੇ ਆਧਾਰ 'ਤੇ ਬਣ ਰਹੀਆਂ ਘੱਟ ਬਜਟ ਦੀਆਂ ਹੋਰ ਫ਼ਿਲਮਾਂ ਵਾਂਗ ਹੀ ਇਹ ਫ਼ਿਲਮ ਵੀ ਫ਼ਲਾਪ ਹੋ ਜਾਂਦੀ ਜਾਂ ਬਿਨਾ ਚਰਚਾ ਦੇ ਖ਼ਤਮ ਹੋ ਜਾਂਦੀ; ਜੇ ਇਹ ਸੰਸਾਰ ਪ੍ਰਸਿਧ ਆਸਕਰ ਇਨਾਮ ਲਈ ਨਾਮਜ਼ਦ ਨਾ ਹੁੰਦੀ। 'ਨਿਊਟਨ' ਭਾਵੇਂ ਆਸਕਰ ਦੀ ਦੌੜ 'ਚੋਂ ਬਾਹਰ ਹੋ ਗਈ, ਪਰ ਇਸ ਫ਼ਿਲਮ ਨੇ ਛੇ ਇਨਾਮ ਜਿੱਤੇ ਹਨ। ਇਸ ਫ਼ਿਲਮ ਨੂੰ 'ਇੰਟਰਨੈਸ਼ਨਲ ਫ਼ੈਡਰੇਸ਼ਨ ਆਰਟ ਸਿਨੇਮਾਜ਼' ਇਨਾਮ ਅਤੇ 'ਯੰਗ ਸਿਨੇਮਾ ਕੰਪੀਟੀਸ਼ਨ ਜਿਊਰੀ' ਇਨਾਮ ਤੋਂ ਇਲਾਵਾ ਸਰਵੋਤਮ ਅਦਾਕਾਰ (ਰਾਜ ਕੁਮਾਰ ਰਾਓ), ਸਰਵੋਤਮ ਪਟਕਥਾ (ਸਕਰੀਨ ਪਲੇਅ, ਅਮਿਤ ਮਸੂਰਕਰ), ਸਰਵੋਤਮ ਅਦਾਕਰ ਕ੍ਰਿਟੀਕ ਅਤੇ ਸਰਵੋਤਮ ਫ਼ਿਲਮ ਕ੍ਰਿਟੀਕ ਇਨਾਮ ਮਿਲੇ ਹਨ। ਨਕਸਲੀ ਜਾਂ ਮਾਓਵਾਦੀ ਲਹਿਰ ਨਾਲ ਸਬੰਧਤ ਜਿੰਨੀਆਂ ਵੀ ਹੁਣ ਤੱਕ ਬਾਲੀਵੁੱਡ ਫ਼ਿਲਮਾਂ ਬਣੀਆਂ ਹਨ, ਇਸ ਫ਼ਿਲਮ ਨੂੰ ਉਨ੍ਹਾਂ ਦੀ ਅਗਲੀ ਕੜੀ ਸਮਝਿਆ ਜਾ ਸਕਦਾ ਹੈ। ਇਸ ਵਿਸ਼ੇ 'ਤੇ 'ਅਕ੍ਰੋਸ਼', 'ਹਜ਼ਾਰ ਚੁਰਾਸੀ ਕੀ ਮਾਂ', 'ਲਾਲ ਸਲਾਮ' ਅਤੇ 'ਚੱਕਰਵਿਊ' ਵਰਗੀਆਂ ਫ਼ਿਲਮਾਂ ਬਣ ਚੁੱਕੀਆਂ ਹਨ।

ਦੰਡਕਾਰਨੀਆ ਭਾਰਤ ਦਾ ਉਹ ਪਛੜਿਆ ਇਲਾਕਾ ਹੈ ਜੋ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਸਮਝੇ ਜਾਂਦੇ ਮਾਓਵਾਦੀਆਂ ਦਾ ਅਣ-ਐਲਾਨਿਆ ਆਧਾਰ ਖੇਤਰ ਹੈ। ਇਸ ਖੇਤਰ ਵਿਚ ਮਾਓਵਾਦੀਆਂ ਦੀ ਸਰਕਾਰ ਚੱਲਦੀ ਹੈ ਅਤੇ ਉਹ ਲੋਕਾਂ ਨੂੰ ਸਿਹਤ, ਸਿੱਖਿਆ ਅਤੇ ਰੁਜ਼ਗਾਰ ਵਰਗੀਆਂ ਸਹੂਲਤਾਂ ਦੇ ਰਹੇ ਹਨ। ਮਾਓਵਾਦੀ ਗੁਰੀਲੇ ਆਦਿਵਾਸੀ ਲੋਕਾਂ ਨੂੰ ਰਵਾਇਤੀ ਢੰਗਾਂ ਨਾਲ ਖੇਤੀ ਕਰਨੀ ਸਿਖਾ ਰਹੇ ਹਨ। ਇਸ ਖੇਤਰ 'ਤੇ ਫ਼ਿਲਮਾਈ ਗਈ ਇਸ ਫ਼ਿਲਮ ਨੇ ਇਸ ਲਹਿਰ ਨੂੰ ਮੁੜ ਸੀਨ 'ਤੇ ਲਿਆਂਦਾ ਹੈ; ਹਾਲਾਂਕਿ ਇਸ ਫ਼ਿਲਮ ਵਿਚ ਸਰਕਾਰ ਦਾ ਪੱਖ ਦਿਖਾਇਆ ਗਿਆ ਹੈ। ਨਿਊਟਨ ਕੁਮਾਰ (ਰਾਜ ਕੁਮਾਰ ਰਾਓ) ਨਾਂ ਦੇ ਕਲਰਕ ਦੀ ਚੋਣਾਂ ਦੌਰਾਨ ਇਸ ਖੇਤਰ ਦੇ ਇਲਾਕੇ ਵਿਚ ਡਿਊਟੀ ਲੱਗ ਜਾਂਦੀ ਹੈ। ਨਿਊਟਨ ਦੀ ਇੱਛਾ ਹੈ ਕਿ ਉਹ ਆਜ਼ਾਦ ਫਿਜ਼ਾ ਵਿਚ ਬਿਨਾ ਕਿਸੇ ਡਰ-ਭੈਅ ਦੇ ਆਦਿਵਾਸੀਆਂ ਦੀਆਂ ਵੋਟਾ ਪੁਆਵੇ। ਨੀਮ ਫ਼ੌਜੀ ਬਲ ਦਾ ਅਸਿਸਟੈਂਟ ਕਮਾਂਡੈਂਟ ਆਤਮਾ ਸਿੰਘ (ਪੰਕਜ ਤ੍ਰਿਪਾਠੀ) ਨਹੀਂ ਚਾਹੁੰਦਾ ਕਿ ਚੋਣ ਅਫਸਰਾਂ ਦੀ ਟੀਮ ਜੰਗਲ ਵਿਚ ਜਾਵੇ ਅਤੇ ਸੁਰੱਖਿਆ ਦਸਤਿਆਂ ਦੀਆਂ ਆਦਿਵਾਸੀਆਂ ਨਾਲ ਕੀਤੀਆਂ ਜ਼ਿਆਦਤੀਆਂ ਅਤੇ ਉਨ੍ਹਾਂ ਦੇ ਸਾੜੇ ਘਰਾਂ ਨੂੰ ਵੇਖੇ। ਉਹ ਉਨ੍ਹਾਂ ਨੂੰ ਬਹੁਤ ਸਮਝਾਉਂਦਾ ਹੈ ਕਿ ਟੀਮ ਵੋਟਾਂ ਦੀ ਰਸਮੀ ਕਾਰਵਾਈ ਕਰ ਕੇ ਬਾਹਰੋਂ-ਬਾਹਰ ਹੀ ਮੁੜ ਜਾਵੇ। ਨਿਊਟਨ ਦੇ ਅੜੇ ਰਹਿਣ ਕਾਰਨ ਕਮਾਂਡਰ ਉਸ ਨੂੰ ਚੋਣਾਂ ਦੇ ਬੂਥ 'ਤੇ ਲੈ ਜਾਂਦਾ ਹੈ। ਜਦੋਂ ਨਿਊਟਨ ਲੋਕਾਂ ਦੇ ਫੂਕੇ ਘਰ ਅਤੇ ਉਜੜੇ ਸਕੂਲ ਬਾਰੇ ਪੁੱਛਦਾ ਹੈ ਤਾਂ ਕਮਾਂਡਰ ਕਹਿੰਦਾ ਹੈ, "ਨਿਊਟਨ ਬਾਬੂ, ਪਹਿਲੇ ਅਪਣਾ ਕਾਮ ਕਰ ਲੋ, ਇੰਸਪੈਕਸ਼ਨ ਬਾਅਦ ਮੇਂ ਕਰ ਲੇਨਾ।" ਉਹ ਨਿਊਟਨ ਦੇ ਹਰ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੰਦਾ ਹੈ। ਕਮਾਂਡਰ ਪਹਿਲਾਂ ਤਾਂ ਵੋਟਾਂ ਪੁਆਉਣ ਆਈ ਟੀਮ ਦੀ ਕੋਈ ਮਦਦ ਨਹੀਂ ਕਰਦਾ, ਪਰ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਵਿਦੇਸ਼ੀ ਪੱਤਰਕਾਰ ਇਸ ਖੇਤਰ ਦੀ ਰਿਪੋਰਟ ਲਈ ਆ ਰਹੀ ਹੈ, ਤਾਂ ਉਹ ਆਪਣੇ ਸੁਰੱਖਿਆ ਅਫਸਰਾਂ ਜਿਨ੍ਹਾਂ ਵਿਚ ਆਦਿਵਾਸੀਆਂ ਵਿਚੋਂ ਭਰਤੀ ਕੀਤੇ ਵਿਸ਼ੇਸ਼ ਪੁਲਿਸ ਅਧਿਕਾਰੀ (ਐਸ.ਪੀ.ਓ.) ਵੀ ਹਨ, ਨੂੰ ਆਦਿਵਾਸੀਆਂ ਨੂੰ ਜ਼ਬਰਦਸਤੀ ਇਕੱਠੇ ਕਰ ਕੇ ਪੋਲਿੰਗ ਬੂਥ 'ਤੇ ਲਿਆਉਣ ਲਈ ਕਹਿੰਦਾ ਹੈ। ਸੁਰੱਖਿਆ ਦਸਤਿਆਂ ਤੋਂ ਡਰਦਿਆਂ ਨੌਜਵਾਨ ਆਦਿਵਾਸੀ ਜੰਗਲਾਂ ਵਿਚ ਛੁਪ ਜਾਂਦੇ ਹਨ ਅਤੇ ਪਿਛੇ ਸਿਰਫ਼ ਬਜ਼ੁਰਗ, ਬਿਮਾਰ, ਔਰਤਾਂ ਅਤੇ ਬੱਚੇ ਹੀ ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਧੱਕੇ ਨਾਲ ਵੋਟਾਂ ਪਾਉਣ ਲਈ ਲਿਆਇਆ ਜਾਂਦਾ ਹੈ। ਮੀਡੀਆ ਜ਼ੋਰ-ਸ਼ੋਰ ਨਾਲ ਇਹ ਜਚਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਮਾਓਵਾਦੀਆਂ ਨੂੰ ਲਲਕਾਰ ਕੇ ਆਦਿਵਾਸੀ ਵੋਟਾਂ ਪਾਉਣ ਆਏ ਹਨ।



*ਫਿਲਮ 'ਨਿਊਟਨ' ਦੀ ਅਦਾਕਾਰਾ ਅੰਜਲੀ ਪਾਟਿਲ।*

ਸੁਰੱਖਿਆ ਦਸਤਿਆਂ ਦੇ ਆਦਿਵਾਸੀਆਂ ਨਾਲ ਇਸ ਵਿਹਾਰ ਤੋਂ ਨਿਊਟਨ ਨੂੰ ਧੱਕਾ ਲਗਦਾ ਹੈ। ਉਹ ਇਸ ਖਿਲਾਫ ਫ਼ੌਜੀ ਕਮਾਂਡਰ ਨਾਲ ਬਹਿਸ ਪੈਂਦਾ ਹੈ। ਇਸ ਦੌਰਾਨ ਵੋਟਾਂ ਪੁਆਉਣ ਵਾਲੀ ਟੀਮ ਵਿਚ ਬੀ.ਐਲ.ਓ. ਵਜੋਂ ਆਈ ਆਦਿਵਾਸੀ ਅਧਿਆਪਕਾ ਮਾਲਕੋ ਨੇਤਮ (ਅੰਜਲੀ ਪਾਟਿਲ) ਨਿਊਟਨ ਨੂੰ ਕਹਿੰਦੀ ਹੈ ਕਿ ਜੋ ਆਦਿਵਾਸੀਆਂ ਨਾਲ ਉਸ ਨੇ ਅੱਜ ਹੁੰਦਾ ਦੇਖਿਆ ਹੈ, ਉਹ ਇਸ ਨੂੰ ਝੱਲਦੀ ਹੋਈ ਵੱਡੀ ਹੋਈ ਹੈ। ਉਹ ਬੁਲੇਟ ਪਰੂਫ਼ ਜੈਕਟ ਇਹ ਕਹਿ ਕੇ ਪਾਉਣ ਤੋਂ ਇਨਕਾਰ ਕਰ ਦਿੰਦੀ ਹੈ ਕਿ ਇਸ ਤੋਂ ਬਿਨਾ ਉਹ ਜ਼ਿਆਦਾ ਸੁਰੱਖਿਅਤ ਹੈ। ਇਸ ਸਮੇਂ ਦੌਰਾਨ ਚੋਣਾਂ ਕਰਵਾਉਣ ਆਈ ਟੀਮ 'ਤੇ ਹਮਲਾ ਹੋ ਜਾਂਦਾ ਹੈ। ਕਮਾਂਡਰ ਉਨ੍ਹਾਂ ਨੂੰ ਉਥੋਂ ਸੁਰੱਖਿਅਤ ਨਿਕਲਣ ਲਈ ਕਹਿੰਦਾ ਹੈ, ਪਰ ਛੇਤੀ ਹੀ ਨਿਊਟਨ, ਕਮਾਂਡਰ ਦੀ ਇਸ ਚਾਲ ਨੂੰ ਸਮਝ ਜਾਂਦਾ ਹੈ ਕਿ ਟੀਮ ਨੂੰ ਉਥੋਂ ਕੱਢਣ ਲਈ ਸੁਰੱਖਿਆ ਫੋਰਸਾਂ ਨੇ ਹਮਲਾ ਹੋਣ ਦਾ ਨਾਟਕ ਕੀਤਾ ਹੈ। ਉਹ ਆਦਿਵਾਸੀਆਂ ਦੀ ਮੁੜ ਵੋਟਿੰਗ ਕਰਵਾਉਣ ਲਈ ਹੱਥ ਵਿਚ ਵੋਟਿੰਗ ਮਸ਼ੀਨ ਲੈ ਕੇ ਭੱਜ ਨਿਕਲਦਾ ਹੈ। ਸੁਰੱਖਿਆ ਦਸਤੇ ਉਸ ਦਾ ਸ਼ਿਕਾਰ ਪਿੱਛਾ ਕਰਦੇ ਹੋਏ ਉਸ ਨੂੰ ਫੜ ਲੈਂਦੇ ਹਨ। ਅੱਕ ਕੇ ਨਿਊਟਨ ਸੁਰੱਖਿਆ ਦਸਤੇ ਤੋਂ ਬੰਦੂਕ ਖੋਹ ਲੈਂਦਾ ਹੈ ਅਤੇ ਇਮਾਨਦਾਰੀ ਨਾਲ ਚੋਣ ਪ੍ਰਕਿਰਿਆ ਸਿਰੇ ਚਾੜ੍ਹਦਾ ਹੈ। ਜਦੋਂ ਹੀ ਉਹ ਬੰਦੂਕ ਸੁੱਟ ਦਿੰਦਾ ਹੈ, ਸੁਰੱਖਿਆ ਦਸਤੇ ਉਸ 'ਤੇ ਟੁੱਟ ਪੈਂਦੇ ਹਨ।

ਇਸ ਫ਼ਿਲਮ ਦੀ ਕਹਾਣੀ ਕੋਈ ਕਲਪਨਾ ਨਹੀਂ ਹੈ, ਸਗੋਂ ਮੁਲਕ ਦੀ ਹਕੀਕਤ ਹੈ। ਅੱਜ ਦੰਡਕਾਰਨੀਆ ਦੇ ਖੇਤਰ ਤੋਂ ਇਲਾਵਾ ਬਿਹਾਰ, ਝਾਰਖੰਡ, ਆਂਧਰਾ, ਤੇਲੰਗਾਨਾ, ਛੱਤੀਸਗੜ੍ਹ, ਉੜੀਸਾ ਅਤੇ ਹੋਰ ਖੇਤਰਾਂ ਵਿਚ ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਕਾਰਪੋਰੇਟ ਅਤੇ ਬਹੁ-ਕੌਮੀ ਕੰਪਨੀਆਂ ਨਾਲ ਸਮਝੌਤੇ ਕਰ ਕੇ ਉਨ੍ਹਾਂ ਨੂੰ ਜਲ, ਜੰਗਲ ਅਤੇ ਜ਼ਮੀਨ ਲੁਟਾ ਰਹੀਆਂ ਹਨ। ਇਹ ਇਲਾਕਾ ਖ਼ਾਲੀ ਕਰਵਾਉਣ ਲਈ ਉਸ ਵਲੋਂ ਅਧਿਕਾਰਤ ਸੁਰੱਖਿਆ ਦਸਤਿਆਂ ਤੋਂ ਇਲਾਵਾ ਗ਼ੈਰ-ਅਧਿਕਾਰਤ ਜਨ ਜਾਗਰਣ ਅਤੇ ਸਲਵਾ ਜੁਡਮ ਵਰਗੇ ਟੋਲੇ ਪਾਲ਼ੇ ਹੋਏ ਹਨ ਜੋ ਆਦਿਵਾਸੀਆਂ ਦੇ ਘਰ ਉਜਾੜ ਰਹੇ ਹਨ ਅਤੇ ਉਨ੍ਹਾਂ ਨੂੰ ਜੰਗਲਾਂ ਵਿਚ ਭੱਜ ਜਾਣ ਲਈ ਮਜਬੂਰ ਕਰਦੇ ਹਨ। ਜੋ ਜੰਗਲਾਂ ਵਿਚ ਨਹੀਂ ਭੱਜ ਸਕਦੇ, ਉਨ੍ਹਾਂ ਨੂੰ ਆਰਜ਼ੀ ਕੈਂਪ (ਇਕ ਤਰ੍ਹਾਂ ਦੀ ਖੁੱਲ੍ਹੀ ਜੇਲ੍ਹ) ਵਿਚ ਨੂੜ ਦਿੱਤਾ ਜਾਂਦਾ ਹੈ। ਛੱਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਦੇ ਬਦਨਾਮ ਸਾਬਕਾ ਆਈ.ਜੀ. ਐਸ.ਆਰ.ਪੀ. ਕਲੂਰੀ ਦੀ ਅਗਵਾਈ ਵਿਚ ਅਜਿਹੇ ਗੁੰਡਾ ਟੋਲਿਆਂ ਨੇ 150 ਦੇ ਕਰੀਬ ਆਦਿਵਾਸੀ ਘਰਾਂ ਨੂੰ ਉਜਾੜ ਦਿੱਤਾ ਅਤੇ ਛੇ ਸੌ ਦੇ ਕਰੀਬ ਔਰਤਾਂ ਨਾਲ ਬਲਾਤਕਾਰ ਕੀਤਾ ਸੀ। ਇਥੇ ਹੀ ਬੱਸ ਨਹੀਂ, ਜਦੋਂ ਕੇਂਦਰ ਸਰਕਾਰ ਦੀ ਟੀਮ ਖੇਤਰ ਵਿਚ ਜਾਂਚ ਕਰਨ ਪਹੁੰਚੀ ਤਾਂ ਉਸ ਉਤੇ ਪੁਲਿਸ ਅਤੇ ਗੁੰਡਾ ਗਰੋਹ ਨੇ ਮਿਲ ਕੇ ਹਮਲਾ ਕਰ ਦਿੱਤਾ। ਇਸ ਤੋਂ ਇਲਾਵਾ ਜਦੋਂ ਜਮਹੂਰੀਅਤ ਪਸੰਦ ਲੋਕ ਸਰਕਾਰੀ ਦਹਿਸ਼ਤ ਤੋਂ ਪੀੜਤ ਇਲਾਕੇ ਵਿਚ ਤੱਥ-ਖੋਜ ਟੀਮ ਬਣਾ ਕੇ ਜਾਂਦੇ ਹਨ, ਉਨ੍ਹਾਂ 'ਤੇ ਹਮਲੇ ਕੀਤੇ ਜਾਂਦੇ ਹਨ। ਸੱਚੀਆਂ ਘਟਨਾਵਾਂ ਬਾਹਰ ਨਸ਼ਰ ਕਰਨ ਵਾਲੇ ਪੱਤਰਕਾਰ, ਪ੍ਰੋਫ਼ੈਸਰ ਜਾਂ ਵਕੀਲਾਂ ਨੂੰ ਝੂਠੇ ਕੇਸ ਪਾ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਜਾਂਦਾ ਹੈ। ਇਸ ਦੀ ਮਿਸਾਲ ਸਰੀਰਕ ਤੌਰ 'ਤੇ 90 ਫ਼ੀਸਦੀ ਨਕਾਰਾ ਅਤੇ ਦਿੱਲੀ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜੀ.ਐਨ. ਸਾਈਬਾਬਾ ਹਨ। ਉਨ੍ਹਾਂ ਅਤੇ ਉਨ੍ਹਾਂ ਸਮੇਤ ਹੋਰ ਸਾਥੀਆਂ ਨੂੰ ਗੜ੍ਹਚਿਰੌਲੀ ਪੁਲਿਸ ਨੇ ਝੂਠੇ ਕੇਸ ਵਿਚ ਫਸਾ ਦਿੱਤਾ ਹੈ ਅਤੇ ਅੱਜ ਉਹ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ।

ਇਸ ਫ਼ਿਲਮ ਵਿਚ ਵੀ ਸੈਂਡਵਿਚ ਥਿਊਰੀ (ਦੋ ਪੁੜਾਂ ਵਿਚਾਲੇ ਫਸਣਾ) ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫ਼ਿਲਮ ਵਿਚ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਆਦਿਵਾਸੀ ਲੋਕ ਮਾਓਵਾਦੀ ਅਤੇ ਪੁਲਿਸ, ਦੋਵਾਂ ਤੋਂ ਮੁਕਤੀ ਚਾਹੁੰਦੇ ਹਨ। ਸੱਚਾਈ ਇਹ ਹੈ ਕਿ ਇਕ ਪਾਸੇ ਆਦਿਵਾਸੀ ਆਪਣੇ ਜਿਊਣ ਦੇ ਅਧਿਕਾਰ ਲਈ ਲੜ ਰਹੇ ਹਨ, ਦੂਜੇ ਪਾਸੇ ਆਦਿਵਾਸੀਆਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲਿਆਂ ਦੇ ਵੀ ਹੱਕ ਤੱਕ ਖੋਹੇ ਜਾ ਰਹੇ ਹਨ। ਉਂਜ, ਇਸ ਫ਼ਿਲਮ ਨੇ ਆਦਿਵਾਸੀਆਂ 'ਤੇ ਹੋ ਰਹੇ ਸਰਕਾਰੀ ਜਬਰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। **-ਪ੍ਰਕਾਸ਼**

ੴ ਸਤਿਗੁਰ ਪ੍ਰਸਾਦਿ

ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਬਚਨ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਉਤੇ ਪਹਿਰਾ ਦਿੰਦਿਆਂ 'ਚਾਰ ਮੂਏ ਤੋ ਕਿਆ ਹੁਆ ਜੀਵਿਤ ਕਈ ਹਜਾਰ॥' ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ ਕਲਗੀਧਰ ਪਾਤਸ਼ਾਹ ਦਸ਼ਮੇਸ ਪਿਤਾ

# ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

351ਵੇਂ ਪ੍ਰਕਾਸ਼ ਦਿਹਾੜੇ ਦੀ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਕੋਟਾਨਿ ਕੋਟਿ ਵਧਾਈ

## ਸਭਨਾਂ ਨੂੰ ਸਾਲ 2018 ਮੁਬਾਰਕ



ਵਾਹਿਗੁਰੂ ਅੱਗੇ ਅਰਦਾਸ ਹੈ, ਨਵਾਂ ਸਾਲ ਸਭਨਾਂ ਲਈ ਖੁਸ਼ੀਆਂ-ਖੇੜਿਆਂ ਤੇ ਅਮਨ ਭਰਿਆ ਰਹੇ

## ਮਹਿੰਦਰ ਸਿੰਘ ਗਿਲਜੀਆਂ

ਪ੍ਰਧਾਨ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ
ਫੋਨ: 646-732-5119

ਨਿਰਵਿਘਨ ਪ੍ਰਕਾਸ਼ਨ ਦੇ 19ਵੇਂ ਸਾਲ 'ਚ (ਪਹਿਲੀ ਜਨਵਰੀ 2000-2018)

## ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 351ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

## ਸਾਲ 2018 ਸਭਨਾਂ ਨੂੰ ਮੁਬਾਰਕ

'ਪੰਜਾਬ ਟਾਈਮਜ਼ ਨਾਈਟ' 5 ਮਈ 2018

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ



ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ | ਜਗਦੀਸ਼ਰ ਸਿੰਘ ਕਲੇਰ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ



ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਅਯੁਧਿਆ ਸਲਵਾਨ | ਰਘਬੀਰ ਸਿੰਘ ਘੁੰਨ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਮੇਜਰ ਕੁਲਾਰ | ਇਕਬਾਲ ਜੱਬੋਵਾਲ

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@gmail.com, website: www.punjabtimesusa.com*